# Valley Real Estate Center



Better Deal will be given from New Builders to Book New home in Mountain House, Tracy, Manteca and lathrop

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

For agriculture and almond Farm, office building, Farm House and for Truck Yard in Tracy, Manteca, Lathrop and Stockton

## Listing

Total 35.5 Young Three Years old Tree Padre and Nonpareil Variety. With Riparian Right From the San Joaquin River. With a Single Family Small Home, IT's Very Desirable Property





Property Address : 27022 River Roadm, Newman CA 95260.

## RANJIT SINGH

VALLEY REAL ESTATE CENTER (OFFICE LIC.: 01392267)
68 E 11TH STREET STE 109, TRACY, CA 95376
OFFICE : 209-956-1000 CELL : 408-355-5700, GBSINGH84@GMAIL.COM

# ਸਿਲੀਕੋਨ ਵੈਲੀ ਗੁਰਦੁਆਰਾ ਸੈਂਟਾ ਕਲਾਰਾ ਵਿਖੇ ਸਜਿਆ ਧਾਰਮਿਕ ਕਵੀ-ਦਰਬਾਰ



ਸੈਂਟਾ ਕਲਾਰਾ/ਕੈਲੀਫੋਰਨੀਆ (ਪ੍ਰਮਿੰਦਰ ਸਿੰਘ 'ਪ੍ਰਵਾਨਾ') : ਅਮਰੀਕੀ ਪੰਜਾਬ ਕਵੀਆਂ ਵਲੋਂ Silicon Valley Gurdwara-2356 Walsh Ave. Santa Clara CA 95051 ਵਿਖੇ ਹਫ਼ਤਾਵਾਰੀ ਦੀਵਾਨਾ ਵਿਚ ਸ਼ਹੀਦੀ ਭਾਈ ਤਾਰੂ ਸਿੰਘ ਜੀ ਤੇ ਧਾਰਮਿਕ ਕਵੀ-ਦਰਬਾਰ ਬੜੀ ਸ਼ਰਧਾ ਭਾਵਨਾ ਨਾਲ ਸਜਾਇਆ ਗਿਆ। ਭਾਈ ਬਲਕਾਰ ਸਿੰਘ ਪ੍ਰਧਾਨ ਵਲੋਂ ਪ੍ਰਵਾਨਾ ਨੂੰ ਮੰਚ ਸੰਚਾਲਨ ਦਾ ਸੱਦਾ ਦਿੰਦਿਆਂ ਕਿਹਾ ਕਿ ਸਥਾਨਕ ਕਵੀਆਂ ਵਲੋਂ ਸਮੇਂ ਸਮੇਂ ਇਸ ਗੁਰੂਘਰ ਵਿਚ ਧਾਰਮਿਕ ਕਵੀ ਦਰਬਾਰ ਸਜਾਏ ਜਾਂਦੇ ਹਨ ਜੋ ਹਮੇਸ਼ਾ ਸਫ਼ਲ ਹੁੰਦੇ ਹਨ। ਪ੍ਰਵਾਨਾ ਵਲੋਂ ਸੰਚਾ ਸੰਭਾਲਦਿਆਂ ਇਤਿਹਾਸ 'ਤੇ ਰੌਸ਼ਨੀ ਪਾਈ ਗਈ ਕਿ ਜਕਰੀਆ ਖਾਨ ਲਾਹੌਰ ਦਾ ਹੁਕਮ ਸੀ ਉਸਨੇ ਸਿੱਖਾਂ ਦਾ ਖੁਰਾ-ਖੋਜ ਮਿਟਾਉਣ ਦੀ ਕਸਮ ਖਾਧੀ ਸੀ ਤੇ ਸਿੱਖਾਂ ਵਿਰੁੱਧ ਮੁਹਿੰਮ ਚਲਾ ਰੱਖੀ ਸੀ। ਉਸਨੇ ਚੁਣ ਚੁਣ ਕੇ ਸਿੱਖਾਂ ਨੂੰ ਮਾਰਨਾ ਸ਼ੁਰੂ ਕਰ ਦਿੱਤਾ। ਸਿੱਖ ਆਪਣੀ ਹੋਂਦ ਨੂੰ ਬਚਾਉਣ ਲਈ ਜੰਗਲਾਂ, ਬੇਲਿਆਂ, ਮਾਰੂਥਲਾਂ, ਪਹਾੜਾਂ ਦੀਆਂ ਪਨਾਹਗਾਹਾਂ ਵਿਚ ਚਲੇ ਗਏ। ਉਸੇ ਤਰ੍ਹਾਂ ਦੀ ਇਕ ਪਨਾਹਗਾਹ 'ਬੀੜ ਬਾਬਾ ਬੁੱਢਾ ਜੀ' ਪਿੰਡ ਪੂਹਲੇ ਨੇੜੇ ਸੀ। ਭਾਈ ਤਾਰੂ ਸਿੰਘ ਜੀ ਸਿੱਖਾਂ ਨੂੰ ਰਸਦ ਵਸਤ ਅਤੇ ਰੋਜ਼ਮਰਾਂ ਦੀਆਂ ਚੀਜ਼ਾਂ ਪਹੁੰਚਾ ਕੇ ਸੇਵਾ ਕਰਦੇ ਸਨ। ਜੰਡਿਆਲਾ ਦੇ ਹਰਿਭਜਤ ਨੇ ਹਾਕਮਾਂ ਨੂੰ ਖ਼ਬਰ ਦਿੱਤੀ ਕਿ ਪਿਡ ਪੂਹਲੇ ਦਾ ਬਾਗੀ ਸਿੱਖ ਭਾਈ ਤਾਰੂ ਸਿੰਘ ਬਾਗੀ ਸਿੱਖਾਂ ਦੀ ਮਦਦ ਕਰਦਾ ਹੈ। ਭਾਈ ਸਾਹਿਬ ਨੂੰ ਮੁਕਾਉਣ ਦਾ ਹੁਕਮ ਹੋ ਗਿਆ। ਭਾਈ ਸਾਹਿਬ ਨੇ ਕਿਹਾ ਕਿ ਮੈਨੂੰ ਭਾਵੇਂ ਕਿਸੇ ਤਰ੍ਹਾਂ ਵੀ ਸ਼ਹੀਦ ਕਰੋ ਪਰ ਕੇਸਾਂ ਦੀ ਬੇਅਦਬੀ ਨਾ ਹੋਵੇ। ਭਾਈ ਸਾਹਿਬ ਦੀ ਖੋਪਰੀ ਉਤਾਰ ਦਿੱਤੀ ਗਈ ਤੇ ਕੁਝ ਦਿਨਾਂ ਬਾਅਦ ਸ਼ਹੀਦੀ ਪਾ ਗਏ। ਉਨ੍ਹਾਂ ਨੇ ਸਿੱਖੀ ਕੇਸਾਂ ਸੁਆਸਾਂ ਸੰਗ ਨਿਭਾਈ ਹੈ। ਹਾਜ਼ਰ ਕਵੀਆਂ ਨੇ ਆਪਣੀਆਂ ਜੋਸ਼ੀਲੀਆਂ ਕਵਿਤਾਵਾਂ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ ਜਿਨ੍ਹਾਂ ਵਿਚ ਗੁਰਦਿਆਲ ਸਿੰਘ ਨੂਰਪੁਰੀ, ਤਰਸੇਮ ਸਿੰਘ ਸੁਮਨ, ਤ੍ਰਲੋਚਨ ਸਿੰਘ ਦੁਪਾਲਪੁਰੀ, ਜਸਦੀਪ ਸਿੰਘ ਫਰੀਮਾਂਟ, ਬਲਕਾਰ ਸਿੰਘ, ਅਮਰਜੀਤ ਸਿੰਘ ਮੁਲਤਾਨੀ, ਪ੍ਰਮਿੰਦਰ ਸਿੰਘ ਪ੍ਰਵਾਨਾ ਹਾਜ਼ਰ ਸਨ। ਭਾਈ ਬਲਕਾਰ ਸਿੰਘ ਪ੍ਰਧਾਨ ਵਜੋਂ ਕਵੀਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਕਵੀਆਂ ਨੂੰ ਧਾਰਮਿਕ ਕਵੀ ਦਰਬਾਰ ਸਜਾਉਣ ਲਈ ਹਮੇਸ਼ਾ ਖੁੱਲ੍ਹਾ ਸੱਦਾ ਹੈ। ਪ੍ਰਵਾਨਾ ਵਲੋਂ ਧੰਨਵਾਦੀ ਸ਼ਬਦਾਂ ਵਿਚ ਕਿਾ ਕਿ ਸਾਨੂੰ ਮਾਣ ਹੈ ਕਿ ਪ੍ਰਬੰਧਕਾਂ ਵਲੋਂ ਧਾਰਮਿਕ ਕਵੀ ਦਰਬਾਰ ਲਈ ਸਮਾਂ ਦਿੱਤਾ ਜਾਂਦਾਹੈ। ਅਜਿਹੇ ਪ੍ਰੋਗਰਾਮ ਪ੍ਰਬੰਧਕਾਂ ਅਤੇ ਸੰਗਤਾਂ ਦੇ ਸਹਿਯੋਗ ਨਾਲ ਹੀ ਸਫ਼ਲ ਹੁੰਦੇ ਹਨ। ਇਕ ਯਾਦਗਾਰੀ ਤਸਵੀਰ ਨਾਲ ਪ੍ਰੋਗਰਾਮ ਸੰਪੰਨ ਹੋਇਆ।

# ਫਰਿਜ਼ਨੋ 'ਚ ਸ਼ਹੀਦ ਉਧਮ ਸਿੰਘ ਅਤੇ ਮਦਨ ਲਾਲ ਢੀਂਗਰਾਂ ਨੂੰ ਸਮਰਪਿਤ ਸ਼ਰਧਾਂਜਲੀ ਸਮਾਰੋਹ ਦਾ ਆਯੋਜਨ

ਫਰਿਜ਼ਨੋ : ਸਥਾਨਕ ਗਦਰੀ ਬਾਬਿਆਂ ਨੂੰ ਸਮਰਪਿਤ ਸੰਸਥਾ ਇੰਡੋ ਅਮੈਰੀਕਨ ਹੈਰੀਟੇਜ ਫੋਰਮ ਵੱਲੋਂ ਲੰਘੇ ਐਤਵਾਰ ਸ਼ਹੀਦ ਮਦਨ ਲਾਲ ਢੀਂਗਰਾਂ ਅਤੇ ਸ਼ਹੀਦ ਊਧਮ ਸਿੰਘ ਜੀ ਦੀ ਸ਼ਹੀਦੀ ਨੂੰ ਸਮਰਪਿਤ ਸ਼ਰਧਾਂਜਲੀ ਸਮਾਰੋਹ ਫਰਿਜ਼ਨੋ ਦੇ ਇੰਡੀਆ ਓਵਨ ਰੈਸਟੋਰੈਂਟ ਵਿਖੇ ਕਰਵਾਇਆ ਗਿਆ। ਇਸ ਮੌਕੇ ਬੱਚਿਆਂ ਨੇ ਪਾਣੀ ਦੀ ਕਿੱਲਤ, ਪੰਜਾਬੀ ਮਾਂ ਬੋਲੀ ਅਤੇ ਗੰਨ ਕੰਟਰੋਲ ਆਦਿ ਸਬੰਧਤ ਵਿਸ਼ਿਆਂ 'ਤੇ ਭਾਸ਼ਨ ਦਿੱਤੇ ਅਤੇ ਕਵਿਤਾਵਾਂ ਪੜ੍ਹੀਆਂ। ਇਸ ਮੌਕੇ ਸ਼ਹੀਦ ਊਧਮ ਸਿੰਘ ਅਤੇ ਸ਼ਹੀਦ ਮਦਨ ਲਾਲ ਢੀਗਰਾ ਦੀ ਸ਼ਹੀਦੀ ਨੂੰ ਯਾਦ ਕਰਦਿਆਂ ਸ਼ਹੀਦਾਂ ਨੂੰ ਸ਼ਰਧਾਂਜਲੀ ਦਿੱਤੀ ਗਈ।



ਸਮਾਗਮ ਵਿੱਚ ਭਾਗ ਲੈਣ ਵਾਲੇ ਕਵੀਆਂ ਅਤੇ ਬੱਚਿਆਂ ਨੂੰ ਫੋਰਮ ਵੱਲੋਂ ਸਨਮਾਨ ਚਿੰਨ੍ਹ ਦਿੱਤੇ ਗਏ। ਇਸ ਸਮਾਗਮ ਵਿੱਚ ਫਰਿਜ਼ਨੋ ਦੀਆਂ ਸਿਰਕੱਢ ਸ਼ਖਸੀਅਤਾ ਨੇ ਭਾਗ ਲੈ ਕੇ ਪ੍ਰੋਗਰਾਮ ਨੂੰ ਹੋਰ ਚਾਰ ਚੰਨ ਲਾਏ। ਇਸ ਮੌਕੇ ਡਾ. ਅਰਜਨ ਸਿੰਘ ਜੋਸ਼ਨ ਨੇ ਪਾਣੀ ਨੂੰ ਬਚਾਉਣ ਸਬੰਧੀ ਆਪਣੇ ਵਿਚਾਰ ਰੱਖੇ। ਸਟੇਜ ਸੰਚਾਲਨ ਹਰਜਿੰਦਰ ਢੇਸੀ ਨੇ ਬਾਖ਼ੂਬੀ ਕੀਤਾ। ਫੋਰਮ ਦੀ ਮਹਿਲਾ ਵਿੰਗ ਦੀ ਬੁਲਾਰਾ ਸ਼ਰਨਜੀਤ ਧਾਲੀਵਾਲ ਨੇ ਦੱਸਿਆ ਕਿ ਇਹੋ ਜਿਹੇ ਸਮਾਗਮ ਬੱਚਿਆਂ ਨੂੰ ਉਤਸ਼ਾਹਤ ਕਰਦੇ ਹਨ ਅਤੇ ਹੋਰ ਬੱਚਿਆਂ ਨੂੰ ਇਸ ਤਰ੍ਹਾਂ ਦੇ ਸਮਾਗਮਾਂ ਵਿੱਚ ਹਿੱਸਾ ਲੈਣ ਲਈ ਪ੍ਰੇਰਦੇ ਹਨ। ਇਸ ਮੌਕੇ ਆਂਚਲ ਕੌਰ ਹੇਅਰ, ਸ਼ਰਨਜੀਤ ਕੌਰ ਧਾਲੀਵਾਲ ਅਤੇ ਹੋਰ ਬੱਚੇ ਬੱਚੀਆਂ ਨੇ ਇਨਕਲਾਬੀ ਕਵਿਤਾਵਾਂ ਨਾਲ ਹਾਜ਼ਰੀ ਭਰੀ। ਜੱਜ ਦੀ ਭੂਮਿਕਾ ਵਿਚ ਡਾ. ਅਰਜਨ ਸਿੰਘ ਜੋਸ਼, ਡਾ. ਗੁਰਿੰਦਰ, ਰੇਜੀਓ ਹੋਸਟ ਸੰਤੋਖ ਸਿੰਘ ਮਨਿਹਾਸ ਅਤੇ ਸ਼ਾਇਰ ਹਰਜਿੰਦਰ ਕੰਗ ਨਜ਼ਰ ਆਏ। ਅਖੀਰ ਅਮਿੱਟ ਪੈੜਾਂ ਛੱਡਦਾ ਇਹ ਪ੍ਰੋਗਰਾਮ ਯਾਦਗਾਰੀ ਹੋ ਨਿਬੜਿਆ।

# ਅਮਰੀਕਾ ਨੇ 8-12 ਵੀਜ਼ਾ ਲਈ ਦੂਜਾ ਲਾਟਰੀ ਦੌਰ ਕੀਤਾ ਪੂਰਾ, ਸਫਲ ਉਮੀਦਵਾਰਾਂ ਨੂੰ ਕੀਤਾ ਗਿਆ ਸੂਚਿਤ

ਵਾਸ਼ਿੰਗਟਨ : ਅਮਰੀਕਾ ਨੇ ਵਿਦੇਸ਼ੀ ਪੇਸ਼ੇਵਰਾਂ ਵੱਲੋਂ ਬਹੁਤ ਜ਼ਿਆਦਾ ਮੰਗੇ ਜਾਣ ਵਾਲੇ 8-12 ਵਰਕ ਵੀਜ਼ੇ ਲਈ ਰੈਂਡਮ ਲਾਟਰੀ ਚੋਣ ਦਾ ਦੂਜਾ ਦੌਰ ਪੂਰਾ ਕਰ ਲਿਆ ਹੈ ਅਤੇ ਸਫਲ ਬਿਨੈਕਾਰਾਂ ਨੂੰ ਸੂਚਿਤ ਕਰ ਦਿੱਤਾ ਗਿਆ ਹੈ। ਇੱਕ ਸੰਘੀ ਏਜੰਸੀ ਨੇ ਇਸ ਸਬੰਧੀ ਜਾਣਕਾਰੀ ਦਿੱਤੀ। ਗੌਰਤਲਬ ਹੈ ਕਿ 8-12 ਵੀਜ਼ਾ ਇੱਕ ਗੈਰ-ਪ੍ਰਵਾਸੀ ਵੀਜ਼ਾ ਹੈ ਜੋ ਅਮਰੀਕੀ ਕੰਪਨੀਆਂ ਨੂੰ ਵਿਸ਼ੇਸ਼ ਕਿੱਤਿਆਂ ਵਿੱਚ ਵਿਦੇਸ਼ੀ ਕਾਮਿਆਂ ਨੂੰ ਨਿਯੁਕਤ ਕਰਨ ਦੀ ਇਜਾਜ਼ਤ ਦਿੰਦਾ ਹੈ ਜਿਨ੍ਹਾਂ ਲਈ ਸਿਧਾਂਤਕ ਜਾਂ ਤਕਨੀਕੀ ਮੁਹਾਰਤ ਦੀ ਲੋੜ ਹੁੰਦੀ ਹੈ। ਤਕਨਾਲੋਜੀ ਕੰਪਨੀਆਂ




ਭਾਰਤ ਅਤੇ ਚੀਨ ਵਰਗੇ ਦੇਸ਼ਾਂ ਤੋਂ ਹਰ ਸਾਲ ਹਜ਼ਾਰਾਂ ਕਰਮਚਾਰੀਆਂ ਨੂੰ ਨਿਯੁਕਤ ਕਰਨ ਲਈ ਇਸ 'ਤੇ ਨਿਰਭਰ ਕਰਦੀਆਂ ਹਨ। ਯੂਐਸ ਸਿਟੀਜ਼ਨਸ਼ਿਪ ਐਂਡ ਇਮੀਗ੍ਰੇਸ਼ਨ ਸਰਵਿਸਿਜ਼ (USCIS) ਨੇ ਮੰਗਲਵਾਰ ਨੂੰ ਕਿਹਾ ਕਿ "ਅਸੀਂ ਵਿੱਤੀ ਸਾਲ 2024 ਦੀਆਂ ਬਾਕੀ ਰਹਿੰਦੀਆਂ ਰਜਿਸਟ੍ਰੇਸ਼ਨਾਂ ਵਿਚੋ ਰੈਂਡਮ ਢੰਗ ਨਾਲ ਚੋਣ ਕੀਤੀ ਹੈ, ਜੋ ਕੈਪ ਤੱਕ ਪਹੁੰਚਣ ਲਈ ਲੋੜੀਂਦੀ ਗਿਣਤੀ ਹੋਣ ਦਾ ਅਨੁਮਾਨ ਹੈ।" ਇਸ ਵਿਚ ਕਿਹਾ ਗਿਆ ਕਿ 1 ਅਕਤੂਬਰ ਤੋਂ ਸ਼ੁਰੂ ਹੋਣ ਵਾਲੇ ਵਿੱਤੀ ਸਾਲ ਲਈ ਐੱਚ-1ਬੀ ਵੀਜ਼ਾ ਲਈ ਯੋਗ ਸਾਰੇ ਸਫਲ ਬਿਨੈਕਾਰਾਂ ਨੂੰ ਇਸ ਬਾਰੇ ਸੂਚਿਤ ਕਰ ਦਿੱਤਾ ਗਿਆ ਹੈ। USCIS ਨੂੰ ਮੁੱਖ ਤੌਰ 'ਤੇ ਵੱਡੀ ਗਿਣਤੀ ਵਿੱਚ ਅਯੋਗ ਅਰਜ਼ੀਆਂ ਕਾਰਨ 8-12 ਲਾਟਰੀ ਦਾ ਇੱਕ ਬੇਮਿਸਾਲ ਦੂਜਾ ਗੇੜ ਕਰਵਾਉਣਾ ਪਿਆ, ਜੋ ਅਪ੍ਰੈਲ ਦੇ ਪਹਿਲੇ ਹਫ਼ਤੇ ਵਿੱਚ ਆਯੋਜਿਤ ਕੀਤਾ ਜਾਂਦਾ ਹੈ।

# ਸਿੱਖ ਕਦਰਾਂ-ਕੀਮਤਾਂ ਨੂੰ ਉਤਸ਼ਾਹਿਤ ਕਰਨ ਲਈ ਲੰਗਰਾਂ ਦੀ ਸੇਵਾ



ਕਾਂਗਰਸ ਦੇ ਮੈਂਬਰਾਂ ਸਮੇਤ ਤਕਰੀਬਨ 150 ਲੋਕਾਂ ਨੇ 26 ਜੁਲਾਈ ਨੂੰ ਕੈਪੀਟਲ ਹਿੱਲ ਵਿਖੇ ਸਿੱਖ ਅਮਰੀਕਨ ਲੀਗਲ ਡਿਫੈਂਸ ਐਂਡ ਐਜੂਕੇਸ਼ਨ ਫੰਡ (SALDEF) ਦੀ ਸਿੱਖਲੀਡ ਇੰਟਰਨਸ਼ਿਪ ਕਲਾਸ ਅਤੇ ਰਿਪ. ਚੱਕ ਸ਼ੂਮਰ ਦੇ ਦਫਤਰ ਦੁਆਰਾ ਆਯੋਜਿਤ ਸਾਲਾਨਾ ਲੰਗਰ ਵਿੱਚ ਸ਼ਿਰਕਤ ਕੀਤੀ।

ਲੰਗਰ ਇੱਕ 500 ਸਾਲ ਪੁਰਾਣੀ ਸਿੱਖ ਪਰੰਪਰਾ ਹੈ ਜਿਸਦਾ ਉਦੇਸ਼ ਵੱਖਵਾਦ ਅਤੇ ਟਕਸਾਲੀਵਾਦ ਨੂੰ ਖਤਮ ਕਰਨਾ ਅਤੇ ਭੋਜਨ ਨਿਆਂ ਨੂੰ ਉਤਸ਼ਾਹਿਤ ਕਰਨਾ ਹੈ। ਸਮਾਗਮ ਵਿੱਚ ਸ਼ਾਮਲ ਹੋਣ ਵਾਲੇ ਕਾਂਗਰਸ ਦੇ ਮੈਂਬਰਾਂ ਵਿੱਚ ਪ੍ਰਤੀਨਿਧੀ ਜੂਡੀ ਚੂ (ਸੀਏ-28) ਅਤੇ ਪ੍ਰਤੀਨਿਧੀ Shri Thanedar (ਐਮਆਈ-13) ਸ਼ਾਮਲ ਸਨ।

ਇਸ ਮੌਕੇ SALDEF ਦੀ ਕਾਰਜਕਾਰੀ ਡਾਇਰੈਕਟਰ ਕਿਰਨ ਕੌਰ ਗਿੱਲ ਨੇ ਸਿੱਖ ਅਮਰੀਕਨ ਅਨੁਭਵ ਦੇ ਸੰਦਰਭ ਵਿੱਚ ਲੰਗਰ ਦੀ ਮਹੱਤਤਾ ਬਾਰੇ ਦੱਸਿਆ।

"ਸਿੱਖ ਅਮਰੀਕਨਾਂ ਦਾ, ਮਾਣਯੋਗ ਦਲੀਪ ਸਿੰਘ ਸੌਂਦ, ਜੋ ਕਾਂਗਰਸ ਵਿੱਚ ਸਾਡੇ ਮਹਾਨ ਪਾਇਨੀਅਰਾਂ ਵਿੱਚੋਂ ਇੱਕ ਸਨ, ਤੋਂ ਲੈ ਕੇ SALDEF ਦੇ ਵਕੀਲਾਂ ਤੱਕ, ਨਵੀਨਤਾਕਾਰੀ ਭਾਈਚਾਰਕ ਸ਼ਮੂਲੀਅਤ ਅਤੇ ਅਗਵਾਈ ਦਾ ਇੱਕ ਲੰਮਾ ਇਤਿਹਾਸ ਹੈ। ਬਰਾਬਰ ਦੇ ਤੌਰ 'ਤੇ ਭੋਜਨ ਸਾਂਝਾ ਕਰਨ ਦਾ ਮੌਕਾ ਮਿਲਣਾ ਸਮਾਨਤਾ ਅਤੇ ਵਿਸ਼ਵ-ਵਿਆਪੀ ਦੋਸਤੀ ਦੀਆਂ ਕਦਰਾਂ-ਕੀਮਤਾਂ ਬਾਰੇ ਇੱਕ ਮਜ਼ਬੂਤ ਯਾਦ ਦਿਵਾਉਂਦਾ ਹੈ।"

ਜਦੋਂ ਕਿ ਅਮਰੀਕਾ ਵਿੱਚ ਸਿੱਖ ਅਮਰੀਕੀਆਂ ਦਾ 125 ਸਾਲਾਂ ਦਾ ਇਤਿਹਾਸ ਹੈ, ਫਿਰ ਵੀ ਭਾਈਚਾਰੇ ਬਾਰੇ ਬਹੁਤ ਸਾਰੀਆਂ ਗਲਤ ਧਾਰਨਾਵਾਂ ਹਨ। ਪਹਾੜੀ 'ਤੇ ਲੰਗਰ ਸਾਡੇ ਲਈ ਸਾਡੇ ਅਮਰੀਕੀ ਇਤਿਹਾਸ ਅਤੇ ਸਿੱਖ ਕਦਰਾਂ-ਕੀਮਤਾਂ ਨੂੰ ਪੇਸ਼ ਕਰਨ ਦਾ ਮਹੱਤਵਪੂਰਨ ਮੌਕਾ ਹੈ, ਜਿਸ ਵਿੱਚ ਸਾਰਿਆਂ ਲਈ ਬਰਾਬਰਤਾ ਸ਼ਾਮਲ ਹੈ। ਇਸ ਤੋਂ ਇਲਾਵਾ, ਇਸ ਉੱਭਰ ਰਹੀ ਪੀੜ੍ਹੀ ਲਈ ਸਾਡੇ ਦੇਸ਼ ਦੇ ਨੇਤਾਵਾਂ ਨੂੰ ਇਹ ਦੱਸਣ ਦਾ ਇੱਕ ਵਿਲੱਖਣ ਮੌਕਾ ਹੈ ਕਿ ਅਸੀਂ ਆਪਣੀ ਨਾਗਰਿਕ ਭਾਗੀਦਾਰੀ ਨੂੰ ਕਿਵੇਂ ਡੂੰਘਾ ਕਰਨਾ ਚਾਹੁੰਦੇ ਹਾਂ। ਅਸੀਂ ਦੇਸ਼ ਭਰ ਦੇ ਵਲੰਟੀਅਰਾਂ ਅਤੇ ਸਮਰਥਕਾਂ ਦਾ ਧੰਨਵਾਦ ਕਰਦੇ ਹਾਂ ਜਿਨ੍ਹਾਂ ਨੇ ਇਸ ਸਮਾਗਮ ਲਈ ਮਾਇਕ ਸਹਾਇਤਾ ਅਤੇ ਇਸਦੀ ਸਫਲਤਾ ਵਿੱਚ ਯੋਗਦਾਨ ਪਾਇਆ।

ਰੱਖੜਾ ਇਨਕਮ ਟੈਕਸ ਅਤੇ ਇਮੀਗ੍ਰੇਸ਼ਨ

ਇੱਕੋ ਜਗ੍ਹਾ ਅਤੇ ਇੱਕੋ ਛੱਤ ਹੇਠ ਆਪ ਜੀ ਹੇਠ ਲਿਖੀਆਂ ਸੇਵਾਵਾਂ ਪ੍ਰਾਪਤ ਕਰ ਸਕਦੇ ਹੋ ਜਿਵੇਂ ਕਿ ਇਨਕਮ ਟੈਕਸ (ਕਾਰਪੋਰੇਸ਼ਨ, ਬਿਜਨਸ, ਪਰਸਨਲ), ਰੀਅਲ ਅਸਟੇਟ, ਲਾਈਫ ਇੰਸ਼ੋਰੈਂਸ, ਉਬਾਮਾ ਕੇਅਰ, ਮੈਡੀਕੇਅਰ, ਪਾਸਪੋਰਟ ਰਿਨਿਊ, ਵੀਜਾ, ਸਿਟੀਜ਼ਨਸ਼ਿਪ, ਗਰੀਨ ਕਾਰਡ, ਵਰਕ ਪਰਮਿਟ, R-1 ਵੀਜ਼ਾ, ਫੈਮਿਲੀ ਪਟੀਸ਼ਨ ਫਾਈਲਿੰਗਜ਼ ਜਾਂ ਫਿਰ IRS ਨਾਲ ਕੋਈ ਵੀ ਮਸਲਾ।

ਹੁਣ ਤੁਸੀਂ ਇਥੇ MEDICARE BENEFITS ਲਈ ਅਪਲਾਈ ਕਰਦੇ ਹੋ। ਅਤੇ ਮੈਡੀਕੇਅਰ ਸਹੂਲਤਾਂ ਲਈ ਹੋਰ ਵਧੇਰੇ ਜਾਣਕਾਰੀ ਲੈ ਸਕਦੇ ਹੋ ਜੀ




Get more BENEFITS at No Cost $0 Premium



Rakhra Tax & Immigration
3073 W Ashlan Ave <> Fresno, CA 93722
Ph. (559) 243-9200,
Fax (559) 549-6211
or visit
www.rakhrataxservice.com
or avtar06@gmail.com

# ਯੁਨਾਈਟਡ ਹਿੱਲਥ ਸੈਂਟਰ ਵੱਲੋ ਆਪਣੀ ਨਵੀਂ ਲੋਕੇਸ਼ਨ ਦਾ ਫਰਿਜਨੋ ਵਿਖੇ ਉਦਘਾਟਨ



ਫਰਿਜ਼ਨੋ/ਕੈਲੀਫੋਰਨੀਆ, (ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ) : ਸੈਂਟਰਲ ਵੈਲੀ ਕੈਲੀਫੋਰਨੀਆ ਵਿਖੇ ਲੰਮੇ ਸਮੇਂ ਤੋਂ ਸਿਹਤ ਸੇਵਾਵਾਂ ਦਿੰਦੇ ਆ ਰਹੇ ਯੁਨਾਈਟਡ ਹਿੱਲਥ ਕੇਅਰ ਗਰੁੱਪ ਵੱਲੋ ਆਪਣਾ 30ਵਾਂ ਕਲੀਨਿਕ ਫਰਿਜਨੋ ਦੇ ਮਾਰਕਸ ਅਤੇ ਐਸ਼ਲੈਂਨ ਐਵਿਨਿਊ ਤੇ ਖੋਲ ਦਿੱਤਾ ਗਿਆ ਹੈ। ਲੰਘੇ ਵੀਰਵਾਰ ਇਸ ਕਲੀਨਿਕ ਦੀ ਗਰੈਂਡ ਓਪਨਿੰਗ ਕੀਤੀ ਗਈ। ਜਿੱਥੇ ਗਰੁੱਪ ਦੇ ਪ੍ਰੈਜ਼ੀਡੈਂਟ ਅਤੇ ਸੀਈਓ, ਜਸਟਿੰਨ ਪਰੀਅਸ ਨੇ ਰੀਵਨ ਕੱਟਕੇ ਇਸਦਾ ਉਦਘਾਟਨ ਕੀਤਾ। ਉਹਨਾਂ ਬੋਲਦਿਆਂ ਕਿਹਾ ਕਿ ਜਿੱਥੇ ਸੈਂਟਰਲ ਵੈਲੀ ਦਾ ਇਹ ਸਾਡਾ 30ਵਾਂ ਕਲੀਨਿਕ ਹੈ, ਓਥੇ ਫਰਿਜਨੋ ਸਿਟੀ ਦਾ ਇਹ ਸਾਡਾ ਅੱਠਵਾਂ ਕਲੀਨਿਕ ਬਣ ਚੁੱਕਾ ਹੈ। ਉਹਨਾਂ ਸਮੂਹ ਸਟਾਫ ਦਾ ਸਪੋਰਟ ਲਈ ਧੰਨਵਾਦ ਕੀਤਾ ਅਤੇ ਕਿਹਾ ਕਿ ਅਸੀਂ ਜੀ ਜਾਨ ਨਾਲ ਲੋਕਾਂ ਨੂੰ ਸਿਹਤ ਸੇਵਾਵਾਂ ਦੇਵਾਗੇ। ਗਰੁੱਪ ਦੇ ਚੀਫ ਐਡਮਨਿਸਟਰੇਟਵ ਆਫਿਸਰ ਮਗੇਲ ਰੁਡਰੀਗਸ ਨੇ ਕਿਹਾ ਕਿ ਇਹ ਕਲੀਨਿਕ ਲੋਕਾਂ ਦੀਆਂ ਮੁਸ਼ਕਲਾਂ ਨੂੰ ਮੁੱਖ ਰੱਖਕੇ ਖੋਲਿਆ ਗਿਆ ਹੈ, ਅਤੇ ਅਸੀਂ ਆਸ ਕਰਦੇ ਹਾਂ ਕਿ ਸਾਡਾ ਸਟਾਫ ਲੋਕਾਂ ਦੀਆਂ ਉਮੀਦਾਂ ਤੇ ਖਰਾ ਉਤਰੇਗਾ। ਪੰਜਾਬੀ ਕਮਿਉਨਟੀ ਨੂੰ ਮੁੱਖ ਰੱਖਕੇ ਡਾ. ਸਿਮਰਜੀਤ ਸਿੰਘ ਧਾਲੀਵਾਲ ਇਸ ਕਲੀਨਿਕ ਤੇ ਹਮੇਸ਼ਾਂ ਆਪਣੇ ਸਟਾਫ ਸਮੇਤ ਹਾਜ਼ਰ ਰਹਿਣਗੇ। ਡਾਕਟਰ ਸਿਮਰਜੀਤ ਧਾਲੀਵਾਲ ਨੇ ਕਿਹਾ ਕਿ ਚਾਹੇ ਕਿਸੇ ਕੋਲ ਇੰਸ਼ੋਰੈਂਸ ਹੈ ਜਾਂ ਨਹੀਂ ਸਾਡੇ ਦਰਵਾਜ਼ੇ ਹਰ ਕਿਸੇ ਲਈ ਖੁੱਲ੍ਹੇ ਹਨ। ਅਤੇ ਅਸੀਂ ਇਸ ਕਲੀਨਿਕ ਤੋ ਹਰ ਪ੍ਰਕਾਰ ਦੀਆਂ ਸੇਵਾਵਾਂ ਦੇਵਾਗਾ। ਜਿੱਥੇ ਫੈਮਲੀ ਮੈਡੀਸਨ, ਕੈਰੋਪਰਿਕਟਰ, ਮਨੋਵਗਿਆਨਕ ਰੋਗ, ਦੰਦਾਂ ਅਤੇ ਅੱਖਾਂ ਦੀਆਂ ਬਿਮਾਰੀਆਂ ਦਾ ਇਲਾਜ ਤਸੱਲੀਬਖਸ਼ ਤਰੀਕੇ ਨਾਲ ਕੀਤਾ ਜਾਵੇਗਾ। ਇੱਥੇ ਜਲਦ ਅਰਜਿੰਟ ਕੇਅਰ ਦੀਆਂ ਸੇਵਾਵਾਂ ਵੀ ਸ਼ੁਰੂ ਹੋਣਗੀਆਂ। ਇਸ ਮੌਕੇ ਕਲੀਨਿਕ ਦਾ ਟੂਰ ਵੀ ਦਿੱਤਾ ਗਿਆ। ਇਸ ਮੌਕੇ ਫਰਿਜਨੋ ਏਰੀਏ ਦੇ ਕਾਂਗਰਸਮੈਨ ਜਿੰਮ ਕੌਸਟਾ ਦੇ ਦਫ਼ਤਰ ਤੋਂ ਨੁਮਾਇੰਦੇ ਪਹੁੰਚੇ ਹੋਏ ਸਨ। ਮੇਅਰ ਜੈਰੀ ਡਾਇਰ ਦੇ ਦਫ਼ਤਰ ਤੋਂ ਪਤਵੰਤੇ ਪਹੁੰਚੇ ਹੋਏ ਸਨ। ਸੈਨੇਟਰ ਡਾਇਨ ਫਾਈਨਸਟਾਈਨ ਦੇ ਦਫ਼ਤਰ ਤੋ ਵਫ਼ਦ ਆਇਆ ਹੋਇਆ ਸੀ। ਫਰਿਜਨੋ ਦੇ ਡਿਸਟਰਕ ਵੰਨ ਦੀ ਕੌਂਸਲ ਮੈਂਬਰ ਐਨਾਲੀਸਾ ਪਰੀਅਸ ਨੇ ਯੁਨਾਈਟਡ ਹਿੱਲਥ ਸੈਂਟਰ ਦੇ ਸਮੂਹ ਸਟਾਫ ਨੂੰ ਨਵੇਂ ਕਲੀਨਿਕ ਲਈ ਵਧਾਈਆਂ ਦਿੱਤੀਆਂ। ਇਸ ਮੌਕੇ ਗਰੁੱਪ ਦੇ ਪ੍ਰੈਜ਼ੀਡੈਂਟ ਅਤੇ ਸੀਈਓ, ਜਸਟਿਨ ਪਰੀਅਸ ਨੂੰ ਸਾਰੇ ਰਾਜਨੀਤਕ ਦਫ਼ਤਰਾਂ ਦੇ ਨੁਮਾਇੰਦਿਆਂ ਵੱਲੋਂ ਸਰਟੀਫਕੇਟ ਦੇਕੇ ਸਨਮਾਨਿਤ ਕੀਤਾ ਗਿਆ। ਪੂਰੇ ਪ੍ਰੋਗਰਾਮ ਦੌਰਾਨ ਸਟੇਜ਼ ਸੰਚਾਲਨ ਟੀਵੀ ਹੋਸਟ ਇਮਲੀ ਅਰਵਿੰਨ ਨੇ ਬਾਖੂਬੀ ਕੀਤਾ। ਅਖੀਰ ਵਿੱਚ ਨਿਊਜ਼ੀਲੈਂਡ ਅਤੇ ਹਵਾਈਅਨ ਡਾਂਸ ਨੇ ਸਭਨੂੰ ਝੂਮਣ ਲਾ ਦਿੱਤਾ। ਅਖੀਰ ਦੁਪਿਹਰ ਦੇ ਖਾਣੇ ਨਾਲ ਅਮਿੱਟ ਪੈੜ੍ਹਾ ਛੱਡਦਾ ਇਹ ਗਰੈਂਡ ਓਪਨਿੰਗ ਸਮਾਗਮ ਯਾਦਗਾਰੀ ਹੋ ਨਿੱਬੜਿਆ ।

# ਖਾਲੜਾ ਪਾਰਕ ਕਮੇਟੀ ਤੇ ਇੰਡੋ ਯੂ.ਐਸ.ਹੈਰੀਟੇਜ਼ ਵੱਲੋ ਹਿਊਮਨ ਰਾਈਟਸ ਦਿਨ ਸਬੰਧੀ ਤਿਆਰੀਆਂ ਅਰੰਭ



ਫਰਿਜ਼ਨੋ/ਕੈਲੀਫੋਰਨੀਆ, (ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ) : ਮਨੁੱਖੀ ਅਧਿਕਾਰਾਂ ਦੇ ਅਲੰਬਰਦਾਰ ਸ਼ਹੀਦ ਜਸਵੰਤ ਸਿੰਘ ਖਾਲੜਾ ਦੇ ਸ਼ਹੀਦੀ ਦਿਹਾੜੇ ਨੂੰ ਮੁੱਖ ਰੱਖਕੇ ਸਥਾਨਿਕ ਬਾਬਿਆਂ ਦੀ ਖਾਲੜਾ ਪਾਰਕ ਕਮੇਟੀ ਅਤੇ ਇੰਡੋ ਯੂ.ਐਸ. ਹੈਰੀਟੇਜ਼ ਵੱਲੋ ਉਪਰਾਲੇ ਅਰੰਭ ਦਿੱਤੇ ਗਏ ਹਨ। ਹਰ ਸਾਲ ਦੀ ਤਰਾਂ ਇਸ ਸਾਲ ਵੀ ਸ਼ਹੀਦ ਜਸਵੰਤ ਸਿੰਘ ਖਾਲੜਾ ਦੀ ਸ਼ਹੀਦੀ ਨੂੰ ਯਾਦ ਕਰਦਿਆ ਫਰਿਜ਼ਨੋ ਦੇ ਖਾਲੜਾ ਪਾਰਕ ਵਿੱਚ 16 ਸਤੰਬਰ ਦਿਨ ਸ਼ਨੀਵਾਰ ਨੂੰ ਦੁਪਿਹਰ ਦੋ ਵਜੇ ਸ਼ਰਧਾਜਲੀ ਸਮਾਗਮ ਰੱਖਿਆ ਗਿਆ ਹੈ। ਲੰਘੇ ਐਤਵਾਰ ਇਸ ਸਮਾਗਮ ਸਬੰਧੀ ਪਹਿਲੀ ਮੀਟਿੰਗ ਖਾਲੜਾ ਪਾਰਕ ਵਿੱਚ ਰੱਖੀ ਗਈ। ਇਸ ਮੌਕੇ ਪਤਵੰਤੇ ਸੱਜਣਾਂ ਨੇ ਸਭ ਨੂੰ ਇਸ ਸਮਾਗਮ ਵਿੱਚ ਸ਼ਿਰਕਤ ਕਰਨ ਲਈ ਸਨਿਮਰ ਬੇਨਤੀ ਕੀਤੀ ਅਤੇ ਇਸ ਸਮਾਗਮ ਦੀ ਰੂਪ ਰੇਖਾ ਤਿਆਰ ਕੀਤੀ ਗਈ। ਇੱਥੇ ਇਹ ਵੀ ਜਿਕਰਯਗ ਹੈ ਕਿ ਸਤੰਬਰ 1995 ਵਿੱਚ ਸਮੇਂ ਦੀ ਹਕੂਮਤ ਨੇ ਸ਼ਹੀਦ ਜਸਵੰਤ ਸਿੰਘ ਖਾਲੜਾ ਨੂੰ ਮਨੁੱਖੀ ਹੱਕਾਂ ਸਬੰਧੀ ਅਵਾਜ਼ ਬੁਲੰਦ ਕਰਨ ਦੇ ਬਦਲੇ ਤਸੀਹੇ ਦੇਕੇ ਸ਼ਹੀਦ ਕਰ ਦਿੱਤਾ ਗਿਆ ਸੀ।

ਉਪਰੰਤ ਜੈਕਾਰਾ ਮੂਵਮੈਂਟ ਦੇ ਉਪਰਾਲੇ ਸਦਕਾ ਸ਼ਹੀਦ ਜਸਵੰਤ ਸਿੰਘ ਖਾਲੜਾ ਦੀ ਯਾਦ ਵਿੱਚ ਪਾਰਕ ਫਰਿਜ਼ਨੋ ਸ਼ਹਿਰ ਵਿੱਚ ਬਣਾਇਆ ਗਿਆ ਅਤੇ ਇਸ ਪਾਰਕ ਵਿੱਚ ਹਰੇਕ ਸਾਲ ਸ਼ਹੀਦ ਜਸਵੰਤ ਸਿੰਘ ਖਾਲੜਾ ਨੂੰ ਯਾਦ ਕਰਦਿਆਂ ਉਹਨਾਂ ਦੀ ਯਾਦ ਵਿੱਚ ਮਨੁੱਖੀ ਅਧਿਕਾਰ ਦਿਹਾੜਾ ਮਨਾਇਆ ਜਾਂਦਾ ਹੈ। ਅਤੇ ਇਸੇ ਕੜੀ ਤਹਿਤ ਇਹ ਸਲਾਨਾ ਸਮਾਗਮ 16 ਸਤੰਬਰ ਦਿਨ ਸ਼ਨੀਵਾਰ ਨੂੰ ਖਾਲੜਾ ਪਾਰਕ ਵਿਖੇ ਦੁਪਿਹਰ ਦੋ ਵਜੇ ਰੱਖਿਆ ਗਿਆ ਹੈ।

# ਕੈਲੀਫੋਰਨੀਆ ਦੇ ਹਵਾਈ ਅੱਡੇ ’ਤੇ ਛੋਟਾ ਜਹਾਜ਼ ਉਡਾਣ ਭਰਨ ਸਮੇ ਹੋਇਆ ਤਬਾਹ, 3 ਦੀ ਮੌਤ

ਸੈਕਰਾਮੈਂਟੋ/ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–ਕੈਲੀਫੋਰਨੀਆ ਦੇ ਇਕ ਹਵਾਈ ਅੱਡੇ ’ਤੇ ਉਡਾਣ ਭਰਨ ਸਮੇ ਇਕ ਛੋਟਾ ਜਹਾਜ਼ ਤਬਾਹ ਹੋਣ ਦੀ ਖਬਰ ਹੈ। ਪਾਇਲਟ ਸਮੇਤ ਜਹਾਜ਼ ਵਿਚ ਸਵਾਰ ਸਾਰੇ 3 ਵਿਅਕਤੀ ਮਾਰੇ ਗਏ। ਫੈਡਰਲ ਐਵੀਏਸ਼ਨ ਅਧਿਕਾਰੀਆਂ ਅਨੁਸਾਰ ਇਕ ਇੰਜਣ ਵਾਲਾ ਬੀਚਕਰਾਫਟ ਪੀ 35 ਅਪਲੈਂਡ ਸ਼ਹਿਰ ਦੇ ਕੇਬਲ ਏਅਰਪੋਰਟ ’ਤੇ ਸਵੇਰੇ 6.30 ਵਜੇ ਦੇ ਆਸ ਪਾਸ ਉਡਾਣ ਭਰਨ ਦੇ ਤੁਰੰਤ ਬਾਅਦ ਤਬਾਹ ਹੋ ਗਿਆ। ਸੈਨ ਬਰਨਾਰਡਿਨੋ ਕਾਊਂਟੀ ਫਾਇਰ ਵਿਭਾਗ ਨੇ ਇਕ ਟਵੀਟ ਵਿਚ ਕਿਹਾ ਹੈ ਕਿ ਹਾਦਸੇ ਦੇ ਕਾਰਨਾਂ ਬਾਰੇ ਤੁਰੰਤ ਪਤਾ ਨਹੀਂ ਲੱਗ ਸਕਿਆ। ਸੰਘੀ ਹਵਾਬਾਜ਼ੀ ਅਧਿਕਾਰੀਆਂ ਨੇ ਕਿਹਾ ਹੈ ਕਿ ਹਾਦਸੇ ਦੀ ਜਾਂਚ ਨੈਸ਼ਨਲ ਟਰਾਂਸਪੋਰਟੇਸ਼ਨ ਸੇਫਟੀ ਬੋਰਡ ਕਰੇਗਾ। ਕੈਲੀਫੋਰਨੀਆ ਦਾ ਅਪਲੈਂਡ ਸ਼ਹਿਰ ਲਾਸ ਏਂਜਲਸ ਦੇ ਪੂਰਬ ਵਿਚ ਤਕਰੀਬਨ 36 ਮੀਲ ਦੂਰ ਸਥਿੱਤ ਹੈ।




ਛੋਟੇ ਹਵਾਈ ਜਹਾਜ਼ ਨੂੰ ਪੇਸ਼ ਆਏ ਹਾਦਸੇ ਉਪਰੰਤ ਮੌਕੇ ’ਤੇ ਅੱਗ ਬੁਝਾਊ ਵਿਭਾਗ ਦੇ ਮੁਲਾਜ਼ਮ ਰਾਹਤ ਕਾਰਜਾਂ ਵਿਚ ਲੱਗੇ ਹੋਏ ਨਜਰ ਆ ਰਹੇ ਹਨ।


American Freight Corp.

ਡਰਾਈਵਰਾਂ ਅਤੇ ਆਨਰ ਅਪ੍ਰੇਟਰਾਂ (Owner-Operator) ਦੀ ਜ਼ਰੂਰਤ ਹੈ

ਕੈਲੀਫੋਰਨੀਆ ਤੋਂ ਮਿਡਵੈਸਟ, ਕੈਲੀਫੋਰਨੀਆ ਤੋਂ ਈਸਟ ਕੋਸਟ, ਕੈਲੀਫੋਰਨੀਆ ਤੋਂ ਟੈਕਸਸ (Texas)

ਡਰਾਈਵਰ ਦਾ ਘੱਟੋ ਘੱਟ ਦੋ ਸਾਲ ਦਾ ਤਜਰਬਾ ਹੋਵੇ

ਡਰਾਈਵਰਾਂ ਦੀ ਜ਼ਰੂਰਤ ਹੈ

Need Team & Solo Driver

With 2 Year Experience




(209) 405-1544

127 Darcy Parkway,Lathrop,CA 95330

# BASRA
## Heating & Air Conditioning

### ਗਰਮੀਆਂ ਵਿੱਚ ਠੰਡ ਤੇ ਸਰਦੀਆ ਵਿੱਚ ਨਿੱਘ ਦਾ ਦੂਜਾ ਨਾਮ ਹੈ

## ਬਸਰਾ ਹੀਟਿੰਗ ਅਤੇ ਏਅਰ ਕੰਡੀਸ਼ਨਿੰਗ

ਤੁਸੀ ਆਪਣੇ ਸੁਪਨਿਆ ਦੇ ਮਹਿਲ ਆਪਣੇ ਘਰ ਜਾ ਆਪਣੇ ਕਾਰੋਬਾਰ ਉਪਰ ਨਵਾਂ ਹੀਟਿੰਗ ਜਾ ਏਅਰ ਕੰਡੀਸ਼ਨਿੰਗ ਜਾ ਦੋਵੇ ਤਾ ਬਸ ਇਕੋ ਨਾਮ ਯਾਦ ਰੱਖੋ

ਤੁਸੀਂ ਸਾਨੂੰ ਇੱਕ ਕਾਲ ਕਰੋ ਇੱਕ ਕਾਲ ਹੀ ਬਚਾ ਸਕਦੀ ਹੈ

**ਤੁਹਾਡੇ ਢੇਰ ਸਾਰੇ ਪੈਸੇ**

**Reasonable price first class work ਅਤੇ**

**100% ਗਰੰਟੀ**




**Basra Heating & Air Conditioning has trained technicians and the right equipment to solve the problem fast and at a reasonable price.**

### AC REPAIR

**Common Air Conditioner Problems Requiring Repair**
**Low or Leaking Refrigerant**
**Broken Belt**
**Compressor Failure**
**Coil Issues**

### Thermostat Concerns

- Repair leaks
- Clean dirty coils or drain lines
- Replace filters
- Refresh refrigerant
- Seal ductwork
- Replace faulty belts, coils, or compressors
- •Secure electrical connections
- Provide general maintenance
- And more



### From Basra Heating & Air Conditioning

"Basra Heating and Air Conditioning have been providing, installing and servicing home and commercial heat systems, air conditioners & ducting and repair for both residential and commercial customers in the Bay Area since 2012. Our team of trained service professionals has extensive experience installing and servicing home and commercial heat systems, air conditioners, & ducting. Regardless of the project, Basra Heating and Air Conditioning have quickly and professionally served the needs of Bay Area & Central Valley. We pride ourselves in offering a unique combination of skilled service technicians and great customer service. Our team is ready to help you with your heating, air conditioning needs."


## ਹੋਰ ਜਾਣਕਾਰੀ ਲਈ ਕਾਲ ਕਰੋ

## ਸ. ਰਜਿੰਦਰ ਸਿੰਘ ਬਸਰਾ (209) 834-6188

## Address: 231 Portico Ln, Tracy, CA 95377

# ਕੈਲੀਫੋਰਨੀਆ ਵਿਚ ਭਾਰਤੀ - ਅਮਰੀਕੀ ਇਕ ਨਬਾਲਗ ਦੇ ਮਾਰੀਆਂ ਗੋਲੀਆਂ, ਹੋਈ ਮੌਤ

## ਸ਼ੱਕੀ ਦੋਸ਼ੀ ਨੂੰ ਪੁਲਿਸ ਨੇ ਹਿਰਾਸਤ ਵਿਚ ਲਿਆ



ਸੈਕਰਾਮੈਂਟੋ/ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਕੈਲੀਫੋਰਨੀਆ ਵਿਚ ਕੋਲੰਬਾਈਨ ਕੋਰਟ ਦੇ 2100 ਬਲਾਕ ਵਿਚ ਵਾਪਰੀ ਗੋਲੀਬਾਰੀ ਦੀ ਇਕ ਘਟਨਾ ਵਿਚ ਇਕ ਭਾਰਤੀ ਮੂਲ ਦੇ ਅਮਰੀਕੀ ਨਬਾਲਗ ਦੀ ਮੌਤ ਹੋ ਜਾਣ ਦੀ ਖਬਰ ਹੈ। ਪੁਲਿਸ ਅਨੁਸਾਰ ਗਿਲਰੋਈ ਵਾਸੀ 18 ਸਾਲਾ ਐਡਵਿਨ ਸਾਂਚੇਜ ਦੀ ਸ਼ੱਕੀ ਦੋਸ਼ੀ ਵਜੋਂ ਪਛਾਣ ਕੀਤੀ ਗਈ ਹੈ ਜਿਸ ਨੂੰ ਗਿਲਰੋਈ ਪੁਲਿਸ ਵਿਭਾਗ ਨੇ ਹਿਰਾਸਤ ਵਿਚ ਲੈ ਲਿਆ ਹੈ। ਪਰਿਵਾਰਕ ਮੈਂਬਰਾਂ ਵੱਲੋਂ ਸੋਸ਼ਲ ਮੀਡੀਆ ਉਪਰ ਪਾਈ ਪੋਸਟ ਵਿਚ ਮ੍ਰਿਤਕ ਨਬਾਲਗ ਦੀ ਪਛਾਣ ਜੈਕਸਨ ਕਾਵਿਲ ਵਜੋਂ ਕੀਤੀ ਗਈ ਹੈ ਜਿਸ ਨੂੰ ਡਾਕਟਰੀ ਸਹਾਇਤਾ ਲਈ ਸੇਂਟ ਲੂਇਸ ਹਸਪਤਾਲ ਲਿਆਂਦਾ ਗਿਆ ਜਿਥੇ ਡਾਕਟਰਾਂ ਵੱਲੋਂ ਉਸ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ ਗਈ ਪਰੰਤੂ ਉਹ ਦਮ ਤੋੜ ਗਿਆ। ਜੈਕਸਨ ਕਾਵਿਲ ਦੇ ਇਕ ਰਿਸ਼ਤੇਦਾਰ ਅਨੁਸਾਰ ਉਹ ਇਕ ਕਮੇਡੀਅਨ ਸੀ ਤੇ ਉਹ ਹਮੇਸ਼ਾਂ ਹਰ ਇਕ ਨੂੰ ਮੁਸਕਰਾਉਂਦਾ ਵੇਖਣਾ ਚਹੁੰਦਾ ਸੀ। ਮ੍ਰਿਤਕ ਦੇ ਮਾਤਾ - ਪਿਤਾ ਸਨੀ ਕਾਵਿਲ ਤੇ ਰਾਣੀ ਦਾ ਪਿਛੋਕੜ ਕੇਰਲਾ ਨਾਲ ਜੁੜਿਆ ਹੋਇਆ ਹੈ। ਅਮਰੀਕਾ ਵਿਚ ਕਾਵਿਲ ਦੇ ਪਿਤਾ ਦਾ ਗਿਲਰੋਈ ਵਿਚ ਇਕ ਰੈਸਟੋਰੈਂਟ ਹੈ ਜਦ ਕਿ ਉਸ ਦੀ ਮਾਂ ਨਰਸ ਹੈ। ਕਾਵਿਲ ਆਪਣੇ ਮਾਤਾ ਪਿਤਾ ਦੇ 4 ਬੱਚਿਆਂ ਵਿਚੋਂ ਸਭ ਤੋਂ ਛੋਟਾ ਸੀ।

# ਅਮਰੀਕਾ ਦੇ ਓਹੀਓ ਰਾਜ ਵਿਚ ਪਸ਼ੂਆਂ ਦੇ ਰਾਹਤ ਕੇਂਦਰ 'ਤੇ ਛਾਪਾ, 30 ਕੁੱਤੇ ਮਰੇ ਹੋਏ ਮਿਲੇ

## ਮਾਲਕ ਵਿਰੁੱਧ ਪਸ਼ੂਆਂ ਪ੍ਰਤੀ ਜ਼ਾਲਮਾਨਾ ਵਿਵਹਾਰ ਕਰਨ ਦੇ ਦੋਸ਼ ਆਇਦ



ਸੈਕਰਾਮੈਂਟੋ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਅਮਰੀਕਾ ਦੇ ਓਹੀਓ ਰਾਜ ਵਿਚ ਪਸ਼ੂਆਂ ਦੇ ਇਕ ਰਾਹਤ ਕੇਂਦਰ ਵਿਚ ਪੁਲਿਸ ਅਫਸਰਾਂ ਵੱਲੋਂ ਕੀਤੀ ਕਾਰਵਾਈ ਦੌਰਾਨ ਅੰਦਾਜਨ 30 ਕੁੱਤੇ ਤੇ ਕਤੂਰੇ ਮ੍ਰਿਤਕ ਹਾਲਤ ਵਿਚ ਮਿਲਣ ਦੀ ਖਬਰ ਹੈ। 'ਓਹੀਓ ਐਨੀਮਲ ਰੈਸਕਿਊ' ਕੇਂਦਰ 'ਤੇ ਬਟਲਰ ਕਾਊਂਟੀ,ਓਹੀਓ ਦੇ ਪੁਲਿਸ ਅਫਸਰਾਂ ਵੱਲੋਂ ਮਾਰੇ ਛਾਪੇ ਦੌਰਾਨ ਹਾਲਾਤ ਜੋ ਵੇਖਣ ਨੂੰ ਮਿਲੇ ਉਹ ਕਲਪਨਾ ਤੋਂ ਬਾਹਰ ਹਨ। ਪੁਲਿਸ ਅਫਸਰਾਂ ਤੇ ਜਾਂਚਕਾਰਾਂ ਦਾ ਕਹਿਣਾ ਹੈ ਕਿ ਕੇਂਦਰ ਵਿਚਲੇ ਹਾਲਾਤ ਬਹੁਤ ਹੀ ਖਤਰਨਾਕ ਹਨ। ਡਿਪਟੀ ਡੌਗ ਵਾਰਡਨ ਅਨੁਸਾਰ ਅੰਦਰਲੇ ਹਾਲਾਤ ਰਹਿਣ ਦੇ ਯੋਗ ਨਹੀਂ ਹਨ। ਬਦਬੂ ਤੇ ਗੰਦਗੀ ਕਾਰਨ ਉਥੇ ਸਾਹ ਲੈਣਾ ਵੀ ਔਖਾ ਹੈ। ਬਟਲਰ ਕਾਊਂਟੀ ਸ਼ੈਰਿਫ ਦਫਤਰ ਵੱਲੋਂ ਜਾਰੀ ਪ੍ਰੈਸ ਰਲੀਜ ਅਨੁਸਾਰ ਡਿਪਟੀ ਡੌਗ ਵਾਰਡਨ ਨੂੰ ਸਾਹ ਲੈਣ ਲਈ ਕਈ ਵਾਰ ਅੰਦਰੋਂ ਬਾਹਰ ਆਉਣਾ ਪਿਆ। ਐਨੀਮਲ ਰੈਸਕਿਊ ਕੇਂਦਰ ਦਾ ਮਾਲਕ ਆਪਣਾ ਕਾਰੋਬਾਰ " ਹੈਲਪਿੰਗ ਹੈਂਡਜ ਫਾਰ ਫੱਰੀ ਪਾਅਜ" ਦੇ ਨਾਂ ਹੇਠ ਚਲਾ ਰਿਹਾ ਹੈ ਜਿਸ ਦੀ ਪੁਲਿਸ ਨੇ ਪਛਾਣ ਰੌਂਡਾ ਮਰਫੀ ਵਜੋਂ ਕੀਤੀ ਹੈ। ਉਸ ਵਿਰੁੱਧ ਲਾਪਰਵਾਹੀ ਤੇ ਪਸ਼ੂਆਂ ਪ੍ਰਤੀ ਜਾਲਮਾਨ ਵਿਵਹਾਰ ਕਰਨ ਦੇ ਦੋਸ਼ ਆਇਦ ਕੀਤੇ ਗਏ ਹਨ। ਬਟਲਰ ਕਾਊਂਟੀ ਸ਼ੈਰਿਫ ਦਫਤਰ ਅਨੁਸਾਰ ਕੇਂਦਰ ਵਿਚ 90 ਤੋਂ ਵਧ ਕੁੱਤੇ ਤੇ ਕਤੂਰੇ ਸਨ ਜਿਨਾਂ ਨੂੰ ਉਥੋਂ ਹਟਾਇਆ ਗਿਆ। ਸ਼ੈਰਿਫ ਦਫਤਰ ਅਨੁਸਾਰ ਕੁੱਤਿਆਂ ਤੇ ਕਤੂਰਿਆਂ ਨੂੰ ਮੈਡੀਸਨ ਟਾਊਨਸ਼ਿੱਪ ਵਿਚ ਵੱਖ ਵੱਖ ਦੋ ਥਾਵਾਂ 'ਤੇ ਰਖਿਆ ਗਿਆ ਸੀ। ਇਕ ਇਮਾਰਤ ਵਿਚ ਪਿੰਜਰਿਆਂ ਵਿੱਚ ਬੰਦ 25 ਤੋਂ ਵਧ ਕੁੱਤੇ ਮਿਲੇ ਜਿਥੇ ਤਾਪਮਾਨ 89 ਡਿਗਰੀ ਫਾਰਨਹੀਟ ਸੀ। ਪਿੰਜਰਿਆਂ ਵਿਚ ਗੰਦਗੀ ਦੀ ਭਰਮਾਰ ਸੀ। ਪਿੰਜਰਿਆਂ ਵਿਚ ਨਾ ਪਾਣੀ ਤੇ ਨਾ ਹੀ ਕੁੱਤਿਆਂ ਲਈ ਕੁਝ ਖਾਣ ਲਈ ਸੀ। ਸ਼ੈਰਿਫ ਦਫਤਰ ਵੱਲੋਂ ਜਾਰੀ ਪ੍ਰੈਸ ਰਲੀਜ ਅਨੁਸਾਰ ਇਕ ਪਿੰਜਰੇ ਵਿਚ ਇਕ ਮਾਂ ਤੇ 8 ਨਵਜਾਤ ਕਤੂਰੇ ਮਿਲੇ ਹਨ। ਪ੍ਰੈਸ ਬਿਆਨ ਅਨੁਸਾਰ ਦੋ ਥਾਵਾਂ ਤੋਂ ਮਰੇ ਹੋਏ ਕੁੱਤੇ ਫਰਿਜ਼ਾਂ ਤੇ ਫਰੀਜ਼ਰਾਂ ਵਿਚੋਂ ਮਿਲੇ ਹਨ ਜਿਨਾਂ ਵਿਚੋਂ ਕਈ ਫਰਿਜ਼ਾਂ ਤੇ ਫਰੀਜ਼ਰ ਖਰਾਬ ਸਨ।

# ਅਮਰੀਕਾ ਦੇ ਕੈਲੀਫੋਰਨੀਆ ਸਮੇਤ ਹੋਰ ਰਾਜਾਂ ਵਿਚ ਮਨੀਪੁਰ ਨਸਲੀ ਹਿੰਸਾ ਵਿਰੁੱਧ ਪ੍ਰਦਰਸ਼ਨ




ਮਨੀਪੁਰ ਹਿੰਸਾ ਵਿਰੁੱਧ ਅਮਰੀਕਾ ਵਿਚ ਹੋਏ ਪ੍ਰਦਰਸ਼ਨ ਦਾ ਇਕ ਦ੍ਰਿਸ਼

ਸੈਕਰਾਮੈਂਟੋ/ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਭਾਰਤ ਦੇ ਮਨੀਪੁਰ ਰਾਜ ਵਿਚ ਹੋ ਰਹੀ ਨਸਲੀ ਹਿੰਸਾ ਵਿਰੁੱਧ ਅਮਰੀਕਾ ਦੇ ਕੈਲੀਫੋਰਨੀਆ ਸਮੇਤ ਹੋਰ ਰਾਜਾਂ ਵਿਚ ਪ੍ਰਦਰਸ਼ਨ ਹੋਣ ਦੀਆਂ ਰਿਪੋਰਟਾਂ ਹਨ। ਪ੍ਰਦਰਸ਼ਨਕਾਰੀਆਂ ਨੇ ਨਸਲੀ ਹਿੰਸਾ ਵਿਰੁੱਧ ਪੋਸਟਰ ਚੁੱਕੇ ਹੋਏ ਸਨ ਤੇ ਉਨਾਂ ਨੇ ਨਸਲੀ ਹਿੰਸਾ ਦੀ ਜੋਰਦਾਰ ਸ਼ਬਦਾਂ ਵਿਚ ਨਿੰਦਾ ਕੀਤੀ। ਨਸਲੀ ਹਿੰਸਾ ਜਿਸ ਵਿੱਚ ਹੁਣ ਤੱਕ ਸੈਂਕੜੇ ਮੌਤਾਂ ਹੋ ਚੁੱਕੀਆਂ ਹਨ ਤੇ ਕਈ ਲੋਕਾਂ ਦੇ ਘਰ ਬਾਰ ਸਾੜੇ ਦਿੱਤੇ ਗਏ ਹਨ, ਅਨੇਕਾਂ ਵਾਹਣ ਅੱਗ ਦੀ ਭੇਟ ਚੜ੍ਹ ਚੁੱਕੇ ਹਨ ਤੇ ਸਰਕਾਰੀ ਸੰਪਤੀ ਨੂੰ ਨੁਕਸਾਨ ਪਹੁੰਚਾਇਆ ਗਿਆ ਹੈ, ਵਿਰੁੱਧ ਕੈਲੀਫੋਰਨੀਆ ਤੋਂ ਇਲਾਵਾ ਨਿਊ ਜਰਸੀ ਤੇ ਮਾਸਾਚੂਸੈਟਸ ਵਿਚ ਵੀ ਜੋਰਦਾਰ ਪ੍ਰਦਰਸ਼ਨ ਹੋਏ। ਪਿੱਛਲੇ ਹਫਤੇ ਮਨੀਪੁਰ ਵਿਚ 2 ਕਬਾਇਲੀ ਔਰਤਾਂ ਨੂੰ ਨਿਰਵਸਤਰ ਕਰਕੇ ਘੁੰਮਾਉਣ ਦੀ ਵੀਡੀਓ ਸਾਹਮਣੇ ਆਉਣ ਤੋਂ ਬਾਅਦ ਅਮਰੀਕਾ ਵਿਚ ਲੋਕਾਂ ਵਿੱਚ ਰੋਸ ਤੇ ਗੁੱਸਾ ਪਾਇਆ ਜਾ ਰਿਹਾ ਹੈ ਤੇ ਉਹ ਸੜਕਾਂ 'ਤੇ ਉਤਰ ਆਏ ਹਨ। ਕੈਲੀਫੋਰਨੀਆ ਵਿਚ ਭਾਰਤੀ ਮੂਲ ਦੇ ਅਮਰੀਕੀ ਤੇ ਹੋਰ ਲੋਕ ਓਕਲੈਂਡ ਸਿੱਟੀ ਹਾਲ ਵਿਚ ਇਕੱਠੇ ਹੋਏ ਤੇ ਮਨੀਪੁਰ ਹਿੰਸਾ ਵਿਰੁੱਧ ਆਪਣਾ ਵਿਰੋਧ ਪ੍ਰਗਟਾਇਆ। ਇਹ ਪ੍ਰਦਰਸ਼ਨ ਹੋਰ ਜਥੇਬੰਦੀਆਂ ਤੋਂ ਇਲਾਵਾ ਨਾਰਥ ਅਮੈਰੀਕਨ ਮਨੀਪੁਰ ਟਰਾਈਬਲ ਐਸੋਸੀਏਸ਼ਨ, ਇੰਡੀਅਨ ਅਮੈਰੀਕਨ ਮੁਸਲਿਮ ਕੌਂਸਲ ਤੇ ਅੰਬੇਦਕਰ ਕਿੰਗ ਸਟੱਡੀ ਸਰਕਲ ਵੱਲੋਂ ਅਯੋਜਿਤ ਕੀਤਾ ਗਿਆ ਸੀ। ਨਾਰਥ ਅਮੈਰੀਕਨ ਮਨੀਪੁਰ ਟਰਾਈਬਲ ਐਸੋਸੀਏਸ਼ਨ ਦੇ ਆਗੂ ਨਿਆਂਗ ਹੈਂਗਜ਼ੋ ਨੇ ਆਪਣੇ ਸੰਬੋਧਨ ਵਿਚ ਕਿਹਾ ਕਿ ਦੰਗਾਕਾਰੀਆਂ ਨੇ ਸਾਡੇ ਘਰਾਂ, ਸਾਡੀਆਂ ਜਾਇਦਾਦਾਂ ਨੂੰ ਤਬਾਹ ਕਰ ਦਿੱਤਾ ਹੈ। ਘਰਾਂ ਵਿਚੋਂ ਕੱਢਕੇ ਸਾਨੂੰ ਮਾਰਿਆ ਜਾ ਰਿਹਾ ਹੈ, ਸਾਡੀਆਂ ਧੀਆਂ ਭੈਣਾਂ ਨਾਲ ਜਬਰਜਨਾਹ ਹੋ ਰਹੇ ਹਨ। ਦੰਗਾਕਾਰੀਆਂ ਨੇ ਸਾਡੀ ਹਰ ਚੀਜ਼ ਮਿੱਟੀ ਵਿਚ ਮਿਲਾ ਦਿੱਤੀ ਹੈ। ਉਨ੍ਹਾਂ ਸਵਾਲ ਕੀਤਾ ਕਿ ਵਿਸ਼ਵ ਕਦੋਂ ਤੱਕ ਮੂਕ ਦਰਸ਼ਕ ਬਣਕੇ ਇਹ ਸਭ ਕੁਝ ਵੇਖਦਾ ਰਹੇਗਾ। ਉਨ੍ਹਾਂ ਮੰਗ ਕੀਤੀ ਕਿ ਸਦਨ ਵਿਚ ਇਸ ਸਬੰਧੀ ਚਰਚਾ ਹੋਣੀ ਚਾਹੀਦੀ ਹੈ ਜਿਸ ਤਰਾਂ ਯੂਰਪੀ ਯੁਨੀਅਨ ਵਿਚ ਹੋਈ ਹੈ। ਯੂਰਪੀ ਯੁਨੀਅਨ ਨੇ ਇਸ ਮਹੀਨੇ ਦੇ ਸ਼ੁਰੂ ਵਿਚ ਇਕ ਮਤਾ ਪਰਵਾਨ ਕਰਕੇ ਭਾਰਤ ਨੂੰ ਕਿਹਾ ਹੈ ਕਿ ਉਹ ਮਨੀਪੁਰ ਵਿਚ ਹਿੰਸਾ ਰੋਕਣ ਲਈ ਸਾਰੇ ਲੋੜੀਂਦੇ ਕਦਮ ਚੁੱਕਣ ਤੇ ਘੱਟ ਗਿਣਤੀਆਂ ਖਾਸ ਕਰਕੇ ਇਸਾਈ ਭਾਈਚਾਰੇ ਦੀ ਰਖਿਆ ਕਰਨ। ਹਾਲਾਂ ਕਿ ਭਾਰਤ ਨੇ ਇਸ ਮਤੇ ਨੂੰ ਭਾਰਤ ਦੇ ਅੰਦਰੂਨੀ ਮਾਮਲਿਆਂ ਵਿਚ ਦਖਲਅੰਦਾਜੀ ਕਰਾਰ ਦਿੱਤਾ ਹੈ।

# ਅਮਰੀਕਾ ਵਿਚ ਆਪਣੇ 6 ਸਾਲ ਦੇ ਪੁੱਤਰ ਦੀ ਮੌਤ ਦੇ ਮਾਮਲੇ ਵਿਚ ਮਾਂ ਨੂੰ ਉਮਰ ਭਰ ਲਈ ਜੇਲ

## * ਛੋਟੇ ਜਿਹੇ ਕਮਰੇ ਵਿਚ ਬੰਦ ਰੱਖਣ ਤੇ ਖਾਣਾ ਨਾ ਦੇਣ ਕਾਰਨ ਹੋਈ ਸੀ ਮੌਤ



ਅਦਾਲਤ ਵਿਚ ਸੁਣਵਾਈ ਦੌਰਾਨ ਨਜਰ ਆ ਰਹੀ ਐਲੀਜ਼ਾਬੈਥ ਆਰਕੀਬੇਕੂ

ਸੈਕਰਾਮੈਂਟੋ/ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਅਮਰੀਕਾ ਦੇ ਐਰੀਜ਼ੋਨਾ ਰਾਜ ਦੀ ਇਕ 29 ਸਾਲਾ ਔਰਤ ਨੂੰ ਆਪਣੇ 6 ਸਾਲ ਦੇ ਪੁੱਤਰ ਦੀ ਮੌਤ ਦੇ ਮਾਮਲੇ ਵਿਚ ਬਿਨਾਂ ਪੇਰੋਲ ਉਮਰ ਭਰ ਲਈ ਜੇਲ ਦੀ ਸਜ਼ਾ ਸੁਣਾਏ ਜਾਣ ਦੀ ਖਬਰ ਹੈ। ਫਲੈਗਸਟਾਫ, ਐਰੀਜ਼ੋਨਾ ਵਾਸੀ ਐਲੀਜ਼ਾਬੈਥ ਆਰਕੀਬੇਕੂ ਨੂੰ ਉਸ ਦੇ ਪੁੱਤਰ ਡੇਸ਼ੌਨ ਮਾਰਟਿਨੇਜ਼ ਦੀ ਮਾਰਚ 2020 ਵਿਚ ਹੋਈ ਮੌਤ ਦੇ ਮਾਮਲੇ ਵਿਚ ਪਹਿਲਾ ਦਰਜਾ ਹੱਤਿਆ ਤੇ ਬੱਚੇ ਨਾਲ ਬੇਰਹਿਮੀ ਵਾਲਾ ਸਲੂਕ ਕਰਨ ਦੇ ਦੋਸ਼ਾਂ ਤਹਿਤ ਬੀਤੇ ਵੀਰਵਾਰ ਦੋਸ਼ੀ ਠਹਿਰਾਇਆ ਗਿਆ । ਉਸ ਨੇ ਆਪਣਾ ਗੁਨਾਹ ਕਬੂਲ ਕਰ ਲਿਆ ਸੀ। ਪ੍ਰਾਪਤ ਵੇਰਵੇ ਅਨੁਸਾਰ ਪੁਲਿਸ ਨੂੰ ਸੂਚਿਤ ਕਰਨ 'ਤੇ ਜਦੋਂ ਪੁਲਿਸ ਅਫਸਰ ਮੌਕੇ ਉਪਰ ਪੁੱਜੇ ਤਾਂ ਡੇਸ਼ੌਨ ਬੇਜਾਨ ਸੀ। ਉਹ ਕੋਈ ਹੁੰਗਾਰਾ ਨਹੀਂ ਸੀ ਭਰ ਰਿਹਾ। ਉਸ ਨੂੰ ਇਕ ਬਹੁਤ ਹੀ ਛੋਟੇ ਜਿਹੇ ਕਮਰੇ ਵਿਚ ਬੰਦ ਕੀਤਾ ਹੋਇਆ ਸੀ ਤੇ ਉਸ ਦਾ ਭਾਰ ਕੇਵਲ 18 ਪੌਂਡ ਸੀ ਜੋ ਇਕ 1 ਸਾਲ ਦੇ ਬੱਚੇ ਦਾ ਔਸਤ ਭਾਰ ਹੈ। ਉਸ ਦੇ 7 ਸਾਲ ਦੇ ਵੱਡੇ ਭਰਾ ਨਾਲ ਵੀ ਅਜਿਹਾ ਹੀ ਸਲੂਕ ਕੀਤਾ ਜਾਂਦਾ ਸੀ ਪਰੰਤੂ ਕਿਸਮਤ ਨਾਲ ਉਹ ਬਚ ਗਿਆ। ਪੁਲਿਸ ਦਾ ਵਿਸ਼ਵਾਸ਼ ਹੈ ਕਿ ਬੱਚਿਆਂ ਨੂੰ ਦਿਨ ਵਿਚ 16 ਘੰਟੇ ਬੰਦ ਰਖਿਆ ਜਾਂਦਾ ਸੀ ਤੇ ਜਿਸ ਦੌਰਾਨ ਉਨ੍ਹਾਂ ਨੂੰ ਖਾਣਾ ਨਹੀਂ ਸੀ ਦਿੱਤਾ ਜਾਂਦਾ। ਅਦਾਲਤ ਦੇ ਦਸਤਾਵੇਜ਼ਾਂ ਅਨੁਸਾਰ ਸ਼ੁਰੂ ਵਿਚ ਬੱਚਿਆਂ ਨੂੰ ਫਰਿਜ਼ ਵਿਚੋਂ ਖਾਣ ਪੀਣ ਦੀਆਂ ਚੀਜ਼ਾਂ ਚੋਰੀ ਕਰਨ ਕਾਰਨ ਸਜ਼ਾ ਦੇ ਤੌਰ 'ਤੇ ਛੋਟੇ ਕਮਰੇ ਵਿਚ ਬੰਦ ਕੀਤਾ ਜਾਂਦਾ ਸੀ। ਦੋਨੋ ਭਰਾ ਜਦੋਂ ਉਨਾਂ ਦੀ ਮਾਂ ਤੇ ਪਿਤਾ 27 ਸਾਲਾ ਐਂਥਨੀ ਜੋਸ ਆਰਕੀਬੇਕੂ ਮਾਰਟਿਨਜ ਸੌਂ ਜਾਂਦੇ ਸਨ, ਤਾਂ ਰਸੋਈ ਵਿਚ ਵੜ ਜਾਂਦੇ ਸਨ। ਬੱਚਿਆਂ ਦੀ ਦਾਦੀ ਐਨ ਮੈਰੀ ਮਾਰਟਿਨਜ ਵੀ ਜਦੋਂ ਬੱਚਿਆਂ ਨੂੰ ਫਰਿਜ਼ ਵਿਚੋਂ ਖਾਣ ਪੀਣ ਦੀਆਂ ਚੀਜ਼ਾਂ ਚੋਰੀ ਕਰਦਿਆਂ ਫੜ ਲੈਂਦੀ ਸੀ ਤਾਂ ਉਹ ਵੀ ਉਨ੍ਹਾਂ ਨੂੰ ਸਜ਼ਾ ਦਿੰਦੀ ਸੀ। ਪੋਸਟ ਮਾਰਟਮ ਦੀ ਰਿਪੋਰਟ ਅਨੁਸਾਰ ਡੇਸ਼ੌਨ ਦੀ ਮੌਤ ਭੁੱਖਮਰੀ ਕਾਰਨ ਹੋਈ ਹੈ ਤੇ ਇਹ ਕੁੱਦਰਤੀ ਮੌਤ ਨਹੀਂ ਹੈ ਬਲਕਿ ਹੱਤਿਆ ਹੈ। ਜਦੋਂ ਪੁਲਿਸ ਨੇ ਉਸ ਨੂੰ ਕਮਰੇ ਵਿਚੋਂ ਕੱਢਿਆ ਸੀ ਤਾਂ ਉਹ ਪਿੰਜਰ ਹੀ ਨਜਰ ਆਉਂਦਾ ਸੀ। ਸੁਣਵਾਈ ਦੌਰਾਨ ਉਸ ਦੀ ਮਾਂ ਆਰਕੀਬੇਕੂ ਨੇ ਮੰਨਿਆ ਕਿ ਆਪਣੇ ਪੁੱਤਰ ਦੀ ਮੌਤ ਲਈ ਉਹ ਖੁਦ ਹੀ ਜਿੰਮੇਵਾਰ ਹੈ।

# ਅਮਰੀਕਾ ਦੇ ਨਾਰਥ ਕੈਰੋਲੀਨਾ ਰਾਜ 'ਚ 3 ਅਮਰੀਕੀ ਨੌਸੈਨਿਕ ਕਾਰ ਵਿਚੋਂ ਮ੍ਰਿਤਕ ਹਾਲਤ 'ਚ ਮਿਲੇ

ਸੈਕਰਾਮੈਂਟੋ/ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਅਮਰੀਕਾ ਦੇ ਤੱਟੀ ਨਾਰਥ ਕੈਰੋਲੀਨਾ ਰਾਜ ਵਿਚ ਇਕ ਗੈਸ ਸਟੇਸ਼ਨ 'ਤੇ ਪਾਰਕ ਕੀਤੀ ਕਾਰ ਵਿਚੋਂ 3 ਅਮਰੀਕੀ ਨੌਸੈਨਿਕਾਂ ਦੇ ਮ੍ਰਿਤਕ ਹਾਲਤ ਵਿਚ ਮਿਲਣ ਦੀ ਖਬਰ ਹੈ। ਪੈਂਡਰ ਕਾਊਂਟੀ ਸ਼ੈਰਿਫ ਦਫਤਰ ਅਨੁਸਾਰ ਜਦੋਂ ਪੁਲਿਸ ਅਫਸਰ ਇਕ ਲਾਪਤਾ ਵਿਅਕਤੀ ਬਾਰੇ ਰਿਪੋਰਟ 'ਤੇ ਕਾਰਵਾਈ ਕਰ ਰਹੇ ਸਨ ਤਾਂ ਉਨਾਂ ਨੂੰ ਹੈਂਪਸਟੈਡ ਵਿਚ ਯੂ ਐਸ 17 'ਤੇ ਸਥਿੱਤ ਸਪੀਡਵੇਅ ਕਨਵੀਨੀਅਸ ਸਟੋਰ ਦੇ ਬਾਹਰ ਪਾਰਕ ਕੀਤੀ ਇਕ ਕਾਰ ਵਿਚੋਂ 3 ਲਾਸ਼ਾਂ ਬਰਾਮਦ ਹੋਈਆਂ ਜੋ ਕਿ ਅਮਰੀਕੀ ਨੌਸੈਨਿਕਾਂ ਦੀਆਂ ਹਨ। ਸ਼ੈਰਿਫ ਦਫਤਰ ਨੇ ਕਿਹਾ ਹੈ ਕਿ ਮੌਤਾਂ ਦੇ ਕਾਰਨਾਂ ਬਾਰੇ ਫਿਲਹਾਲ ਕੁਝ ਨਹੀਂ ਕਿਹਾ ਜਾ ਸਕਦਾ ਕਿਉਂਕਿ ਮਾਮਲਾ ਅਜੇ ਜਾਂਚ ਅਧੀਨ ਹੈ। ਮ੍ਰਿਤਕ ਨੌਸੈਨਿਕਾਂ ਦੀ ਪਛਾਣ ਮੈਰਾਈਨ ਕੋਰਪਸ ਲਾਂਸ ਕੋਰਪੋਰਲ ਟੈਨਰ ਜੇ ਕਲਟਨਬਰਗ (19), ਮੈਰਾਈਨ ਕੋਰਪਸ ਲਾਂਸ ਕੋਰਪੋਰਲ ਮੈਰਾਕਸ ਸੀ ਡੌਕਰੀ (23), ਤੇ ਮੈਰਾਈਨ ਕੋਰਪਸ ਲਾਂਸ ਕੋਰਪੋਰਲ ਈਵਾਨ ਆਰ ਗਾਰਸੀਆ (23) ਵਜੋਂ ਹੋਈ ਹੈ। ਬ੍ਰੀਗੇਡੀਅਰ ਜਨਰਲ ਮਾਈਕਲ ਈ ਮੈਕਵਿਲੀਅਮਜ ਕਮਾਂਡਿੰਗ ਜਨਰਲ ਸੈਕੰਡ ਮੈਰਾਈਨ ਲੌਜਿਸਟਿਕਸ ਗਰੁੱਪ ਨੇ ਇਕ ਬਿਆਨ ਵਿਚ ਮ੍ਰਿਤਕ ਨੌਸੈਨਿਕਾਂ ਦੇ ਪਰਿਵਾਰਾਂ , ਮਿੱਤਰਾਂ ਤੇ ਸਾਥੀਆਂ ਨਾਲ ਡੂੰਘੀ ਹਮਦਰਦੀ ਦਾ ਪ੍ਰਗਟਾਵਾ ਕੀਤਾ ਹੈ।


ਖੁਸ਼ਖਬਰੀ ਖੁਸ਼ਖਬਰੀ ਖੁਸ਼ਖਬਰੀ
Coming Soon!
Fresno California
ਵਿਚ ਖੁੱਲ੍ਹਾ ਰਿਹਾ ਨਵਾਂ ਦ.ਫਤਰ
ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਇਕ ਛੱਤ ਥੱਲੇ
• ਪੋਲੀਟੀਕਲ ਅਸਾਈਲਮ • ਡਿਪ੍ਰੋਟੇਸ਼ਨ ਡਿਫੈਂਸ • BIA ਅਪੀਲ
• 9 Circuit ਅਪੀਲ • ਸਿਟੀਜਨਸ਼ਿਪ • ਗਰੀਨਕਾਰਡ
ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕੋ ਛੱਤ ਥੱਲੇ
Law office of Anthony Nwosu
239 West Yosemite Ave Manteca CA 95336
ਸਾਡਾ ਆਫ਼ਿਸ਼ Oakland ਅਤੇ Sacramento ਵਿਚ ਵੀ ਹੈ।
ਅਸੀਂ ਇਮੀਗ੍ਰੇਸ਼ਨ ਨਾਲ ਸਬੰਧਤ ਹਰ ਤਰ੍ਹਾਂ
ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।
209-481-7750
510-472-0608
PH. : 209-624-3919
ਸ੍ਰ. ਹਰਮਿੰਦਰ ਸਿੰਘ ਸਮਾਣਾ
ਆਫ਼ਿਸ ਮੈਨੇਜਰ
Anthony Nwosu
Attorney at Law

# ਜਦ ਹੋਰ ਧਰਮਾਂ ਦੇ ਆਪਣੇ ਮੈਰਿਜ ਐਕਟ ਹੋ ਸਕਦੇ ਹਨ ਤਾਂ ਸਿੱਖਾਂ ਦਾ ਕਿਉਂ ਨਹੀਂ?

ਪਿਛਲੇ ਕੁਝ ਸਮੇਂ ਤੋਂ ਹੁਣ ਫਿਰ ਆਨੰਦ ਮੈਰਿਜ ਐਕਟ, ਬੇਵਜ੍ਹਾ ਪੰਜਾਬ ਵਿਚ ਸੁਰਖੀਆਂ ਬਣਿਆ ਹੋਇਆ ਹੈ। ਅਸਲ ਵਿਚ ਸਾਲ 2012 ਤੋਂ ਹੀ 'ਆਨੰਦ ਮੈਰਿਜ ਐਕਟ' ਦੇ ਨਾਮ 'ਤੇ ਸਿਆਸੀ ਤੇ ਧਾਰਮਿਕ ਪ੍ਰੇਰਿਤ ਰੋਟੀਆਂ ਸੇਕੀਆਂ ਜਾ ਰਹੀਆਂ ਜਾਪਦੀਆਂ ਹਨ। ਕਾਨੂੰਨੀ ਪੱਖੋਂ ਜਦੋਂ 1909 ਵਿਚ ਇਹ ਐਕਟ ਬਣਾਇਆ ਗਿਆ ਤਾਂ ਇਸ ਦਾ ਸਿਰਫ਼ ਇੱਕੋ ਇੱਕ ਉਦੇਸ਼ ਸੀ ਕਿ "ਸਿੱਖਾਂ ਵਿਚ ਪ੍ਰਚਲਿਤ 'ਆਨੰਦ ਕਾਰਜ' ਰੀਤੀ ਦੁਆਰਾ ਕੀਤੇ ਵਿਆਹ ਦੀ ਵੈਧਤਾ ਬਾਰੇ ਖ਼ਦਸ਼ਿਆਂ ਨੂੰ ਦੂਰ ਕਰਨਾ"।

ਇਸ ਐਕਟ ਨੂੰ ਪਾਸ ਕਰਨ ਦਾ ਪਿਛੋਕੜ ਇਹ ਹੈ ਕਿ 1900 ਦੇ ਕਰੀਬ ਪ੍ਰੋਹਿਤਾਂ ਵੱਲੋਂ ਇਹ ਦਾਅਵਾ ਕੀਤਾ ਜਾਣ ਲੱਗ ਪਿਆ ਸੀ ਕਿ ਸਿੱਖਾਂ ਵਿਚ ਵੀ ਵਿਆਹ ਹਿੰਦੂ ਰਿਵਾਜਾਂ, ਅਰਥਾਤ ਵੇਦੀ ਦੇ ਦੁਆਲੇ ਜਾਂ ਅਗਨੀ ਦੁਆਲੇ ਫੇਰੇ ਲੈ ਕੇ ਹੀ ਕੀਤੇ ਜਾ ਸਕਦੇ ਹਨ ਅਤੇ ਆਨੰਦ ਕਾਰਜ ਯਾਨੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੁਆਲੇ ਲਾਵਾਂ ਰਾਹੀਂ ਕੀਤੇ ਵਿਆਹ ਜਾਇਜ਼ ਨਹੀਂ ਹਨ। ਇਸ ਲਈ ਇਸ ਐਕਟ ਰਾਹੀਂ ਸਿੱਖਾਂ ਵਿਚ ਆਨੰਦ ਕਾਰਜ ਰੀਤੀ ਦੁਆਰਾ ਵਿਆਹਾਂ ਨੂੰ ਕਾਨੂੰਨੀ ਵੈਧਤਾ ਪ੍ਰਦਾਨ ਕੀਤੀ ਗਈ ਸੀ। ਹੁਣ ਸਵਾਲ ਇਹ ਹੈ ਕਿ 2012 ਤੋਂ ਹੀ ਭਾਰਤ ਵਿਚ ਆਨੰਦ ਮੈਰਿਜ ਐਕਟ ਦੇ ਨਾਮ 'ਤੇ ਸਿੱਖਾਂ ਨਾਲ ਖਿਲਵਾੜ ਕਿਵੇਂ ਸ਼ੁਰੂ ਹੋਇਆ। ਸ਼ਾਇਦ ਇਹ ਇਕ ਡੂੰਘੀ ਸਾਜ਼ਿਸ਼ ਅਧੀਨ ਵਾਪਰਦਾ ਆ ਰਿਹਾ ਹੈ।

ਸੰਖੇਪ ਵਿਚ ਦੱਸਿਆ ਜਾਵੇ ਤਾਂ 2006 ਵਿਚ ਭਾਰਤੀ ਸੁਪਰੀਮ ਕੋਰਟ ਨੇ ਸੀਮਾ ਬਨਾਮ ਅਸ਼ਵਨੀ ਮੁਕੱਦਮੇ ਵਿਚ ਫ਼ੈਸਲਾ ਦਿੰਦੇ ਹੋਏ ਆਦੇਸ਼ ਦਿੱਤੇ ਸਨ ਕਿ ਭਾਰਤ ਵਿਚ ਵਿਆਹ ਦੀ ਲਾਜ਼ਮੀ ਰਜਿਸਟ ?ਰੇਸ਼ਨ ਲਈ ਕਾਨੂੰਨ ਬਣਾਇਆ ਜਾਵੇ। ਬਾਰਾਂ ਮਈ 2012 ਨੂੰ ਉਸ ਵਕਤ ਦੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੀ ਅਗਵਾਈ ਵਿਚ ਇਹ ਫ਼ੈਸਲਾ ਕੀਤਾ ਗਿਆ ਸੀ ਕਿ ਭਾਰਤ ਵਿਚ ਵਿਆਹ ਦੀ ਲਾਜ਼ਮੀ ਰਜਿਸਟ੍ਰੇਸ਼ਨ ਲਈ ਕਾਨੂੰਨ ਬਣਾਇਆ ਜਾਵੇਗਾ। ਪਰ ਪਤਾ ਨਹੀਂ ਕਿਸ ਸਾਜ਼ਿਸ਼ ਅਧੀਨ ਜਾਂ ਅਗਿਆਨਤਾ ਕਰਕੇ ਆਨੰਦ ਮੈਰਿਜ ਐਕਟ ਵਿਚ ਵੀ ਆਨੰਦ ਮੈਰਿਜ (ਅਮੈਂਡਮੈਂਟ) ਐਕਟ, 2012, ਪਾਸ ਕਰ ਕੇ ਸਿੱਖਾਂ ਵਿਚ ਵਿਆਹ ਦੀ ਲਾਜ਼ਮੀ ਰਜਿਸਟ ?ਰੇਸ਼ਨ ਦੀ ਨਵੀਂ ਧਾਰਾ 6 ਜੋੜ ਦਿੱਤੀ ਗਈ। ਪਰ ਮਹੱਤਵਪੂਰਨ ਤੱਥ ਇਹ ਹੈ ਕਿ ਇਸ ਧਾਰਾ ਵਿਚ ਇਹ ਦਰਜ ਕਰ ਦਿੱਤਾ ਗਿਆ ਕਿ ਇਹ ਸਭ ਕੁਝ ਹਿੰਦੂ ਮੈਰਿਜ ਐਕਟ, 1955 ਦੇ ਕਿਸੇ ਵੀ ਪ੍ਰਾਵਧਾਨ ਦੇ ਉਲਟ ਅਸਰ ਪਾਏ ਬਿਨਾਂ ਜਾਂ ਉਸ ਅਧੀਨ ਰਹਿੰਦੇ ਹੋਏ ਵਿਆਹ ਰਜਿਸਟਰਡ ਕਰਨ ਦੇ ਰੂਲਜ਼ ਬਣਾਏ ਜਾਣਗੇ। ਖ਼ਾਸ ਗੱਲ ਇਹ ਹੈ ਕਿ 2016 ਵਿਚ ਹੀ ਪੰਜਾਬ ਸਰਕਾਰ ਵੱਲੋਂ 'ਪੰਜਾਬ ਆਨੰਦ ਮੈਰਿਜ ਰਜਿਸਟ੍ਰੇਸ਼ਨ ਰੂਲਜ਼, 2016' ਬਣਾ ਕੇ ਨੋਟੀਫਾਈ ਕਰ ਦਿੱਤੇ ਗਏ ਸਨ। ਵੇਖਣ ਵਾਲੀ ਗੱਲ ਇਹ ਹੈ ਕਿ ਇਨ੍ਹਾਂ ਰੂਲਜ਼ ਮੁਤਾਬਕ ਨਾ ਤਾਂ 'ਸਿੱਖ ਮੈਰਿਜ ਰਜਿਸਟਰ' ਰੱਖਿਆ ਜਾਂਦਾ ਹੈ ਅਤੇ ਨਾ ਹੀ 'ਸਿੱਖ ਵਿਆਹ ਸਰਟੀਫਿਕੇਟ' ਦਿੱਤਾ ਜਾਂਦਾ ਹੈ। ਖ਼ਾਸ ਗੱਲ ਇਹ ਹੈ ਕਿ 2012 ਵਿਚ ਜਦੋਂ ਸੋਧ ਕੀਤੀ ਗਈ ਸੀ, ਉਸ ਵਕਤ ਵੀ ਧਾਰਾ 6 ਵਿਚ ਸਿੱਖ ਵਿਆਹ ਜਾਂ ਸਿੱਖ ਮੈਰਿਜ ਰਜਿਸਟਰ ਬਾਰੇ ਨਹੀਂ ਲਿਖਿਆ ਗਿਆ।

ਜਦਕਿ ਹਿੰਦੂ ਮੈਰਿਜ ਰਜਿਸਟ੍ਰੇਸ਼ਨ ਰੂਲਜ਼ 'ਚ 'ਹਿੰਦੂ ਮੈਰਿਜ ਰਜਿਸਟਰ' ਅਤੇ ਹਿੰਦੂ ਵਿਆਹ ਦਾ ਜ਼ਿਕਰ ਕੀਤਾ ਹੋਇਆ ਹੈ। ਸਭ ਤੋਂ ਮੰਦਭਾਗੀ ਗੱਲ ਇਹ ਹੈ ਕਿ 2012 ਵਿਚ ਜਦੋਂ ਆਨੰਦ ਮੈਰਿਜ ਐਕਟ, 1909 ਵਿਚ ਤਰਮੀਮ ਕਰ ਕੇ ਸਿਰਫ਼ ਮੈਰਿਜ ਰਜਿਸਟ ?ਰੇਸ਼ਨ ਲਈ ਧਾਰਾ 6 ਜੋੜੀ ਗਈ ਤਾਂ ਕੁਝ ਸਿੱਖੀ ਭੇਖ ਵਿਚ ਵਿਰੋਧੀ ਤਾਕਤਾਂ ਦੇ ਹੱਥਠੋਕੇ ਬਣ ਕੇ ਕੂੜ-ਪ੍ਰਚਾਰ ਕੀਤਾ ਗਿਆ ਕਿ ਸਿੱਖਾਂ ਦਾ ਵੱਖਰਾ ਵਿਆਹ ਐਕਟ ਬਣਾ ਦਿੱਤਾ ਗਿਆ ਹੈ।

ਸਿੱਖਾਂ ਦੀ ਬਹੁਤ ਵੱਡੀ ਮੰਗ ਮੰਨੀ ਗਈ ਹੈ ਜਾਂ ਸਿੱਖਾਂ ਦੀ ਵੱਖਰੀ ਪਛਾਣ ਹੁਣ ਬਣੇਗੀ। ਅਜਿਹਾ ਕੁਝ ਵੀ ਨਹੀਂ ਹੋਇਆ ਅਤੇ ਇਹ ਸਭ ਕੁਝ ਝੂਠ ਤੇ ਬੇਬੁਨਿਆਦ ਪ੍ਰਚਾਰ ਸੀ। ਅੱਜ ਵੀ ਜੇ ਕਿਸੇ ਸਿੱਖ ਨੇ ਪਰਿਵਾਰਕ ਮਸਲਿਆਂ ਬਾਰੇ ਕੋਈ ਰਾਹਤ ਲੈਣੀ ਹੈ ਤਾਂ ਉਨ੍ਹਾਂ ਨੂੰ ਹਿੰਦੂ ਮੈਰਿਜ ਐਕਟ 1955 ਅਧੀਨ ਹੀ ਪਟੀਸ਼ਨ ਕਰਨੀ ਪੈਂਦੀ ਹੈ। ਹੈਰਾਨੀ ਵਾਲੀ ਗੱਲ ਇਹ ਹੈ ਕਿ ਪੰਜਾਬ ਸਰਕਾਰ ਵੱਲੋਂ ਵੀ ਨਵੰਬਰ 2022 ਵਿਚ ਇਹ ਬਿਆਨ ਦਿੱਤੇ ਗਏ ਕਿ ਅਸੀਂ ਆਨੰਦ ਮੈਰਿਜ ਐਕਟ 2016 ਨੂੰ ਅਸਲੀ ਰੂਪ ਵਿਚ ਲਾਗੂ ਕਰਾਂਗੇ। ਜਦਕਿ ਅਸਲੀਅਤ ਇਹ ਹੈ ਕਿ ਆਨੰਦ ਮੈਰਿਜ ਐਕਟ ਤਾਂ 1909 ਵਾਲਾ ਹੀ ਹੈ ਅਤੇ ਉਦੋਂ ਤੋਂ ਹੀ ਲਾਗੂ ਚੱਲਿਆ ਆ ਰਿਹਾ ਹੈ। ਸੰਨ 2016 ਵਿਚ ਤਾਂ 'ਪੰਜਾਬ ਆਨੰਦ ਮੈਰਿਜ ਰਜਿਸਟ੍ਰੇਸ਼ਨ ਰੂਲਜ਼' ਬਣਾਏ ਗਏ ਸਨ ਅਤੇ ਨੋਟੀਫਾਈ ਵੀ ਹੋ ਚੁੱਕੇ ਹਨ।

ਹੁਣ ਜੇ ਪੰਜਾਬ ਸਰਕਾਰ ਇਨ੍ਹਾਂ ਰੂਲਜ਼ ਵਿਚ ਕੁਝ ਤਬਦੀਲੀ ਕਰ ਕੇ ਵਿਆਹ ਰਜਿਸਟ੍ਰੇਸ਼ਨ ਦੀਆਂ ਸ਼ਰਤਾਂ ਨੂੰ ਕੁਝ ਸੁਖਾਲਾ ਬਣਾਉਣਾ ਚਾਹੁੰਦੀ ਹੈ ਤਾਂ ਇੰਨਾ ਰੌਲਾ-ਰੱਪਾ ਕਿਸ ਗੱਲ ਦਾ? ਧਾਰਮਿਕ ਜਾਂ ਰਾਜਨੀਤਕ ਲੀਡਰਾਂ ਆਧਾਰਤ ਵਿਵਾਦਤ ਕਮੇਟੀ ਬਣਾਉਣ ਦਾ ਕੀ ਫ਼ਾਇਦਾ। ਇਹ ਤਾਂ ਇਕ ਕਾਨੂੰਨੀ ਪ੍ਰਸ਼ਾਸਨਿਕ ਮੁੱਦਾ ਹੈ ਤੇ ਸਰਕਾਰੀ ਪੱਧਰ 'ਤੇ ਆਮ ਕੰਮ ਦੀ ਤਰ੍ਹਾਂ ਫ਼ੈਸਲਾ ਲੈ ਕੇ ਲਾਗੂ ਹੋ ਸਕਦਾ ਹੈ।

ਸਰਕਾਰ ਨੂੰ ਤਾਂ ਸੱਚੇ ਦਿਲੋਂ ਸਿੱਖਾਂ ਦੀ ਪੁਰਜ਼ੋਰ ਮੰਗ ਕਿ ਉਨ੍ਹਾਂ ਦਾ ਆਪਣਾ ਸੰਪੂਰਨ 'ਸਿੱਖ ਮੈਰਿਜ ਐਕਟ' ਹੋਵੇ ਤਾਂ ਕਿ ਉਨ੍ਹਾਂ ਨੂੰ 'ਹਿੰਦੂ ਮੈਰਿਜ ਐਕਟ' ਵਿੱਚੋਂ ਬਾਹਰ ਕੱਢਿਆ ਜਾ ਸਕੇ, ਉਸ ਲਈ ਹੰਭਲਾ ਮਾਰਨਾ ਚਾਹੀਦਾ ਹੈ। ਜੇ ਭਾਰਤ ਵਿਚ ਘੱਟ ਗਿਣਤੀ ਪਾਰਸੀਆਂ ਦਾ ਆਪਣਾ ਪਾਰਸੀ ਮੈਰਿਜ ਅਤੇ ਡਾਇਵੋਰਸ ਐਕਟ ਹੋ ਸਕਦਾ ਹੈ, ਕ੍ਰਿਸਚੀਅਨ ਦਾ ਆਪਣਾ ਕ੍ਰਿਸਚੀਅਨ ਮੈਰਿਜ ਐਕਟ ਅਤੇ ਡਾਇਵੋਰਸ ਐਕਟ ਹੋ ਸਕਦਾ ਹੈ, ਮੁਸਲਮਾਨਾਂ ਦਾ ਆਪਣਾ ਵਿਆਹ ਅਤੇ ਤਲਾਕ ਦਾ ਕਾਨੂੰਨ ਹੋ ਸਕਦਾ ਹੈ ਤਾਂ ਸਿੱਖਾਂ ਦਾ ਆਪਣਾ 'ਸਿੱਖ ਮੈਰਿਜ ਐਕਟ' ਕਿਉਂ ਨਹੀਂ?

ਹਰ ਮੁੱਦੇ ਨੂੰ ਸਿਆਸੀ ਰੰਗਤ ਨਹੀਂ ਦੇਣੀ ਚਾਹੀਦੀ। ਅਜਿਹੇ ਸੰਵੇਦਨਸ਼ੀਲ ਮਾਮਲਿਆਂ ਨੂੰ ਨਜਿੱਠਣ ਲਈ ਸਬੰਧਤ ਭਾਈਚਾਰੇ ਦੇ ਵੱਖ-ਵੱਖ ਵਰਗਾਂ/ਸ਼ ?ਰੇਣੀਆਂ ਦੇ ਨੁਮਾਇੰਦਿਆਂ ਦੀ ਮੀਟਿੰਗ ਸੱਦ ਕੇ ਦੀਰਘ ਵਿਚਾਰ-ਵਿਮਰਸ਼ ਕਰਨਾ ਸਿਆਣਪ ਹੁੰਦੀ ਹੈ। ਇਸ ਤਰ੍ਹਾਂ ਦੇ ਮੁੱਦੇ ਉਲਝਣ ਦੀ ਬਜਾਏ ਫੌਰੀ ਸੁਲਝ ਸਕਦੇ ਹਨ। ਅਜਿਹੀਆਂ ਗੋਸ਼ਟੀਆਂ/ਮੀਟਿੰਗਾਂ ਨਹੀਂ ਹੁੰਦੀਆਂ ਹਨ ਤਾਂ ਭੰਬਲਭੂਸੇ ਪੈਦਾ ਹੁੰਦੇ ਹਨ। ਸ਼ਰਾਰਤੀਆਂ ਨੂੰ ਧੁੰਦ ਫੈਲਾਉਣ ਦਾ ਮੌਕਾ ਮਿਲਦਾ ਹੈ। ਭਾਈਚਾਰੇ ਵਿਚ ਤਰੇੜਾਂ ਪੈਣ ਦੇ ਆਸਾਰ ਹੁੰਦੇ ਹਨ। ਚੰਗਾ ਹੋਵੇ ਜੇ ਨਿੱਠ-ਬੈਠ ਕੇ ਪੇਚੀਦਾ ਮਸਲਿਆਂ ਦਾ ਹੱਲ ਨਿਕਲ ਆਵੇ। ਜੇ ਪੰਜਾਬ ਸਰਕਾਰ ਸਿੱਖਾਂ ਲਈ ਸੱਚੇ ਦਿਲੋਂ ਇਮਾਨਦਾਰੀ ਨਾਲ ਕੁਝ ਕਰਨਾ ਚਾਹੁੰਦੀ ਹੈ ਤਾਂ ਇਸ ਦਿਸ਼ਾ ਵੱਲ ਉਸ ਵੱਲੋਂ ਚੁੱਕੇ ਕਦਮ ਸ਼ਲਾਘਾਯੋਗ ਹੋਣਗੇ।

-ਡਾ. ਦਲਜੀਤ ਸਿੰਘ

# ਜੰਮੂ-ਕਸ਼ਮੀਰ ਦੇ ਸਿੱਖਾਂ ਨੂੰ ਵੀ ਬਣਦਾ ਹੱਕ ਦਿੱਤਾ ਜਾਵੇ

**ਹਰਜਿੰਦਰ ਸਿੰਘ ਲਾਲ**



**ਸੀਂਚਾ ਥਾ ਜਿਸ ਕੋ ਖ਼ੂਨ-ਏ-ਤਮੰਨਾ ਸੇ ਰਾਤ ਦਿਨ,**
**ਗੁਲਸ਼ਨ ਮੇਂ ਉਸ ਬਹਾਰ ਕੇ ਹਕਦਾਰ ਹਮ ਨਹੀਂ।**

ਨਕਸ਼ ਲਾਇਲਪੁਰੀ ਦਾ ਇਹ ਸ਼ਿਅਰ ਉਸ ਵੇਲੇ ਯਾਦ ਆਇਆ, ਜਦੋਂ ਇਹ ਪਤਾ ਲੱਗਾ ਕਿ ਕੇਂਦਰ ਸਰਕਾਰ ਜੰਮੂ-ਕਸ਼ਮੀਰ ਵਿਧਾਨ ਸਭਾ ਦੀਆਂ ਚੋਣਾਂ ਦੀ ਤਿਆਰੀ ਕਰ ਰਹੀ ਹੈ। ਭਾਵੇਂ ਪਹਿਲਾਂ ਇਹ ਚੋਣਾਂ 5 ਹੋਰ ਰਾਜਾਂ ਦੀਆਂ ਵਿਧਾਨ ਸਭਾਵਾਂ ਦੇ ਨਾਲ ਹੀ ਹੋਣੀਆਂ ਸਨ ਪਰ ਹੁਣ ਇਨ੍ਹਾਂ ਦੇ ਲੋਕ ਸਭਾ ਚੋਣਾਂ ਦੇ ਨਾਲ ਹੋਣ ਦੇ ਆਸਾਰ ਬਣਦੇ ਦਿਖਾਈ ਦੇ ਰਹੇ ਹਨ। ਚੋਣਾਂ ਤੋਂ ਪਹਿਲਾਂ ਧਾਰਾ 370 ਹਟਾਉਣ ਤੋਂ ਬਾਅਦ ਬਣਾਏ 'ਜੰਮੂ-ਕਸ਼ਮੀਰ ਪੁਨਰਗਠਨ ਐਕਟ 2019' ਵਿਚ ਸੋਧ ਕਰਨ ਦੀ ਵੀ ਤਿਆਰੀ ਕੀਤੀ ਜਾ ਰਹੀ ਹੈ। ਇਸ ਸੋਧ ਵਿਚ ਜੰਮੂ-ਕਸ਼ਮੀਰ ਵਿਧਾਨ ਸਭਾ ਵਿਚ 3 ਸੀਟਾਂ ਰਾਖਵੀਆਂ ਕੀਤੇ ਜਾਣ ਦੀ ਵਿਵਸਥਾ ਕੀਤੀ ਜਾ ਰਹੀ ਹੈ। ਇਨ੍ਹਾਂ 3 ਸੀਟਾਂ ਵਿਚੋਂ 2 ਕਸ਼ਮੀਰੀ ਪੰਡਿਤਾਂ ਲਈ ਰਾਖਵੀਆਂ ਹੋਣਗੀਆਂ ਅਤੇ ਇਕ ਸੀਟ ਕਥਿਤ ਆਜ਼ਾਦ ਕਸ਼ਮੀਰ (ਪਾਕਿ ਕਬਜ਼ੇ ਹੇਠਲੇ ਕਸ਼ਮੀਰ ਵਿਚੋਂ ਉੱਜੜ ਕੇ ਆਏ ਲੋਕਾਂ) ਲਈ ਰਾਖਵੀਂ ਹੋਵੇਗੀ। ਭਾਵੇਂ ਅਸੀਂ ਕਸ਼ਮੀਰੀ ਪੰਡਿਤਾਂ ਲਈ 2 ਸੀਟਾਂ ਰਾਖਵੀਆਂ ਕਰਨ ਦੇ ਵਿਰੋਧੀ ਨਹੀਂ ਪਰ ਹੈਰਾਨੀ ਦੀ ਗੱਲ ਇਹ ਹੈ ਕਿ ਕਸ਼ਮੀਰ ਵਿਚ ਉਨ੍ਹਾਂ ਕਸ਼ਮੀਰੀ ਪੰਡਿਤਾਂ ਲਈ ਤਾਂ 2 ਸੀਟਾਂ ਰਾਖਵੀਆਂ ਰੱਖ ਲਈਆਂ ਜਾਣਗੀਆਂ, ਜੋ ਅੱਤਵਾਦੀਆਂ ਦਾ ਮੁਕਾਬਲਾ ਕਰਨ ਦੀ ਬਜਾਏ ਕਸ਼ਮੀਰ ਦੀ ਧਰਤੀ ਨੂੰ ਅਲਵਿਦਾ ਕਹਿ ਆਏ ਅਤੇ ਦੇਸ਼ ਦੇ ਹੋਰਨਾਂ ਹਿੱਸਿਆਂ ਵਿਚ ਸਰਕਾਰੀ ਮਦਦ ਨਾਲ ਅੱਗੇ ਵਧੇ ਅਤੇ ਕਾਮਯਾਬ ਹੋਏ। ਪਰ ਉਨ੍ਹਾਂ ਸਿੱਖਾਂ ਲਈ ਕੋਈ ਸੀਟ ਰਾਖਵੀਂ ਨਹੀਂ ਕੀਤੀ ਜਾ ਰਹੀ, ਜੋ 'ਰਾਸ਼ਟਰਵਾਦੀ' ਸੋਚ 'ਤੇ ਪਹਿਰਾ ਦਿੰਦੇ ਹੋਏ ਕਸ਼ਮੀਰ ਵਿਚ ਡਟ ਕੇ ਹਾਲਾਤ ਦਾ ਟਾਕਰਾ ਕਰਦੇ ਰਹੇ ਅਤੇ ਸ਼ਹੀਦੀਆਂ ਦਿੰਦੇ ਰਹੇ। ਪਾਕਿਸਤਾਨ ਤੋਂ ਉੱਜੜ ਕੇ ਆਏ ਲੋਕਾਂ ਵਿਚ ਸਿੱਖ ਵੀ ਸ਼ਾਮਿਲ ਸਨ, ਪਰ ਸਭ ਜਾਣਦੇ ਹਨ ਕਿ ਉਜੜੇ ਲੋਕਾਂ ਲਈ ਰੱਖੀ ਜਾ ਰਹੀ ਰਾਖਵੀਂ ਸੀਟ ਵੀ ਕਿਸ ਨੂੰ ਮਿਲੇਗੀ?

ਇਕ ਅੰਦਾਜ਼ੇ ਅਨੁਸਾਰ ਤਾਂ 1947 ਦੀ ਵੰਡ ਅਤੇ ਕਸ਼ਮੀਰ 'ਤੇ ਕਬਾਇਲੀ (ਪਾਕਿਸਤਾਨੀ) ਹਮਲੇ ਵਿਚ ਕਰੀਬ 1 ਲੱਖ ਸਿੱਖ ਮਾਰੇ ਗਏ ਸਨ। ਕਿਹਾ ਜਾਂਦਾ ਹੈ ਕਿ ਕਬਾਇਲੀ ਹਮਲੇ ਵੇਲੇ ਇਕੱਲੇ ਮੁਜ਼ੱਫਰ ਨਗਰ ਇਲਾਕੇ ਵਿਚ ਹੀ 70 ਹਜ਼ਾਰ ਸਿੱਖਾਂ ਦਾ ਕਤਲੇਆਮ ਕਰ ਦਿੱਤਾ ਗਿਆ ਸੀ ਪਰ ਜੇ ਇਨ੍ਹਾਂ ਅੰਦਾਜ਼ਿਆਂ ਨੂੰ ਸੱਚ ਨਾ ਵੀ ਮੰਨਿਆ ਜਾਵੇ ਤਾਂ ਇਕ ਖੋਜ ਜੋ ਡਾ. ਕੋਮਲ ਜੀ.ਬੀ. ਸਿੰਘ ਨੇ ਆਪਣੇ ਪੀ.ਐੱਚ.ਡੀ. ਥੀਸਸ ਲਈ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਵਰਗੀ ਸਤਿਕਾਰਿਤ ਸੰਸਥਾ ਤੋਂ 'ਬਟਵਾਰੇ ਦੀਆਂ ਅਧੂਰੀਆਂ ਦਾਸਤਾਨਾਂ' ਬਾਰੇ ਕੀਤੀ ਹੈ, ਵਿਚ ਸਾਬਤ ਕੀਤਾ ਹੈ ਕਿ ਜੰਮੂ-ਕਸ਼ਮੀਰ ਦੇ ਬਿਖਰੇ (ਦੂਰ-ਦੁਰਾਡੇ) ਦੇ ਇਲਾਕਿਆਂ ਵਿਚ 18 ਤੋਂ 20 ਹਜ਼ਾਰ ਸਿੱਖਾਂ ਦੀਆਂ ਹੱਤਿਆਵਾਂ 21 ਤੋਂ 26 ਅਕਤੂਬਰ (1947) ਦਰਮਿਆਨ ਹੀ ਹੋਈਆਂ ਸਨ, ਜੋ ਕਿਤੇ ਦਰਜ ਨਹੀਂ ਹਨ।

21 ਤੋਂ 26 ਅਕਤੂਬਰ, 1947 ਦਰਮਿਆਨ ਵਾਪਰੀਆਂ ਘਟਨਾਵਾਂ ਨੂੰ ਸਮਝਣਾ ਜ਼ਰੂਰੀ ਹੈ, ਜਦੋਂ ਸ੍ਰੀ ਨਗਰ ਨੂੰ ਬਚਾਉਣ ਲਈ ਕਬਾਇਲੀਆਂ (ਹਮਲਾਵਰਾਂ) ਦਾ ਰੁਖ਼ ਰਫੀਆਬਾਦ ਵੱਲ ਮੋੜ ਦਿੱਤਾ ਗਿਆ ਤਾਂ ਰਾਹ ਵਿਚ ਹਥਿਆਰਬੰਦ ਹਮਲਾਵਰਾਂ ਨੇ ਸਿੱਖਾਂ ਅਤੇ ਹਿੰਦੂਆਂ ਨੂੰ ਮਾਰ ਦਿੱਤਾ ਜਾਂ ਜ਼ਖ਼ਮੀ ਕਰ ਦਿੱਤਾ। ਉਨ੍ਹਾਂ ਦੇ ਪਿੰਡਾਂ ਦੇ ਪਿੰਡ ਤਬਾਹ ਕਰ ਦਿੱਤੇ ਗਏ। ਸਿੱਖਾਂ ਦਾ ਕਤਲੇਆਮ ਇਸ ਲਈ ਵੀ ਜ਼ਿਆਦਾ ਹੋਇਆ ਕਿਉਂਕਿ ਉਹ ਆਪਣੀ ਪੱਗ ਅਤੇ ਦਾੜ੍ਹੀ ਕਾਰਨ ਦੂਰੋਂ ਹੀ ਪਛਾਣੇ ਜਾਂਦੇ ਸਨ।

ਕੋਮਲ ਦਾ ਕਹਿਣਾ ਹੈ ਕਿ ਇਤਿਹਾਸ ਸਿੱਖਾਂ ਲਈ 'ਕਰੂਰ' ਰਿਹਾ ਹੈ, ਜਿਨ੍ਹਾਂ ਨੇ ਵੱਡੀ ਗਿਣਤੀ ਵਿਚ ਜਾਨਾਂ ਗਵਾਈਆਂ ਅਤੇ ਆਪਣੀਆਂ ਜਾਨਾਂ ਦੀ ਕੀਮਤ 'ਤੇ ਹਮਲਾਵਰਾਂ ਨੂੰ ਫੜਨ ਲਈ ਵਿਸ਼ੇਸ਼ ਭੂਮਿਕਾ ਵੀ ਨਿਭਾਈ। ਪਰ (ਅਫ਼ਸੋਸ) ਇਤਿਹਾਸਕਾਰਾਂ ਤੇ ਸਥਾਨਕ ਪ੍ਰਸ਼ਾਸਨ ਨੇ ਇਸ ਕੁਰਬਾਨੀ ਨੂੰ ਕਦੇ ਦਰਜ ਹੀ ਨਹੀਂ ਕੀਤਾ। ਮੁਜ਼ੱਫਰ ਨਗਰ, ਮੀਰਪੁਰ, ਕੋਟਲੀ, ਡੋਮੇਲ, ਪੁਣਛ ਅਤੇ ਰਜੌਰੀ ਵਿਚ ਸਿੱਖਾਂ ਨਾਲ ਕੀ ਵਾਪਰਿਆ (ਉਸ ਦਾ ਵਰਨਣ ਬਹੁਤ ਮੁਸ਼ਕਿਲ ਹੈ), ਸਿਰਫ਼ ਇਸ ਗੱਲ ਤੋਂ ਅੰਦਾਜ਼ਾ ਲਾ ਲਓ ਕਿ ਇਲਾਕੇ ਦੇ ਲੋਕ ਅੱਜ ਵੀ ਯਾਦ ਕਰਦੇ ਹਨ ਕਿ ਉਸ ਵੇਲੇ ਕਬਾਇਲੀ ਹਮਲਾਵਰਾਂ ਦਾ ਨਾਅਰਾ ਸੀ, 'ਹਿੰਦੂ ਕਾ ਜ਼ਰ-ਸਿੱਖ ਕਾ ਸਰ-ਮੁਸਲਿਮ ਕਾ ਘਰ' (ਹਮਾਰਾ ਹੈ)। ਭਾਵ ਕਿ ਹਿੰਦੂਆਂ ਦੀ ਦੌਲਤ, ਸਿੱਖਾਂ ਦੇ ਸਿਰ ਜਾਂ ਜਾਨ ਅਤੇ ਮੁਸਲਮਾਨ ਦਾ ਘਰ ਨਿਸ਼ਾਨਾ ਸੀ। ਸਾਫ਼ ਹੈ ਕਿ ਹਿੰਦੂਆਂ ਤੇ ਮੁਸਲਮਾਨਾਂ ਨੂੰ ਤਾਂ ਸਿਰਫ਼ ਲੁੱਟ ਕੇ ਉਨ੍ਹਾਂ ਦੀ ਜਾਨ-ਬਖ਼ਸ਼ੀ ਕਰ ਦਿੱਤੀ ਜਾਂਦੀ ਸੀ ਪਰ ਸਿੱਖਾਂ ਨੂੰ ਤਾਂ ਜਾਨ ਤੋਂ ਹੀ ਹੱਥ ਧੋਣੇ ਪੈਂਦੇ ਸਨ। ਹਮਲਾਵਰ ਸਿੱਖਾਂ ਦੀਆਂ ਔਰਤਾਂ ਵੀ ਉਧਾਲ ਕੇ ਲੈ ਗਏ। ਪਰ ਕੋਮਲ ਇਸ ਗੱਲ ਲਈ ਕਿ ਇਤਿਹਾਸ ਸਿੱਖਾਂ ਦੇ ਕਤਲੇਆਮ ਪ੍ਰਤੀ ਖ਼ਮੋਸ਼ ਹੈ, ਇਸ ਬਾਰੇ ਵੀ ਕਿਸੇ ਹੱਦ ਤੱਕ ਸਿੱਖਾਂ ਨੂੰ ਹੀ ਜ਼ਿੰਮੇਵਾਰ ਠਹਿਰਾਉਂਦੀ ਹੈ। ਕਿਉਂਕਿ ਇਕ ਤਾਂ ਉਹ ਘੱਟ ਪੜ੍ਹੇ-ਲਿਖੇ ਸਨ ਤੇ ਦੂਸਰਾ ਉਨ੍ਹਾਂ ਨਾਲ ਜੋ ਵਾਪਰਿਆ, ਉਹ ਕਿਸੇ ਨਾਲ ਸਾਂਝਾ ਕਰਨ ਲਈ ਤਿਆਰ ਨਹੀਂ ਸਨ। ਸ਼ਾਇਦ ਅਣਖ ਇਜਾਜ਼ਤ ਨਹੀਂ ਦਿੰਦੀ ਸੀ ਤੇ ਉਨ੍ਹਾਂ ਨਾਲ ਹੋਈ ਜ਼ੁਲਮ ਦੀ ਇੰਤਹਾ ਇਤਿਹਾਸਕਾਰਾਂ ਦੀ ਕਲਮ ਤੋਂ ਦੂਰ ਹੀ ਰਹੀ।

ਖ਼ੈਰ! ਸੱਚਾਈ ਸਭ ਦੇ ਸਾਹਮਣੇ ਹੈ ਕਿ ਜੰਮੂ-ਕਸ਼ਮੀਰ ਲੰਮਾ ਸਮਾਂ ਸਿੱਖ ਰਾਜ ਦਾ ਹਿੱਸਾ ਰਿਹਾ ਹੈ। ਪਹਿਲਾਂ ਜੰਮੂ-ਕਸ਼ਮੀਰ 'ਤੇ ਸਿੱਖ ਰਾਜ ਕਾਇਮ ਕਰਨ ਵੇਲੇ ਅਤੇ ਬਾਅਦ ਵਿਚ ਇਸ ਦਾ ਵੱਡਾ ਹਿੱਸਾ ਪਾਕਿਸਤਾਨ ਤੋਂ ਬਚਾਉਣ ਵੇਲੇ ਹਜ਼ਾਰਾਂ ਸਿੱਖਾਂ ਨੇ ਜਾਨਾਂ ਕੁਰਬਾਨ ਕੀਤੀਆਂ ਸਨ। ਇਸ ਵੇਲੇ ਵੀ ਜੰਮੂ-ਕਸ਼ਮੀਰ ਵਿਚ ਸਿੱਖਾਂ ਦੀ ਗਿਣਤੀ 3 ਲੱਖ ਦੇ ਕਰੀਬ ਹੈ, ਜੋ 2 ਵਿਧਾਨ ਸਭਾ ਸੀਟਾਂ ਦੇ ਨੇੜੇ-ਤੇੜੇ ਹੈ। ਇਸ ਤਰ੍ਹਾਂ ਸਿੱਖਾਂ ਦੀਆਂ ਕੁਰਬਾਨੀਆਂ ਅਤੇ ਗਿਣਤੀ ਦੋਵਾਂ ਦੇ ਲਿਹਾਜ਼ ਨਾਲ ਸਿੱਖ ਜੰਮੂ-ਕਸ਼ਮੀਰ ਵਿਚ 2 ਵਿਧਾਨ ਸਭਾ ਸੀਟਾਂ ਲੈਣ ਦਾ ਹੱਕ ਰੱਖਦੇ ਹਨ।

ਅਸੀਂ ਫਿਰ ਕਹਿੰਦੇ ਹਾਂ ਕਿ ਸਿੱਖ ਕਸ਼ਮੀਰੀ ਪੰਡਿਤਾਂ ਲਈ ਰਾਖਵੇਂਕਰਨ ਦੇ ਵਿਰੋਧੀ ਨਹੀਂ ਪਰ ਸਿੱਖਾਂ ਦਾ ਹੱਕ ਵੀ ਤਾਂ ਉਨ੍ਹਾਂ ਨੂੰ ਮਿਲਣਾ ਹੀ ਚਾਹੀਦਾ ਹੈ।

**ਆਜ ਏਕ ਦਾਨਾ-ਏ-ਗੰਦੁਮ ਕੇ ਭੀ ਹੱਕਦਾਰ ਨਹੀ,**
**ਹਮ ਨੇ ਸਦੀਓਂ ਇਨ੍ਹੀਂ ਖੇਤੋਂ ਪੇ ਹਕੂਮਤ ਕੀ ਹੈ।**
(ਰਾਹਤ ਇੰਦੌਰੀ)

**ਸਿੱਖ ਜਥੇਬੰਦੀਆਂ ਧਿਆਨ ਦੇਣ**

ਇਸ ਮਾਮਲੇ ਵਿਚ ਅਜੇ ਤੱਕ 2 ਆਵਾਜ਼ਾਂ ਹੀ ਸੁਣਾਈ ਦਿੱਤੀਆਂ ਹਨ। ਇਕ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਇਸ ਬਾਰੇ ਸਿੱਖਾਂ ਦੇ ਹੱਕਾਂ ਲਈ ਖੁੱਲ੍ਹ ਕੇ ਬੋਲੇ ਹਨ ਅਤੇ ਦੂਸਰੇ ਕੌਮੀ ਘੱਟ-ਗਿਣਤੀ ਕਮਿਸ਼ਨ ਦੇ ਸਾਬਕਾ ਚੇਅਰਮੈਨ ਤਰਲੋਚਨ ਸਿੰਘ ਹਨ, ਜੋ ਸਿੱਖ ਇੰਟੈਲੀਜੈਂਸੀਆਂ, ਭਾਰਤ ਸਰਕਾਰ ਦੇ ਅਧਿਕਾਰੀਆਂ, ਮੰਤਰੀਆਂ ਨੂੰ ਆਗਾਹ ਕਰਨ ਦੀ ਕੋਸ਼ਿਸ਼ ਕਰ ਰਹੇ ਹਨ ਕਿ ਸਿੱਖਾਂ ਨੂੰ ਜੰਮੂ-ਕਸ਼ਮੀਰ ਵਿਚ ਉਨ੍ਹਾਂ ਦਾ ਹੱਕ ਮਿਲੇ। ਖ਼ੁਸ਼ੀ ਦੀ ਗੱਲ ਹੈ ਕਿ ਜਦੋਂ ਇਸ ਬਾਰੇ ਮੈਂ ਸ਼ ?ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨਾਲ ਗੱਲ ਕੀਤੀ ਤਾਂ ਉਹ ਵੀ ਇਸ ਬਾਰੇ ਆਵਾਜ਼ ਉਠਾਉਣ ਲਈ ਸਹਿਮਤ ਹੋਏ ਪਰ ਮੇਰੀ ਸਿੱਖ ਕੌਮ ਨਾਲ ਸੰਬੰਧਿਤ ਸਾਰੀਆਂ ਧਿਰਾਂ ਨੂੰ ਸਾਰੀਆਂ ਰਾਜਸੀ ਪਾਰਟੀਆਂ, ਧਾਰਮਿਕ ਤੇ ਸਮਾਜਿਕ ਜਥੇਬੰਦੀਆਂ, ਬੁੱਧੀਜੀਵੀਆਂ, ਪੱਤਰਕਾਰਾਂ, ਮੌਜੂਦਾ ਅਤੇ ਸੇਵਾਮੁਕਤ ਸਿੱਖ ਅਫ਼ਸਰਾਂ, ਜੱਜਾਂ ਆਦਿ ਨੂੰ ਅਪੀਲ ਹੈ ਕਿ ਉਹ ਸਮਾਂ ਰਹਿੰਦੇ ਇਸ ਬਾਰੇ ਆਵਾਜ਼ ਉਠਾਉਣ। ਉਂਜ ਦੇਸ਼ ਦੇ ਪ੍ਰਧਾਨ ਮੰਤਰੀ ਜੋ ਵਾਰ-ਵਾਰ ਸਿੱਖਾਂ ਦੇ ਹਮਦਰਦ ਹੋਣ ਦੀ ਗੱਲ ਕਰਦੇ ਹਨ, ਨੂੰ ਵੀ ਬੇਨਤੀ ਹੈ ਕਿ ਉਹ ਇਸ ਮਾਮਲੇ ਵਿਚ ਸਿੱਧਾ ਦਖ਼ਲ ਦੇ ਕੇ ਪੇਸ਼ ਕੀਤੀ ਜਾਣ ਵਾਲੀ ਸੋਧ ਵਿਚ 3 ਦੀ ਥਾਂ 5 ਸੀਟਾਂ ਰਾਖਵੀਆਂ ਕਰਨ ਦੀ ਵਿਵਸਥਾ ਕਰਵਾਉਣ, ਤਾਂ ਜੋ 2 ਸੀਟਾਂ ਸਿੱਖਾਂ ਲਈ ਵੀ ਰਾਖਵੀਆਂ ਹੋ ਸਕਣ। ਇਸ ਨਾਲ ਸਿੱਖ ਸੰਗਤਾਂ ਵਿਚ ਪ੍ਰਧਾਨ ਮੰਤਰੀ ਦੀ ਅਪੀਲ ਤੇ ਪ੍ਰਵਾਨਗੀ ਵਧੇਗੀ ਅਤੇ ਸਾਨੂੰ ਯਕੀਨ ਹੋਵੇਗਾ ਕਿ ਪ੍ਰਧਾਨ ਮੰਤਰੀ ਗੱਲੀਂ-ਬਾਤੀਂ ਹੀ ਨਹੀਂ ਸੱਚਮੁੱਚ ਸਿੱਖਾਂ ਦੇ ਹਮਦਰਦ ਹਨ।

**ਸੁਨਤੇ ਹੈਂ ਐਸਾ ਜ਼ਮਾਨਾ ਭੀ ਯਹਾਂ ਗੁਜ਼ਰਾ ਹੈ,**
**ਹਕ ਉਨਹੇ ਮਿਲਤਾ ਜੋ ਹਕਦਾਰ ਹੂਆ ਕਰਤੇ ਥੇ।**

**ਸਿੱਖ ਨੇਤਾਓ ਮਜ਼ਲੂਮਾਂ ਲਈ ਕੁਝ ਕਰੋ**

ਦੂਸਰੀ ਸੰਸਾਰ ਜੰਗ ਵੇਲੇ ਦੀ ਇਕ ਪ੍ਰਸਿੱਧ ਕਵਿਤਾ ਦਾ ਜ਼ਿਕਰ ਇਨ੍ਹਾਂ ਕਾਲਮਾਂ ਵਿਚ ਪਹਿਲਾਂ ਵੀ ਹੋਇਆ ਹੈ, ਸ਼ਾਇਦ ਕੁਝ ਪਾਠਕਾਂ ਨੂੰ ਤਾਂ ਇਹ ਜ਼ਬਾਨੀ ਯਾਦ ਵੀ ਹੋ ਗਈ ਹੋਵੇ। ਮਾਰਟਿਨ ਨੀਮੋਵਿਲਰ ਦੀ ਕਵਿਤਾ:

**ਉਹ ਕਮਿਊਨਿਸਟਾਂ ਲਈ ਸਭ ਤੋਂ ਪਹਿਲਾਂ ਆਏ**
**ਅਤੇ ਮੈਂ ਇਸ ਲਈ ਨਹੀਂ ਬੋਲਿਆ**
**ਕਿਉਂਕਿ ਮੈਂ ਕਮਿਊਨਿਸਟ ਨਹੀਂ ਸਾਂ।**
**ਫਿਰ ਉਹ ਯਹੂਦੀਆਂ ਲਈ ਆਏ, ਤੇ ਮੈਂ**
**ਨਹੀਂ ਬੋਲਿਆ, ਕਿਉਂਕਿ ਮੈਂ ਯਹੂਦੀ ਨਹੀਂ ਸਾਂ।**
**ਫਿਰ ਉਹ ਟਰੇਡ ਯੂਨੀਅਨਿਸਟਾਂ ਲਈ ਆਏ,**
**ਅਤੇ ਮੈਂ ਨਹੀਂ ਬੋਲਿਆ**
**ਮੈਂ ਕਿਹੜਾ ਟਰੇਡ ਯੂਨੀਅਨਿਸਟ ਸਾਂ?**
**ਫਿਰ ਉਹ ਕੈਥੋਲਿਕਾਂ ਲਈ ਆਏ, ਅਤੇ ਮੈਂ**
**ਕੋਈ ਗੱਲ ਨਹੀਂ ਕੀਤੀ, ਮੈਂ ਤਾਂ ਪ੍ਰੋਟੈਸਟੈਂਟ ਸਾਂ।**
**ਫਿਰ ਉਹ ਮੇਰੇ ਲਈ ਆਏ, ਅਤੇ ਉਸ ਸਮੇਂ ਤੱਕ**
**ਮੇਰੇ ਲਈ ਬੋਲਣ ਵਾਲਾ ਕੋਈ ਨਹੀਂ ਸੀ ਬਚਿਆ।**

ਸਿੱਖ ਨੇਤਾਵਾਂ, ਬੁੱਧੀਜੀਵੀਆਂ, ਪੱਤਰਕਾਰਾਂ, ਸਕਾਲਰਾਂ, ਸੰਤ-ਮਹਾਂਪੁਰਸ਼ਾਂ, ਸਿੱਖ ਜਥੇਬੰਦੀਆਂ ਅਤੇ ਤਖ਼ਤਾਂ ਦੇ ਜਥੇਦਾਰ ਸਾਹਿਬਾਨ ਲਈ ਸੋਚਣ ਦੀ ਘੜੀ ਹੈ ਕਿ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਤੇ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਸਰਬੰਸ ਵਾਰਨ ਤੱਕ ਦੀ ਕੁਰਬਾਨੀ ਕਿਉਂ ਦਿੱਤੀ ਸੀ। ਅੱਜ ਜੋ ਮਨੀਪੁਰ ਵਿਚ ਹੋ ਰਿਹਾ ਹੈ, ਜੇ ਅਸੀਂ ਸਮਾਂ ਰਹਿੰਦੇ ਉਸ ਲਈ ਨਾ ਬੋਲੇ ਤਾਂ ਅਖੀਰ ਵਿਚ ਸ਼ਾਇਦ ਸਾਡੀ ਵਾਰੀ ਵੀ ਆ ਸਕਦੀ ਹੈ। ਫਿਰ ਸਾਡੇ ਲਈ ਬੋਲਣ ਵਾਲਾ ਵੀ ਕੋਈ ਨਹੀਂ ਬਚਿਆ ਹੋਵੇਗਾ।

ਸਾਡੇ ਲੋਕ
SADE LOK
ਮੁੱਖ ਸੰਪਾਦਕ: **ਸਤਨਾਮ ਸਿੰਘ ਖਾਲਸਾ**, ਸਟੂਡੈਂਟ ਐਡੀਟਰ: **ਹਰਕਰਨ ਸਿੰਘ**,
ਅਸਿਸਟੈਂਟ ਸੰਪਾਦਕ: **ਰਵਿੰਦਰ ਸਿੰਘ ਟਾਂਡਾ**, ਜਨਰਲ ਮੈਨੇਜਰ: **ਹਰਪਾਲ ਸਿੰਘ**
Office : (925) 243-1300 | Cell : (510) 706-1300 | Fax : (925) 373-1300 | India : 783 706 1300
1406 Janis CT Livermore CA 94551
Disclaimer : Sade Lok Weekly Punjabi Newspaper and People associated with it are not responsible are any chaims made advertisers and do not endorse any product or services advertised in the Sade Lok weekly Punjabi Newspaper. Printing in California and Distributed all over the USA. Please Consult your lawyer before buying-hiring-contracting throgh the advertisement. Publish in Sade Lok Weekly Newspaper. In the Business of selling Space and claims made by the advertiser are not tested.
ALL DISPUTES SUBJECTED TO THE COUNTY OF ALAMEDA CALIFORINA. ਲੇਖਕ ਦੇ ਵਿਚਾਰਾਂ ਨਾਲ ਸੰਪਾਦਕ ਦਾ ਅਤੇ ਅਦਾਰਾ ਸਾਡੇ ਲੋਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।



ਸਿਹਤ ਵਿਗਿਆਨ
ਡਾ. ਗੁਰਦੀਪ ਸਿੰਘ ਸੰਧੂ

**Gurdip Singh Sandhu** Homeopathic Consultant
Experienced since 1973 as prof principal chief medical office in homeopathic medical college in india. Host various news papers tv and radio station all over world for "SEHAT VIGYAN" a lecture series of creation of "life from life" and it's health problems/ diseases begining to end of life.
Dublin ca 94568 Ph. : (408) 687-1899
Email: homeomedicine@yahoo.com
http://www.homeomedicineatoz.com




**ਮੈਂ ਗੁਰਦੀਪ ਸਿੰਘ ਸੰਧੂ ਸਿਹਤ ਵਿਗਿਆਨ ਦੇ ਲੈਕਚਰਾਂ ਦੀ ਅਗਲੀ ਕਿਸ਼ਤ ਲੈ ਕੇ ਹਾਜ਼ਰ ਹਾਂ**

# ਜੀਵਨ ਤੋਂ ਜੀਵਨ ਦੀ ਉਤਪਤੀ ਦਾ ਵਿਸਥਾਰ-੪੦

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

ਬੀਤੇ ਕੁਝ ਹਫ਼ਤਿਆਂ ਤੋਂ ਅਸੀਂ ਔਰਤ ਦੇ ਅੰਦਰੂਨੀ ਜਣਨ ਅੰਗਾਂ ਦੀ ਜਾਣਕਾਰੀ ਕਰ ਰਹੇ ਹਾਂ। ਇਸ ਸਿਲਸਿਲੇ ਵਿੱਚ ਹੁਣ ਤੱਕ ਅਸਾਂ ਜਾਣਿਆ ਹੈ ਬੱਚੇਦਾਨੀ ਬਾਰੇ ਅਤੇ ਬੱਚੇਦਾਨੀ ਦੀਆਂ ਟਿਊਬਾਂ ਬਾਰੇ। ਇਸ ਲੈਕਚਰ ਵਿੱਚ ਅਸੀਂ ਜਾਣਾਂਗੇ ਓਵਰੀ ਅਤੇ ਵੈਜਾਈਨਾ ਬਾਰੇ

**ਓਵਰੀਆ** : ਜਿਸ ਤਰ੍ਹਾਂ ਮਰਦ ਵਿੱਚ ਪਤਾਲੂ ਯਾਨੀ ਟੈਸਟਿਸ ਹੁੰਦੇ ਹਨ ਤੇ ਜਾਘਾ ਦੇ ਵਿਚਕਾਰ ਇੰਦਰੀ ਤੋਂ ਹੇਠਾਂ ਦੋਵੇ ਉਹ ਸਰੀਰ ਤੋਂ ਬਾਹਰ ਲਟਕਦੇ ਦਿਖਾਈ ਦਿੰਦੇ ਹਨ ਇਵੇਂ ਹੀ ਔਰਤ ਵਿੱਚ ਓਵਰੀਆ ਮਰਦ ਦੇ ਇਹਨਾਂ ਟੈਸਟਿਸ ਦਾ ਹੀ ਪਰੀਰੂਪ ਹੁੰਦੀਆਂ ਹਨ। ਦੋਵੇਂ ਓਵਰੀਆਂ ਓਵਲ ਟਾਈਪ ਯਾਨੀ ਲੰਬੂਤਰੀਆਂ ਤੇ ਗੋਲ ਹੁੰਦੀਆਂ ਹਨ ਤਕਰੀਬਨ ਵੱਡੇ ਅੰਗੂਰ
ਜਿੰਨੇ ਸਾਈਜ਼ ਦੀਆਂ ਹੁੰਦੀਆਂ ਹਨ।

ਟੈਸਟਿਸ ਬੇਸ਼ੱਕ ਹਰ ਮਰਦ ਵਿੱਚ ਦੋ ਹੁੰਦੇ ਹਨ ਪਰ ਇਕ ਹੀ ਝੋਲਾ ਨੁਮਾ ਗ਼ਿਲਾਫ਼ ਵਿੱਚ ਲਿਪੇਟੇ ਰਹਿੰਦੇ ਹਨ ਜਿਸ ਨੂੰ ਸਕਰੌਟਮ ਕਹਿੰਦੇ ਹਨ ਜਿਸ ਬਾਰੇ ਅਸੀ ਇਸ ਤੋ ਪਹਿਲੇ ਲੈਕਚਰਾਂ ਵਿੱਚ ਬਿਆਨ ਕਰ ਚੁੱਕੇ ਹਾਂ। ਸੋ ਜਿਵੇਂ ਟੈਸਟਿਸ ਯਾਨੀ ਪਤਾਲੂਆਂ ਦਾ ਕੰਮ ਸਪਰਮ ਪੈਦਾ ਕਰਨਾ ਹੁੰਦਾ ਹੈ ਜੋ ਅੱਗੇ ਨਵਜੀਵਨ ਪੈਦਾ ਕਰਨ ਦਾ ਕੰਮ ਸੰਭਾਲਦੇ ਹਨ ਇਸੇ ਤਰ੍ਹਾਂ ਹੀ ਔਰਤ ਵਿੱਚ ਦੋ ਓਵਰੀਆ ਬੱਚੇਦਾਨੀ ਨਾਲ ਦੋਹੀਂ ਪਾਸੀਂ ਓਵੇਰੀਅਨ ਲਿਗਾਮੈਟ ਯਾਨੀ ਰਸੀਆ ਨਾਲ ਲੱਗੀਆਂ ਹੁੰਦੀਆਂ ਹਨ। ਲਿਗਾਮੈਟ ਯਾਨੀ ਓਵਰੀ ਨੂੰ ਬੱਚੇਦਾਨੀ ਨਾਲ ਬੰਨੀ ਰੱਖਣ ਵਾਲੀਆਂ ਮਾਸਪੇਸੀਆਂ ਜਿਨ੍ਹਾਂ ਨਾਲ ਇਹ ਦੋਹੀਂ ਪਾਸੀਂ ਬੱਚੇਦਾਨੀ ਨਾਲ ਬੰਨ੍ਹੀਆਂ ਰਹਿੰਦੀਆਂ ਹਨ। ਜਿਵੇਂ ਕੋਈ ਬੇੜੀ ਸਮੁੰਦਰ ਕੰਢੇ ਰੱਸੇ ਨਾਲ ਬੰਨ ਕੇ ਖੜ੍ਹੀ ਕੀਤੀ ਜਾਂਦੀ ਹੈ ਪਰ ਜਿਵੇਂ ਬੇੜੀ ਸਮੁੰਦਰ ਦੇ ਪਾਣੀ ਦੇ ਤਲ ਉੱਪਰ ਲਹਿਰਾ ਰਹੀ ਹਿਲ-ਜੁਲ ਕਰਦੀ ਰਹਿੰਦੀ ਹੈ। ਇਸੇ ਤਰ੍ਹਾਂ ਦੋਵੇਂ ਪਾਸੇ ਓਵੇਰੀਅਨ ਲਿਗਾਮੈਟਾ ਯਾਨੀ ਰਸੀਆਂ ਨਾਲ ਬੰਨ੍ਹੀਆਂ ਹੋਈਆਂ ਵੀ ਬੱਚੇਦਾਨੀ ਦੇ ਦੋਹੀਂ ਪਾਸੀਂ ਬਰੌਡ ਲਿਗਾਮੈਟ ਦੇ ਵਿਚਕਾਰਲੇ ਤਰਲ ਵਿੱਚ ਹਿਲ-ਜੁਲ ਕਰਦੀਆਂ ਰਹਿੰਦੀਆਂ ਹਨ। ਇਹ ਅਸੀਂ ਪਹਿਲਾਂ ਜਾਣ ਆਏ ਹਾਂ ਕਿ ਔਰਤ ਦੇ ਅੰਦਰੂਨੀ
ਜਣਨ ਅੰਗ ਸਾਰੇ ਹੀ ਬਰੌਡਲਿਗਾਮੈਟ ਵਿੱਚ ਲਪੇਟੇ ਉਸ ਅੰਦਰਲੇ ਤਰਲ ਵਿੱਚ ਤਰਦੇ ਹਿਲ-ਜੁਲ ਕਰਦੇ ਰਹਿੰਦੇ ਹਨ। ਇਸ ਬਰੌਡਲਿਗਾਮੈਟ ਨੂੰ ਅਸਾਂ ਲੈਸਰ ਸੈਕ ਆਫ ਪੇਰੀਟੋਨੀਅਮ ਕਿਹਾ ਸੀ ਯਾਨੀ ਪੇਰੀਟੋਨੀਅਮ ਦਾ ਛੋਟਾ ਗ਼ਿਲਾਫ਼ ਕਿਹਾ ਸੀ। ਵੱਡਾ ਪੱਰੀਟੋਨੀਅਮ ਦਾ ਗ਼ਿਲਾਫ਼ ਆਤੜੀਆਂ ਸਮੇਤ ਪੇਟ ਦੇ ਅੰਦਰਲੇ ਸਾਰੇ ਅੰਗਾਂ ਨੂੰ ਆਪਣੇ ਵਿਚ ਲਪੇਟੀ ਰੱਖਦਾ ਹੈ।

ਸੋ ਓਵਰੀਆ ਦੋ ਹੁੰਦੀਆਂ ਹਨ ਤੇ ਦੋਵੇਂ ਹੀ ਨਵਜੀਵਨ ਪੈਦਾ ਕਰਨ ਲਈ ਔਰਤ ਦਾ ਅੰਡਾ ਯਾਨੀ ਓਵਮ ਪੈਦਾ ਕਰਦੀਆਂ ਹਨ। ਇਕ ਮਾਸਿਕ ਧਰਮ ਦੇ ਚਕਰ ਵਿਚ ਇਕ ਹੀ ਓਵਰੀ ਇਕ ਹੀ ਓਵਮ ਪੈਦਾ ਕਰਦੀ ਹੈ ਤੇ ਇਹ ਕਰਮ ਵਾਰੀ ਵਾਰੀ ਦੋਵੇ ਓਵਰੀਆ ਹੀ ਨਿਭਾਉਂਦੀਆਂ ਹਨ। ਜਿਵੇਂ ਟੈਸਟਿਸ ਸਪਰਮ ਪੈਦਾ ਕਰਨ ਦੇ ਨਾਲ ਨਾਲ ਹਾਰਮੋਨ ਟੈਸਟੋਸਟੇਰਾਨ ਵੀ ਪੈਦਾ ਕਰਦੇ ਹਨ ਉਵੇਂ ਹੀ ਦੋਵੇਂ ਓਵਰੀਆ ਵੀ ਈਸਟਰੋਜਿਨ ਤੇ ਪ੍ਰੋਜੈਸਟਰੋਨ ਨਾ ਦੇ ਹਾਰਮੋਨ ਪੈਦਾ ਕਰਦੀਆਂ ਹਨ। ਜਿਨ੍ਹਾਂ ਕਰਕੇ ਓਵਰੀ ਵਿੱਚ ਓਵਮ ਬਣਦਾ ਵੱਧਦਾ ਤੇ ਓਵਰੀ ਵਿੱਚੋਂ ਬਾਹਰ ਵੀ ਨਿਕਲਦਾ ਹੈ ਤੇ ਅਗਲੇ ਸਫਰ ਲਈ ਕਾਮਯਾਬ ਵੀ ਹੁੰਦਾ ਹੈ। ਇਨ੍ਹਾਂ ਓਵਰੀ ਦੇ ਹਾਰਮੋਨਾ ਦਾ ਕੰਮ ਮਾਸਿਕ ਧਰਮ ਨੂੰ ਨਿਯਮਤ ਕਰਨਾ ਤੇ ਸੁਚਾਰੂ ਰੂਪ ਵਿੱਚ ਚਲਾਉਣਾ ਵੀ ਹੁੰਦਾ ਹੈ। ਅਗਰ ਪ੍ਰੈਗਨੈਂਸੀ ਹੋ ਜਾਂਦੀ ਹੈ ਤਾਂ ਉਸਦੀ ਸਹੀ ਸੰਭਾਲ ਪਰਵਰਿਸ਼ ਵਿੱਚ ਯੋਗਦਾਨ ਪਾਉਣਾ ਵੀ ਹੁੰਦਾ ਹੈ।

ਈਸਟਰੋਜਿਨ ਹਾਰਮੋਨ ਦਾ ਕੰਮ ਓਵਰੀ ਵਿਚੋ ਤੰਦਰੁਸਤ - ਓਵਮ ਪੈਦਾ ਕਰਕੇ ਓਵਰੀ ਤੋਂ ਬਾਹਰ ਕੱਢਣਾ ਦੂਜੇ ਪਾਸੇ ਬੱਚੇਦਾਨੀ ਦੇ ਅੰਦਰਲੇ ਪਰਦੇ ਯਾਨੀ ਇੰਡੋਮੈਟਰੀਅਮ ਨੂੰ ਹਰੇਕ ਮਾਸਿਕ ਧਰਮ ਚਕਰ ਦੌਰਾਨ ਖ਼ੂਨ ਦੀਆਂ ਨਾੜੀਆਂ ਦੇ ਜਾਲ ਨਾਲ ਭਰਨਾ ਤੇ ਪ੍ਰੈਗਨੈਂਸੀ ਨਾ ਹੋਣ ਦੀ ਸੂਰਤ ਵਿਚ ਖ਼ੂਨ ਦੀਆਂ ਭਰੀਆਂ ਇੰਡੋਮੈਟਰੀਅਮ ਵਿਚਲੀਆਂ ਨਾੜੀਆਂ ਨੂੰ ਆਪਸ ਵਿਚ ਰਗੜ ਕੇ ਇਹਨਾ ਦਾ ਖ਼ੂਨ ਬਾਹਰ ਵਗਣ ਲਈ ਡੋਲ੍ਹਣ ਦਾ ਕੰਮ ਕਰਨਾ ਹੈ। ਜਦੋਂ ਕਿ ਪ੍ਰੋਜੈਸਟਰੋਨ ਦਾ ਕੰਮ ਓਵਮ ਦੀ ਪਰਵਰਿਸ਼ ਕਰਨਾ ਹੁੰਦਾ ਹੈ ਓਵਰੀ ਵਿਚੋਂ ਨਿਕਲਣ ਬਾਅਦ ਵੀ ਤੇ ਪ੍ਰੈਗਨੈਂਸੀ ਹੋ ਜਾਣ ਦੀ ਸੂਰਤ ਵਿਚ ਵੀ। ਓਵਰੀਆ ਇਕ ਹੋਰ ਹਾਰਮੋਨ ਜਿਹੜਾ ਅਸਲ ਵਿੱਚ ਮਰਦ ਹਾਰਮੋਨ ਐਡਰੋਜਿਨ ਵੀ ਪੈਦਾ ਕਰਦੀਆਂ ਹਨ ਪਰ ਥੋੜ੍ਹੀ ਮਾਤਰਾ ਵਿਚ ਤਾਂਕਿ ਆਪੋਜਿਟ ਕਿਰਿਆ ਰਾਹੀਂ ਈਸਟਰੋਜਿਨ ਤੇ ਪ੍ਰੋਜੈਸਟਰੋਨ ਪੈਦਾ ਹੁੰਦੇ ਰਹਿਣ।

ਇਹ ਠੀਕ ਉਸੇ ਤਰ੍ਹਾਂ ਦੀ ਹੀ ਕਹਾਣੀ ਹੈ ਜਿਵੇਂ ਕੋਈ ਚੌਕੀਦਾਰ "ਜਾਗਦੇ ਰਹੋ ਦਾ ਹੋਰਾ ਰਾਤ ਨੂੰ ਦਿੰਦਾ ਹੈ ਪਰ ਉਸਦਾ ਦੂਹਰਾ ਮਤਲਬ ਹੁੰਦਾ ਹੈ ਕਿ ਪਿੰਡ ਵਾਲਿਓ ਆਰਾਮ ਦੀ ਨੀਂਦ ਸੌ ਜਾਓ।

ਮੈਂ ਜਾਗਦਾ ਹਾਂ। ਦੂਜੇ ਪਾਸੇ ਚੋਰਾਂ ਨੂੰ ਚੇਤਾਵਨੀ ਵੀ ਹੁੰਦੀ ਹੈ ਕਿ ਮੈਂ ਵੀ ਤੇ ਪਿੰਡ ਵਾਲੇ ਵੀ ਸੁਚੇਤ ਹਨ। ਸੋ ਐਡਰੋਜਿਨ ਦਾ ਪੈਦਾ ਹੋਣਾ ਈਸਟਰੋਜਿਨ ਤੇ ਪ੍ਰੋਜੈਸਟਰੋਨ ਨੂੰ ਉਤਸਾਹਿਤ ਕਰੀ ਰੱਖਦਾ ਹੈ। ਦੂਸਰੀ ਤਰ੍ਹਾਂ ਸੋਚੋ ਜੇ ਚੌਕੀਦਾਰ ਸੱਚਮੁਚ ਹੀ ਰੌਲਾ ਪਾਉਣਾ ਸ਼ੁਰੂ ਕਰ ਦੇਣ ਤਾਂ ਲੋਕ ਸੌਂ ਵੀ ਨਹੀਂ ਸਕਣਗੇ ਤੇ ਹੋ ਸਕਦਾ ਹੈ ਜਿਧਰ ਰੌਲਾ ਪੈਦਾ ਦਿਸੇ ਉਸ ਤੋ ਦੂਜੇ ਪਾਸੇ ਚੋਰ ਸੰਨ੍ਹ ਲਾ ਕੇ ਚੋਰੀ ਕਰ ਲੈਣ। ਠੀਕ ਇਸੇ ਤਰ੍ਹਾਂ ਅਗਰ ਐਡਰੋਜਿਨ ਹਾਰਮੋਨ ਲੋੜ ਤੋ ਜ਼ਿਆਦਾ ਪੈਦਾ ਹੋਣਾ ਸ਼ੁਰੂ ਹੋ ਜਾਵੇ ਤਾਂ ਉਸ ਹਾਲਾਤ ਵਿਚ ਈਸਟਰੋਜਿਨ ਤੇ ਪ੍ਰੋਜੈਸਟਰੋਨ ਦੇ ਪੈਦਾ ਹੋਣ ਦੀ ਤਰਤੀਬ ਵੀ ਬਦਲ ਜਾਂਦੀ ਹੈ ਜਿਸ ਨਾਲ ਔਰਤ ਸਰੀਰ ਵਿਚ ਮਰਦ ਸਰੀਰ ਵਾਲੀਆਂ ਨਿਸ਼ਾਨੀਆਂ ਪੈਦਾ ਹੋਣੀਆਂ ਸ਼ੁਰੂ ਹੋ ਜਾਂਦੀਆ ਹਨ। ਜਿਵੇਂ ਚਿਹਰੇ ਤੇ ਮਰਦਾ ਵਾਂਗ ਵਾਲ ਉੱਗਣ ਲੱਗਦੇ ਹਨ ਤੇ ਸਿਰ ਦੇ ਵਾਲ ਘਟਣ ਲੱਗਦੇ ਹਨ ਤੇ ਔਰਤਾਂ ਦਾ ਮਾਸਕ ਧਰਮ ਰੁਟੀਨ ਵਿਗੜ ਜਾਂਦਾ ਹੈ ਬਲਕਿ ਕਈ ਕਈ ਮਹੀਨੇ ਲੰਘ ਜਾਂਦੇ ਹਨ ਤੇ ਮਾਸਿਕ ਧਰਮ ਆਉਂਦਾ ਹੀ ਨਹੀਂ। ਬਲਕਿ ਕਈ ਵੇਰਾ ਸਾਲਾਂ ਦਾ ਸਮਾਂ ਬੀਤ ਜਾਂਦਾ ਹੈ। ਬ੍ਰੈਸਟਮਾਸ ਮੁਟਾਪੇ ਦੇ ਹਿਸਾਬ ਭਾਵੇਂ ਜ਼ਿਆਦਾ ਵੀ ਦਿਸੇ ਪਰ ਉਨ੍ਹਾਂ ਵਿੱਚ ਔਰਤ ਦੀ ਜਵਾਨੀ ਵਾਲੀ ਲਚਕ ਨਹੀਂ ਹੁੰਦੀ ਤੇ ਨਾ ਹੀ ਉਨ੍ਹਾਂ ਵਿਚ ਦੁੱਧ ਬਣਾਉਣ ਵਾਲਾ ਲੈਕਟੋਜੈਨਿਕ ਸਿਸਟਮ ਹੀ ਬਰੈਸਟਾ ਅੰਦਰ ਚਾਲੂ ਹੁੰਦਾ ਹੈ। ਮੈਡੀਕਲੀ ਇਸ ਹਾਲਾਤ ਨੂੰ ਪੋਲੀਸਿਸਟਿਕ ਓਵਰੀ ਕਹਿੰਦੇ ਹਨ। ਯਾਦ ਰਹੇ ਇਸ ਨਾਲ ਔਰਤਾਂ ਵਿਚ ਸੈਕਸ ਉਤੇਜਨਾ ਵੀ ਘੱਟ ਹੋ ਜਾਂਦੀ ਹੈ।

ਹੇਠਾਂ ਜੋ ਮੈਂ ਲਿਖਣ ਲੱਗਾ ਹਾਂ ਉਹ ਪਿੰਡਾਂ ਥਾਵਾਂ 'ਤੇ ਇਕ ਮੰਨਤ ਵਾਂਗ ਪ੍ਰਚਲਤ ਗੱਲ ਹੈ ਬਲਕਿ ਇਕ ਮਿਥ ਹੈ ਜਿਸ ਬਾਰੇ ਹੋਰ ਪੜਤਾਲ ਕਰਨ ਦੀ ਲੋੜ ਹੈ ਕਿ ਸੱਜੀ ਓਵਰੀ ਵਿਚੋਂ ਨਿਕਲਣ ਵਾਲਾ ਓਵਮ ਲੜਕਾ ਪੈਦਾ ਕਰਨ ਦੇ ਸਮਰੱਥ ਹੁੰਦਾ ਹੈ ਜਦਕਿ ਖੱਬੇ ਪਾਸੇ ਤੋਂ ਨਿਕਲਣ ...

(ਚੱਲਦਾ)


HOMEOPATHIC NATURAL MEDICINES
When Tired of All Treatments, For any Disease, At any Age
Try Alternative Treatment
Safe and Effective Medicines without any Side Effects



Consultant/Physician Since 1973
DHMS-Gold Medalist, BAMS, MDEH
Ex Prof, Principal, & CMO Medical Colleges/Hospitals in India
GURDIP S SANDHU
(408) 687-1899 (925) 999-8278
7021 Village Parkway, Dublin, CA 94568
PRACTICE UNDER PROVISION OF ACT SB_-577 STATE OF CA



CAPITAL ACCOUNTING & TAX SERVICES



Kuldip Singh Kang



Sewa Singh Bhinder



HELPING PEOPLE FOR THEIR TRUCKING NEEDS
(IRP) Plates-48 States-Same Day
ਬਾਹਰ ਚੱਲਣ ਵਾਲੇ ਟਰੱਕਾਂ ਦੀਆਂ ਪਲੇਟਾਂ ਤੁਸੀਂ ਸਾਡੇ ਦਫ਼ਤਰ ਵਿਚੋਂ ਤੁਰੰਤ ਵੀ ਲੈ ਸਕਦੇ ਹੋ।
ਟਰੱਕਿੰਗ ਦੀ ਦੁਨੀਆ ਵਿਚ ਨਵਾਂ ਕਦਮ
• ਟਰੱਕ ਲਾਇਸੈਂਸ ਪਲੇਟਾਂ ਵਾਸਤੇ ਹੁਣ ਹਫ਼ਤਿਆਂਬੱਧੀ ਉਡੀਕ ਕਰਨ ਦੀ ਲੋੜ ਨਹੀਂ।
• ਉਸੇ ਦਿਨ ਲਾਇਸੈਂਸ ਪਲੇਟਾਂ ਲੈਣ ਲਈ ਸਾਡੇ ਨਾਲ ਸੰਪਰਕ ਕਰੋ।
ਸਾਨੂੰ 16 ਸਾਲਾਂ ਦਾ ਤਰਜਬਾ ਹੈ।
Same Day Plates Same Day Plates Same Day Plates
PH : 530-669-5780 Fax : 530-669-5775,
Cell : 530-908-9386 Cell : 530-405-6020
Tax Returns- Corporations, LLC, Non-Profits, Small Business and Individuals
ਇਹ ਦਫ਼ਤਰ ਡੀ.ਐਮ.ਵੀ. ਸ਼ਾਪਿੰਗ ਸੈਂਟਰ ਵਿਚ ਹੈ।
825 East Street, Suite 110 Woodland, CA 95776
440 N Palora Ave, Suite c Yuba City Ca. 95991

TRUCKING SERVICES AVAILABLE
- IRP License Plates
- IFTA-Fuel Tax Returns
- MC (ICC) Authority, US DOT #
- UCR Permits, BOC-3 Filing
- CA#, MCP, EPN Enrollment
- BIT-Enrollment
- NM Permit, KYU#, NY HUT Permit
- Oregon Permit, Oregon Bonds
- Highway Use Tax (2290)
- Trailer Plates, Title Transfer
- Tax Exemption

BUSINESS SERVICES AVAILABLE
- Tax Services : Individual, Small Business
- Computerized Accounting
- Financial Statement
- Monthly Sales Tax Reports
- Payroll Services

CALIFORNIA DMV LIV. # 40524

# ਅਮਰੀਕਾ ਵਿਚ ਨਿਹੱਥੇ ਕਾਲੇ ਟਰੱਕ ਡਰਾਈਵਰ 'ਤੇ ਕੁੱਤਾ ਛੱਡਣ ਵਾਲਾ ਪੁਲਿਸ ਅਫਸਰ ਬਰਖਾਸਤ

ਸੈਕਰਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਸਰਕਲਵਿਲੇ, ਓਹੀਓ ਪੁਲਿਸ ਅਫਸਰ ਜਿਸ ਵੱਲੋਂ ਇਕ ਨਿਹੱਥੇ ਕਾਲੇ ਵਿਅਕਤੀ 'ਤੇ ਪੁਲਿਸ ਵਿਭਾਗ ਦਾ ਕੁੱਤਾ ਛੱਡਣ ਦੀ ਵੀਡੀਓ ਸਾਹਮਣੇ ਆਈ ਸੀ, ਨੂੰ ਬਰਖਾਸਤ ਕਰ ਦੇਣ ਦੀ ਖਬਰ ਹੈ। ਪੁਲਿਸ ਵਿਭਾਗ ਨੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਸਰਕਲਵਿਲੇ ਪੁਲਿਸ ਅਫਸਰ ਰੀਆਨ ਸਪੀਕਮੈਨ ਦੀ ਕਾਰਵਾਈ ਪੁਲਿਸ ਦੇ ਮਾਪਦੰਡਾਂ ਤੇ ਆਸਾਂ ਉਪਰ ਖਰੀ ਨਹੀਂ ਉਤਰਦੀ। ਇਸ ਲਈ ਉਸ ਨੂੰ ਤੁਰੰਤ ਵਿਭਾਗ ਤੋਂ ਬਰਖਾਸਤ ਕੀਤਾ ਜਾਂਦਾ ਹੈ। ਵੀਡੀਓ ਵਿਚ ਪਿਛਲੇ ਦਿਨੀਂ ਵਾਪਰੀ ਇਸ ਘਟਨਾ ਵਿਚ ਪੁਲਿਸ ਤੇ ਲਾਅ ਇਨਫੋਰਸਮੈਂਟ ਨਾਲ ਸਬੰਧਿਤ ਹੋਰ ਏਜੰਸੀਆਂ ਦੀਆਂ ਕਾਰਾਂ ਇਕ ਕਮਰਸ਼ੀਅਲ ਸੈਮੀ ਟਰੱਕ ਨੂੰ ਰੋਕਣ ਲਈ ਉਸ ਦਾ ਪਿੱਛਾ ਕਰਦੀਆਂ ਨਜਰ ਆ ਰਹੀਆਂ ਹਨ। ਇਕ ਜਗਾ 'ਤੇ ਟਰੱਕ ਰੁਕ ਜਾਂਦਾ ਹੈ ਤੇ ਉਸ ਵਿਚੋਂ ਜਾਡਾਰੀਅਸ ਰੋਸ ਨਾਮੀ ਕਾਲਾ ਡਰਾਈਵਰ ਨਿਕਲਦਾ ਹੈ ਜਿਸ ਨੇ ਹੱਥ ਖੜੇ ਕੀਤੇ ਹੋਏ ਹਨ ਤੇ ਉਹ ਆਤਮ ਸਮਰਪਣ ਲਈ ਤਿਆਰ ਵਿਖਾਈ ਦਿੰਦਾ ਹੈ ਪਰੰਤੂ ਇਸ ਦਰਮਿਆਨ ਉਸ ਉਪਰ ਕੁੱਤਾ ਛੱਡ ਦਿੱਤਾ ਜਾਂਦਾ ਹੈ। ਕੁੱਤਾ ਉਸ ਨੂੰ ਬੁਰੀ ਤਰਾਂ ਜਖਮੀ ਕਰ ਦਿੰਦਾ ਹੈ। ਪੁਲਿਸ ਅਨੁਸਾਰ ਜਾਂਚ ਲਈ ਨਾ ਰੁਕਣ ਕਾਰਨ ਸੈਮੀ ਟਰੱਕ ਦਾ ਪਿੱਛਾ ਕੀਤਾ ਗਿਆ ਸੀ। ਇਸ ਤੋਂ ਪਹਿਲਾਂ ਮੇਅਰ ਡਾਨ ਮੈਕਲਰਾਏ ਨੇ ਕਿਹਾ ਸੀ ਕਿ ਸਪੀਕਮੈਨ ਨੂੰ ਤਨਖਾਹ ਸਮੇਤ ਪ੍ਰਸਾਸ਼ਨਿਕ ਛੁੱਟੀ 'ਤੇ ਭੇਜ ਦਿੱਤਾ ਗਿਆ ਹੈ।


# "ਤੀਆਂ ਫਿਸਟੀਵਲ 2023" ਦੌਰਾਨ ਰੀਜੈਂਸੀ ਕਲੋਵਸ 'ਤੇ ਲੱਗੀਆਂ ਖੂਬ ਰੌਣਕਾਂ



ਫਰਿਜ਼ਨੋ, ਕੈਲੇਫੋਰਨੀਆਂ (ਕੁਲਵੰਤ ਧਾਲੀਆਂ / ਨੀਟਾ ਮਾਛੀਕੇ): ਪੰਜਾਬੀ ਸੱਭਿਆਚਾਰ ਦਿਨਾਂ-ਤਿਉਹਾਰਾਂ ਅਤੇ ਗੀਤਾਂ-ਰਸਮਾਂ ਨਾਲ ਭਰਿਆਂ ਪਿਆ ਅਮੀਰ ਸੱਭਿਆਚਾਰ ਹੈ। ਜਿਸ ਵਿੱਚ ਹਰ ਤਿਉਹਾਰ ਨੂੰ ਮਨਾਉਣ ਦੇ ਆਪਣੇ-ਆਪਣੇ ਚਾਅ ਮਲਾਰ ਹਨ। ਬੇਸੱਕ ਪੰਜਾਬ ਵਿੱਚੋਂ ਪੱਛਮੀ ਸੱਭਿਆਚਾਰ ਦੇ ਪ੍ਰਭਾਵ ਹੇਠ ਬਹੁਤ ਸਾਰੇ ਦਿਨ ਤਿਉਹਾਰ ਘੱਟਦੇ ਜਾ ਰਹੇ ਹਨ, ਪਰ ਪੰਜਾਬੀਆਂ ਦੇ ਵਿਦੇਸ਼ਾਂ ਵਿੱਚ ਜਾਣ ਨਾਲ ਇਹ ਤਿਉਹਾਰ ਵੀ ਵੱਖ-ਵੱਖ ਦੇਸ਼ਾਂ ਵਿੱਚ ਚਲੇ ਗਏ। ਜਿੱਥੇ ਸਮੁੱਚਾ ਭਾਈਚਾਰਾ ਇਨ੍ਹਾਂ ਤਿਉਹਾਰਾਂ ਨੂੰ ਰਲਮਿਲ ਮਨਾਉਂਦਾ ਹੈ। ਇਸੇ ਲੜੀ ਅਧੀਨ ਫਰਿਜ਼ਨੋ ਦੇ ਨਾਲ ਲਗਦੇ ਸ਼ਹਿਰ ਕਲੋਵਿਸ ਦੇ 'ਰੀਜੈਂਸੀ ਈਵੈਂਟ ਸੈਂਟਰ' ਵਿੱਚ 'ਤੀਆਂ ਫਿਸ਼ਟੀਵਲ 2023' ਬੜੀ ਸ਼ਾਨੋ-ਸੌਕਤ ਨਾਲ ਖੁੱਲੇ ਪਾਰਟੀ ਹਾਲ ਵਿੱਚ ਮਨਾਇਆ ਗਿਆ। ਜਿੱਥੇ ਰੰਗ-ਬਰੰਗੇ ਸੂਟ, ਫੁੱਲਕਾਰੀਆਂ ਅਤੇ ਗਹਿਣਿਆਂ ਨਾਲ ਸੱਜ-ਧੱਜ ਕੇ ਆਈਆਂ ਮੁਟਿਆਰਾਂ, ਬੱਚੀਆਂ, ਭੈਣਾਂ ਬੀਬੀਆਂ ਨੇ ਭਾਰੀ ਇਕੱਠ ਵਿੱਚ ਇਸ ਪ੍ਰੋਗਰਾਮ ਦੀ ਸ਼ਾਨ ਨੂੰ ਵਧਾਇਆ। ਇਹ ਪ੍ਰੋਗਰਾਮ ਸਿਰਫ ਔਰਤਾਂ ਲਈ ਹੋਣ ਕਰਕੇ, ਇਸ ਪ੍ਰੋਗਰਾਮ ਵਿੱਚ ਮਰਦਾਂ ਦੇ ਆਉਣ ਦੀ ਮਨਾਹੀ ਸੀ। ਇਸ ਪ੍ਰੋਗਰਾਮ ਵਿੱਚ ਬੱਚੀਆਂ, ਭੈਣਾਂ ਅਤੇ ਬੀਬੀਆਂ ਨੇ ਜਿੱਥੇ ਗਿੱਧੇ, ਗੀਤ ਅਤੇ ਹੋਰ ਡਾਂਸ ਦਾ ਪ੍ਰਦਰਸ਼ਨ ਕੀਤਾ, ਉੱਥੇ ਲੱਗੇ ਬਹੁਤ ਸਾਰੇ ਬੂਥਾਂ ਤੋਂ ਗਹਿਣੇ-ਗੱਟੇ, ਕੱਪੜੇ, ਪੰਜਾਬੀ ਜੁੱਤੀਆਂ ਅਤੇ ਹੋਰ ਵਸਤਾਂ ਵੀ ਖਰੀਦੀਆਂ। ਇਸੇ ਖਾਣੇ ਦੇ ਲੱਗੇ ਸਟਾਲ ਤੋਂ ਵੀ ਮਨਪਸੰਦ ਖਾਣੇ ਖਰੀਦ ਕੇ ਖਾਧੇ। ਇਸ ਸਮੇਂ ਬਹੁਤ ਸਾਰੇ ਰੈਂਫਲ ਵੀ ਕੱਢੇ ਗਏ। ਹਿੱਸਾ ਲੈਣ ਵਾਲੀਆ ਔਰਤਾਂ ਅਤੇ ਬੱਚੀਆਂ ਨੂੰ ਮਾਣ-ਸਨਮਾਨ ਵੀ ਦਿੱਤਾ ਗਿਆ। ਪ੍ਰੋਗਰਾਮ ਦੌਰਾਨ ਰਾਜ ਸੋਢੀ ਅਤੇ ਰਾਜਪਾਲ ਬਰਾੜ ਆਦਿਕ ਨੇ ਵੀ ਹਾਜ਼ਰੀਨ ਨੂੰ ਸੰਬੋਧਨ ਕੀਤਾ। ਇਸ ਸਮੁੱਚੇ ਪ੍ਰੋਗਰਾਮ ਨੂੰ ਕੁਲਵੀਰ ਸੇਖੋਂ ਅਤੇ ਫਿਲਮੀ ਅਦਾਕਾਰਾ ਕਿਮੀ ਵਰਮਾ ਨੇ ਬਾਖੂਬੀ ਹੋਸ਼ਟ ਕੀਤਾ।

ਇਸ ਸਮੁੱਚੇ ਪ੍ਰੋਗਰਾਮ ਦੀ ਸਫਲਤਾ ਹਰ ਇਕ ਨੇ ਵੱਧ ਕੇ ਹਿੱਸਾ ਪਾਇਆ। ਜਿਨ੍ਹਾਂ ਵਿੱਚ ਪ੍ਰਮੁੱਖ ਤੌਰ 'ਤੇ ਕਮਲ ਗਿੱਲ, ਕੁਲਵੀਰ ਸੇਖੋਂ, ਰਚਨਾਂ ਗਾਂਧੀ, ਰਾਣੀ ਗਿੱਲ ਆਦਿਕ ਦੇ ਨਾਂ ਵਰਨਣਯੋਗ ਹਨ। ਇਸ ਤੋਂ ਇਲਾਵਾ ਰੀਜੈਂਸੀ ਈਵੈਂਟ ਸੈਂਟਰ ਦੇ ਸੰਚਾਲਕ ਅਜੀਤ ਸਿੰਘ ਗਿੱਲ ਵਧਾਈ ਦੇ ਪਾਤਰ ਹਨ। ਜਿੰਨ੍ਹਾਂ ਨੇ ਸਮੂੰਹ ਪ੍ਰਬੰਧਾਂ ਨੂੰ ਨੇਪਰੇ ਚਾੜਨ ਵਿੱਚ ਬਹੁਤ ਵੱਡਾ ਯੋਗਦਾਨ ਪਾਇਆ। ਅੰਤ ਗਿੱਧੇ, ਗੀਤ-ਸੰਗੀਤ ਅਤੇ ਲੱਗੇ ਵੱਖ-ਵੱਖ ਸਟਾਲਾਂ ਦੇ ਰੰਗਾਂ ਵਿੱਚ ਰੰਗਿਆ ਇਹ ਪ੍ਰੋਗਰਾਮ ਯਾਦਗਾਰੀ ਹੋ ਨਿਬੜਿਆ।

# ਅਮਰੀਕਾ ਦੇ ਮਿਸ਼ੀਗਨ ਰਾਜ ਵਿਚ ਅਣਪਛਾਤੇ ਵੱਲੋਂ ਕੀਤੀ ਗੋਲੀਬਾਰੀ ਵਿੱਚ 5 ਜ਼ਖਮੀ, 2 ਦੀ ਹਾਲਤ ਗੰਭੀਰ




ਸੈਕਰਾਮੈਂਟੋ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਅਮਰੀਕਾ ਦੇ ਮਿਸ਼ੀਗਨ ਰਾਜ ਦੇ ਸ਼ਹਿਰ ਲਾਂਸਿੰਗ ਦੇ ਇਕ ਸ਼ਾਪਿੰਗ ਸੈਂਟਰ ਦੀ ਪਾਰਕਿੰਗ ਵਿਚ ਅਣਪਛਾਤੇ ਵਿਅਕਤੀ ਵੱਲੋਂ ਚਲਾਈਆਂ ਗੋਲੀਆਂ ਨਾਲ 5 ਵਿਅਕਤੀਆਂ ਦੇ ਜ਼ਖਮੀ ਹੋਣ ਦੀ ਖਬਰ ਹੈ। ਅਧਿਕਾਰੀਆਂ ਨੇ ਕਿਹਾ ਹੈ ਕਿ ਜ਼ਖਮੀਆਂ ਵਿਚੋਂ 2 ਦੀ ਹਾਲਤ ਗੰਭੀਰ ਹੈ। ਗੋਲੀਬਾਰੀ ਦੀ ਘਟਨਾ ਅੱਧੀ ਰਾਤ ਤੋਂ ਬਾਅਦ 1 ਵਜੇ ਦੇ ਆਸ ਪਾਸ ਵਾਪਰੀ। ਲਾਂਸਿੰਗ ਪੁਲਿਸ ਵਿਭਾਗ ਵੱਲੋਂ ਜਾਰੀ ਬਿਆਨ ਅਨੁਸਾਰ ਜ਼ਖਮੀਆਂ ਦੀ ਉਮਰ 16 ਤੋਂ 26 ਸਾਲ ਦੇ ਦਰਮਿਆਨ ਹੈ ਜਿਨਾਂ ਨੂੰ ਹਸਪਤਾਲ ਲਿਜਾਇਆ ਗਿਆ ਹੈ। ਪੁਲਿਸ ਦਾ ਕਹਿਣਾ ਹੈ ਕਿ ਪੁਲਿਸ ਨੇ ਮੌਕੇ ਤੋਂ ਹਥਿਆਰ ਬਰਾਮਦ ਕੀਤੇ ਹਨ ਪਰੰਤੂ ਕੋਈ ਗ੍ਰਿਫਤਾਰੀ ਨਹੀਂ ਕੀਤੀ ਗਈ। ਕੁਝ ਲੋਕਾਂ ਨੂੰ ਪੁੱਛਗਿੱਛ ਲਈ ਹਿਰਾਸਤ ਵਿਚ ਲਿਆ ਗਿਆ ਹੈ। ਇਹ ਵੀ ਨਹੀਂ ਪਤਾ ਲੱਗ ਸਕਿਆ ਕਿ ਗੋਲੀਬਾਰੀ ਦੀ ਘਟਨਾ ਨੂੰ ਅੰਜਾਮ ਦੇਣ ਵਾਲਾ ਵਿਅਕਤੀ ਇਕ ਸੀ ਜਾਂ ਇਕ ਤੋਂ ਵਧ ਸਨ। ਪੁਲਿਸ ਨੇ ਮਾਮਲੇ ਦੀ ਜਾਂਚ ਵਿਚ ਆਮ ਲੋਕਾਂ ਨੂੰ ਮੱਦਦ ਕਰਨ ਲਈ ਕਿਹਾ ਹੈ।

# ਅਮਰੀਕੀ ਸੰਸਦ ਮੈਂਬਰਾਂ ਦੀ ਬਾਈਡੇਨ ਪ੍ਰਸ਼ਾਸਨ ਨੂੰ ਅਪੀਲ, ਗ੍ਰੀਨ ਕਾਰਡ ਲਈ ਭਾਰਤੀ ਬਿਨੈਕਾਰਾਂ ਨੂੰ ਦਿੱਤੀ ਜਾਵੇ ਪਹਿਲ

ਵਾਸ਼ਿੰਗਟਨ: ਅਮਰੀਕੀ ਸੰਸਦ ਮੈਂਬਰਾਂ ਦੇ ਇੱਕ ਸਮੂਹ ਨੇ ਜੋਅ ਬਾਈਡੇਨ ਪ੍ਰਸ਼ਾਸਨ ਨੂੰ ਅਪੀਲ ਕੀਤੀ ਹੈ ਕਿ ਉਹ ਗ੍ਰੀਨ ਕਾਰਡ ਲਈ ਭਾਰਤੀ ਬਿਨੈਕਾਰਾਂ ਨੂੰ ਪਹਿਲ ਦੇਣ ਲਈ ਕਦਮ ਚੁੱਕੇ। ਤਾਂ ਜੋ ਇਨ੍ਹਾਂ ਬਿਨੈਕਾਰਾਂ ਲਈ 195 ਸਾਲ ਤੱਕ ਦਾ ਉਡੀਕ ਸਮਾਂ ਘਟਾਇਆ ਜਾ ਸਕੇ। ਸੰਸਦ ਮੈਂਬਰ ਰਾਜਾ ਕ੍ਰਿਸ਼ਨਾਮੂਰਤੀ ਅਤੇ ਲੈਰੀ ਬੁਕਸ਼ਨ ਦੀ ਅਗਵਾਈ ਵਾਲੇ 56 ਸੰਸਦ ਮੈਂਬਰਾਂ ਦੇ ਇੱਕ ਦੋ-ਪੱਖੀ ਸਮੂਹ ਨੇ ਇਸ ਸਬੰਧ ਵਿੱਚ ਅਮਰੀਕੀ ਵਿਦੇਸ਼ ਮੰਤਰੀ ਐਂਟਨੀ ਬਲਿੰਕਨ ਨੂੰ ਇੱਕ ਪੱਤਰ ਭੇਜਿਆ ਹੈ। ਪੱਤਰ ਵਿੱਚ ਅਮਰੀਕੀ ਸੰਸਦ ਮੈਂਬਰਾਂ ਨੇ ਪ੍ਰਸ਼ਾਸਨ ਨੂੰ ਬਿਊਰੋ ਆਫ ਕੌਂਸਲਰ ਅਫੇਅਰਜ਼ ਦੁਆਰਾ ਪ੍ਰਕਾਸ਼ਿਤ ਰੁਜ਼ਗਾਰ-ਅਧਾਰਤ ਵੀਜ਼ਾ ਬੁਲੇਟਿਨ ਵਿੱਚ ਰੁਜ਼ਗਾਰ-ਅਧਾਰਤ ਵੀਜ਼ਾ ਅਰਜ਼ੀਆਂ ਫਾਈਲ ਕਰਨ ਦੀਆਂ ਸਾਰੀਆਂ ਤਾਰੀਖਾਂ ਨੂੰ 'ਮੌਜੂਦ' ਵਜੋਂ ਚਿੰਨ੍ਹ?ਤ ਕਰਨ ਦੀ ਵੀ ਅਪੀਲ ਕੀਤੀ।

**ਗ੍ਰੀਨ ਕਾਰਡ ਅਲਾਟਮੈਂਟ ਦੀ ਸੀਮਾ ਸੱਤ ਫੀਸਦੀ ਨਿਰਧਾਰਤ :** ਗ੍ਰੀਨ ਕਾਰਡ ਨੂੰ ਅਧਿਕਾਰਤ ਤੌਰ 'ਤੇ ਅਮਰੀਕਾ ਵਿੱਚ ਸਥਾਈ ਨਿਵਾਸ ਦੇ ਅਧਿਕਾਰ ਵਜੋਂ ਮਾਨਤਾ ਪ੍ਰਾਪਤ ਹੈ। ਫਿਲਹਾਲ ਗ੍ਰੀਨ ਕਾਰਡਾਂ ਦੀ ਵੰਡ ਨੂੰ ਲੈ ਕੇ ਹਰੇਕ ਦੇਸ਼ ਲਈ ਸੱਤ ਫੀਸਦੀ ਦੀ ਸੀਮਾ ਤੈਅ ਕੀਤੀ ਗਈ ਹੈ। ਇਸ ਨਾਲ ਭਾਰਤ ਵਰਗੇ ਦੇਸ਼ਾਂ ਲਈ ਕਾਫੀ ਪਰੇਸ਼ਾਨੀ ਹੋ ਰਹੀ ਹੈ, ਜਿੱਥੇ ਜ਼ਿਆਦਾ ਬਿਨੈਕਾਰ ਹਨ। ਹਾਲਾਤ ਇਹ ਬਣ ਗਏ ਹਨ ਕਿ ਬੈਕਲਾਗ 195 ਸਾਲ ਤੱਕ ਪਹੁੰਚ ਗਿਆ ਹੈ।

# ਇੰਡੋ ਅਮੈਰਿਕਨ ਹੈਰੀਟੇਜ ਫੋਰਮ ਨੇ ਕਰਵਾਇਆ ਸ਼ਹੀਦ ਊਧਮ ਸਿੰਘ ਅਤੇ ਸ਼ਹੀਦ ਮਦਨ ਲਾਲ ਢੀਂਗਰਾ ਦੀ ਯਾਦ ਨੂੰ ਸਮਰਪਿਤ ਸ਼ਹੀਦੀ ਸਮਾਗਮ

## ਵਿਦਿਅਰਥੀਆਂ ਦੇ ਭਾਸ਼ਣ ਮੁਕਾਬਲਿਆਂ ਦੇ ਵੱਖ-ਵੱਖ ਵਿਸ਼ੇ ਬਣੇ ਖਿੱਚ ਦਾ ਕੇਂਦਰ



ਫਰਿਜ਼ਨੋਂ (ਕੁਲਵੀਰ ਹੇਅਰ)- ਇੰਡੋ ਅਮੈਰਿਕਨ ਹੈਰੀਟੇਜ ਫੋਰਮ ਵਲੋਂ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਸ਼ਹੀਦ ਊਧਮ ਸਿੰਘ ਅਤੇ ਸ਼ਹੀਦ ਮਦਨ ਲਾਲ ਢੀਂਗਰਾ ਦੀ ਯਾਦ 'ਚ ਉੱਚ ਪੱਧਰੀ ਸ਼ਹੀਦੀ ਸਮਾਗਮ ਕਰਵਾਇਆ ਗਿਆ। ਇਸ ਮੌਕੇ ਵਿਦਿਅਰਥੀਆਂ ਦੇ ਭਾਸ਼ਣ ਮੁਕਾਬਲੇ ਕਰਵਾਏ ਗਏ ਜੋ ਖਿੱਚ ਦਾ ਕੇਂਦਰ ਬਣੇ। ਸਮਾਗਮ ਦੀ ਸ਼ੁਰੂਆਤ ਕਰਦਿਆਂ ਹਰਜਿੰਦਰ ਢੇਸੀ ਨੇ ਹਾਜ਼ਰੀਨ ਨੂੰ ਜੀ ਆਇਆਂ ਆਖਿਆ ਤੇ ਨਾਲ ਹੀ ਪਿਛਲੇ ਸਮੇਂ ਦੌਰਾਨ ਕਮਿਉਨਿਟੀ ਦੀਆਂ ਵਿੱਛੜ ਚੁੱਕੀਆਂ ਉੱਘੀਆਂ ਸਖਸ਼ੀਅਤਾਂ ਨੂੰ ਸ਼ੋਕ ਮਤੇ ਰਾਹੀਂ ਸ਼ਰਧਾਂਜਲੀਆਂ ਭੇਂਟ ਕੀਤੀਆਂ। ਰਾਜ ਬਰਾੜ ਦੇ ਇਕ ਗੀਤ ਉਪਰੰਤ ਮੰਚ ਸੰਚਾਲਕ ਹਰਜਿੰਦਰ ਢੇਸੀ ਵਲੋਂ ਉੱਘੇ ਸ਼ਾਇਰ ਉਸਤਾਦ ਹਰਜਿੰਦਰ ਕੰਗ, ਲੇਖਕ ਅਤੇ ਰੇਡੀਓ ਹੋਸਟ ਸੰਤੋਖ ਸਿੰਘ ਮਿਨਹਾਸ, ਡਾ. ਅਰਜਨ ਜੋਸ਼ਨ ਅਤੇ ਗੁਰਰੀਤ ਸਿੰਘ ਬਰਾੜ ਨੂੰ ਭਾਸ਼ਣ ਮੁਕਾਬਲੇ ਦੌਰਾਨ ਜੱਜਾਂ ਦੀ ਭੂਮਿਕਾ ਨਿਭਾਉਣ ਲਈ ਟੇਬਲ 'ਤੇ ਆਉਣ ਲਈ ਸੱਦਾ ਦਿੱਤਾ ਗਿਆ। ਇਹ ਮੁਕਾਬਲੇ ਤਿੰਨ ਹਿੱਸਿਆਂ ਵਿਚ ਵੰਡੇ ਗਏ ਸਨ।

ਪਹਿਲੇ ਭਾਗ ਵਿਚ ਐਲੀਮੈਂਟਰੀ ਸਕੂਲ ਦੇ ਵਿਦਿਅਰਥੀਆਂ ਜਿਨ੍ਹਾਂ ਵਿਚ ਮਿਲਨਜੋਤ ਸਿੰਘ ਰਾਠੌਰ, ਮੇਹਰ ਭੰਡੋਲ, ਵਾਰਸ ਗਿੱਲ਼, ਅਜੂਨੀ ਚੀਮਾ, ਏਕਮਜੀਤ ਕੌਰ, ਅੰਗਦਬੀਰ ਸਿੰਘ, ਤਰਨਵੀਰ ਰਾਠੌਰ, ਅਮਾਇਰਾ ਕੌਰ, ਤੇਗਵੀਰ ਰਾਠੌਰ, ਅਰਜੋਈ ਸਿੰਘ, ਅਮਾਇਆ ਗੁਪਤਾ, ਸਵਨੀਤ ਕੌਰ ਕਿੰਗਰਾ, ਸੀਰਤ ਕੌਰ ਮਾਂਗਟ, ਜਾਸ਼ਾਨ ਜੱਜ, ਮਿਲਨ ਸਿੰਘ ਨੇ ਭਾਗ ਲਿਆ ਜਿਹਨਾਂ ਵਿਚੋਂ ਵਾਰਸ ਗਿੱਲ ਨੇ ਪਹਿਲਾ, ਅੰਜੂਨੀ ਚੀਮਾ ਨੇ ਦੂਜਾ ਅਤੇ ਅੰਗਦਬੀਰ ਸਿੰਘ ਨੇ ਤੀਜਾ ਸਥਾਨ ਪ੍ਰਾਪਤ ਕੀਤਾ।

ਦੂਜੇ ਭਾਗ ਦੇ ਗਰੁੱਪ 'ਬੀ' ਵਿਚ ਮਿਡਲ ਸਕੂਲ ਦੇ ਵਿਦਿਅਰਥੀ ਜਿਨ੍ਹਾਂ ਵਿਚ ਆਰੀਅਨ ਗਿੱਲ ਨੇ ਪਹਿਲਾ ਸਥਾਨ ਹਾਸਲ ਕੀਤਾ।

ਤੀਜੇ ਭਾਗ ਵਿਚ ਹਾਈ ਸਕੂਲ ਦੇ ਵਿਦਿਅਰਥੀ ਜਿਨ੍ਹਾਂ ਵਿਚ ਅਵਲੀਨ ਧਾਲੀਵਾਲ, ਕਿਰਤਬੀਰ ਸਿੰਘ, ਮੇਹਰ ਧਾਮੀ, ਰਵਨੀਤ ਕੌਰ, ਅੰਮ੍ਰਿਤਪਾਲ ਸਿੰਘ, ਕਿਰਤ ਸੰਘਾ, ਈਸ਼ਾਨ ਮੁਹਾਰ, ਮਨਟੇਕਵੀਰ ਸਿੱਧੂ, ਰਾਜਵੀਰ ਧਾਲੀਵਾਲ, ਅਵਨੀਤ ਕੌਰ, ਜਸਲੀਨ ਰਾਠੌਰ, ਕਰਨਪਾਲ ਸਿੰਘ ਨੇ ਭਾਗ ਲਿਆ। ਜਿਨ੍ਹਾਂ ਵਿਚ ਰਵਨੀਤ ਕੌਰ ਨੇ ਪਹਿਲਾ, ਈਸ਼ਾਨ ਮੁਹਾਰ ਨੇ ਦੂਜਾ ਜਦਕਿ ਰਾਜਵੀਰ ਧਾਲੀਵਾਲ, ਅਵਨੀਤ ਕੌਰ ਅਤੇ ਜਸਲੀਨ ਰਾਠੌਰ ਨੇ ਸਾਂਝੇ ਤੌਰ 'ਤੇ ਤੀਜਾ ਸਥਾਨ ਹਾਸਲ ਕੀਤਾ।

ਚੌਥੇ ਭਾਗ ਵਿਚ ਕਾਲਜ ਦੇ ਵਿਦਿਅਰਥੀ ਜਿਨ੍ਹਾਂ ਵਿਚ ਰੱਜਤ ਗੱਡੂ, ਅਫਰਾਜ ਗਿੱਲ ਪਹਿਲੇ ਸਥਾਨ, ਮਹਿਕਪ੍ਰੀਤ ਸਿੱਧੂ ਦੂਜੇ ਅਤੇ ਸਾਹਿਬ ਸੰਘਾ ਧਾਲੀਵਾਲ ਤੀਜੇ ਸਥਾਨ 'ਤੇ ਰਹੇ।

ਪਹਿਲੇ, ਦੂਜੇ ਅਤੇ ਤੀਜੇ ਸਥਾਨ 'ਤੇ ਰਹਿਣ ਵਾਲੇ ਵਿਦਿਅਰਥੀਆਂ ਨੂੰ ਨਗਦ ਇਨਾਮ ਅਤੇ ਸਨਮਾਨ ਚਿੰਨ ਦਿੱਤੇ ਗਏ।ਇਸ ਤੋਂ ਇਲਾਵਾ ਭਾਗ ਲੈਣ ਵਾਲੇ ਸਾਰੇ ਵਿਦਿਅਰਥੀ ਨੂੰ ਉਤਸ਼ਾਹਿਤ ਕਰਨ ਲਈ ਯਾਦਗਾਰੀ ਚਿੰਨ ਦਿੱਤੇ ਗਏ। ਇਸ ਮੌਕੇ ਬੋਲਦਿਆਂ ਉਸਤਾਦ ਸ਼ਾਇਰ ਹਰਜਿੰਦਰ ਕੰਗ ਵਲੋਂ ਸ਼ਹੀਦਾਂ ਨੂੰ ਸਮਰਪਿਤ ਸ਼ਾਇਰੀ ਦਾ ਰੰਗ ਪੇਸ਼ ਕੀਤਾ ਗਿਆ, ਉਨ੍ਹਾਂ ਬੱਚਿਆਂ ਦੇ ਮਾਪਿਆਂ ਦਾ ਵੀ ਧੰਨਵਾਦ ਕੀਤਾ ਜਿਨ੍ਹਾਂ ਨੇ ਬੱਚਿਆਂ ਅੰਦਰ ਇਹੋ ਜਿਹੇ ਸਮਾਗਮਾ ਵਿਚ ਭਾਗ ਲੈਣ ਦੀ ਚੇਟਕ ਪੈਦਾ ਕੀਤੀ। ਸੰਤੋਖ ਮਿਨਹਾਸ ਨੇ ਵੀ ਆਪਣੇ ਵਿਚਾਰਾਂ ਰਾਹੀਂ ਸਮਾਗਮ ਦੀ ਸਫਲਤਾ ਲਈ ਵਧਾਈ ਦਿੱਤੀ ਅਤੇ ਬੱਚਿਆਂ ਨੂੰ ਹੋਰ ਅੱਗੇ ਵਧਣ ਲਈ ਉਤਸ਼ਾਹਿਤ ਕੀਤਾ। ਇਸ ਮੌਕੇ ਹੋਰ ਬੁਲਾਰਿਆਂ ਵਿਚ ਚਰੰਜੀ ਲਾਲ (ਇਤਿਹਾਸਕਾਰ ਤੇ ਖੋਜੀ ਲੇਖਕ, ਦੇਸ਼ ਭਗਤ ਯਾਦਗਾਰ ਹਿਸਟੋਰੀਅਨ ਕਮੇਟੀ ਮੈਂਬਰ), ਮਲਕੀਤ ਸਿੰਘ ਕਿੰਗਰਾ, ਪਰਮਪਾਲ ਸਿੰਘ, ਗੁਰਰੀਤ ਸਿੰਘ ਬਰਾੜ ਵਲੋਂ ਆਪਣੇ ਵਿਚਾਰਾਂ ਰਾਹੀਂ ਸ਼ਹੀਦਾਂ ਨੂੰ ਸ਼ਰਧਾਂਜਲੀਆਂ ਭੇਂਟ ਕੀਤੀਆਂ ਗਈਆਂ। ਆਂਚਲ ਹੇਅਰ ਵਲੋਂ ਇਕ ਸ਼ੇਅਰ ਅਤੇ ਕਵਿਤਾ ਪੇਸ਼ ਕੀਤੇ ਗਏ ਤੇ ਫੋਰਮ ਵਲੋਂ ਸਭ ਦਾ ਧੰਨਵਾਦ ਕੀਤਾ ਗਿਆ। ਸ਼ਿੰਦਰ ਸਿੰਘ ਮੀਰਪੁਰੀ ਨੇ ਸ਼ਿਅਰ ਅਤੇ ਕਵਿਤਾ ਪੇਸ਼ ਕੀਤੀ ਅਤੇ ਨਵੀ ਪੀੜ੍ਹੀ ਨੂੰ ਪੰਜਾਬੀ ਬੋਲੀ ਨਾਲ ਜੋੜਣ ਦੀ ਬੇਨਤੀ ਕੀਤੀ।ਸ਼ਰਨਜੀਤ ਧਾਲੀਵਾਲ ਨੇ ਬਹੁਤ ਹੀ ਖੂਬਸੂਰਤ ਕਵਿਤਾ ਪੇਸ਼ ਕੀਤੀ ਅਤੇ ਫੋਰਮ ਵਲੋਂ ਸਭ ਦਾ ਧੰਨਵਾਦ ਕੀਤਾ। ਅਕਸ਼ ਸੰਧੂ ਨੇ ਗੁਰਭਜਨ ਗਿੱਲ ਦੀ ਕਵਿਤਾ ਪੇਸ਼ ਕੀਤੀ। ਗਾਇਕਾ ਜੋਤ ਰਣਜੀਤ ਵਲੋਂ ਸੰਤ ਰਾਮ ਉਦਾਸੀ ਦਾ ਗੀਤ ਬੜੇ ਹੀ ਸੁਰੀਲੇ ਅੰਦਾਜ ਵਿਚ ਪੇਸ਼ ਕੀਤਾ। ਇਸ ਮੌਕੇ 'ਇਕ ਪੰਥ ਇਕ ਸੋਚ' ਸੰਸਥਾ ਵਲੋਂ ਅਮੈਰਿਕਨ ਹੈਰੀਟੇਜ ਫੋਰਮ ਦਾ ਸਨਮਾਨ ਕੀਤਾ ਗਿਆ।

ਅਖੀਰ ਵਿਚ ਇੰਡੋ ਅਮੈਰਿਕਨ ਹੈਰੀਟੇਜ ਫੋਰਮ ਵਲੋ 900 ਏ.ਐੱਮ. ਦੇ ਸਾਰੇ ਪੰਜਾਬੀ ਹੋਸਟ, 1300 ਏ.ਐੱਮ ਰੇਡੀਓ ਦੇ ਪਰਵੀਨ ਕੁਮਾਰ, ਜੋਤ ਰਣਜੀਤ (ਪਰਾਈਮ ਏਸ਼ੀਆ), ਸੰਜੀਵ ਕੁਮਾਰ (ਏ.ਬੀ.ਟੀ.ਵੀ.), ਨੀਟਾ ਮਾਛੀਕੇ, ਇੰਡੋ ਯੂ.ਐੱਸ. ਹੈਰੀਟੇਜ, ਫਰਿਜ਼ਨੋ (ਸਾਧੂ ਸਿੰਘ ਸੰਘਾ, ਮਨਜੀਤ ਸਿੰਘ ਕੁਲਾਰ, ਰਣਜੀਤ ਸਿੰਘ ਗਿੱਲ, ਹੈਰੀ ਮਾਨ), ਜੀ.ਐੱਚ. ਜੀ ਡਾਂਸ ਐਂਡ ਸੰਗੀਤ ਅਕੈਡਮੀ ਦਾ ਧੰਨਵਾਦ ਕੀਤਾ ਗਿਆ। ਹੋਰ ਮਹਿਮਾਨਾਂ ਵਿਚ ਚਰਨਜੀਤ ਸਿੰਘ ਬਾਠ, ਡਾ. ਮਹਿੰਦਰ ਸਿੰਘ ਪੂਨੀਆ, ਕੋਚ ਦਰਸ਼ਨ ਸਿੰਘ, ਕਰਮ ਸਿੰਘ ਮਾਨ, ਗੁਰਮਿੰਦਰ ਸਿੰਘ ਸੰਘਾ (ਡੀਨ ਫਰਿਜ਼ਨੋ ਸਿਟੀ ਕਾਲਜ), ਹਰਜਿੰਦਰ ਸਿੰਘ ਸੈਣੀ (ਸਿਟੀ ਆਫ਼ ਫਰਿਜ਼ਨੋ, ਮੇਅਰ ਆਫਸ) ਵਿਸ਼ੇਸ਼ ਤੌਰ 'ਤੇ ਸਮਾਗਮ ਵਿਚ ਹਾਜ਼ਰ ਰਹੇ। ਸਟੇਜ ਦੀ ਜ਼ਿੰਮੇਵਾਰੀ ਹਰਜਿੰਦਰ ਢੇਸੀ ਨੇ ਬਾਖੂਬੀ ਨਿਭਾਈ। ਆਏ ਹੋਏ ਸਭਨਾਂ ਲਈ ਚਾਹ ਪਕੌੜੇ ਦਾ ਖਾਸ ਪ੍ਰਬੰਧ ਕੀਤਾ ਗਿਆ ਸੀ।ਕੁਲ ਮਿਲਾ ਕੇ ਇਹ ਸਮਾਗਮ ਸਫਲ ਹੋ ਨਿੱਬੜਿਆ ਅਤੇ ਭਾਈਚਾਰੇ ਦੇ ਚੇਤਿਆਂ 'ਚ ਵਸ ਗਿਆ। ਅਗਲੇ ਸਮਾਗਮ ਵਿਚ ਫਿਰ ਮਿਲਣ ਦੇ ਵਾਅਦੇ ਨਾਲ ਪ੍ਰਬੰਧਕਾਂ ਵਲੋਂ ਸਮਾਗਮ ਦੀ ਸਮਾਪਤੀ ਦਾ ਐਲਾਨ ਕੀਤਾ ਗਿਆ।


ਕੈਪਟਨ ਅਮਰਜੀਤ ਸਿੰਘ ਕਾਲੇਕਾ


ਕੈਪਟਨ ਅਮਰਜੀਤ ਸਿੰਘ ਕਾਲੇਕਾ ਸਿੱਖ ਕੌਮ ਵਿੱਚ ਇੱਕ ਜਾਣਿਆ ਪਹਿਚਾਣਿਆ ਕੁਰਬਾਨੀ ਵਾਲਾ ਪ੍ਰਵਾਰ ਹੈ। ਪਟਿਆਲਾ ਰਿਆਸਤ ਦੇ ਨਾਮੀ ਪਰਿਵਾਰ ਵਿਚ ਜਨਮ ਅਤੇ ਪਰਵਿਰਸ਼ ਪਾਉਣ ਉਪਰੰਤ ਇਨ੍ਹਾਂ ਨੇ ਫੌਜ ਦੇ ਵਿਚ ਬੜੀ ਦਲੇਰੀ ਨਾਲ ਸਰਵਿਸ ਕੀਤੀ। ਉਸ ਤੋਂ ਬਾਅਦ ਬਤੌਰ ਲੈਕਚਰਾਰ ਸਰਕਾਰੀ ਕਾਲਜ ਵਿਚ ਇਮਾਨਦਾਰੀ ਨਾਲ ਸੇਵਾ ਨਿਭਾਈ, ਜਿਸ ਵੇਲੇ ਬਤੌਰ ਉਪ ਆਬਕਾਰੀ ਤੇ ਕਰ ਕਮਿਸ਼ਨਰ ਆਪਣੇ ਕੈਰੀਅਰ ਦੀਆਂ ਉਚਾਈਆਂ 'ਤੇ ਸਨ, ਪੰਜ ਸਾਲਾਂ ਦੀ ਛੁੱਟੀ ਲੈ ਕੇ ਆਪਣੀ ਜਾਇਦਾਦ ਵੇਚ ਕੇ, ਪਰਿਵਾਰ ਸਮੇਤ ਅਮਰੀਕਾ ਆ ਗਏ, ਜਿਥੇ ਜਾ ਕੇ ਮੁੜ ਤੋਂ ਸੰਘਰਸ਼ ਕਰਦੇ ਹੋਏ ਪ੍ਰਾਪਤੀਆਂ ਕੀਤੀਆਂ ਅਤੇ ਦੋਵੇਂ ਬੇਟਿਆਂ ਨੂੰ ਉਚੇਰੀ ਸਿੱਖਿਆ ਦਿਵਾਉਣ ਉਪਰੰਤ ਇਸ ਕਾਬਲ ਬਣਾਇਆ ਕਿ ਉਹ ਅੱਜ ਆਪਣੇ ਪਰਿਵਾਰਾਂ ਸਮੇਤ ਅਮਰੀਕਾ ਵਿਚ ਬਹੁਤ ਮਾਣ ਵਾਲੀਆਂ ਥਾਵਾ 'ਤੇ ਸੈਟਲ ਹਨ। ਇਹ ਸਭ ਕੁਝ ਹਾਸਲ ਕਰਨ ਉਪਰੰਤ ਮੁੜ ਭਾਰਤ ਪਰਤ ਕੇ ਬਤੌਰ ਐਡੀਸ਼ਨਲ ਆਬਕਾਰੀ ਤੇ ਕਰ ਕਮਿਸ਼ਨਰ ਪੰਜਾਬ ਰਿਟਾਇਰ ਹੋਏ। ਕੈਪਟਨ ਅਮਰਜੀਤ ਸਿੰਘ ਕਾਲੇਕਾ ਉਕ ਕਰੀਕ ਵਿਸਕਾਸਨ ਦੇ ਗੁਰਦੁਆਰਾ ਸਾਹਿਬ ਵਿਖੇ ਸ਼ਹੀਦ ਹੋਏ ਸ੍ਰ. ਸਤਵੰਤ ਸਿੰਘ ਕਾਲੇਕਾ ਦੇ ਵੱਡੇ ਭਰਾ ਹਨ। ਕਾਲੇਕਾ ਪ੍ਰਵਾਰ ਪੁਸ਼ਤਾਂ ਤੋ ਪੰਥ ਦੀ ਨਿਸ਼ਕਾਮ ਸੇਵਾ ਕਰਦੇ ਆ ਰਹੇ ਹਨ ਜਿਥੇ ਉਕ ਕਰੀਕ ਵਿਸਕਾਸਨ ਦੇ ਗੁਰਦੁਆਰਾ ਸਾਹਿਬ ਚ ਵਾਪਰੀ ਘਟਨਾ ਨੇ ਪੂਰੇ ਅਮਰੀਕਾ ਸਮੇਤ ਸਾਰੀ ਦੂਨੀਆ ਦੇ ਸਿੱਖਾਂ ਉਪਰ ਗਹਿਰਾ ਪ੍ਰਭਾਵ ਛੱਡਿਆ ਉਥੇ ਕੈਪਟਨ ਅਮਰਜੀਤ ਸਿੰਘ ਕਾਲੇਕਾ ਨੇ ਇਸ ਸ਼ਹਾਦਤ ਨੂੰ ਕਲਮਬੰਦ ਕਰਨ ਲਈ ਕੋਸਿਸ਼ ਅਰੰਭ ਕਰ ਦਿੱਤੀ। ਭਾਵੇਂ ਸਤਵੰਤ ਸਿੰਘ ਦੀ ਸ਼ਹੀਦੀ, ਉਨ੍ਹਾਂ ਦੇ ਪਰਿਵਾਰ, ਪਿੰਡ ਵਾਸੀਆਂ, ਸੱਜਣਾਂ-ਮਿੱਤਰਾਂ ਅਤੇ ਵਿਸ਼ੇਸ਼ ਕਰਕੇ ਸਮੂਹ ਨਾਨਕ ਨਾਮ ਲੇਵਾ ਮਨੁੱਖਾਂ ਲਈ ਇਕ ਨਾ-ਭੁਲਾਇਆ ਜਾਣ ਵਾਲਾ ਵਾਕਿਆ ਹੈ। ਪ੍ਰੰਤੂ ਫਿਰ ਵੀ ਉਨ੍ਹਾਂ ਦੇ ਮਨ ਵਿਚ ਇਹ ਇੱਛਾ ਸੀ ਕਿ ਉਨਾ ਤੋਂ 5 ਵਰ੍ਹੇ ਛੋਟੇ ਵੀਰ ਸਤਵੰਤ ਸਿੰਘ ਕਾਲੇਕਾ ਦੀ ਸ਼ਹੀਦੀ ਦੀ ਗੌਰਵਗਾਥਾ ਨੂੰ ਸ਼ਬਦਾਂ ਵਿਚ ਕਾਨੀਬੱਧ ਕੀਤਾ ਜਾਵੇ ਅਤੇ ਇਸ ਘਟਨਾ ਦੀ ਯਾਦ ਨੂੰ ਇਤਿਹਾਸਕ ਦਸਤਾਵੇਜ਼ ਦੇ ਰੂਪ ਵਿਚ ਸੰਭਾਲ ਕੇ ਰੱਖਿਆ ਜਾਵੇ ਕਿਉਂਕਿ ਆਮ ਕਹਾਵਤ ਹੈ ਕਿ ਸੀਨਾ-ਬਸੀਨਾ ਤੁਰਦੀਆਂ ਗਾਥਾਵਾਂ ਸਮਾਂ ਪਾ ਕੇ ਜਨ-ਚੇਤਨਾ ਵਿਚੋਂ ਲੁਪਤ ਹੋ ਜਾਂਦੀਆਂ ਹਨ ਪ੍ਰੰਤੂ ਸ਼ਾਬਦਿਕ ਰੂਪ ਵਿਚ ਚਿੱਤਰੀਆਂ ਵੀਰ-ਗਾਥਾਵਾਂ ਇਤਿਹਾਸ ਦਾ ਸਥਾਈ ਹਿੱਸਾ ਬਣ ਜਾਂਦੀਆਂ ਹਨ। ਇਸ ਪੁਸਤਕ ਦੀ ਰਚਨਾ ਕਰਦਿਆਂ ਉਨਾ ਕਿਸੇ ਇਤਿਹਾਸ, ਮਿਥਿਹਾਸ ਜਾਂ ਕਲਪਨਾ ਦਾ ਸਹਾਰਾ ਨਹੀਂ ਲਿਆ। ਉਨ੍ਹਾਂ ਦਾ ਜ਼ਿਆਦਾ ਧਿਆਨ ਸ੍ਰ. ਸਤਵੰਤ ਸਿੰਘ ਅਤੇ ਉਸ ਦੇ ਜੀਵਨ ਨਾਲ ਸਬੰਧਤ ਵਾਸਤਵਿਕ ਘਟਨਾਵਾਂ ਨੂੰ ਚਿੱਤਰਣ 'ਤੇ ਹੀ ਕੇਂਦਰਤ ਰਿਹਾ ਹੈ। ਇਸ ਪੁਸਤਕ ਦੀ ਰਚਨਾ ਪ੍ਰਕਿਰਿਆ ਅਤੇ ਸੰਪੂਰਨਤਾ ਵਿਚ ਵੀ ਆਮ ਵਾਂਗ ਉਨ੍ਹਾਂ ਦੀ ਸੁਪਤਨੀ ਸਰਦਾਰਨੀ ਜਸਮਿੰਦਰ ਕੌਰ ਦਾ ਮਹੱਤਵਪੂਰਨ ਯੋਗਦਾਨ ਰਿਹਾ ਹੈ। ਅਸੀਂ ਉਨ੍ਹਾਂ ਦੀ ਲਿਖੀ ਇਤਿਹਾਸਕ ਕਿਤਾਬ ਸ਼ਹੀਦ ਸਤਵੰਤ ਸਿੰਘ ਕਾਲੇਕੇ ਜਨਮ ਤੋਂ ਸ਼ਹੀਦੀ ਤੱਕ 'ਸਾਡੇ ਲੋਕ' ਅਖਬਾਰ ਵਿੱਚ ਲੜੀਵਾਰ ਛਾਪਕੇ ਮਾਣ ਮਹਿਸੂਸ ਕਰ ਰਹੇ ਹਾਂ : ਸਤਨਾਮ ਸਿੰਘ ਖਾਲਸਾ

# ਨਾਨਕਿਆਂ 'ਤੇ ਸਿੰਘ ਸਭਾ ਲਹਿਰ ਦਾ ਅਸਰ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

ਤਕਰੀਬਨ 1880 ਵਿਚ ਪੰਜਾਬ ਵਿਚ ਸਿੰਘ ਸਭਾ ਲਹਿਰ ਸ਼ੁਰੂ ਹੋਈ। ਇਸ ਲਹਿਰ ਦੇ ਆਉਣ ਦੇ ਦੋ ਕਾਰਣ ਸਨ। ਇਕ ਪਾਸੇ ਆਰੀਆ ਸਮਾਜ ਪੰਜਾਬ ਵਿੱਚ ਵੱਧ ਫੁੱਲ ਰਿਹਾ ਸੀ ਤੇ ਸਿੱਖਾਂ ਨੂੰ ਹਿੰਦੂ ਬਣਾਉਣ ਲਈ ਪ੍ਰੇਰਿਆ ਜਾ ਰਿਹਾ ਸੀ। ਦੂਜੇ ਪਾਸੇ ਮਹਾਰਾਜਾ ਰਣਜੀਤ ਸਿੰਘ ਦੀ ਸਲਤਨਤ ਖਤਮ ਹੋਣ ਤੇ ਅੰਗਰੇਜ਼ਾਂ ਦਾ ਪ੍ਰਭਾਵ ਪੰਜਾਬ ਵਿਚ ਤੇਜ਼ੀ ਨਾਲ ਵੱਧ ਰਿਹਾ ਸੀ। ਅੰਗਰੇਜ਼ ਪੰਜਾਬ ਵਿਚ ਈਸਾਈ ਧਰਮ ਦਾ ਪਸਾਰ ਕਰਨਾ ਚਾਹੁੰਦੇ ਸਨ। ਪੰਜਾਬ ਦੇ ਕੁਝ ਇਲਾਕਿਆਂ ਵਿਚ ਕਈ ਲੋਕਾਂ ਨੇ ਈਸਾਈ ਧਰਮ ਧਾਰਨ ਵੀ ਕਰ ਲਿਆ ਸੀ। ਇਹਨਾਂ ਦੋਨਾਂ ਸਾਜ਼ਿਸ਼ਾਂ ਤੋਂ ਸਿੱਖ ਧਰਮ ਨੂੰ ਬਚਾਉਣ ਲਈ ਇਹ ਲਹਿਰ ਹੋਂਦ ਵਿਚ ਆਈ, ਜਿਸ ਵਿਚ ਵੱਡੇ-ਵੱਡੇ ਬੁੱਧੀਜੀਵੀ ਭਾਈ ਵੀਰ ਸਿੰਘ ਅਤੇ ਭਾਈ ਕਾਨ੍ਹ ਸਿੰਘ ਨਾਭਾ ਆਦਿ ਸ਼ਖਸੀਅਤਾਂ ਨੇ ਵੀ ਹਿੱਸਾ ਲਿਆ। ਹਜ਼ਾਰਾਂ ਇਸ਼ਤਿਹਾਰ ਪਿੰਡ ਪਿੰਡ ਜਾ ਕੇ ਘਰ ਘਰ ਵੰਡੇ ਗਏ। ਧਰਮ ਦਾ ਪ੍ਰਚਾਰ ਕੀਤਾ ਅਤੇ ਲੋਕਾਂ ਨੂੰ ਅੰਮ੍ਰਿਤ ਪਾਨ ਕਰਵਾਇਆ। ਤਕਰੀਬਨ 1890 ਤੱਕ ਸਾਰੇ ਪੰਜਾਬ ਦੇ ਸਿੱਖ ਰਾਜੇ ਮਹਾਰਾਜੇ ਅਤੇ ਹੋਰ ਸਿੱਖ ਸਰਦਾਰ ਇਸ ਲਹਿਰ ਦਾ ਹਿੱਸਾ ਬਣ ਗਏ।

ਇਸ ਲਹਿਰ ਦਾ ਉਦੇਸ਼ ਸਿੱਖਾਂ ਨੂੰ ਉਹ ਜਿਹਾ ਜੀਵਨ ਜਿਊਣ ਦੀ ਸਿੱਖਿਆ ਦੇਣਾ ਸੀ, ਜਿਹੋ ਜਿਹਾ ਜੀਵਨ ਗੁਰੂ ਸਾਹਿਬਾਨਾਂ ਨੇ ਆਪਣੇ ਸਿੱਖਾਂ ਲਈ ਸੋਚਿਆ ਸੀ। ਇਸ ਵਿਚ ਅੰਮ੍ਰਿਤ ਪਾਨ ਕਰਨਾ, ਸਾਦਾ ਜੀਵਨ ਜਿਊਣਾ, ਮਿਹਨਤ ਅਤੇ ਹੱਕ ਦੀ ਕਮਾਈ ਕਰਨਾ ਸ਼ਾਮਲ ਸੀ। ਆਪਣੀ ਅਣਖ ਇਜ਼ਤ ਦੇ ਨਾਲ-ਨਾਲ ਦੂਜੇ ਦੇ ਮਾਨ ਸਨਮਾਨ ਦੀ ਰਾਖੀ ਲਈ ਵੀ ਲੜਣਾ। ਗੁਰਦੁਆਰਿਆਂ ਦੀ ਮਰਯਾਦਾ ਕਾਇਮ ਰੱਖਣਾ। ਵਿਆਹਾਂ ਸ਼ਾਦੀਆਂ ਵਿਚ ਦਹੇਜ਼ ਪ੍ਰਥਾ ਨੂੰ ਖ਼ਤਮ ਕਰਨਾ ਅਤੇ ਵਿਆਹ ਦੇ ਪ੍ਰੋਗਰਾਮਾਂ ਵਿਚ ਨਾਚ ਗਿੱਧਿਆਂ ਦੀ ਜਗ੍ਹਾ ਕੇਵਲ ਗੁਰਬਾਣੀ ਦੇ ਸ਼ਬਦਾਂ ਨੂੰ ਤਰਜੀਹ ਦੇਣੀ ਆਦਿ ਸ਼ਾਮਲ ਸਨ। ਸਾਡੇ ਨਾਨਕੇ ਪਰਿਵਾਰ ਨੇ ਵੀ ਇਸ ਲਹਿਰ ਵਿਚ ਵੱਧ ਚੜ੍ਹ ਕੇ ਹਿੱਸਾ ਲਿਆ ਅਤੇ ਆਪਣਾ ਬਣਦਾ ਯੋਗਦਾਨ ਪਾਇਆ। ਸਿੰਘ ਸਭਾ ਲਹਿਰ ਨੇ ਮੁੜ ਸਿੱਖਾਂ ਨੂੰ ਲੱਖਾਂ ਦੀ ਗਿਣਤੀ ਵਿਚ ਅੰਮ੍ਰਿਤ ਸੰਚਾਰ ਕਰਾ ਕੇ ਗੁਰੂ ਨਾਲ ਜੋੜਿਆ ਅਤੇ ਕੁਰਹਿਤਾਂ ਤੋਂ ਬਚਾਇਆ। ਮੇਰੇ ਦੋਵੇਂ ਨਾਨੇ ਅਤੇ ਤਿੰਨੇ ਮਾਮੇ ਅੰਮ੍ਰਿਤਧਾਰੀ ਸਿੱਖ ਸਨ ਅਤੇ ਇਹਨਾਂ ਦੀ ਰਹਿਣੀ ਵੀ ਗੁਰਮਤਿ ਅਨੁਸਾਰ ਹੀ ਸੀ।




**ਮੇਰੇ ਪਿਤਾ ਜੀ ਦਾ ਵਿਆਹ:-** ਮੇਰੇ ਪਿਤਾ ਦਾ ਵਿਆਹ 1931 ਵਿਚ ਭੈਣੀ ਫੱਤੋ ਵਿਖੇ ਹੋਇਆ ਅਤੇ ਇਸ ਦਾ ਵਿਚੋਲਾ ਗੁਰਨਾਮ ਸਿੰਘ ਸੀ, ਜੋ ਕਿ ਪਟਿਆਲਾ ਰਿਆਸਤ ਵਿਚ ਜੱਜ ਸੀ। ਗੁਰਨਾਮ ਸਿੰਘ ਦਾ ਇੱਕਲੌਤਾ ਲੜਕਾ ਸ. ਮਿਹਰ ਸਿੰਘ ਦੀਆਂ ਦੋ ਪਤਨੀਆਂ ਸਨ ਜੋ ਸਕੀਆਂ ਭੈਣਾ ਸਨ ਅਤੇ ਮੇਰੇ ਨਾਨਾ ਜੋਗਿੰਦਰ ਸਿੰਘ ਦੇ ਭੂਆ ਜੀ ਦੀਆਂ ਲੜਕੀਆਂ ਸਨ। ਉਹਨਾਂ ਦਿਨਾਂ ਵਿਚ ਸਰਦਾਰ ਪਰਿਵਾਰਾਂ ਵਿਚ ਸੋਨੇ ਦੀਆਂ ਮੋਹਰਾਂ (ਅੱਠਮਾਸੀਆਂ) ਲੈਣ ਦੇਣ ਦਾ ਰਿਵਾਜ ਸੀ। ਦਾਦਾ ਜੀ ਨੇ ਆਪਣੇ ਦੋਸਤ ਜੱਜ ਸਾਹਿਬ ਨੂੰ ਕਿਹਾ ਕਿ ਮੇਰਾ ਲੜਕਾ ਪ੍ਰੀਤਮ ਸਿੰਘ ਲਫਟੈਨ ਹੈ ਤੇ ਅਸੀਂ ਦੁਗਾਲ ਦੇ ਸਰਦਾਰ ਹਾਂ, ਸਾਡੀ ਇਜ਼ਤ ਵਾਸਤੇ ਸਾਨੂੰ 21 ਮੋਹਰਾਂ ਦਿਵਾ ਦੇਣਾ। ਜੱਜ ਸਾਹਿਬ ਨੇ ਦਾਦਾ ਜੀ ਨੂੰ ਕਿਹਾ ਭੈਣੀ ਫੱਤੋ ਵਾਲੇ ਵੀ ਅਮੀਰ ਬੰਦੇ ਹਨ, ਸੋ ਇਹ ਕੋਈ ਸਮੱਸਿਆ ਵਾਲੀ ਗੱਲ ਨਹੀਂ ਹੋਣੀ ਚਾਹੀਦੀ। ਜਦੋਂ ਵਿਆਹ ਹੋਇਆ ਤੇ ਜੰਞ ਭੈਣੀ ਫੱਤੋ ਤੋਂ ਪਟਿਆਲਾ ਵਾਪਸ ਆਉਣ ਵਾਲੀ ਸੀ ਤਾਂ ਉਹਨਾਂ ਨੇ ਸਵਾ ਰੁਪਏ ਦਾ ਸ਼ਗਨ ਕੀਤਾ ਤੇ ਪੰਜ ਕਕਾਰ ਦਿੱਤੇ। ਜੱਜ ਸਾਹਿਬ ਦੇ ਕਹਿਣ ਤੇ ਕਿ ਇਹ ਤੁਸੀਂ ਕੀ ਕੀਤਾ। ਸ. ਜੋਗਿੰਦਰ ਸਿੰਘ ਜੀ ਨੇ ਕਿਹਾ ਗੁਰਸਿੱਖੀ ਰਿਵਾਜ ਇਹੀ ਹੈ। ਜੱਜ ਸਾਹਿਬ ਨੇ ਅੱਗੋਂ ਸ. ਜੋਗਿੰਦਰ ਸਿੰਘ ਨੂੰ ਕਿਹਾ ਕਿ ਇਹ ਲੜਕਾ ਲਫਟੈਨ ਹੈ ਅਤੇ ਉੱਘੇ ਸਰਦਾਰ ਪਰਿਵਾਰ ਦਾ ਲੜਕਾ ਹੈ। ਸ. ਜੋਗਿੰਦਰ ਸਿੰਘ ਨੇ ਕਿਹਾ ਕਿ ਸਾਨੂੰ ਸਰਦਾਰਾਂ ਤੇ ਜੱਟਾਂ ਵਿਚ ਅਤੇ ਅਫਸਰ ਤੇ ਸਿਪਾਹੀ ਵਿਚ ਕੋਈ ਫਰਕ ਨਹੀਂ ਲੱਗਦਾ। ਜੱਜ ਸਾਹਿਬ ਦੇ ਕਹਿਣ ਤੇ ਕਿ ਤੁਸੀਂ ਕਿਹੋ ਜਿਹਾ ਲੜਕਾ ਲੱਭਣਾ ਸੀ। ਸ. ਜੋਗਿੰਦਰ ਸਿੰਘ ਨੇ ਕਿਹਾ ਕਿ ਸਾਡੇ ਇਲਾਕੇ ਵਿਚ ਪਲਾੜੇ ਦਾ ਮੇਲਾ ਲੱਗਦਾ ਹੈ। ਕੋਈ ਸੋਹਣਾ ਸੁਣਖਾ ਬੱਚਾ ਦੇਖ ਕੇ ਮੈਂ ਇਹੀ ਪੁਛਣਾ ਸੀ ਕਿ ਕਾਕਾ ਤੁਹਾਡਾ ਗੋਤ ਕੀ ਹੈ? ਤੁਸੀਂ ਕਿਹੜੇ ਪਿੰਡ ਦੇ ਹੋ। ਕਿਉਂਕਿ ਸਾਨੂੰ ਤਾਂ ਸਾਰੇ ਲੋਕ ਹੀ ਜਾਣਦੇ ਹਨ ਸਾਡਾ ਇਹ ਦੱਸਣਾ ਹੀ ਕਾਫੀ ਹੈ ਕਿ ਮੈਂ ਜੋਗਿੰਦਰ ਸਿੰਘ ਭੈਣੀ ਫੱਤੇ ਪਿੰਡ ਦਾ ਹਾਂ। ਮੈਂ ਕਿਸੇ ਵੀ ਗੈਰ ਸਿੱਧੂ ਨੂੰ ਇਕ ਰੁਪਏ ਉਥੇ ਹੀ ਸ਼ਗਨ ਕਰ ਦੇਣਾ ਸੀ। ਉਹਨਾਂ ਦਿਨਾਂ ਵਿਚ ਲੋਕਾਂ ਦੇ ਮਨ ਖੁਲ੍ਹੇ ਹੁੰਦੇ ਸਨ।

ਮੇਰੇ ਨਾਨਕੇ ਅਣਖ ਤੇ ਇਜ਼ਤ ਵਾਲੇ ਲੋਕ ਸਨ। ਮੇਰੇ ਪੜਨਾਨਾ ਸ. ਬਸੰਤ ਸਿੰਘ ਜ਼ਮੀਨ ਹੋਣ ਤੋਂ ਇਲਾਵਾ ਸ਼ਾਹੂਕਾਰ ਦਾ ਕੰਮ ਵੀ ਕਰਦੇ ਸਨ। ਇਸ ਲਈ ਆਰਥਿਕ ਤੌਰ ਤੇ ਇਲਾਕੇ ਦੇ ਸਿਰਕੱਢ ਲੋਕਾਂ ਵਿਚੋਂ ਸਨ। ਉਹ ਸਿਰਫ ਆਪਣੀ ਅਣਖ ਵਾਸਤੇ ਹੀ ਨਹੀਂ ਸੀ ਖੜ੍ਹਦੇ, ਬਲਕਿ ਲੋਕਾਂ ਨਾਲ ਧੱਕਾ ਹੁੰਦਾ ਦੇਖ ਕੇ ਵੀ ਉਹਨਾਂ ਨਾਲ ਖੜ੍ਹਦੇ ਸਨ। ਇੱਕ ਵਾਰੀ ਮੇਰੇ ਨਾਨਾ ਜੀ ਆਪਣੇ ਮਾਤਾ ਜੀ ਨਾਲ ਹਰਿਮੰਦਰ ਸਾਹਿਬ, ਅੰਮ੍ਰਿਤਸਰ ਵਿਖੇ ਮੱਥਾ ਟੇਕਣ ਜਾ ਰਹੇ ਸਨ। ਰੇਲ ਗੱਡੀ ਵਿਚ ਸਫ਼ਰ ਕਰਦੇ ਦੌਰਾਨ ਦੋ ਨੌਜਵਾਨ ਇੱਕ ਲੜਕੀ ਨੂੰ ਇੱਕਲੀ ਦੇਖ ਕੇ ਉਸ ਨੂੰ ਛੇੜਣ ਲੱਗੇ। ਨਾਨਾ ਜੀ ਸ. ਜੋਗਿੰਦਰ ਸਿੰਘ ਜੀ ਖੜ੍ਹੇ ਹੋ ਗਏ ਅਤੇ ਉਹਨਾਂ ਦਾ ਵਿਰੋਧ ਕੀਤਾ।

(ਚਲਦਾ)




ਸ੍ਰ. ਗੁਰਚਰਨਜੀਤ ਸਿੰਘ ਲਾਂਬਾ

ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਪੰਥਕ ਸਫ਼ਾਂ ਦੇ ਅੰਦਰ ਇਕ ਉਘੇ ਸਿੱਖ ਚਿੰਤਕ ਅਤੇ ਵਿਦਵਾਨ ਵਜੋਂ ਜਾਣੇ ਜਾਂਦੇ ਹਨ। ਆਪ ਨੇ ਪੰਥਕ ਤੇ ਧਾਰਮਿਕ ਸੂਝ-ਸਮਝ ਆਪਣੇ ਮਾਤਾ ਪਿਤਾ ਤੋਂ ਹੀ ਪ੍ਰਾਪਤ ਕੀਤੀ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਇੱਕ ਅੰਮ੍ਰਿਤਧਾਰੀ ਗੁਰੂ ਕੇ ਸਿੱਖ ਹਨ ਅਤੇ ਪੂਰੀ ਦੁਨੀਆ ਵਿੱਚ ਸਿੱਖ ਪੰਥ ਦੀ ਨਿਧੜਕ ਅਵਾਜ਼ ਹਨ। ਉਨ੍ਹਾਂ ਨੇ 1973 ਵਿਚ ਪਟਨਾ ਸਾਹਿਬ ਵਿਖੇ ਹੀ ਪਟਨਾ ਯੂਨੀਵਰਸਿਟੀ ਤੋਂ ਐਲ.ਐਲ.ਬੀ. ਦੀ ਡਿਗਰੀ ਹਾਸਲ ਕਰਕੇ ਵਕਾਲਤ ਦੇ ਨਾਲ ਨਾਲ ਟੀ.ਵੀ. ਪੱਤਰਕਾਰ ਦੇ ਪੇਸ਼ੇ ਨੂੰ ਅਪਣਾਇਆ। ਆਪ 2003 ਤੋਂ 2011 ਈ. ਤੱਕ ਸੰਤ ਸਿਪਾਹੀ ਰਸਾਲੇ ਦੇ ਐਡੀਟਰ ਰਹੇ। ਆਪ ਪੰਥਕ, ਧਾਰਮਿਕ ਤੇ ਕਾਨੂੰਨੀ ਮਸਲਿਆਂ, ਗੁਰਦੁਆਰਾ ਐਕਟ ਪੈਨਲ ਅਤੇ ਧਰਮਾਂ ਦੇ ਤੁਲਨਾਤਮਿਕ ਅਧਿਐਨ ਵਰਗੇ ਵਿਸ਼ਿਆਂ ਦੇ ਗਹਿਰ-ਗੰਭੀਰ ਖੋਜੀ ਬਣਕੇ ਪੰਥ ਦੇ ਵਡੇਰੇ ਹਿਤਾਂ ਲਈ ਯੋਗਦਾਨ ਪਾਉਂਦੇ ਰਹੇ। ਕਈ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸੈਮੀਨਾਰਾਂ ਵਿਚ ਖੋਜ ਭਰਪੂਰ ਪਰਚੇ ਪੜ੍ਹੇ। "ਇਕ ਖਤ ਭਾਈ ਤਾਰੂ ਸਿੰਘ ਜੀ ਦੇ ਨਾਮ" ਅਤੇ "ਦਸਤਾਰ ਕਿ ਟੋਪੀ" ਆਪ ਦੀਆਂ ਇਨ੍ਹਾਂ ਪੁਸਤਕਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਧਰਮ ਪ੍ਰਚਾਰ ਲਈ ਛਾਪਿਆ। ਆਪ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਪੰਥਕ ਮਸਲਿਆਂ ਦੇ ਹੱਲ ਲਈ ਬਣਾਈਆਂ ਕਈ ਸਬ ਕਮੇਟੀਆਂ ਦੇ ਮੈਂਬਰ ਵਜੋਂ ਵੀ ਕਾਰਜਸ਼ੀਲ ਰਹੇ। ਆਪ ਦੀ ਲਿਖੀ ਇਹ ਹੱਥੀ ਪੁਸਤਕ "ਸਾਖੀ ਸਿੱਖ ਰਹਿਤ ਮਰਯਾਦਾ ਜੀ ਕੀ" ਸਿੱਖ ਰਹਿਤ ਮਰਯਾਦਾ ਦੀ ਜਾਣਕਾਰੀ ਦੇਣ ਦੇ ਨਾਲ ਨਾਲ ਪੰਥ ਵਿਚ ਇਸ ਦੀ ਅਹਿਮੀਅਤ ਨੂੰ ਵੀ ਬਿਆਨ ਕਰਦੀ ਹੈ। ਆਪਜੀ ਦੀ ਕਿਤਾਬ ਪੰਥਕ ਨਜ਼ਰ ਇੱਕ ਇਤਿਹਾਸਕ ਦਸਤਾਵੇਜ਼ ਹੈ ਜੋ ਸਮੇਂ-ਸਮੇਂ ਵਰਤੇ ਇਤਿਹਾਸ ਦੀ ਗਵਾਹੀ ਭਰਦਾ ਹੈ। ਆਪ ਸ੍ਰੀ ਅਕਾਲ ਤਖਤ ਸਾਹਿਬ ਅਤੇ ਇਥੋਂ ਪੰਥ ਲਈ ਜਾਰੀ ਸਿੱਖ ਰਹਿਤ ਮਰਯਾਦਾ ਨੂੰ ਸਮਰਪਿਤ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਕੌਮ ਨੂੰ ਆ ਰਹੀਆਂ ਦਰਪੇਸ਼ ਖਤਰਿਆਂ ਉਪਰ ਬੇਬਾਕੀ ਦੇ ਨਾਲ ਬੋਲਦੇ ਅਤੇ ਕੌਮ ਨੂੰ ਅਗਾਹ ਕਰਦੇ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਪਿਛਲੇ ਲੰਬੇ ਸਮੇ ਤੋਂ 'ਸਾਡੇ ਲੋਕ' ਅਖਬਾਰ ਲਈ ਪੰਥ ਅਤੇ ਪੰਜਾਬ ਦੇ ਭਲੇ ਲਈ ਲਗਾਤਾਰ ਲਿਖ ਰਹੇ ਹਨ। ਅਸੀਂ ਉਨ੍ਹਾਂ ਦੀ ਇਤਿਹਾਸਕ ਕਿਤਾਬ ਪੰਥਕ ਨਜ਼ਰ ਨੂੰ ਲਗਾਤਰ ਹਫਤਾਵਾਰੀ ਛਾਪ ਰਹੇ ਹਾਂ। ਇਸ ਹਫਤੇ ਤੋਂ ਉਨ੍ਹਾਂ ਦੀ ਕੌਮ ਨੂੰ ਵੱਡੀ ਦੇਣ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਸ਼ੁਰੂ ਕਰ ਰਹੇ ਹਾਂ। ਇਥੇ ਇਹ ਜ਼ਿਕਰਯੋਗ ਹੈ ਕੀ ਇਸ ਕਿਤਾਬ ਨੂੰ ਲਿਖਣ ਲਈ ਦਹਾਕਿਆਂ ਦਾ ਸਮਾਂ ਲੱਗਾ ਹੈ ਅਤੇ ਆਸ ਹੈ ਕੀ ਪਾਠਕ ਇਸ ਇਤਿਹਾਸਕ ਦਸਤਾਵੇਜ਼ ਤੋਂ ਜ਼ਰੂਰ ਲਾਭ ਉਠਾਉਣਗੇ। ਅਸੀਂ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਛਾਪਕੇ ਖੁਸ਼ੀ ਮਹਿਸੂਸ ਕਰ ਰਹੇ ਹਾਂ :- ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

*ਇਤਿਹਾਸ ਦੇ ਝਰੋਖੇ ਵਿਚੋਂ*

# ਸਿੱਖ ਰਹਿਤ ਮਰਯਾਦਾ ਦਾ ਖਰੜੇ ਤੋਂ ਪੰਥ ਪ੍ਰਵਾਨਤ ਹੋਣ ਦਾ ਸਫ਼ਰ

## ਪਹਿਲਾ ਪੜਾਅ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦੀ ਕਾਇਮੀ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

ਸਰਬ ਹਿੰਦ ਸਿੱਖ ਮਿਸ਼ਨ ਦੀ ਕਾਇਮੀ ਪੰਥ ਦੀ ਅਦੁੱਤੀ ਪ੍ਰਾਪਤੀ ਕਹੀ ਜਾ ਸਕਦੀ ਹੈ। ਜੂਨ, 1940 ਵਿਚ ਅਲੀਗੜ੍ਹ ਵਿਚ ਇਸ ਮਿਸ਼ਨ ਦੀ ਵੱਡੀ ਪੰਥਕ ਕਾਨਫਰੰਸ ਹੋਈ ਜਿਸ ਦੀ ਪ੍ਰਧਾਨਗੀ ਮਾਸਟਰ ਤਾਰਾ ਸਿੰਘ ਜੀ ਨੇ ਕੀਤੀ। ਉਸ ਵੇਲੇ ਦੀਆਂ ਪੁਲਿਸ ਰਿਪੋਰਟਾਂ (PAI- Police Astract of Intelligence, 6 June, 1940) ਵਿਚ ਜ਼ਿਕਰ ਹੈ ਕਿ ਪੰਜਾਬ, ਰਿਆਸਤ ਪਟਿਆਲਾ, ਦਿੱਲੀ ਅਤੇ ਯੂ.ਪੀ. ਦੇ ਸੋਲਾਂ ਜ਼ਿਲ੍ਹਿਆਂ ਵਿਚੋਂ ਵੱਡੀ ਗਿਣਤੀ ਵਿਚ ਇਸ ਕਾਨਫਰੰਸ ਵਿਚ ਲੋਕ ਸ਼ਾਮਲ ਹੋਏ। ਮਾਸਟਰ ਤਾਰਾ ਸਿੰਘ ਜੀ ਨੂੰ ਬਹੁਤ ਹੀ ਸ਼ਾਹਾਨਾ ਜਲੂਸ ਵਿਚ ਅਲੀਗੜ੍ਹ ਸਟੇਸ਼ਨ ਤੋਂ ਕਾਨਫਰੰਸ ਵਾਲੀ ਥਾਂ 'ਤੇ ਲਿਜਾਇਆ ਗਿਆ। ਇਸ ਵਿਚ ਸ਼ਾਮਲ ਗਿਣਤੀ ਇਕ ਲੱਖ ਤੋਂ ਵੱਧ ਸੀ। ਇਥੇ ਸਾਰਾ ਦਿਨ ਅਤੇ ਸ਼ਾਮ ਤੱਕ ਚਲੇ ਅੰਮ੍ਰਿਤ ਸੰਚਾਰ ਵਿਚ 23,000 ਸਥਾਨਕ ਵਿਅਕਤੀ ਅੰਮ੍ਰਿਤਪਾਨ ਕਰਕੇ ਸਿੰਘ ਸਜੇ। ਸਿੱਖ ਇਤਿਹਾਸ ਵਿਚ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਵਲੋਂ 1699 ਈ. ਵਿਚ ਇਕ ਦਿਨ ਵਿਚ ਅੰਮ੍ਰਿਤ ਸੰਚਾਰ ਹੋਇਆ, ਉਹ ਵੀ ਪੰਜਾਬ ਤੋਂ ਬਾਹਰ। ਉਸ ਸਮੇਂ ਸੰਗਤ ਵਿਚ ਜੋਸ਼ ਅਤੇ ਉਤਸ਼ਾਹ ਇਤਨਾ ਜ਼ਿਆਦਾ ਸੀ ਕਿ ਪੰਥਕ ਆਗੂਆਂ ਦੇ ਲੈਕਚਰ ਦੂਸਰੇ ਦਿਨ ਲਈ ਮੁਲਤਵੀ ਕਰਨੇ ਪਏ। ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਸ੍ਰੀ ਅੰਮ੍ਰਿਤਸਰ ਸਾਹਿਬ ਤੋਂ ਲਿਆਉਂਦੀਆਂ 30,000 ਕਿਰਪਾਨਾਂ ਵੰਡੀਆਂ ਗਈਆਂ। ਰਾਤੋ ਰਾਤ ਹਜ਼ਾਰਾਂ ਦੀ ਗਿਣਤੀ ਵਿਚ ਪੰਥਕ ਜਜ਼ਬੇ ਨਾਲ ਸਰਾਬੋਰ ਸ਼ਸਤ੍ਰਧਾਰੀ ਸਿੰਘ ਇਕ ਸ਼ਹਿਰ ਵਿਚ ਨਜ਼ਰ ਆ ਜਾਣ, ਕੀ ਇਹ ਕਿਸੇ ਕਰਿਸ਼ਮੇ ਤੋਂ ਘੱਟ ਕਿਹਾ ਜਾ ਸਕਦਾ ਹੈ? ਨਵੀਨ ਪੰਥ ਪ੍ਰਕਾਸ਼ ਵਿਚ ਅੰਕਤ, ਪਲੇ ਪਲਾਏ ਇਨ ਮੈਂ ਆਵੇਂ ਇਥੇ ਪ੍ਰਤੱਖ ਨਜ਼ਰੀ ਹੋ ਆਇਆ।

ਇਹ ਸੀ ਸਰਬ ਹਿੰਦ ਸਿੱਖ ਮਿਸ਼ਨ ਬੋਰਡ ਜਿਸ ਨੇ ਅੰਤਿਮ ਰੂਪ ਵਿਚ ਸਿੱਖ ਰਹਿਤ ਮਰਯਾਦਾ ਦੀ ਪ੍ਰਵਾਨਗੀ ਦਾ ਮਤਾ ਪਾਸ ਕੀਤਾ। ਪਰ ਕੀ ਸਿੱਖ ਸਿੱਖ ਮਿਸ਼ਨ ਬਾਰੇ ਸਾਡੀ ਉਪਰਾਮਤਾ ਹੈਰਾਨਕੁੰਨ ਨਹੀਂ।

**12 ਅਕਤੂਬਰ, 1936**

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਵਿਚ ਮਤਾ ਨੰਬਰ 149 ਪ੍ਰਵਾਨ ਕੀਤਾ ਗਿਆ :-

"149. ਸਰਬ ਹਿੰਦ ਸਿੱਖ ਮਿਸ਼ਨ ਬੋਰਡ ਦਾ ਮਤਾ ਨੰ. 1.8.36 ਪੇਸ਼ ਹੋ ਕੇ ਪ੍ਰਵਾਨ ਹੋਇਆ ਕਿ ਜਦ ਤੱਕ ਜਨਰਲ ਕਮੇਟੀ ਕੋਈ ਹੋਰ ਫੈਸਲਾ ਨਾ ਕਰੇ ਤਦ ਤੱਕ ਸਮੂਹ ਗੁਰਦੁਆਰਿਆਂ ਵਿਚ ਰਹੁਰੀਤ ਅਤੇ ਰਹਿਤ ਮਰਯਾਦਾ ਹੇਠ ਲਿਖੇ ਅਨੁਸਾਰ ਕੀਤੀ ਜਾਇਆ ਕਰੇ।"

ਇਸ ਤਰ੍ਹਾਂ ਇਹ ਰਹਿਤ ਮਰਯਾਦਾ ਹੁਣ ਖਰੜਾ ਨਾ ਰਹਿ ਕੇ ਬਾਕਾਇਦਾ ਪੰਥ ਪ੍ਰਵਾਨਤ ਸਿੱਖ ਰਹਿਤ ਮਰਯਾਦਾ ਹੋ ਗਈ।

(ਗੁਰਦੁਆਰਾ ਗਜ਼ਟ, ਅਕਤੂਬਰ ੧੯੩੬ ਵਿਚ ਛਾਪੀ ਗਈ)

**ਨਵੰਬਰ 1936**


ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੀਤ ਸਕੱਤਰ ਸ੍ਰ. ਲਾਲ ਸਿੰਘ ਜੀ ਵਲੋਂ ਸਿੱਖ ਰਹਿਤ ਮਰਯਾਦਾ ਦੀ ਪਹਿਲੀ ਐਡੀਸ਼ਨ ਅਕਾਲੀ ਪਤ੍ਰਕਾ ਪ੍ਰੈਸ, ਮੈਕਲੇਗਨ ਰੋਡ, ਲਾਹੌਰ ਵਿਚ ਛਾਪ ਕੇ ਜਨਤਕ ਕੀਤੀ ਗਈ।

ਤੀਜਾ ਪੜਾਅ ਸਿੱਖ ਰਹਿਤ ਮਰਯਾਦਾ ਵਿਚ ਤਬਦੀਲੀਆਂ - (1936-1945)

ਧਾਰਮਿਕ ਸਲਾਹਕਾਰ ਕਮੇਟੀ ਦੀ ਬਾਰਵੀਂ ਇਕੱਤ੍ਰਤਾ ਵਿਚ ਸਿੱਖ ਰਹਿਤ ਮਰਯਾਦਾ ਵਿਚ ਬਾਰਾਂ ਤਬਦੀਲੀਆਂ ਪ੍ਰਵਾਨ ਕੀਤੀਆਂ ਗਈਆਂ।

**7 ਜਨਵਰੀ, 1945**

ਧਾਰਮਿਕ ਸਲਾਹਕਾਰ ਕਮੇਟੀ ਦੀ ਤੇਰ੍ਹਵੀਂ




ਇਕਤ੍ਰਤਾ ਵਿਚ 28 ਜੁਲਾਈ, 1944 ਦੁਆਰਾ ਪ੍ਰਵਾਨ ਕੀਤਾ ਮਤਾ ਦੁਬਾਰਾ ਪੇਸ਼ ਹੋ ਕੇ ਸਿੱਖ ਰਹਿਤ ਮਰਯਾਦਾ ਵਿਚ ਵਾਧੇ ਘਾਟੇ ਕਰਨ ਦੀ ਸਿਫਾਰਸ਼ ਕੀਤੀ ਗਈ। ਇਸ ਵਿਚ ਸਿੰਘ ਸਾਹਿਬ ਗਿ. ਮੋਹਨ ਸਿੰਘ ਜੀ, ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ, ਭਾਈ ਸਾਹਿਬ ਭਾਈ ਅੱਛਰ ਸਿੰਘ ਜੀ, ਹੈਡ ਗ੍ਰੰਥੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ, ਪ੍ਰੋ. ਤੇਜਾ ਸਿੰਘ ਜੀ, ਪ੍ਰੋ. ਗੰਗਾ ਸਿੰਘ ਜੀ, ਗਿਆਨੀ ਲਾਲ ਸਿੰਘ ਜੀ, ਪ੍ਰੋ. ਸ਼ੇਰ ਸਿੰਘ ਜੀ, ਬਾਬਾ ਪ੍ਰੇਮ ਸਿੰਘ ਹੋਤੀ ਅਤੇ ਗਿਆਨੀ ਬਾਦਲ ਸਿੰਘ ਜੀ ਸ਼ਾਮਲ ਸਨ।

**3 ਫਰਵਰੀ, 1945**

ਸ਼੍ਰੋਮਣੀ ਕਮੇਟੀ ਦੀ ਜਨਰਲ ਇਕੱਤਰਤਾ ਨੇ ਮਤਾ ਨੰਬਰ 97 ਰਾਹੀਂ ਵਲੋਂ ਸਿੱਖ ਰਹਿਤ ਮਰਯਾਦਾ ਵਿਚ ਅਹਿਮ ਸੋਧਾਂ ਦੀ ਪ੍ਰਵਾਨਗੀ ਦਿੱਤੀ ਗਈ।

ਇਸ ਤਰ੍ਹਾਂ ਵੇਖਿਆ ਜਾ ਸਕਦਾ ਹੈ ਕਿ ਸਿੱਖ ਰਹਿਤ ਮਰਯਾਦਾ ਦੀ ਤਿਆਰੀ ਸਮੁੱਚੇ ਪੰਥ ਨੇ ਪੂਰੀ ਗੰਭੀਰਤਾ ਨਾਲ ਕੀਤੀ। ਇਤਨਾ ਲੰਮਾ ਸਮਾਂ ਮੀਟਿੰਗਾਂ ਹੋਈਆਂ। ਦੋ ਵਾਰ ਖਰੜੇ ਨੂੰ ਗੁਰਦੁਆਰਾ ਗਜ਼ਟ ਵਿਚ ਛਾਪ ਕੇ ਜਨਤਕ ਕੀਤਾ ਗਿਆ। ਇਸ ਦੇ ਇਲਾਵਾ ਅਖ਼ਬਾਰਾਂ ਵਿਚ ਵੀ ਇਸ ਨੂੰ ਛਾਪਿਆ ਗਿਆ। ਇਹ ਇਕਤ੍ਰਤਾਵਾਂ ਸ੍ਰੀ ਅਕਾਲ ਤਖਤ ਸਾਹਿਬ 'ਤੇ ਹੋਈਆਂ। ਇਸ ਵਿਚ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ, ਜਥੇਦਾਰ ਸ੍ਰੀ ਕੇਸਗੜ੍ਹ ਸਾਹਿਬ ਅਤੇ ਦਰਬਾਰ ਸਾਹਿਬ ਦੇ ਗ੍ਰੰਥੀ ਸਿੰਘ ਦੇ ਨਾਲ-ਨਾਲ ਪੰਥਕ ਜਥੇਬੰਦੀਆਂ ਦੇ ਪ੍ਰਤੀਨਿਧ ਇਸ ਵਿਚ ਸ਼ਾਮਲ ਹੁੰਦੇ ਰਹੇ। ਅਠਾਰਾਂ ਸਾਲ ਦੀ ਲੰਮੀ ਸੋਚ ਵਿਚਾਰ ਦੇ ਬਾਅਦ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਵਲੋਂ ਇਹ ਮਰਯਾਦਾ ਪੰਥ ਨੂੰ ਪ੍ਰਾਪਤ ਹੋਈ।

ਇਕ ਗੱਲ ਨਿਸਚਿਤ ਹੈ ਕਿ ਗੁਰਦੁਆਰਾ ਸੁਧਾਰ ਲਹਿਰ ਵਿਚ ਪੰਥ ਦੀ ਪ੍ਰਚੰਡ ਸਫ਼ਲਤਾ ਦੇ ਬਾਅਦ ਅੰਗਰੇਜ਼ਾਂ ਨੇ ਗੁਰਦੁਆਰਿਆਂ ਦੇ ਮਾਮਲੇ ਵਿਚ ਦਖ਼ਲ ਨਹੀਂ ਦਿੱਤਾ ਅਤੇ ਇਸ ਤਰ੍ਹਾਂ ਬਗੈਰ ਕਿਸੇ ਬਾਹਰੀ ਦਬਾਅ ਦੇ ਪੰਥ ਆਪਣੇ ਲਈ ਇਹ ਕਾਨੂੰਨ ਬਣਾ ਸਕਿਆ। ਇਸ ਦੇ ਨਾਲ ਹੀ ਇਹ ਵੀ ਅਤਿਕਥਨੀ ਨਹੀਂ ਕਿ ਜੇਕਰ ਇਹ ਕਾਰਜ ਅੱਜ ਕਰਨਾ ਹੁੰਦਾ ਤਾਂ ਨਾ ਤਾਂ ਇਤਨੇ ਲੰਮੇ ਸਮੇਂ ਤੱਕ ਇਸ ਤਰ੍ਹਾਂ ਦਾ ਪੰਥਕ ਇਕੱਠ ਹੀ ਹੋ ਸਕਦਾ ਸੀ ਤੇ ਨਾ ਹੀ ਕਿਸੇ ਨੇ ਹੋਣ ਹੀ ਦੇਣਾ ਸੀ।

ਇਹ ਮਰਯਾਦਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਨਹੀਂ ਬਣਾਈ ਬਲਕਿ ਸ਼੍ਰੋਮਣੀ ਕਮੇਟੀ ਨੇ ਤਾਂ ਇਸ ਲਈ ਲੋੜੀਂਦੇ ਸਾਧਨ ਪ੍ਰਦਾਨ ਕੀਤੇ।

(ਚਲਦਾ)

# ਅਮਰੀਕੀ ਰਾਸ਼ਟਰਪਤੀ ਜੋ ਬਾਈਡੇਨ ਨੇ 4 ਸਾਲਾ ਬੱਚੀ ਨੂੰ ਪੋਤੀ ਵਜੋਂ ਕੀਤਾ ਸਵੀਕਾਰ




ਵਾਸ਼ਿੰਗਟਨ : ਅਮਰੀਕੀ ਰਾਸ਼ਟਰਪਤੀ ਜੋ ਬਾਈਡੇਨ ਨੇ ਪਹਿਲੀ ਵਾਰ ਇਕ 4 ਸਾਲ ਦੀ ਉਮਰ ਦੀ ਬੱਚੀ ਨੂੰ ਆਪਣੀ ਪੋਤੀ ਵਜੋਂ ਸਵੀਕਾਰ ਕੀਤਾ ਹੈ। ਇਹ ਦੱਸਣਯੋਗ ਹੈ ਕਿ ਬੱਚੀ ਰਾਸ਼ਟਰਪਤੀ ਜੋ ਬਾਈਡੇਨ ਦੇ ਪੁੱਤ ਹੰਟਰ ਅਤੇ ਅਰਕਨਸਾਸ ਸੂਬੇ ਦੀ ਰਹਿਣ ਵਾਲੀ ਔਰਤ ਲੁਡਨ ਰੌਬਰਟਸ ਦੀ ਧੀ ਹੈ ਅਤੇ ਪਹਿਲੀ ਵਾਰ ਬਾਈਡੇਨ ਨੇ ਜਨਤਕ ਤੌਰ 'ਤੇ ਕਿਹਾ ਹੈ ਕਿ ਇਹ ਬੱਚੀ ਉਸ ਦੀ ਪੋਤੀ ਹੈ। ਉਨ੍ਹਾਂ ਕਿਹਾ ਕਿ ਹੰਟਰ ਬਾਈਡੇਨ ਅਤੇ ਲੁਡਨ ਰੌਬਰਟਸ ਆਪਣੀ ਧੀ ਨੇਵੀ ਦੇ ਹਿੱਤ ਲਈ ਇਕੱਠੇ ਕੰਮ ਕਰ ਰਹੇ ਹਨ ਅਤੇ ਲੜਕੀ ਦੀ ਪਛਾਣ ਨੂੰ ਜਿੰਨਾ ਸੰਭਵ ਹੋ ਸਕੇ, ਗੁਪਤ ਰੱਖਿਆ ਗਿਆ ਸੀ। ਇਸ ਤੋਂ ਇਲਾਵਾ ਬਾਈਡੇਨ ਦੇ 6 ਪੋਤੇ ਅਤੇ ਪੋਤੀਆਂ ਵੀ ਹਨ। ਉਨ੍ਹਾਂ ਕਿਹਾ ਕਿ ਇਹ ਕੋਈ ਸਿਆਸੀ ਮਾਮਲਾ ਨਹੀਂ ਸਗੋਂ ਪਰਿਵਾਰ ਦਾ ਇਕ ਮਾਮਲਾ ਹੈ ਅਤੇ ਮੇਰੀ ਪਤਨੀ ਜਿਲ ਅਤੇ ਮੈਂ ਆਪਣੇ ਪੋਤੇ-ਪੋਤੀਆਂ ਲਈ ਸਭ ਤੋਂ ਵਧੀਆ ਚਾਹੁੰਦੇ ਹਾਂ। ਜ਼ਿਕਰਯੋਗ ਹੈ ਕਿ 4 ਸਾਲ ਦੀ ਬੱਚੀ ਦੀ ਮਾਂ ਰੌਬਰਟਸ ਨੇ ਬੱਚੀ ਦੀ ਕਸਟਡੀ ਲਈ ਅਦਾਲਤ 'ਚ ਦਾਅਵਾ ਦਾਇਰ ਕੀਤਾ ਸੀ ਅਤੇ ਡੀ.ਐੱਨ.ਏ. ਟੈਸਟ ਤੋਂ ਸਾਬਤ ਹੋਇਆ ਸੀ ਕਿ ਕੁੜੀ ਦਾ ਪਿਤਾ ਹੰਟਰ ਹੀ ਹੈ। ਉਸ ਤੋਂ ਬਾਅਦ ਹੰਟਰ ਅਤੇ ਰੌਬਰਟਸ ਨੇ ਅਦਾਲਤ ਦੇ ਬਾਹਰ ਇਹ ਮਾਮਲਾ ਸੁਲਝਾਇਆ। ਹੰਟਰ ਬਾਈਡੇਨ ਨੇ ਸੰਨ 2021 ਵਿਚ ਕਿਹਾ, 'ਜਦੋਂ ਮੈਂ ਰੌਬਰਟਸ ਨੂੰ ਮਿਲਿਆ, ਮੈਂ ਸ਼ਰਾਬ ਅਤੇ ਨਸ਼ਿਆਂ ਦੇ ਪ੍ਰਭਾਵ ਵਿਚ ਸੀ।' ਮੈਨੂੰ ਇਸ ਮੁਲਾਕਾਤ ਬਾਰੇ ਹੋਰ ਕੁਝ ਯਾਦ ਨਹੀਂ ਹੈ। ਮੈਂ ਗੜਬੜ ਕੀਤੀ ਪਰ ਮੈਂ ਇਸ ਦੀ ਜ਼ਿੰਮੇਵਾਰੀ ਲੈਂਦਾ ਹਾਂ। ਹੰਟਰ ਬਾਈਡੇਨ ਦੇ ਪਹਿਲਾਂ ਹੀ 4 ਬੱਚੇ ਹਨ, ਪੁੱਤ ਹੰਟਰ ਦੇ ਉਸ ਦੀ ਸਾਬਕਾ ਪਤਨੀ ਕੈਥਲੀਨ ਤੋਂ ਤਿੰਨ ਧੀਆਂ ਹਨ ਅਤੇ ਮੌਜੂਦਾ ਪਤਨੀ ਮੇਲਿਸਾ ਕੋਹੇਨ ਤੋਂ 3 ਸਾਲ ਦਾ ਇਕ ਪੁੱਤ ਹੈ। ਵਿਰੋਧੀਆਂ ਨੇ ਹੁਣ ਤੱਕ ਰੌਬਰਟਸ ਦੀ ਧੀ ਨੇਵੀ ਨੂੰ ਪੋਤੀ ਵਜੋਂ ਸਵੀਕਾਰ ਨਾ ਕਰਨ ਲਈ ਬਾਈਡੇਨ ਦਾ ਮਜ਼ਾਕ ਉਡਾਇਆ ਸੀ।

# ਹਿੰਦੀ 'ਚ ਗੱਲ ਕਰਨ ਤੇ ਭਾਰਤੀ ਅਮਰੀਕੀ ਇੰਜੀਨੀਅਰ ਨੂੰ ਨੌਕਰੀ ਤੋਂ ਕੱਢਿਆ

ਵਾਸ਼ਿੰਗਟਨ : ਅਮਰੀਕਾ ਵਿਚ ਰਹਿ ਰਹੇ ਭਾਰਤੀ ਮੂਲ ਦੇ 78 ਸਾਲਾ ਇੰਜੀਨੀਅਰ ਨੂੰ ਸਿਰਫ਼ ਇਸ ਲਈ ਬਰਖਾਸਤ ਕੀਤੇ ਜਾਣ ਦਾ ਮਾਮਲਾ ਸਾਹਮਣੇ ਆਇਆ ਹੈ ਕਿਉਂਕਿ ਉਹ ਭਾਰਤ ਵਿਚ ਮਰਨ ਕੰਢੇ ਪਹੁੰਚੇ ਇਕ ਰਿਸ਼ਤੇਦਾਰ ਨਾਲ ਵੀਡੀਓ ਕਾਲ 'ਤੇ ਹਿੰਦੀ ਵਿਚ ਗੱਲ ਕਰ ਰਿਹਾ ਸੀ। ਮੀਡੀਆ ਨੇ ਕਾਨੂੰਨੀ ਮੁੱਦੇ ਦਾ ਹਵਾਲਾ ਦਿੰਦੇ ਹੋਏ ਇਹ ਖ਼ਬਰ ਦਿੱਤੀ। ਮੀਡੀਆ ਮੁਤਾਬਕ ਅਨਿਲ ਵਰਸ਼ਨੀ ਲੰਬੇ ਸਮੇਂ ਤੋਂ ਅਲਾਬਾਮਾ 'ਚ ਇਕ ਮਿਜ਼ਾਈਲ ਡਿਫੈਂਸ ਕੰਟਰੈਕਟਰ ਨਾਲ ਕੰਮ ਕਰ ਰਿਹਾ ਸੀ ਅਤੇ ਉਸ ਨੇ ਨੌਕਰੀ ਤੋਂ ਬਰਖਾਸਤ ਕੀਤੇ ਜਾਣ ਦੇ ਫ਼ੈਸਲੇ ਨੂੰ ਅਦਾਲਤ ਵਿਚ ਚੁਣੌਤੀ ਦਿੱਤੀ ਹੈ।

ਵਰਸ਼ਨੀ ਹੰਟਸਵਿਲੀ ਨੇ ਮਿਜ਼ਾਈਲ ਡਿਫੈਂਸ ਕੰਟਰੈਕਟਰ ਪਾਰਸਨਜ਼ ਕਾਰਪੋਰੇਸ਼ਨ ਵਿੱਚ ਬਤੌਰ ਇੱਕ ਸੀਨੀਅਰ ਸਿਸਟਮ ਇੰਜੀਨੀਅਰ ਵਜੋਂ ਕੰਮ ਕਰਦੇ ਸਨ। ਸੰਘੀ ਅਦਾਲਤ ਵਿੱਚ ਦਾਇਰ ਇੱਕ ਮੁਕੱਦਮੇ ਵਿੱਚ ਉਸਨੇ ਦੋਸ਼ ਲਾਇਆ ਕਿ ਉਸਦੇ ਨਾਲ ਪ੍ਰਣਾਲੀਗਤ ਵਿਤਕਰਾ ਕੀਤਾ ਗਿਆ ਸੀ, ਜਿਸ ਕਾਰਨ ਉਸਨੂੰ ਪਿਛਲੇ ਸਾਲ ਅਕਤੂਬਰ ਵਿੱਚ ਬੇਰੁਜ਼ਗਾਰ ਹੋਣਾ ਪਿਆ। AL.com ਨੇ ਸੋਮਵਾਰ ਨੂੰ ਦੱਸਿਆ ਕਿ ਇੱਕ ਗੋਰੇ ਸਹਿਯੋਗੀ ਨੇ ਵਰਸ਼ਨੀ ਨੂੰ ਫੋਨ 'ਤੇ ਹਿੰਦੀ ਵਿੱਚ ਬੋਲਦੇ ਹੋਏ ਸੁਣਿਆ। ਵਰਸ਼ਨੀ ਨੂੰ 26 ਸਤੰਬਰ, 2023 ਨੂੰ ਭਾਰਤ ਤੋਂ ਇੱਕ ਫ਼ੋਨ ਆਇਆ ਸੀ ਜੋ ÷ਉਸ ਦੇ ਬੀਮਾਰ ਰਿਸ਼ਤੇਦਾਰ ਕੇ.ਸੀ. ਗੁਪਤਾ ਦਾ ਸੀ। ਉਹ ਆਖਰੀ ਵਾਰ ਵਰਸ਼ਨੀ ਨਾਲ ਗੱਲ ਕਰਨਾ ਚਾਹੁੰਦੇ ਸਨ। ਮੁਕੱਦਮੇ ਵਿਚ ਕਿਹਾ ਗਿਆ ਕਿ ਸਥਿਤੀ ਦੀ ਗੰਭੀਰਤਾ ਨੂੰ ਦੇਖਦੇ ਹੋਏ ਕਿਹਾ ਜਾ ਸਕਦਾ ਹੈ ਕਿ ਸ਼ਾਇਦ ਹੁਣ ਵਰਸ਼ਨੀ ਨੂੰ ਗੁਪਤਾ ਨਾਲ ਦੁਬਾਰਾ ਗੱਲ ਕਰਨ ਦਾ ਮੌਕਾ ਕਦੇ ਨਾ ਮਿਲੇ।




ਵਰਸ਼ਨੀ ਗੱਲ ਕਰਨ ਲਈ ਇੱਕ ਏਕਾਂਤ ਜਗ੍ਹਾ ਗਿਆ ਸੀ। ਮੁਕੱਦਮੇ ਅਨੁਸਾਰ ਫੋਨ ਚੁੱਕਣ ਤੋਂ ਪਹਿਲਾਂ ਉਸਨੇ ਇਹ ਯਕੀਨੀ ਬਣਾਇਆ ਕਿ ਕੋਈ ਵੀ ਕਲਾਸੀਫਾਈਡ ਸਮੱਗਰੀ ਜਾਂ MDA (ਮਿਜ਼ਾਈਲ ਡਿਫੈਂਸ ਏਜੰਸੀ) ਜਾਂ ਪਾਰਸਨ ਦੇ ਕੰਮ ਨਾਲ ਸਬੰਧਤ ਕੋਈ ਸਮੱਗਰੀ ਉਸਦੇ ਕਬਜ਼ੇ ਵਿੱਚ ਨਹੀਂ ਸੀ। ਜੂਨ ਵਿੱਚ ਅਲਾਬਾਮਾ ਦੀ ਉੱਤਰੀ ਜ਼ਿਲ੍ਹਾ ਅਦਾਲਤ ਵਿੱਚ ਦਾਇਰ ਮੁਕੱਦਮੇ ਅਨੁਸਾਰ ਦੋਵਾਂ ਨੇ ਲਗਭਗ ਦੋ ਮਿੰਟ ਤੱਕ ਹਿੰਦੀ ਵਿੱਚ ਗੱਲ ਕੀਤੀ ਹੋ ਸਕਦੀ ਹੈ ਜਦੋਂ ਇੱਕ ਹੋਰ ਕਰਮਚਾਰੀ ਵਰਸ਼ਨੀ ਕੋਲ ਆਇਆ ਅਤੇ ਪੁੱਛਿਆ ਕੀ ਉਹ ਵੀਡੀਓ ਕਾਲ 'ਤੇ ਸੀ, ਜਿਸਦੀ ਉਸਨੇ ਪੁਸ਼ਟੀ ਕੀਤੀ। ਮੁਕੱਦਮੇ ਅਨੁਸਾਰ 'ਇੱਕ ਹੋਰ ਕਰਮਚਾਰੀ ਨੇ ਵਰਸ਼ਨੀ ਨੂੰ ਦੱਸਿਆ ਕਿ ਫੋਨ ਕਾਲਾਂ ਦੀ ਆਗਿਆ ਨਹੀਂ ਹੈ, ਜਿਸ ਤੋਂ ਬਾਅਦ ਉਸਨੇ ਤੁਰੰਤ ਫੋਨ ਕੱਟ ਦਿੱਤਾ।'




# Balsani Welders & Builders

## We Design, Manufacture & Ship Nationwide

### All Kind of Welding & Fabrication Services Available

- Mobile Welding Services
- Custom Febrication
- Custom Welding
- Alnminum Welding
- Metal Canopy
- Truck/Trailer Welding
- Custom Metal Gates
- Metal Fences







ਲੋਹੇ ਦੀਆਂ ਚਾਦਰਾਂ ਦੀਆਂ ਚਗਾਠਾਂ, ਗੇਟ ਗਰਿਲਾਂ ਹਰ ਤਰ੍ਹਾਂ ਦੇ ਫੈਂਸੀ ਗੇਟ, ਮਕਾਨਾਂ ਦੇ ਜੰਗਲੇ ਘਰਾਂ 'ਚ ਹਰ ਕਿਸਮ ਦੀ ਵੈਲਡਿੰਗ ਦੇ ਨਾਲ-ਨਾਲ ਅਸੀਂ ਟਰੱਕਾਂ ਦੀ ਵੈਲਡਿੰਗ ਦੇ ਕੰਮ ਦੇ ਵੀ ਮਾਹਿਰ ਹਾਂ।





## ਤੁਸੀਂ ਸਾਡੇ 'ਤੇ 100% ਭਰੋਸਾ ਕਰ ਸਕਦੇ ਹੋ

ਤੁਸੀਂ ਆਪਣੇ ਘਰ ਜਾਂ ਕਾਰੋਬਾਰ ਤੋਂ ਅਣਚਾਹੇ ਸ਼ੱਕੀ ਲੋਕਾਂ ਨੂੰ ਬਾਹਰ ਰੱਖਣ ਅਤੇ ਘਰ ਵਪਾਰ ਦੀ ਸੁਰੱਖਿਆ ਲਈ ਅਸੀਂ ਲੋਹੇ ਦੀ ਸੁੰਦਰ ਵਾੜ ਲਗਾਉਂਦੇ ਹਾਂ। ਸਾਡੇ ਪਹਿਲੇ ਕੀਤੇ ਕੰਮ ਦੇਖੋ।


**ਅਸੀਂ ਤੁਹਾਡੀਆਂ ਆਸਾਂ ਉਮੀਦਾਂ ਉਪਰ 100% ਖਰੇ ਉਤਰਾਂਗੇ**

ਤੁਸੀਂ ਸਾਡੇ ਕੀਤੇ ਸੈਂਕੜੇ ਕੰਮਾਂ ਦੀਆਂ ਤਸਵੀਰਾਂ ਦੇਖਕੇ ਪਸੰਦ ਕਰਕੇ ਕੰਮ ਕਰਾਉ ਅਸੀਂ ਤੁਹਾਡੇ ਸੁਪਨਿਆਂ ਦਾ ਮਹਿਲ ਸਿਰਜਾਂਗੇ।

- Wrought Iron Fences
- Ornamental Iron Fences
- Custom Designed Iron Fences
- Black Rod Iron Fences
- Wrought Iron Garden Fences
- FROM CONCEPTION
- - FABRICATION TO INSTALLATION
















ਅਸੀਂ ਤੁਹਾਡੇ ਸੰਕਲਪ ਦੇ ਸੁਪਨਿਆਂ ਨੂੰ ਅਸਲੀਅਤ 'ਚ ਬਦਲਾਂਗੇ।

**S. Iqbal Singh**

844-573-3824 | 510-915-9144

433 W Scotts Ave Stockton, CA 95203


PH: (925) 487-7117

ਸਾਡੇ ਲੋਕ

# ਧਾਰਮਿਕ ਯਾਤਰਾ ’ਤੇ ਹਮਲੇ ਨਾਲ ਸੜ ਉਠਿਆ ਹਰਿਆਣਾ

## ਪੁਲਿਸ ਅਫ਼ਸਰ ਸਮੇਤ ਛੇ ਲੋਕਾਂ ਦੀ ਮੌਤ, ਅਣਗਿਣਤ ਜ਼ਖ਼ਮੀ





**ਹਰਿਆਣਾ ਪੁਲਿਸ ਸਾਰਿਆਂ ਨੂੰ ਸਕਿਉਰਿਟੀ ਨਹੀਂ ਦੇ ਸਕਦੀ : ਮੁੱਖ ਮੰਤਰੀ ਮਨੋਹਰ ਲਾਲ ਖੱਟੜ**

ਗੁਰੂਗ੍ਰਾਮ : ਹਰਿਆਣਾ ਦੇ ਨੂਹ ਜ਼ਿਲ੍ਹੇ ’ਚ ਬੀਤੇ ਦਿਨ ਸ਼ੁਰੂ ਹੋਈ ਹਿੰਸਾ ਦਾ ਸੇਕ ਗੁਰੂਗ੍ਰਾਮ ਪੁੱਜ ਗਿਆ ਹੈ ਜਿੱਥੇ ਭੀੜ ਨੇ ਇੱਕ ਮਸਜਿਦ ਨੂੰ ਅੱਗ ਲਗਾ ਦਿੱਤੀ ਤੇ ਇਸ ਘਟਨਾ ’ਚ ਇੱਥੋਂ ਦੇ ਨਾਇਬ ਇਮਾਮ ਦੀ ਮੌਤ ਹੋ ਗਈ ਜਿਸ ਨਾਲ ਹਿੰਸਾ ’ਚ ਮਰਨ ਵਾਲੇ ਲੋਕਾਂ ਦੀ ਗਿਣਤੀ ਵੱਧ ਕੇ ਪੰਜ ਹੋ ਗਈ ਹੈ। ਇਹ ਘਟਨਾ ਲੰਘੀ ਦੇਰ ਰਾਤ ਵਾਪਰੀ ਹੈ। ਇਸੇ ਦੌਰਾਨ ਮੁਜ਼ਾਹਰਾਕਾਰੀਆਂ ਨੇ ਗੁਰੂਗ੍ਰਾਮ ਦੇ ਬਾਦਸ਼ਾਹਪੁਰ ’ਚ ਇੱਕ ਢਾਬੇ ਨੂੰ ਅੱਗ ਲਗਾ ਦਿੱਤੀ ਤੇ ਉਸ ਨਾਲ ਲਗਦੀਆਂ ਦੁਕਾਨਾਂ ’ਚ ਭੰਨਤੋੜ ਕੀਤੀ ਹੈ। ਉੱਧਰ ਨੂਹ ਜ਼ਿਲ੍ਹੇ ’ਚ ਲਾਇਆ ਗਿਆ ਕਰਫਿਊ ਅੱਜ ਵੀ ਜਾਰੀ ਰਿਹਾ ਅਤੇ ਸੂਬੇ ਦੇ ਗ੍ਰਹਿ ਮੰਤਰੀ ਅਨਿਲ ਵਿੱਜ ਨੇ ਕਿਹਾ ਕਿ ਸੂਬੇ ’ਚ ਸ਼ਾਂਤੀ ਭੰਗ ਕਰਨ ਦਾ ਇਰਾਦਾ ਰੱਖਣ ਵਾਲਿਆਂ ਨੇ ਨੂਹ ’ਚ ਹਿੰਸਾ ਦੀ ਸਾਜ਼ਿਸ਼ ਰਚੀ ਹੈ।

ਪੁਲਿਸ ਨੇ ਦੱਸਿਆ ਕਿ ਵਿਸ਼ਵ ਹਿੰਦੂ ਪਰਿਸ਼ਦ (ਵੀਐੱਚਪੀ) ਵੱਲੋਂ ਕੱਢੀ ਜਾ ਰਹੀ ਯਾਤਰਾ ਰੋਕਣ ਦੀ ਭੀੜ ਵੱਲੋਂ ਕੋਸ਼ਿਸ਼ ਕੀਤੇ ਜਾਣ ਕਾਰਨ ਭੜਕੀ ਹਿੰਸਾ ਗੁਰੂਗ੍ਰਾਮ ਤੱਕ ਫੈਲ ਗਈ ਹੈ ਅਤੇ ਭੀੜ ਨੇ ਸ਼ਹਿਰ ਦੇ ਸੈਕਟਰ-57 ਵਿਚਲੀ ਉਸਾਰੀ ਅਧੀਨ ਅੰਜੂਮਨ ਮਸਜਿਦ ਨੂੰ ਅੱਗ ਲਗਾ ਦਿੱਤੀ ਹੈ। ਇਸ ਘਟਨਾ ’ਚ ਮਸਜਿਦ ਦੇ 26 ਸਾਲਾ ਨਾਇਬ ਇਮਾਮ ਦੀ ਮੌਤ ਹੋ ਗਈ ਹੈ ਅਤੇ ਇਸ ਨਾਲ ਸੂਬੇ ’ਚ ਹਿੰਸਾ ਵਿੱਚ ਮਰਨ ਵਾਲਿਆਂ ਦੀ ਗਿਣਤੀ ਵੱਧ ਕੇ ਪੰਜ ਹੋ ਗਈ ਹੈ। ਮ੍ਰਿਤਕ ਇਮਾਮ ਦੀ ਪਛਾਣ ਬਿਹਾਰ ਵਾਸੀ ਸਾਦ ਵਜੋਂ ਹੋਈ ਹੈ। ਇਸ ਘਟਨਾ ’ਚ ਇੱਕ ਹੋਰ ਵਿਅਕਤੀ



ਜ਼ਖ਼ਮੀ ਵੀ ਹੋਇਆ ਹੈ। ਉਨ੍ਹਾਂ ਦੱਸਿਆ ਕਿ ਨੂਹ ’ਚ ਚਾਰ ਜਣਿਆਂ ਦੀ ਮੌਤ ਹੋਈ ਹੈ ਅਤੇ ਕਈ ਹੋਰ ਵਿਅਕਤੀ ਜ਼ਖ਼ਮੀ ਹੋਏ ਹਨ।

ਇਸੇ ਦੌਰਾਨ ਅੱਜ ਦੁਪਹਿਰ ਸਮੇਂ ਲੋਕਾਂ ਦੀ ਭੀੜ ਨੇ ਗੁਰੂਗ੍ਰਾਮ ਦੇ ਬਾਦਸ਼ਾਹਪੁਰ ’ਚ ਇੱਕ ਢਾਬੇ ਨੂੰ ਅੱਗ ਲਗਾ ਦਿੱਤੀ ਅਤੇ ਉਸ ਦੇ ਨਾਲ ਲਗਦੀਆਂ ਦੁਕਾਨਾਂ ਦੀ ਭੰਨ-ਤੋੜ ਕੀਤੀ। ਮੁਜ਼ਾਹਰਾਕਾਰੀਆਂ ਨੇ ਇੱਥੋਂ ਦੀ ਮਸਜਿਦ ਸਾਹਮਣੇ ਜੈ ਸ੍ਰੀਰਾਮ ਦੇ ਨਾਅਰੇ ਵੀ ਮਾਰੇ।

### ਮੁੱਖ ਮੰਤਰੀ ਵੱਲੋਂ ਹਾਲਾਤ ਦੀ ਸਮੀਖਿਆ : ਅਨਿਲ ਵਿਜ



ਪੰਚਕੂਲਾ : ਨੂਹ ਹਿੰਸਾ ਨੂੰ ਲੈ ਕੇ ਮਨੋਹਰ ਲਾਲ ਖੱਟਰ ਨੇ ਆਪਣੇ ਘਰ ‘ਕਬੀਰ ਕੁਟੀਆ’ ਵਿੱਚ ਇੱਕ ਮੀਟਿੰਗ ਬੁਲਾਈ ਜਿਸ ਵਿੱਚ ਹਰਿਆਣਾ ਦੇ ਗ੍ਰਹਿ ਮੰਤਰੀ ਅਨਿਲ ਵਿਜ ਅਤੇ ਡੀਜੀਪੀ ਮੌਜੂਦ ਰਹੇ। ਮੁੱਖ ਮੰਤਰੀ ਨੇ ਕਿਹਾ ਕਿ ਹਿੰਸਾ ਦੇ ਮਾਮਲੇ ਬਰਦਾਸ਼ਤ ਨਹੀਂ ਕੀਤੇ ਜਾਣਗੇ। ਇਸ ਹਿੰਸਾ ਬਾਰੇ ਪੂਰੀ ਜਵਾਬਦੇਹੀ ਤੈਅ ਹੋਵੇਗੀ। ਮੁੱਖ ਮੰਤਰੀ ਨੇ ਇਹ ਵੀ ਕਿਹਾ ਕਿ ਜਿਨ੍ਹਾਂ ਵਿਅਕਤੀਆਂ ਨੇ ਇਹ ਹਿੰਸਾ ਭੜਕਾਈ ਹੈ ਉਨ੍ਹਾ ਖ਼ਿਲਾਫ਼ ਸਖਤ ਕਾਰਵਾਈ ਕੀਤੀ ਜਾਵੇਗੀ। ਹਿੰਸਾ ਦੇ ਮੱਦੇਨਜ਼ਰ ਫਿਲਹਾਲ ਗੁਰੂਗ੍ਰਾਮ, ਫਰੀਦਾਬਾਦ, ਪਲਵਲ ਅਤੇ ਸੋਨੀਪਤ ਦੇ ਸਾਰੇ ਸਕੂਲ ਤੇ ਕਾਲਜ ਬੰਦ ਕੀਤੇ ਗਏ ਹਨ।

### ਹੋਮ ਗਾਰਡਾਂ ਦੇ ਪਰਿਵਾਰਾਂ ਲਈ ਮੁਆਵਜ਼ਾ ਐਲਾਨਿਆ

ਗੁਰੂਗ੍ਰਾਮ: ਹਰਿਆਣਾ ਪੁਲੀਸ ਨੇ ਨੂਹ ਹਿੰਸਾ ’ਚ ਮਾਰੇ ਗਏ ਦੋ ਹੋਮ ਗਾਰਡਾਂ ਦੇ ਪਰਿਵਾਰਾਂ ਲਈ 57-57 ਲੱਖ ਰੁਪਏ ਦਾ ਮੁਆਵਜ਼ਾ ਐਲਾਨਿਆ ਹੈ। ਅਧਿਕਾਰੀਆਂ ਨੇ ਦੱਸਿਆ ਕਿ ਹਿੰਸਾ ਭੜਕਣ ਤੋਂ ਬਾਅਦ ਹੋਮ ਗਾਰਡ ਦੇ ਦੋ ਜਵਾਨਾਂ ਨੀਰਜ ਤੇ ਗੁਰਸੇਵਕ ਨੂੰ ਗੁਰੂਗ੍ਰਾਮ ਤੋਂ ਨੂਹ ਭੇਜਿਆ ਗਿਆ ਸੀ ਜਿੱਥੇ ਡਿਊਟੀ ਦੌਰਾਨ ਉਨ੍ਹਾਂ ਦੀ ਮੌਤ ਹੋ ਗਈ। ਉਨ੍ਹਾਂ ਕਿਹਾ, ‘ਹਰਿਆਣਾ ਪੁਲੀਸ ਇਸ ਦੁੱਖ ਦੀ ਘੜੀ ’ਚ ਪੀੜਤ ਪਰਿਵਾਰਾਂ ਨਾਲ ਖੜ੍ਹੀ ਹੈ। ਪੀੜਤ ਪਰਿਵਾਰਾਂ ਨੂੰ ਹਰਿਆਣਾ ਪੁਲੀਸ ਵੱਲੋਂ 57-57 ਲੱਖ ਰੁਪਏ ਮੁਆਵਜ਼ਾ ਤੇ ਹਰ ਤਰ੍ਹਾਂ ਦੀ ਸੰਭਵ ਮਦਦ ਦਿੱਤੀ ਜਾਵੇਗੀ।’

ਘਟਨਾ ਦੀ ਸੂਚਨਾ ਮਿਲਣ ਮਗਰੋਂ ਪੁਲੀਸ ਮੌਕੇ ’ਤੇ ਪਹੁੰਚੀ ਤਾਂ ਮੁਜ਼ਾਹਰਾਕਾਰੀ ਮੋਟਰਸਾਈਕਲਾਂ ’ਤੇ ਬੈਠ ਕੇ ਫਰਾਰ ਹੋ ਗਏ। ਇਸ ਘਟਨਾ ਤੋਂ ਬਾਅਦ ਬਾਦਸ਼ਾਹਪੁਰ ਦਾ ਬਾਜ਼ਾਰ ਬੰਦ ਕਰ ਦਿੱਤਾ ਗਿਆ। ਦੂਜੇ ਪਾਸੇ ਵਿਸ਼ਵ ਹਿੰਦੂ ਪਰਿਸ਼ਦ ਨੇ ਇਸ ਹਿੰਸਾ ਨੂੰ ਅਤਵਿਾਦੀ ਹਮਲੇ ਨਾਲ ਜੋੜਦਿਆਂ ਘਟਨਾ ਦੀ ਐੱਨਆਈਏ ਤੋਂ ਜਾਂਚ ਕਰਵਾਉਣ ਦੀ ਮੰਗ ਕੀਤੀ ਹੈ। ਪੁਲੀਸ ਨੇ ਦੱਸਿਆ ਕਿ ਨੂਹ ’ਚ ਅੱਜ ਕਿਸੇ ਹੋਰ ਹਿੰਸਕ ਘਟਨਾ ਦੀ ਜਾਣਕਾਰੀ ਨਹੀਂ ਮਿਲੀ ਪਰ ਸਥਿਤੀ ਤਣਾਅ ਵਾਲੀ ਬਣੀ ਹੋਈ ਹੈ। ਅਧਿਕਾਰੀਆਂ ਨੇ ਦੱਸਿਆ ਕਿ ਨੂਹ ਤੇ ਹੋਰ ਇਲਾਕਿਆਂ ’ਚ





ਸੁਰੱਖਿਆ ਪ੍ਰਬੰਧ ਸਖ਼ਤ ਕਰ ਦਿੱਤੇ ਗਏ ਹਨ। ਵਿੱਜ ਨੇ ਅੰਬਾਲਾ ’ਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਨੂਹ ’ਚ ਹਿੰਸਾ ਅਚਾਨਕ ਹੋਈ ਪ੍ਰਤੀਤ ਨਹੀਂ ਹੁੰਦੀ। ਉਨ੍ਹਾਂ ਕਿਹਾ, ‘ਜਿਸ ਪੱਧਰ ’ਤੇ ਹਿੰਸਾ ਹੋਈ ਹੈ ਅਤੇ ਜਿਸ ਤਰ੍ਹਾਂ ਵੱਖ ਵੱਖ ਥਾਵਾਂ ’ਤੇ ਹੋਈ, ਜਿਸ ਤਰ੍ਹਾਂ ਪੱਥਰ ਇਕੱਠੇ ਕੀਤੇ ਗਏ, ਜਿਸ ਤਰ੍ਹਾਂ ਹਥਿਆਰ ਦਿਖਾਏ ਗਏ, ਜਿਸ ਤਰ੍ਹਾਂ ਗੋਲੀਆਂ ਚਲਾਈਆਂ ਗਈਆਂ, ਉਸ ਨਾਲ ਅਜਿਹਾ ਨਹੀਂ ਲਗਦਾ ਕਿ ਇਹ ਸਭ ਕੁਝ ਅਚਾਨਕ ਹੋਇਆ ਹੋਵੇ।’ ਉਨ੍ਹਾਂ ਕਿਹਾ ਕਿ ਉੱਥੇ ਦੋਵੇਂ ਭਾਈਚਾਰੇ ਅਮਨ-ਅਮਾਨ ਨਾਲ ਰਹਿੰਦੇ ਹਨ। ਉਨ੍ਹਾਂ ਦਾਅਵਾ ਕੀਤਾ ਕਿ ਸੂਬੇ ਤੇ ਦੇਸ਼ ’ਚ ਸ਼ਾਂਤੀ ਭੰਗ ਕਰਨ ਦਾ ਇਰਾਦਾ ਰੱਖਣ ਵਾਲੇ ਕਿਸੇ ਨੇ ਇਸ ਘਟਨਾ ਦੀ ਸਾਜ਼ਿਸ਼ ਰਚੀ ਹੈ। ਉਨ੍ਹਾਂ ਨਾਲ ਹੀ ਕਿਹਾ ਕਿ ਉਹ ਤਤਕਾਲ ਕਿਸੇ ਨਤੀਜੇ ’ਤੇ ਨਹੀਂ ਪਹੁੰਚਣਾ ਚਾਹੁੰਦੇ। ਉਨ੍ਹਾਂ ਦੀ ਤਰਜੀਹ ਸਥਿਤੀ ਕਾਬੂ ਹੇਠ ਲਿਆਉਣਾ ਤੇ ਸ਼ਾਂਤੀ ਬਣਾਏ ਰੱਖਣਾ ਹੈ। ਉਨ੍ਹਾਂ ਸਬੰਧਤ ਅਧਿਕਾਰੀਆਂ ਨੂੰ ਡੂੰਘਾਈ ਨਾਲ ਜਾਂਚ ਕਰਨ ਲਈ ਕਿਹਾ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਕੇਂਦਰੀ ਗ੍ਰਹਿ ਸਕੱਤਰ ਅਜੈ ਭੱਲਾ ਨਾਲ ਗੱਲ ਕੀਤੀ ਹੈ ਅਤੇ ਸੂਬੇ ਲਈ ਕੇਂਦਰੀ ਬਲਾਂ ਦੀਆਂ 20 ਕੰਪਨੀਆਂ ਅਲਾਟ ਕੀਤੀਆਂ ਗਈਆਂ ਹਨ। ਹਿੰਸਾ ’ਚ ਮਾਰੇ ਗਏ ਲੋਕਾਂ ਬਾਰੇ ਉਨ੍ਹਾਂ ਕਿਹਾ ਕਿ ਹੋਮਗਾਰਡ ਦੇ ਦੋ ਜਵਾਨਾਂ ਦੀ ਮੌਤ ਹੋਈ ਹੈ ਤੇ ਕਈ ਪੁਲੀਸ ਮੁਲਾਜ਼ਮ ਜ਼ਖ਼ਮੀ ਹੋਏ ਹਨ। ਉਨ੍ਹਾਂ ਦੱਸਿਆ ਕਿ 15 ਜਣਿਆਂ ਨੂੰ ਨਲਹਰ ਸਥਿਤ ਮੈਡੀਕਲ ਕਾਲਜ ਲਿਆਂਦਾ ਗਿਆ ਤੇ ਇੱਕ ਵਿਅਕਤੀ ਨੂੰ ਮ੍ਰਿਤਕ ਹਾਲਤ ’ਚ ਲਿਆਂਦਾ ਗਿਆ ਜਿਸ ਦੀ ਅਜੇ ਪਛਾਣ ਨਹੀਂ ਹੋਈ।
















# ਸਮਾਜ ਵਿੱਚ ਜ਼ੁਰਮ ਕਿਵੇਂ ਵਧਦੇ ਹਨ ?




ਇੱਥੇ ਨਾਵਾਂ ਥਾਵਾਂ ਦਾ ਵੇਰਵਾ ਤਾਂ ਕਾਹਨੂੰ ਲਿਖਣਾ ਐਂ, ਦੇਖੀਆਂ ਸੁਣੀਆਂ ਦੋ ਘਟਨਾਵਾਂ ਦਾ ਵਰਨਣ ਕਰ ਰਿਹਾ ਹਾਂ! ਸ਼ਾਮ ਵੇਲੇ ਨਸ਼ੇੜੀ ਬਾਪ ਨਾਲ ਪੁੱਤ ਝਗੜ ਪਿਆ। ਕੁਥਾਂਹ ਲਾਠੀ ਵੱਜਣ ਨਾਲ ਪਿਉ ਥਾਏਂ ਢੇਰੀ ਹੋ ਗਿਆ। ਸਾਹਮਣੇ ਮੰਜੇ 'ਤੇ ਬੈਠੀ ਮੁੰਡੇ ਦੀ ਦਾਦੀ ਨੇ ਆਪਣੀਆਂ ਅੱਖਾਂ ਸਾਹਵੇਂ ਪੁੱਤ ਮਰਦਾ ਦੇਖਿਆ। ਵਿਰਲਾਪ ਕਰਦੀ ਨੇ ਕੀਰਨੇਂ ਪਾਏ ਕਿ ਭਾਵੇਂ ਹੁਣ ਮੇਰੀ ਸਾਰੀ ਜਮੀਨ ਵਿਕ ਜਾਏ ਪਰ ਦੈਂਤ ਬਣੇ ਛੋਕਰੇ ਨੂੰ ਤਾਂ ਫਾਂਸੀ ਲਵਾਊਂ ਜਿਸ ਪਾਪੀ ਨੇ ਮੇਰੇ ਸਾਹਮਣੇ ਮੇਰਾ ਨਿਹੱਥਾ ਪੁੱਤ ਮਾਰ ਦਿੱਤਾ!

ਸਵੇਰੇ ਪੁਲੀਸ ਨੇ ਆਉਣਾ ਸੀ। ਪਿੰਡ ਦੇ ਮੋਹਤਬਰ ਬੰਦੇ ਕਤਲ ਵਾਲੇ ਘਰੇ 'ਕੱਠੇ ਹੋਏ। ਬਜੁਰਗ ਮਾਈ ਨੂੰ ਸਮਝਾਉਣ ਲੱਗੇ ਕਿ ਭਾਈ ਜੋ ਹੋਣਾ ਸੀ ਸੋ ਹੋ ਗਿਆ, ਹੁਣ ਟੱਬਰ ਦਾ 'ਅੱਗਾ' ਵਿਚਾਰੋ !

ਸਵੇਰੇ ਪੁਲੀਸ ਆਈ 'ਤੇ ਮਾਈ ਨੇ ਬਿਆਨ ਬਦਲ ਲਏ ਅਖੇ ਕਤਲ ਵੇਲੇ ਮੈਂ ਵਿਹੜੇ 'ਚ ਜਰੂਰ ਬੈਠੀ ਸੀ ਪਰ ਮੈਨੂੰ ਅੱਖਾਂ ਤੋਂ ਬਹੁਤ ਝੌਲਾ ਦਿਸਦਾ ਐ '.. ਮੈਨੂੰ ਪਤਾ ਨੀ ਕਿਹਨੇ ਮੇਰੇ ਪੁੱਤ ਦੇ ਕੀ ਮਾਰਿਆ!

ਦਾਦੀ ਦੇ ਏਸ ਬਿਆਨ ਕਾਰਨ ਪਹਿਲਾਂ ਤਾਂ ਪੋਤੇ ਦੀ ਬੜੀ ਜਲਦੀ ਜ਼ਮਾਨਤ ਹੋ ਗਈ ਤੇ ਫਿਰ ਛੇਤੀ ਹੀ ਉਹ ਕਤਲ ਕੇਸ 'ਚੋਂ ਬਰੀ ਵੀ ਹੋ ਗਿਆ!

ਉਹਦੇ ਬਰੀ ਹੋਣ ਤੋਂ ਕੁੱਝ ਕੁ ਦਿਨਾਂ ਬਾਅਦ ਬਿਲਕੁਲ ਨਾਲ ਲਗਦੇ ਪਿੰਡ, ਪਿਉ ਕੋਲੋਂ ਜਮੀਨ ਦਾ ਹਿੱਸਾ ਮੰਗਦੇ ਇੱਕ ਅਣਵਿਆਹੇ ਮੁੰਡੇ ਨੇ ਲੜਾਈ ਕਰਦਿਆਂ ਆਪਣੇ ਪਿਉ ਦੇ ਕੁਹਾੜੀ ਮਾਰੀ! ਹਸਪਤਾਲੋਂ ਪੱਟੀ ਵਗੈਰਾ ਕਰਾ ਕੇ ਘਰੇ ਆਏ ਪਿਉ ਦੀ ਖਬਰਸਾਰ ਲੈਣ ਆਏ ਲੋਕ ਮੁੰਡੇ ਨੂੰ ਲਾਹਣਤਾਂ ਪਾਉਣ ਕਿ ਕਮਲਿਆ ਜੇ ਤੇਰਾ ਬਾਪ ਮਰ ਜਾਂਦਾ ਫੇਰ ?



ਤਰਲੋਚਨ ਸਿੰਘ 'ਦੁਪਾਲ ਪੁਰ'
001-408-915-1268

ਬਾਂਦਰ ਮੁੰਡਾ ਗੁਆਂਢੀ ਪਿੰਡ ਵਾਲੇ ਬਰੀ ਹੋ ਕੇ ਆਏ ਕਾਤਲ ਮੁੰਡੇ ਦਾ ਨਾਂ ਲੈ ਕੇ ਕਹੇ ਅਖੇ ਫੇਰ ਕੀ ਹੋ ਜਾਣਾ ਸੀ ? ਮੈਂ ਵੀ ਫਲਾਣੇ ਵਾਂਗ ਛੇਤੀ ਛੁੱਟ ਕੇ ਆ ਹੀ ਜਾਣਾ ਸੀ!!

ਇਖਲਾਕੀ ਬਦਤਮੀਜੀ ਦਾ ਸ਼ਿਕਾਰ ਹੋਈਆਂ ਭਲਵਾਨ ਕੁੜੀਆਂ ਦੇਸ ਦੀ ਰਾਜਧਾਨੀ 'ਚ ਕਈ ਮਹੀਨੇ ਬਹਿ ਕੇ ਪਿੱਟ ਹਟੀਆਂ ਪਰ ਗੁਨਾਹਗਾਰ ਦੀ ਸਰਕਾਰੀ ਪੁਸ਼ਤਪਨਾਹੀ ਕੀਤੀ ਗਈ!

'.. ਸਾਧਵੀਆਂ ਦੀ ਇੱਜ਼ਤ ਨਾਲ ਖੇਡਣ ਅਤੇ ਕਤਲ ਵਰਗੇ ਘੋਰ ਜ਼ੁਰਮਾਂ ਕਾਰਨ ਜੇਲ੍ਹ ਵਿੱਚ ਸਜ਼ਾ ਭੁਗਤ ਰਹੇ ਇੱਕ ਗੁੰਡੇ ਨੂੰ ਵਾਰ ਵਾਰ 'ਪੈਰੋਲ ਦੇ ਗੱਫੇ' ਦਿੱਤੇ ਜਾ ਰਹੇ ਨੇ !!

ਸੋ ਬਦਮਾਸ਼ੀ ਕਰਨ ਲਈ ਮਨੀਪੁਰ ਵਾਲਿਆਂ ਦੇ ਹਿਆਂ ਤੇ ਹੌਂਸਲੇ ਕਿਉਂ ਨਾ ਵਧਣ ਜੀ ?

# ਪੋਤਰੀ ਸੀਰਤ ਦੇ 'ਪੀ.ਟੀ.ਸੀ' ਨੂੰ ਝਿੜਕੇ !

ਢਾਡੀ ਦਿਲਬਰ ਸਾਹਿਬ ਸੂਰਮੇਂ ਸ਼ਹੀਦਾਂ ਦੇ ਇਤਹਾਸਿਕ ਪ੍ਰਸੰਗ ਸੁਣਾਉਂਦਿਆਂ ਉਨ੍ਹਾਂ ਦੀਆਂ ਮਾਵਾਂ ਦੇ ਮਹਾਨ ਯੋਗਦਾਨ ਦੀਆਂ ਮਿਸਾਲਾਂ ਦੱਸਣ ਦੇ ਨਾਲ ਨਾਲ ਅਜੋਕੀਆਂ ਮਾਵਾਂ ਬਾਰੇ ਵਿਅੰਗ-ਮਈ ਟੋਟਕੇ ਵੀ ਸੁਣਾ ਦਿਆ ਕਰਦੇ ਸਨ।

ਉਹ ਕਹਿਣਾ ਕਿ ਸਾਡੇ ਸਮਿਆਂ ਦੇ ਬੱਚੇ ਮਹਾਨ ਕਿੱਦਾਂ ਬਣਨ ਜਦਕਿ ਉਨ੍ਹਾਂ ਨੂੰ ਬਚਪਨ ਵਿੱਚ ਹੀ 'ਮਾਊਂ ਬਿੱਲੇ' ਤੋਂ ਡਰਾਇਆ ਜਾਂਦਾ ਹੈ! ਉਨ੍ਹਾਂ ਕਹਿਣਾ ਕਿ ਵਿਚਾਰੀਆਂ ਬੇਵੱਸ ਪਤਨੀਆਂ ਆਪਣੇ ਪਤੀਆਂ ਦੇ ਰੋਹਬ-ਦਾਬ ਮੋਹਰੇ ਉਂਜ ਤਾਂ ਕੁਸਕ ਨਾ ਸਕਦੀਆਂ ਪਰ ਉਹ ਆਪਣੇ ਨਿੱਕੇ ਬੱਚਿਆਂ ਦੇ ਆਨੇ-ਬਹਾਨੇ ਘਰ ਵਾਲੇ ਨੂੰ ਹਲਕੇ ਜਿਹੇ ਦਬਕੇ ਮਾਰ ਕੇ ਦਿਲ ਰਾਜੀ ਕਰ ਲੈਂਦੀਆਂ!

ਜਿਵੇਂ, ਜਦ ਰੋ ਰਹੇ ਜਾਂ ਕੋਈ ਜ਼ਿਦ ਕਰਦੇ ਛੋਟੇ ਬੱਚੇ ਨੂੰ ਚੁੱਪ ਕਰਾਉਣ ਲਈ ਕਹਿੰਦੀਆਂ ਨੇ ਕਿ ਓਏ 'ਮਾਊਂ ਬਿੱਲਾ' ਆਇਆ ਈ ਚੁੱਪ ਕਰਜ਼ਾ ਤਦ ਲਾਗੇ ਈ ਖੜ੍ਹੇ-ਬੈਠੇ ਆਪਣੇ ਘਰ ਵਾਲੇ ਵੱਲ੍ਹ ਫਰਜ਼ੀ ਗੁੱਸੇ ਨਾਲ ਮੁੱਕਾ ਵੱਟ ਕੇ ਕਹਿੰਦੀਆਂ ਨੇ- 'ਖਲੋ ਜਾ ਮਾਊਂ-ਬਿੱਲਿਆ, ਤੇਰੇ ਮਾਰੀਏ ਇੱਕ ਡੰਡਾ! ਜਾਹ ਦਫਾ ਹੋ ਜਾ ਦਾਦੇ ਮਗੌਨਿਆਂ!! '..ਕਾਕਾ ਤਾਂ ਸ਼ਾਡਾ ਬੀਬਾ ਰਾਣਾ ਐਂ!!!'

ਸ਼ਾਇਦ ਇਸੇ ਪੈਟਰਨ 'ਤੇ ਚੱਲਦਿਆਂ ਮੇਰੀ ਘਰ ਵਾਲੀ ਨੇ ਸਾਡੀ ਸਾਲ ਕੁ ਦੀ ਪੋਤਰੀ ਸੀਰਤ ਨੂੰ ਸਿਖਾਲ ? ਦਿੱਤਾ ਅਖੇ ਆਪਣੇ ਬਾਬਾ ਜੀ ਨੂੰ 'ਹੱਪ-ਹੱਪ'...'ਹੱਤ-ਹੱਤ' ਕਰਕੇ ਝਿੜਕਾ ਮਾਰਿਆ ਕਰ! ਮਾਸੂਮ ਸੀਰਤ ਜਦ ਮੌਜ ਵਿੱਚ ਆਉਂਦੀ ਐ ਤਾਂ ਦਾਦੀ ਦੀ ਸਿੱਖੀ-ਸਿਖਾਈ ਮੈਨੂੰ 'ਹੱਪ-ਹੱਪਹੱਤ-ਹੱਤ' ਕਰਨ ਲੱਗ ਜਾਂਦੀ ਐ!




ਇੱਕ ਦਿਨ ਫੁੱਲ ਭਰ ਪੋਤਰੀ ਨੇ ਸਾਨੂੰ ਸਭ ਨੂੰ ਹੈਰਾਨ ਕਰ ਦਿੱਤਾ! ਅਸੀਂ ਸ੍ਰੀ ਦਰਬਾਰ ਸਾਹਬ ਤੋਂ ਕੀਰਤਨ ਸੁਣ ਰਹੇ ਸਾਂ! ਉਹ ਟੇਬਲ ਫੜ ਕੇ ਬੜੇ ਗੌਰ ਨਾਲ ਟੀ.ਵੀ ਦੀ ਸਕਰੀਨ ਵੱਲ੍ਹ ਦੇਖ ਰਹੀ ਸੀ। ਕਿਉਂ ਕਿ ਮੈਂ ਅਕਸਰ ਨੀਲੀ ਪੱਗ ਜਾਂ ਘਰੇ ਵੀ ਨੀਲਾ-ਕਾਲਾ ਸਾਫਾ ਬੰਨ੍ਹ ਕੇ ਰੱਖਦਾ ਹਾਂ ਇਸ ਕਰਕੇ ਉਹ ਖੜ੍ਹੀ ਖੜ੍ਹੀ ਰਾਗੀਆਂ ਵੱਲ੍ਹ ਦੇਖਦੀ ਹੋਈ ਉਨ੍ਹਾਂ ਨੂੰ ਮੇਰੇ ਭੁਲੇਖੇ 'ਹੱਪ-ਹੱਪ' ਕਰਕੇ ਝਿੜਕੇ ਜਿਹੇ ਮਾਰ ਰਹੀ ਸੀ!

ਮੈਂ ਆਪਣੀ ਘਰ ਵਾਲੀ ਵੱਲ੍ਹ ਦੇਖਿਆ ਤਾਂ ਉਹ ਮੁਸ਼ਕੜੀਏਂ ਹੱਸਦੀ ਹੋਈ ਕਹਿੰਦੀ-"ਖੌਰੇ ਇਹ ਵੀ ਤੁਹਾਡੇ ਵਾਂਗ ਹੀ 'ਪੀ.ਟੀ.ਸੀ' ਨੂੰ ਦਬਕੇ ਮਾਰਦੀ ਆ!

# ਵਿਸ਼ਵ ਗੱਤਕਾ ਫੈਡਰੇਸ਼ਨ ਵੱਲੋਂ ਗੁਰਿੰਦਰ ਸਿੰਘ ਖਾਲਸਾ ਗੱਤਕਾ ਫੈਡਰੇਸ਼ਨ ਅਮਰੀਕਾ ਦੇ ਚੇਅਰਮੈਨ ਨਿਯੁਕਤ

## ਫੈਡਰੇਸ਼ਨ ਦੇ ਪ੍ਰਧਾਨ ਗਰੇਵਾਲ ਤੇ ਜਨਰਲ ਸਕੱਤਰ ਦੀਪ ਸਿੰਘ ਵੱਲੋਂ ਗੁਰਿੰਦਰ ਖਾਲਸਾ ਨੂੰ ਨਵੀਂ ਜ਼ਿੰਮੇਵਾਰੀ ਲਈ ਵਧਾਈਆਂ

ਚੰਡੀਗੜ੍ਹ : ਅਮਰੀਕਾ ਵਿੱਚ ਗੱਤਕਾ ਖੇਡ ਨੂੰ ਪ੍ਰਫੁੱਲਤ ਕਰਨ ਦੇ ਉਦੇਸ਼ ਨਾਲ ਵਿਸ਼ਵ ਗੱਤਕਾ ਫੈਡਰੇਸ਼ਨ ਨੇ ਉੱਘੇ ਸਿੱਖ ਆਗੂ, ਉੱਦਮੀ ਅਤੇ ਜਨਤਕ ਬੁਲਾਰੇ ਗੁਰਿੰਦਰ ਸਿੰਘ ਖਾਲਸਾ ਨੂੰ ਗੱਤਕਾ ਫੈਡਰੇਸ਼ਨ ਯੂਐਸਏ ਦਾ ਚੇਅਰਮੈਨ ਨਿਯੁਕਤ ਕੀਤਾ ਹੈ। ਵਿਸ਼ਵ ਗੱਤਕਾ ਫੈਡਰੇਸ਼ਨ (ਡਬਲਯੂ.ਜੀ.ਐਫ.) ਦੇ ਪ੍ਰਧਾਨ ਸ. ਹਰਜੀਤ ਸਿੰਘ ਗਰੇਵਾਲ ਅਤੇ ਜਨਰਲ ਸਕੱਤਰ ਡਾ. ਦੀਪ ਸਿੰਘ ਨੇ ਗੁਰਿੰਦਰ ਖਾਲਸਾ ਨੂੰ ਇੰਡੀਆਨਾ ਦੇ ਸ਼ਹਿਰ ਫਿਸ਼ਰਜ਼ ਵਿਖੇ ਨਿਯੁਕਤੀ ਪੱਤਰ ਭੇਂਟ ਕੀਤਾ ਅਤੇ ਉਨਾਂ ਨੂੰ ਇਸ ਨਿਯੁਕਤੀ ਲਈ ਦਿਲੋਂ ਵਧਾਈਆਂ ਦਿੱਤੀਆਂ।

ਗੱਤਕਾ ਫੈਡਰੇਸ਼ਨ ਯੂਐਸਏ ਦੇ ਚੇਅਰਮੈਨ ਵਜੋਂ, ਡਬਲਯੂ.ਜੀ.ਐਫ. ਨੇ ਖਾਲਸਾ ਨੂੰ ਦੇਸ਼ ਭਰ ਵਿੱਚ ਗੱਤਕੇ ਦੇ ਅਭਿਆਸ ਨੂੰ ਉਤਸ਼ਾਹਿਤ ਕਰਨ ਅਤੇ ਵਿਸਤਾਰ ਕਰਨ ਦੀ ਜ਼ਿੰਮੇਵਾਰੀ ਸੌਂਪੀ ਹੈ। ਉਨ੍ਹਾਂ ਦੀਆਂ ਜ਼ਿੰਮੇਵਾਰੀਆਂ ਵਿੱਚ ਅਮਰੀਕਾ ਦੇ ਵੱਖ-ਵੱਖ ਰਾਜਾਂ ਵਿੱਚ ਗੱਤਕਾ ਐਸੋਸੀਏਸ਼ਨਾਂ ਦੀ ਸਥਾਪਨਾ ਕਰਨਾ, ਗੱਤਕਾ ਖਿਡਾਰੀਆਂ / ਅਖਾੜਿਆਂ ਨਾਲ ਤਾਲਮੇਲ ਕਰਨਾ, ਦੇਸ਼ ਵਿੱਚ ਮੀਟਿੰਗਾਂ ਅਤੇ ਸਮਾਗਮਾਂ ਦਾ ਆਯੋਜਨ ਕਰਨਾ ਅਤੇ ਗੱਤਕਾ ਮੁਕਾਬਲਿਆਂ ਅਤੇ ਸਮਾਗਮਾਂ ਦੌਰਾਨ ਗੱਤਕਾ ਫੈਡਰੇਸ਼ਨ ਯੂਐਸਏ ਦੀ ਨੁਮਾਇੰਦਗੀ ਕਰਨਾ ਸ਼ਾਮਲ ਹੈ।

ਗੁਰਿੰਦਰ ਸਿੰਘ ਖਾਲਸਾ, ਜੋ ਅਮਰੀਕਾ ਵਿੱਚ ਸਿੱਖਸ ਪੌਲੀਟੀਕਲ ਐਕਸ਼ਨ ਕਮੇਟੀ ਦੇ ਚੇਅਰਮੈਨ ਵਜੋਂ ਵੀ ਸੇਵਾ ਨਿਭਾਅ ਰਹੇ ਹਨ, ਦਾ ਗੱਤਕੇ ਦੇ ਖੇਤਰ ਵਿੱਚ ਉਨ੍ਹਾਂ ਦੀ ਨਵੀਂ ਭੂਮਿਕਾ ਲਈ ਸਵਾਗਤ ਕਰਦੇ ਹੋਏ, ਗੱਤਕਾ ਪ੍ਰਮੋਟਰ ਸ. ਹਰਜੀਤ ਸਿੰਘ ਗਰੇਵਾਲ ਅਤੇ ਡਾ. ਦੀਪ ਸਿੰਘ ਨੇ ਉਮੀਦ ਪ੍ਰਗਟ ਕੀਤੀ ਕਿ ਖਾਲਸਾ ਦਾ ਇਸ ਵਿਰਾਸਤੀ ਖੇਡ ਪ੍ਰਤੀ ਸਮਰਪਣ, ਪਿਆਰ ਅਤੇ ਜੋਸ਼ ਨੂੰ ਦੇਖਦੇ ਹੋਏ ਉਹ ਗੱਤਕਾ ਫੈਡਰੇਸ਼ਨ ਯੂਐਸਏ ਅਤੇ ਡਬਲਯੂ.ਜੀ.ਐਫ. ਦੁਆਰਾ ਇਸ ਪੁਰਾਤਨ ਖੇਡ ਦੀ ਪ੍ਰਫੁੱਲਤਾ ਲਈ ਉਲੀਕੇ ਵਿਸ਼ਵ ਪੱਧਰੀ ਉਦੇਸ਼ਾਂ ਦੀ ਪ੍ਰਾਪਤੀ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਣਗੇ।



ਵਿਸ਼ਵ ਗੱਤਕਾ ਫੈਡਰੇਸ਼ਨ ਦੇ ਪ੍ਰਧਾਨ ਹਰਜੀਤ ਸਿੰਘ ਗਰੇਵਾਲ ਤੇ ਡਾ. ਦੀਪ ਸਿੰਘ ਫਿਸ਼ਰਜ਼, ਇੰਡੀਆਨਾ ਵਿਖੇ ਗੁਰਿੰਦਰ ਸਿੰਘ ਖਾਲਸਾ ਦੀ ਗੱਤਕਾ ਫੈਡਰੇਸ਼ਨ ਯੂਐਸਏ ਦੇ ਚੇਅਰਮੈਨ ਵਜੋਂ ਨਿਯੁਕਤੀ ਉਪਰੰਤ ਨਾਲ ਖੜ੍ਹੇ ਹੋਏ।

ਇਸ ਮੌਕੇ ਗੁਰਿੰਦਰ ਸਿੰਘ ਖਾਲਸਾ ਨੇ ਵੱਕਾਰੀ ਕੌਮੀ ਜ਼ਿੰਮੇਵਾਰੀ ਪ੍ਰਤੀ ਨਾਮਜ਼ਦਗੀ ਲਈ ਡਬਲਯੂ.ਜੀ.ਐੱਫ. ਦਾ ਧੰਨਵਾਦ ਕਰਦਿਆਂ ਉਨ੍ਹਾਂ ਨੂੰ ਭਰੋਸਾ ਦਿਵਾਇਆ ਕਿ ਉਹ ਅਮਰੀਕਾ ਵਿੱਚ ਮਾਰਸ਼ਲ ਆਰਟ ਗੱਤਕੇ ਨੂੰ ਇੱਕ ਖੇਡ ਵਜੋਂ ਅੱਗੇ ਵਧਾਉਣ ਅਤੇ ਉਤਸ਼ਾਹਿਤ ਕਰਨ ਲਈ ਪੂਰੀ ਵਾਹ ਲਾਉਣਗੇ।

# ਖੁੰਬਾਂ ਵਾਂਗ ਉਗਦੇ ਕਥਿਤ ਧਾਰਮਿਕ ਸਥਾਨ !

ਸੌਖਾ ਈ ਕੰਮ ਐ ਜੀ! ਦੂਰ ਵੀ ਕਾਹਨੂੰ ਜਾਣਾ ? ਭਾਵੇਂ ਆਪਦੇ ਘਰੇ ਈ ਗੁਰੂਆਂ, ਪੀਰਾਂ, ਮਾਤਾਵਾਂ ਤੇ ਬਾਬਿਆਂ ਦੀਆਂ ਕਾਲਪਨਿਕ ਤਸਵੀਰਾਂ ਲਾ ਲਓ। ਜੇ ਹੋਰ ਥੋੜਾ ਜਿਹਾ ਵਧੀਆ ਕਰਨਾ ਏ ਤਾਂ ਨਾਲ ਕੋਈ ਧਾਰਮਿਕ ਪੋਥੀ ਜਾਂ ਗ੍ਰੰਥ ਰੱਖ ਲਓ ਤੇ ਆਲੇ ਦੁਆਲੇ ਮੋਰ ਦੇ ਖੰਭ ਖੜੇ ਕਰ ਲਓ। ਅਗਰਬੱਤੀਆਂ ਧੁਖਣ ਲਾ ਦਿਉ! ਲਾਲ, ਕੇਸਰੀ, ਨੀਲਾ, ਚਿੱਟਾ ਜਾਂ ਹਰਾ ਕੱਪੜਾ ਵਿਛਾ ਕੇ ਗੱਦੀ ਬਣਾ ਲਓ ਤੇ ਉੱਤੇ ਹੋ ਜਾਓ ਬਿਰਾਜਮਾਨ। ਇਹ ਖੁੱਲ੍ਹ ਗਈ ਤੁਹਾਡੀ ਉਹ ਹੱਟੀ, ਜਿਹਦੇ ਵਿੱਚ ਘਾਟਾ ਪੈਣ ਦੀ ਕੋਈ ਗੁੰਜਾਇਸ਼ ਈ ਨੀ। ਇੱਕੋ ਵਾਰ ਆ ਨਿੱਕ-ਸੁੱਕ ਜਿਹਾ ਖ਼ਰੀਦਣ ਦੀ ਲੋੜ ਪਵੇਗੀ ਬਾਅਦ 'ਚ ਇਹ ਸੇਵਾ ਵੀ ਦੁਖਿਆਰੀ ਜਨਤਾ ਆਪਣੇ ਹੱਥਾਂ ਚ ਲੈ ਲਵੇਗੀ। ਸੰਗਤ ਦੀ ਗਰੀਬੀ ਚੁੱਕ ਹੋਵੇ ਜਾਂ ਨਾ ਪਰ ਤੁਹਾਡੇ ਦਿਨ, ਚੰਦ ਦਿਨਾਂ 'ਚ ਈ ਬਦਲ ਜਾਣਗੇ !



-ਗੁਰਜਿੰਦਰ ਸਿੰਘ 'ਸਾਹਦੜਾ'

ਇਹ ਹਕੀਕਤ ਹੈ ਸਾਡੇ ਪੰਜ-ਆਬ ਦੇ ਬਹੁਤੇ ਧਾਰਮਿਕ ਸਥਾਨਾਂ ਦੇ! ਬੜੇ ਬੜੇ ਦਮਗਜੇ ਮਾਰਨ ਵਾਲੇ, ਕਹਿੰਦੇ ਕਹਾਉਂਦੇ ਭੱਦਰਪੁਰਸ਼ ਤੇ ਉਹਨਾਂ ਦੀਆਂ ਗ੍ਰਹਿਣੀਆਂ ਨੂੰ ਜਦੋਂ ਗੱਡੀਆਂ ਖੜ੍ਹੀਆਂ ਕਰ ਇਨ੍ਹਾਂ 'ਹੱਟੀਆਂ' ਵਿੱਚ ਵੜਦਿਆਂ ਵੇਖੀ ਦਾ ਹੈ ਤਾਂ ਇੱਕੋ ਗੱਲ ਦਿਮਾਗ ਚ ਆਉਂਦੀ ਏ 'ਕੁਝ ਨੀ ਹੋ ਸਕਦਾ ਇਹਨਾਂ ਸ਼ਰਧਾ-ਉੱਲੂਆਂ ਦਾ! ਗੱਲਾਂ ਕਰਨੀਆਂ ਦਸ ਗੁਰੂ ਸਾਹਿਬਾਨ ਅਤੇ ਗੁਰੂ ਗ੍ਰੰਥ ਸਾਹਬ ਦੀਆਂ ਪਰ ਪੈਰੀਂ ਡਿਗਣਾ ਅਨਪੜ੍ਹ ਬੂਬਨਿਆਂ ਤੇ ਬੂਬਨੀਆਂ ਦੇ। ਸ਼ਰਮ ਆਉਂਦੀ ਏ ਇਹਨਾਂ ਅਖੌਤੀ 'ਸਿੱਖਾਂ' ਵੱਲ ਵੇਖ ਕੇ।

ਸਾਡੇ ਗੁਆਂਢ ਈ ਪਿੰਡ ਏ ਖੁਰਦਾਂ। ਇੱਕ ਦਿਨ ਸਬੱਬੀਂ ਗੱਡੀ ਵਿੱਚ ਤੇਲ ਪੁਆਉਣ ਗਿਆ ਤਾਂ ਉੱਥੇ ਇੱਕ ਘਰ ਦੇ ਬਾਹਰ ਮੋਟਰ ਸਾਈਕਲਾਂ ਤੇ ਗੱਡੀਆਂ ਦੀ ਭਾਰੀ ਪਾਰਕਿੰਗ ਵੇਖ ਕੇ ਕੁਝ ਚਿਰ ਪਹਿਲਾਂ ਦਾ ਸਮਾਂ ਯਾਦ ਆਇਆ। ਉੱਥੇ ਇੱਕ ਔਰਤ ਕਾਫੀ ਸਮੇਂ ਤੋਂ ਪੁੱਛਾਂ ਦੇਣ ਦਾ 'ਧੰਦਾ' ਕਰਦੀ ਏ। ਉਹਦਾ ਘਰਵਾਲਾ (ਜੋ ਸ਼ਕਲੋਂ ਸੂਰਤੋਂ ਗੁਰਸਿੱਖ ਏ) ਮੇਰੇ ਕੋਲ ਸਮਾਨ ਖਰੀਦਣ ਆਇਆ ਤਾਂ ਮੈਨੂੰ ਕਹਿੰਦਾ, "ਭਾਅ ਸਹੀ ਸਹੀ ਲਾ ਲਿਓ ਗੁਰਦੁਆਰਾ ਸਾਹਬ ਦਾ ਕੰਮ ਏ।" ਮੈਂ ਪੁੱਛਿਆ, "ਕਿਹੜਾ ਗੁਰਦੁਆਰਾ ?" ਕਹਿੰਦਾ, "ਆਪਣੇ ਘਰ ਵਿੱਚ ਈ ਬਣਾਉਣ ਲੱਗੇ ਆਂ।" ਮੈਂ ਕਿਹਾ, "ਉਹ ਤਾਂ ਤੁਸੀਂ ਦੁਕਾਨ 'ਅੱਪਗ੍ਰੇਡ' ਕਰਨ ਲੱਗੇ ਓ ਜੀ!" ਉਸਨੂੰ ਮੁੜ ਭੱਜਦੇ ਨੂੰ ਰਾਹ ਨੀ ਲੱਭਿਆ।

ਹੁਣ ਉੱਥੇ ਹੀ ਕੱਲ ਫੇਰ ਵੇਖਿਆ- ਸੁੱਖ ਨਾਲ ਉਨ੍ਹਾਂ ਦੀ 'ਦੁਕਾਨਦਾਰੀ' ਵਧੀਆ ਚੱਲ ਪਈ ਲਗਦੀ ਸੀ!

ਕਹਿੰਦੇ ਉੱਥੇ ਹੁਣ ਹਰ ਐਤਵਾਰ ਸਵੇਰੇ-ਸਵੇਰੇ ਵਾਹਵਾ ਈ ਮੇਲਾ ਭਰਦਾ ਏ। ਮਤਲਬ ਕਿ ਉਸ ਟੱਬਰ ਨੂੰ ਕਮਾਈ ਦਾ ਸਾਧਨ ਮਿਲ ਗਿਆ ਐ!



ਸ. ਬਲਬੀਰ ਸਿੰਘ ਰਾਗੀ

ਇੰਗਲੈਂਡ ਦੇ ਇਤਿਹਾਸ ਨੂੰ ਉਜਾਗਰ ਕਰਨ ਦੇ ਲਈ ਸ.ਬਲਵੀਰ ਸਿੰਘ ਰਾਗੀ ਦੀ ਸ਼ਲਾਘਾ ਕੀਤੀ ਜਾਣੀ ਚਾਹੀਦੀ ਹੈ। ਇਸ ਦਾ ਕਾਰਨ ਇਹ ਹੈ ਕਿ ਇਸ ਧਰਤੀ ਉਪਰ ਵਸਣ ਵਾਲੇ ਇਨ੍ਹਾਂ ਲੋਕਾਂ ਨੇ ਕੀ-ਕੀ ਸਹਿਣ ਨਹੀਂ ਕੀਤਾ, ਉਨ੍ਹਾਂ ਦੇ ਕਾਰਨ ਹੀ ਅੱਜ ਅਸੀਂ ਮਾਣ ਸਨਮਾਨ ਵਾਲਾ ਜੀਵਨ ਜੀਅ ਰਹੇ ਹਾਂ ਅਤੇ ਹੁਣ ਬ੍ਰਿਟੇਨ ਦੀ ਸੰਸਦ 'ਚ ਸਾਡੇ ਸੰਸਦ ਮੈਂਬਰ ਵੀ ਹਨ ਅਤੇ ਇੰਗਲੈਂਡ ਦੇ ਹਰ ਖੇਤਰ ਵਿਚ ਸਿੱਖ ਭਾਈਚਾਰੇ ਨੇ ਮੱਲ੍ਹਾਂ ਮਾਰੀਆਂ ਹਨ। ਇਸ ਸਭ ਬਾਰੇ ਜਾਗਰੂਕ ਕਰਨ ਲਈ ਹੁਣ ਅਸੀਂ ਅਮਰੀਕਾ ਦੇ ਉਘੇ ਸਿੱਖ ਆਗੂ ਸ. ਬਲਵੀਰ ਸਿੰਘ ਰਾਗੀ ਜੀ ਦੀ ਲਿਖੀ ਕਿਤਾਬ 'ਇਨ ਸਰਵਿਸ ਆਫ਼ ਹਿਜ਼ ਮਾਸਟਰ' ਕਿਤਾਬ ਨੂੰ ਲੜੀਵਾਰ 'ਸਾਡੇ ਲੋਕ' ਅਖ਼ਬਾਰ ਵਿਚ ਛਾਪ ਕੇ ਇੰਗਲੈਂਡ ਦੇ ਇਤਿਹਾਸ ਬਾਰੇ ਅਮਰੀਕਾ 'ਚ ਵਸਦੇ ਭਾਰਤੀ ਭਾਈਚਾਰੇ ਨੂੰ ਜਾਣੂ ਕਰਵਾਉਣਾ ਚਾਹੁੰਦੇ ਹਾਂ, ਤਾਂ ਜੋ 'ਸਾਡੇ ਲੋਕ' ਦੇ ਸਮੂਹ ਪਾਠਕ ਇਸ ਲੜੀਵਾਰ ਪੁਸਤਕ ਨੂੰ ਪੜ੍ਹ ਕੇ ਇੰਗਲੈਂਡ ਅਤੇ ਸਿੱਖਾਂ ਦੇ ਇਤਿਹਾਸ ਦੀ ਨੀਂਹ ਰੱਖ ਕੇ ਗੁਰੂਘਰ ਬਣਾਉਣ ਦੀ ਕਹਾਣੀ ਉਨ੍ਹਾਂ ਦੇ ਪਿਤਾ ਸ. ਧਰਮ ਸਿੰਘ ਰਾਗੀ, ਮਾਤਾ ਨਸੀਬ ਕੌਰ ਰਾਗੀ ਅਤੇ ਉਨ੍ਹਾਂ ਸਿੱਖਾਂ ਦੀ ਹੈ, ਜਿਨ੍ਹਾਂ ਨੇ ਇੰਗਲੈਂਡ ਵਿਚ ਪਹਿਲੇ ਗੁਰਦੁਆਰੇ ਦੀ ਨੀਂਹ ਰੱਖ ਕੇ ਵਿਦੇਸ਼ 'ਚ ਸਿੱਖੀ ਦਾ ਮੁੱਢ ਬੰਨ੍ਹਿਆ। ਇਹ ਸਿੱਖ ਜਗਤ ਦੀ ਚੜ੍ਹਦੀਕਲਾ ਦੀ ਕਹਾਣੀ ਹੈ। - ਸਤਨਾਮ ਸਿੰਘ ਖਾਲਸਾ

# 'ਪਾਪਾ ਜੀ ਅਸੀਂ ਹੁਣ ਠੀਕ ਹਾਂ, ਬਸ ਤੁਸੀਂ ਹੁਣ ਆਪਣੀ ਕੋਵੈਂਟਰੀ ਦੀ ਸੰਗਤ ਬਾਰੇ ਸੋਚੋ ਅਤੇ ਤੁਸੀਂ ਜਦੋਂ ਚਾਹੋ ਜਾ ਸਕਦੇ ਹੋ'

**(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)**

ਜਿਵੇਂ ਹੀ ਅਸੀਂ ਦਰਵਾਜ਼ੇ ਵਿੱਚ ਪਹੁੰਚੇ ਤਾਂ ਸਾਰੇ ਲੋਕ ਵੀ ਉੱਥੇ ਪਹੁੰਚ ਗਏ ਅਤੇ ਉਨ੍ਹਾਂ ਨੇ ਦਰਵਾਜ਼ਾ ਬਲਾਕ ਕਰ ਦਿੱਤਾ। ਉਨ੍ਹਾਂ ਨੇ ਹੱਥ ਜੋੜ ਕੇ ਕਿਹਾ, 'ਧਰਮ ਸਿੰਘ ਤੁਸੀਂ ਸਾਨੂੰ ਛੱਡ ਕੇ ਨਹੀਂ ਜਾ ਸਕਦੇ, ਕੋਈ ਵੀ ਇਲੈੱਕਸ਼ਨ ਨਹੀਂ ਚਾਹੁੰਦਾ।'

ਪਾਪਾ ਜੀ ਨੇ ਕਿਹਾ, 'ਇਹ ਤੁਹਾਡਾ ਹੱਕ ਬਣਦਾ ਹੈ ਔਰ ਮੇਰਾ ਵਾਅਦਾ ਸੀ।'

ਉਹ ਉਨ੍ਹਾਂ ਵੱਲ ਨੂੰ ਮੁੜੇ ਅਤੇ ਕਿਹਾ ਕਿ ਉਨ੍ਹਾਂ ਨੇ ਆਪਣਾ ਵਾਅਦਾ ਪੂਰਾ ਕੀਤਾ ਹੈ ਅਤੇ ਉਨ੍ਹਾਂ ਨੇ ਸੰਗਤ ਨੂੰ ਇਹ ਸਭ ਜਾਰੀ ਰੱਖਣ ਦਾ ਆਦੇਸ਼ ਦਿੱਤਾ, ਪਰ ਪਾਪਾ ਜੀ ਨੇ ਉਨ੍ਹਾਂ ਨੂੰ ਕਿਹਾ ਕਿ ਇਹ ਮੇਰਾ ਉਸ ਪ੍ਰਮਾਤਮਾ ਨਾਲ ਵਾਅਦਾ ਹੈ ਕਿ ਮੈਂ ਉਸ ਨਾਲ ਹਾਂ।

ਫਿਰ ਸੰਗਤ ਨੇ ਪਾਪਾ ਜੀ ਨੂੰ ਦਰਵਾਜ਼ੇ ਰਾਹੀਂ ਗਲੀ ਵਿੱਚ ਜਾਣ ਲਈ ਕਿਹਾ ਅਤੇ ਸਾਨੂੰ ਪਾਪਾ ਜੀ ਨੇ ਆਦੇਸ਼ ਦਿੱਤਾ ਕਿ ਉਹ ਜਦੋਂ ਤੱਕ ਉਨ੍ਹਾਂ ਨੂੰ ਇੱਥੋਂ ਜਾਣ ਲਈ ਨਾ ਕਹਿਣ, ਉਹ ਉੱਥੇ ਹੀ ਖੜ੍ਹੇ ਰਹਿਣ।

ਸਿੱਖ ਧਰਮ ਵਿੱਚ ਜੇਕਰ ਸੰਗਤ ਤੁਹਾਨੂੰ ਕੋਈ ਆਦੇਸ਼ ਦਿੰਦੀ ਹੈ ਅਤੇ ਜੇਕਰ ਇਹ ਅੰਤਿਮ ਹੈ, ਤਾਂ ਤੁਸੀਂ ਉਸ ਨੂੰ ਚੁਣੌਤੀ ਨਹੀਂ ਦੇ ਸਕਦੇ। ਇੱਥੋਂ ਤੱਕ ਕਿ ਸਿੱਖ ਗੁਰੂਆਂ ਨੇ ਵੀ ਸੰਗਤ ਵੱਲੋਂ ਦਿੱਤੇ ਆਦੇਸ਼ ਨੂੰ ਕਦੇ ਚੁਣੌਤੀ ਨਹੀਂ ਦਿੱਤੀ। ਅਸੀਂ ਗਲੀ ਵਿੱਚ ਚਲੇ ਗਏ ਅਤੇ ਇੰਤਜ਼ਾਰ ਕੀਤਾ, ਫਿਰ ਸਾਰੀ ਸੰਗਤ ਬਾਹਰ ਆਈ ਅਤੇ ਕਿਹਾ ਕਿ ਤੁਹਾਡਾ ਵਾਅਦਾ ਪੂਰਾ ਹੋਇਆ, ਹੁਣ ਤੁਸੀਂ ਇੱਥੋਂ ਜਾ ਸਕਦੇ ਹੋ ਅਤੇ ਅਸੀਂ ਤੁਹਾਨੂੰ ਹੁਣ ਹੁਕਮ ਦਿੰਦੇ ਹਾਂ ਕਿ ਵਾਪਸ ਆਓ ਅਤੇ ਭਾਈਚਾਰੇ ਦੀ ਸੇਵਾ ਕਰੋ। ਅਜਿਹਾ ਕੁਝ ਵੀ ਨਹੀਂ ਸੀ ਜੋ ਕਰਨਾ ਸੀ, ਬਸ ਇਸਦਾ ਪਾਲਣ ਕਰਨਾ ਸੀ।

ਫਿਰ ਪਾਪਾ ਜੀ ਨੂੰ 'ਜੋ ਬੋਲੇ ਸੋ ਨਿਹਾਲ ਸਤਿ ਸ੍ਰੀ ਅਕਾਲ' ਦੇ ਜੈਕਾਰਿਆਂ ਨਾਲ ਹਾਲ ਦੇ ਅੰਦਰ ਲਿਆਂਦਾ ਗਿਆ। ਗੁਰੂ ਗ੍ਰੰਥ ਸਾਹਿਬ ਅੱਗੇ ਰੱਖੀਆਂ ਬਹੀਆਂ ਅਤੇ ਹੋਰ ਵਸਤਾਂ ਨੂੰ ਚੁੱਕ ਕੇ ਉਨ੍ਹਾਂ ਦੇ ਸਿਰ 'ਤੇ ਰੱਖਿਆ ਗਿਆ ਅਤੇ ਸੰਗਤ ਨੇ ਕਿਹਾ ਕਿ ਉਸ ਪਰਮਾਤਮਾ ਨੇ ਤੁਹਾਨੂੰ ਇਸ ਗੁਰਦੁਆਰੇ ਦਾ ਨਿਰਮਾਣ ਕਰਨ ਦਾ ਆਦੇਸ਼ ਦਿੱਤਾ ਅਤੇ ਹੁਣ ਗੁਰੂ ਦੀ ਸੰਗਤ ਤੁਹਾਨੂੰ ਇਸ ਦੀ ਸੇਵਾ ਕਰਨ ਦਾ ਆਦੇਸ਼ ਦਿੰਦੀ ਹੈ। ਪਾਪਾ ਜੀ ਨੇ ਕਿਹਾ ਕਿ ਉਹ ਹਰ ਸਾਲ ਸਾਰਿਆਂ ਨੂੰ ਚੋਣ ਕਰਾਉਣ ਲਈ ਕਹਿਣਗੇ ਕਿਉਂਕਿ ਇਹ ਉਨ੍ਹਾਂ ਦਾ ਹੱਕ ਹੈ। ਉਨ੍ਹਾਂ ਨੇ ਅਜਿਹਾ ਹੀ ਕੀਤਾ ਅਤੇ ਹਰ ਸਾਲ ਚੋਣ ਕਰਾਉਣ ਲਈ ਕਹਿੰਦੇ ਸਨ, ਪਰ ਕੋਈ ਵੀ ਅੱਗੇ ਨਹੀਂ ਆਇਆ। ਉਨ੍ਹਾਂ ਨੇ ਅਪ੍ਰੈਲ, 1967 ਤੋਂ ਲੈ ਕੇ ਸੰਗਤ ਦੀ ਸੇਵਾ ਕੀਤਾ ਜਿਵੇਂ ਕਿ ਉਨ੍ਹਾਂ ਨੇ 1961 ਤੋਂ ਗੁਰਦੁਆਰੇ ਦਾ ਪ੍ਰਾਜੈਕਟ ਸ਼ੁਰੂ ਕਰਨ ਤੋਂ ਕੀਤੀ ਸੀ। 1979 ਤੱਕ ਉਹ ਗੁਰਦੁਆਰੇ ਦੀ ਉਦੋਂ ਤੱਕ ਸੇਵਾ ਕਰਦੇ ਰਹੇ ਜਦੋਂ ਉਹ ਅਤੇ ਬੀਜੀ ਸਾਡੇ ਕੋਲ ਅਮਰੀਕਾ ਨਹੀਂ ਆ ਗਏ। ਉਨ੍ਹਾਂ ਨੇ ਅਠਾਰਾਂ ਸਾਲ ਭਾਈਚਾਰੇ ਦੀ ਸੇਵਾ ਕੀਤੀ।

ਅਮਰੀਕਾ ਆਉਣ ਤੋਂ ਬਾਅਦ ਅਠਾਰਾਂ ਮਹੀਨਿਆਂ ਬਾਅਦ ਬੀਜੀ ਦੀ ਮੌਤ ਹੋ ਗਈ। ਪਾਪਾ ਜੀ 84 ਸਾਲ ਦੀ ਉਮਰ ਤੱਕ ਜਿਉਂਦੇ ਰਹੇ।

ਜਦੋਂ ਉਹ ਇਸ ਦੁਨੀਆਂ ਤੋਂ ਜਾਣ ਲੱਗੇ ਤਾਂ ਮੈਂ ਉਨ੍ਹਾਂ ਨੂੰ ਕਿਹਾ, 'ਪਾਪਾ ਜੀ ਅਸੀਂ ਹੁਣ ਠੀਕ ਹਾਂ, ਬਸ ਤੁਸੀਂ ਹੁਣ ਆਪਣੀ ਕੋਵੈਂਟਰੀ ਦੀ ਸੰਗਤ ਬਾਰੇ ਸੋਚੋ ਅਤੇ ਤੁਸੀਂ ਜਦੋਂ ਚਾਹੋ ਜਾ ਸਕਦੇ ਹੋ।'

ਇਸਤੋਂ ਕੁਝ ਮਹੀਨਿਆਂ ਬਾਅਦ ਉਹ ਚਲੇ ਗਏ।

ਉਨ੍ਹਾਂ ਦੇ ਅੰਤਿਮ ਸਸਕਾਰ ਵੇਲੇ ਉਨ੍ਹਾਂ ਦੇ ਪੋਤਿਆਂ ਮੇਰੇ ਪੁੱਤਰ ਓਮਾਰ ਅਤੇ ਕਸ਼ਮੀਰ ਦੇ ਪੁੱਤਰ ਹਰਮਨ ਨੇ ਉਨ੍ਹਾਂ ਦੀ ਤਾਰੀਫ ਕੀਤੀ। ਮੇਰੇ ਬੇਟੇ ਓਮਾਰ ਨੇ ਉਨ੍ਹਾਂ ਦੀ ਜ਼ਿੰਦਗੀ ਨੂੰ ਇਸ ਤਰ੍ਹਾਂ ਬਿਆਨ ਕੀਤਾ।

ਉਸਨੇ ਕਿਹਾ, 'ਮੇਰੇ ਬਾਬਾ ਜੀ ਮਹਾਨ ਵਿਅਕਤੀ ਸਨ, ਉਹ ਬਹੁਤ ਸਾਰੇ ਲੋਕਾਂ ਲਈ ਬਹੁਤ ਕੁਝ ਸਨ। ਮੇਰੇ ਪਿਤਾ ਅਤੇ ਚਾਚਾ ਜੀ ਦੇ ਉਹ ਪਿਤਾ ਸਨ, ਸਾਡੇ ਬੱਚਿਆਂ ਨਾਲ ਉਹ ਸਾਡੇ ਦੋਸਤ ਅਤੇ ਦਾਦਾ ਜੀ ਸਨ, ਉਹ ਸੱਚੇ ਇਨਸਾਨ ਸਨ, ਉਹ ਕਹਿੰਦੇ ਹੁੰਦੇ ਸਨ ਕਿ ਜਿਸਦੀ ਤੁਹਾਨੂੰ ਸੁਣਨ ਦੀ ਜ਼ਰੂਰਤ ਹੈ, ਤੁਸੀਂ ਉਸਨੂੰ ਸੁਣਨਾ ਹੀ ਨਹੀਂ ਚਾਹੁੰਦੇ। ਉਨ੍ਹਾਂ ਨੇ ਆਪਣੇ ਜੀਵਨ ਵਿੱਚ ਜੋ ਕੀਤਾ, ਉਨ੍ਹਾਂ ਨੂੰ ਉਸ 'ਤੇ ਮਾਣ ਸੀ, ਪਰ ਸੇਵਾਦਾਰ ਅਖਵਾ ਕਿ ਉਹ ਸਭ ਤੋਂ ਵੱਧ ਮਾਣ ਮਹਿਸੂਸ ਕਰਦੇ ਸਨ। ਉਨ੍ਹਾਂ ਨੇ ਆਪਣੇ ਗੁਰੂ ਦੀ ਦਿਲ ਅਤੇ ਰੂਹ ਤੋਂ ਸੇਵਾ ਕੀਤੀ। ਇਸ ਲਈ ਤੁਸੀਂ ਹੁਣ ਚੰਗੀ ਤਰ੍ਹਾਂ ਸੌਂਵੋ, ਸੇਵਾਦਾਰ ਮੰਗਾ ਧਰਮ ਸਿੰਘ ਤੁਸੀਂ ਧਰਮ ਦਾ ਨਾਂ ਕਮਾਇਆ ਹੈ।'

ਖਾਲਸਾ ਵਾਪਸ ਭਾਰਤ ਆ ਗਿਆ ਅਤੇ ਉਸ ਦੀ ਆਪਣੇ ਪਿੰਡ ਪਾਸਲਾ ਵਿੱਚ ਮੌਤ ਹੋ ਗਈ। ਬਾਬਾ ਜੀ ਕੋਵੈਂਟਰੀ ਵਿੱਚ ਹੀ ਰਹੇ ਅਤੇ ਕਾਫ਼ੀ ਲੰਬੀ ਉਮਰ ਭੋਗੀ। ਜਦੋਂ ਅਸੀਂ ਅਮਰੀਕਾ ਸ਼ਿਫਟ ਹੋ ਗਏ ਤਾਂ ਮੈਂ ਉਨ੍ਹਾਂ ਨੂੰ ਇੱਕ ਵਾਰ ਦੇਖਿਆ। ਸੁੱਚਾ ਸਿੰਘ ਕੋਵੈਂਟਰੀ ਵਿੱਚ ਹੀ ਰਿਹਾ ਅਤੇ ਉਸਨੇ ਲੰਬੀ ਉਮਰ ਭੋਗੀ ਅਤੇ ਉਹ ਭਾਈਚਾਰੇ ਦੀ ਸੇਵਾ ਵਿੱਚ ਸਰਗਰਮ ਰਿਹਾ। ਗਿਆਨੀ ਨੌਨਿਹਾਲ ਸਿੰਘ ਗੁਰਦੁਆਰਾ ਮੁਕੰਮਲ ਹੋਣ ਤੋਂ ਕੁਝ ਸਮੇਂ ਬਾਅਦ ਹੀ ਲੰਡਨ ਚਲਾ ਗਿਆ ਅਤੇ ਥੋੜ੍ਹੇ ਸਮੇਂ ਬਾਅਦ ਹੀ ਉਸੀ ਦੀ ਛੋਟੀ ਉਮਰ ਵਿੱਚ ਹੀ ਮੌਤ ਹੋ ਗਈ। ਸੋਹਣ ਸਿੰਘ ਗੱਫਾ ਕੋਵੈਂਟਰੀ ਵਿੱਚ ਹੀ ਰਹਿੰਦਾ ਸੀ, ਫਿਰ ਉਹ ਕੁਝ ਸਮੇਂ ਲਈ ਅਮਰੀਕਾ ਆ ਗਿਆ, ਪਰ ਫਿਰ ਕੋਵੈਂਟਰੀ ਚਲਾ ਗਿਆ ਜਿੱਥੇ ਉਸਨੇ ਲੰਬੀ ਉਮਰ ਭੋਗੀ।

ਇਹ ਵੀ ਮਹੱਤਵਪੂਰਨ ਹੈ ਕਿ ਉਹ ਸਾਰੇ ਸਿੱਖ ਬਣ ਗਏ ਅਤੇ ਮੁੜ ਕੇ ਉਨ੍ਹਾਂ ਨੇ ਸ਼ੇਵ ਨਹੀਂ ਕੀਤੀ, ਉਹ ਸ਼ੁੱਧ ਖਾਲਸਾ ਬਣ ਗਏ ਸਨ।

ਇਨ੍ਹਾਂ ਮਹਾਨ ਆਤਮਾਵਾਂ ਨੇ ਪਹਿਲਾਂ ਆਪਣੇ ਗੁਰੂ ਦੀ ਸੇਵਾ ਕਰਕੇ ਆਪਣੀਆਂ ਆਤਮਾਵਾਂ ਨੂੰ ਸ਼ੁੱਧ ਕੀਤਾ ਅਤੇ ਫਿਰ ਅੰਮ੍ਰਿਤ ਪਾਨ ਕਰਕੇ ਖੁਦ ਪਵਿੱਤਰ ਬਣੇ। ਫਿਰ ਉਨ੍ਹਾਂ ਨੇ ਮਾਣ ਨਾਲ ਸਵਰਗ ਵਿੱਚ ਇਹ ਜੈਕਾਰੇ ਛੱਡਦੇ ਹੋਏ ਪ੍ਰਵੇਸ਼ ਕੀਤਾ:

'ਵਾਹਿਗੁਰੂ ਜੀ ਕਾ ਖਾਲਸਾ
ਵਾਹਿਗੁਰੂ ਜੀ ਕੀ ਫਤਿਹ।

(ਸਮਾਪਤ)




# ਸਾਡੀ ਕੌਮ ਦੇ ਯੋਧੇ ਅਤੇ ਸ਼ਹੀਦ ਸਾਡੇ ਨਾਇਕ ਅਤੇ ਰੋਲ ਮਾਡਲ ਹਨ : ਭਾਈ ਰਣਜੀਤ ਸਿੰਘ ਦਮਦਮੀ ਟਕਸਾਲ

## ਕਸ਼ਮੀਰ 'ਚ ਸਿੱਖੀ ਦੇ ਪ੍ਰਚਾਰ ਹਿੱਤ ਕਰਵਾਏ ਮਹਾਨ ਗੁਰਮਤਿ ਸਮਾਗਮ




ਅੰਮ੍ਰਿਤਸਰ : ਗੁਰਮਤਿ ਟਕਸਾਲ ਵੱਲੋਂ ਕਸ਼ਮੀਰ 'ਚ ਸਿੱਖੀ ਦੇ ਪ੍ਰਚਾਰ-ਪ੍ਰਸਾਰ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਅਤੇ ਸਿੱਖ ਕੌਮ ਦੇ ਸਮੂਹ ਸ਼ਹੀਦਾਂ ਦੀ ਯਾਦ 'ਚ ਪੂਰੀ ਸ਼ਰਧਾ, ਸਤਿਕਾਰ ਅਤੇ ਖ਼ਾਲਸਾਈ ਜਾਹੋ-ਜਲਾਲ ਨਾਲ ਵੱਖ-ਵੱਖ ਥਾਂਈਂ ਮਹਾਨ ਗੁਰਮਤਿ ਸਮਾਗਮ ਕਰਵਾਏ ਗਏ। ਇਹ ਸਮਾਗਮ ਸ੍ਰੀ ਨਗਰ ਦੇ ਗੁਰਦੁਆਰਾ ਸ਼ਹੀਦ ਬੁੰਗਾ (ਬਰਜੁੱਲਾ-ਬਾਗਾਤ) ਅਤੇ ਜ਼ਿਲ੍ਹਾ ਪੁਲਵਾਮਾ ਦੇ ਚੰਦਰੀਗਾਮ (ਤਰਾਲ) ਦੇ ਗੁਰਦੁਆਰਾ ਸਾਹਿਬ ਵਿਖੇ ਹੋਏ। ਇਹਨਾਂ ਸਮਾਗਮਾਂ 'ਚ ਗੁਰੂ ਨਗਰੀ ਸ੍ਰੀ ਅੰਮ੍ਰਿਤਸਰ ਤੋਂ ਸਿੱਖ ਪ੍ਰਚਾਰਕ, ਪੰਥਕ ਲੇਖਕ ਅਤੇ ਸਿੱਖ ਯੂਥ ਫ਼ੈਡਰੇਸ਼ਨ ਭਿੰਡਰਾਂਵਾਲਾ ਦੇ ਕੌਮੀ ਪ੍ਰਧਾਨ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਆਪਣੇ ਜਥੇ ਸਮੇਤ ਵਿਸ਼ੇਸ਼ ਤੌਰ ਉੱਤੇ ਪੁੱਜੇ ਤੇ ਕਸ਼ਮੀਰ 'ਚ ਉਹਨਾਂ ਨੇ ਸਮਾਗਮਾਂ ਦੌਰਾਨ ਕਥਾ-ਪ੍ਰਚਾਰ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਨੇ ਪ੍ਰਚਾਰ ਦੌਰਾਨ ਦੇਹਧਾਰੀ ਗੁਰੂ-ਡੰਮ੍ਹ ਦੇ ਪਾਜ ਉਘੇੜ ਦਿੱਤੇ, ਮੜ੍ਹੀਆਂ-ਮਸਾਣਾਂ ਅਤੇ ਮਨਮੱਤ ਖ਼ਿਲਾਫ਼ ਵੀ ਉਹਨਾਂ ਖੁੱਲ੍ਹ ਕੇ ਬੋਲਿਆ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਵਿਸ਼ੇਸ਼ਤਾਵਾਂ ਤੋਂ ਜਾਣੂੰ ਕਰਵਾਉਂਦਿਆਂ ਸੰਗਤਾਂ ਨੂੰ ਸ਼ਬਦ-ਗੁਰੂ ਦੇ ਲੜ ਲੱਗਣ ਉੱਤੇ ਜ਼ੋਰ ਦਿੱਤਾ। ਉਹਨਾਂ ਗੁਰਬਾਣੀ ਅਤੇ ਇਤਿਹਾਸ ਦੇ ਪ੍ਰਮਾਣ-ਹਵਾਲੇ ਦਿੰਦਿਆਂ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਜਾਗਤ-ਜੋਤ ਪ੍ਰਤੱਖ ਸਤਿਗੁਰੂ ਹਨ ਤੇ ਉਹ ਹਰ ਸਮੇਂ ਸਾਡੀ ਅਗਵਾਈ ਅਤੇ ਸਹਾਇਤਾ ਕਰਦੇ ਹਨ। ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਨੇ ਬੇਅਦਬੀ ਮਸਲਿਆਂ ਉੱਤੇ ਸਰਕਾਰਾਂ ਨੂੰ ਦੋਸ਼ੀ ਠਹਿਰਾਇਆ ਤੇ ਦੁਸ਼ਟਾਂ ਨੂੰ ਮੌਕੇ 'ਤੇ ਖ਼ਾਲਸਈ ਰਵਾਇਤਾਂ ਅਨੁਸਾਰ ਸੋਧਣ ਨੂੰ ਠੀਕ ਦਰਸਾਇਆ ਤੇ ਕਿਹਾ ਕਿ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲੇ, ਭਾਈ ਅਮਰੀਕ ਸਿੰਘ, ਜਨਰਲ ਸੁਬੇਗ ਸਿੰਘ, ਜਥੇਦਾਰ ਭਾਈ ਜਗਤਾਰ ਸਿੰਘ ਹਵਾਰਾ, ਭਾਈ ਜਗਤਾਰ ਸਿੰਘ ਤਾਰਾ ਅਤੇ ਭਾਈ ਸੰਦੀਪ ਸਿੰਘ ਸੰਨੀ ਜਿਹੇ ਸੂਰਮੇ ਅਤੇ ਸ਼ਹੀਦ ਸਾਡੇ ਨਾਇਕ ਅਤੇ ਰੋਲ ਮਾਡਲ ਹਨ।

# ਬੰਦੀ ਸਿੰਘਾਂ ਦੀ ਰਿਹਾਈ ਤੇ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਲਈ ਯਤਨ ਜਾਰੀ: ਢੀਂਡਸਾ



ਪਟਿਆਲਾ : ਸ਼੍ਰੋਮਣੀ ਅਕਾਲੀ ਦਲ ਸੰਯੁਕਤ ਦੇ ਪ੍ਰਧਾਨ ਅਤੇ ਸਾਬਕਾ ਕੇਂਦਰੀ ਮੰਤਰੀ ਸੁਖਦੇਵ ਸਿੰਘ ਢੀਂਡਸਾ ਦਾ ਕਹਿਣਾ ਹੈ ਕਿ ਉਨ੍ਹਾਂ ਦੀ ਪਾਰਟੀ ਦਾ ਮੁੱਖ ਉਦੇਸ਼ ਕੇਂਦਰ ਕੋਲੋਂ ਪੰਜਾਬ ਨਾਲ ਸਬੰਧਤ ਮਸਲਿਆਂ ਦਾ ਹੱਲ ਕਰਵਾਉਣਾ ਹੈ। ਇੱਥੇ ਇੱਕ ਭੋਗ ਸਮਾਗਮ 'ਚ ਸ਼ਿਰਕਤ ਕਰਨ ਪਹੁੰਚੇ ਆਗੂ ਨੇ ਸਮਾਗਮ ਤੋਂ ਬਾਅਦ ਗੱਲਬਾਤ ਦੌਰਾਨ ਦੱਸਿਆ ਕਿ ਇਸ ਸਬੰਧੀ ਉਨ੍ਹਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਪੱਤਰ ਵੀ ਲਿਖਿਆ ਹੈ।

ਸ੍ਰੀ ਢੀਂਡਸਾ ਨੇ ਪ੍ਰਧਾਨ ਮੰਤਰੀ ਨੂੰ ਜੇਲ੍ਹਾਂ ਵਿੱਚ ਸਜ਼ਾਵਾਂ ਪੂਰੀਆਂ ਕਰ ਚੁੱਕੇ ਬੰਦੀ ਸਿੰਘਾਂ ਦੀ ਰਿਹਾਈ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਵਿਚ ਦੋਸ਼ੀਆਂ ਵਿਰੁੱਧ ਕਾਰਵਾਈ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਛੇਤੀ ਕਰਵਾਉਣ, ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਦਾ ਮੁੱਦਾ, ਕਿਸਾਨਾਂ ਅਤੇ ਪੰਜਾਬ ਸਿਰ ਚੜ੍ਹੇ ਕਰਜ਼ੇ ਦੀ ਮੁਆਫ਼ੀ, ਵਪਾਰ ਲਈ ਵਾਹਗਾ ਬਾਰਡਰ ਖੋਲ੍ਹਣ ਆਦਿ ਤੋਂ ਇਲਾਵਾ ਉਚੇਚੇ ਤੌਰ 'ਤੇ ਸੂਬੇ ਵਿੱਚ ਆਏ ਹੜ੍ਹ ਕਾਰਨ ਹੋਏ ਨੁਕਸਾਨ ਦੀ ਭਰਪਾਈ ਲਈ ਵਿਸ਼ੇਸ਼ ਵਿੱਤੀ ਪੈਕਜ ਜਾਰੀ ਕਰਨ ਦੀ ਮੰਗ ਕੀਤੀ ਹੈ। ਉਨ੍ਹਾਂ ਕਿਹਾ ਕਿ ਜੇਲ੍ਹਾਂ ਵਿਚ ਬੰਦੀ ਸਿੰਘ ਆਪਣੀਆਂ ਸਜ਼ਾਵਾਂ ਪੂਰੀਆਂ ਕਰ ਚੁੱਕੇ ਹਨ, ਇਸ ਲਈ ਕੇਂਦਰ ਨੂੰ ਤੁਰੰਤ ਬੰਦੀ ਸਿੰਘਾਂ ਨੂੰ ਰਿਹਾਅ ਕਰਨਾ ਚਾਹੀਦਾ ਹੈ। ਉਨ੍ਹਾਂ ਅੱਗੇ ਕਿਹਾ ਕਿ ਬੇਅਦਬੀ ਦੀਆਂ ਵਾਪਰੀਆਂ ਘਟਨਾਵਾਂ ਵਿੱਚ ਸੂਬਾ ਸਰਕਾਰ ਸਿੱਖਾਂ ਨੂੰ ਹਾਲੇ ਤੱਕ ਇਨਸਾਫ਼ ਨਹੀਂ ਦੇ ਸਕੀ। ਢੀਂਡਸਾ ਨੇ ਕੇਂਦਰ ਨੂੰ ਇਨ੍ਹਾਂ ਘਟਨਾਵਾਂ ਵਿੱਚ ਦੋਸ਼ੀਆਂ ਵਿਰੁੱਧ ਕਾਰਵਾਈ ਕਰਨ ਦੀ ਮੰਗ ਕੀਤੀ ਹੈ।

# ਸਮਕਾਲੀ ਚੁਣੌਤੀਆਂ ਨਾਲ ਨਜਿੱਠਣ ਲਈ ਗੱਤਕਾ ਪ੍ਰੋਮੋਟਰਾਂ ਵੱਲੋਂ ਗੱਤਕੇ ਦੀ ਕਲਾ ਨੂੰ ਸ਼ਕਤੀਸ਼ਾਲੀ ਸਾਧਨ ਵਜੋਂ ਵਰਤਣ ਦਾ ਸੱਦਾ

## ਕੌਮਾਂਤਰੀ ਖੇਡਾਂ 'ਚ ਗੱਤਕੇ ਦੀ ਸ਼ਮੂਲੀਅਤ ਲਈ ਇਕਜੁੱਟ ਯਤਨ ਆਰੰਭਣ ਦੀ ਲੋੜ : ਗਰੇਵਾਲ

ਚੰਡੀਗੜ੍ਹ : ਗੱਤਕਾ ਖੇਡ ਦੀ ਚੋਟੀ ਦੀ ਸੰਸਥਾ, ਵਿਸ਼ਵ ਗੱਤਕਾ ਫੈਡਰੇਸ਼ਨ ਵੱਲੋਂ ਮਾਰਸ਼ਲ ਆਰਟ ਗੱਤਕੇ ਨੂੰ ਅੰਤਰਰਾਸ਼ਟਰੀ ਪੱਧਰ 'ਤੇ ਪ੍ਰਫੁੱਲਤ ਕਰਨ ਤੇ ਮਾਨਤਾ ਦਿਵਾਉਣ ਦੇ ਹੋਕੇ ਨਾਲ ਗੁਰਦੁਆਰਾ ਗਲੈਨ ਰੌਕ, ਨਿਊਜਰਸੀ, ਅਮਰੀਕਾ ਵਿਖੇ ਇੱਕ ਪ੍ਰਭਾਵਸ਼ਾਲੀ ਅੰਤਰਰਾਸ਼ਟਰੀ ਗੱਤਕਾ ਸੈਮੀਨਾਰ ਕਰਵਾਇਆ ਗਿਆ। ਇੰਟਰਨੈਸ਼ਨਲ ਸਿੱਖ ਮਾਰਸ਼ਲ ਆਰਟ ਕੌਂਸਲ (ਇਸਮਾਕ) ਦੇ ਸਹਿਯੋਗ ਨਾਲ 'ਗੱਤਕਾ : ਸਵੈ-ਰੱਖਿਆ, ਔਰਤਾਂ ਦੇ ਸਸ਼ਕਤੀਕਰਨ ਅਤੇ ਨਸ਼ੀਲੇ ਪਦਾਰਥਾਂ ਦੀ ਦੁਰਵਰਤੋਂ ਵਿਰੁੱਧ' ਵਿਸ਼ੇ ਅਧੀਨ ਕਰਵਾਏ ਇਸ ਸੈਮੀਨਾਰ ਦੌਰਾਨ ਗੱਤਕਾ ਪ੍ਰਮੋਟਰਾਂ, ਮਾਹਿਰਾਂ, ਉੱਘੀਆਂ ਸਖਸ਼ੀਅਤਾਂ ਅਤੇ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਦੇ ਇਕੱਠ ਨੇ ਸਮਕਾਲੀ ਚੁਣੌਤੀਆਂ ਨਾਲ ਨਜਿੱਠਣ ਅਤੇ ਗੱਤਕਾ ਖੇਡ ਨੂੰ ਉਤਸ਼ਾਹਿਤ ਕਰਨ ਲਈ ਸਮੂਹਿਕ ਤੌਰ 'ਤੇ ਗੱਤਕੇ ਦੀ ਵਿਸ਼ੇਸ਼ ਮਹੱਤਤਾ 'ਤੇ ਜ਼ੋਰ ਦਿੱਤਾ।

ਇਸ ਪਲੇਠੇ ਗੱਤਕਾ ਸੈਮੀਨਾਰ ਵਿੱਚ ਗੱਤਕਾ ਖੇਤਰ ਦੀਆਂ ਨਾਮਵਰ ਸ਼ਖਸੀਅਤਾਂ ਨੇ ਸ਼ਿਰਕਤ ਕੀਤੀ, ਜਿਨ੍ਹਾਂ ਵਿੱਚ ਨੈਸ਼ਨਲ ਗੱਤਕਾ ਐਸੋਸੀਏਸ਼ਨ ਆਫ ਇੰਡੀਆ (ਐਨ.ਜੀ.ਏ.ਆਈ.) ਅਤੇ ਵਿਸ਼ਵ ਗੱਤਕਾ ਫੈਡਰੇਸ਼ਨ (ਡਬਲਯੂ.ਜੀ.ਐੱਫ.) ਦੇ ਪ੍ਰਧਾਨ ਹਰਜੀਤ ਸਿੰਘ ਗਰੇਵਾਲ, ਵਿਸ਼ਵ ਗੱਤਕਾ ਫੈਡਰੇਸ਼ਨ ਦੇ ਜਨਰਲ ਸਕੱਤਰ ਡਾ: ਦੀਪ ਸਿੰਘ ਅਤੇ ਗੱਤਕਾ ਫੈਡਰੇਸ਼ਨ ਕੈਨੇਡਾ ਦੇ ਜੱਥੇਬੰਦਕ ਸਕੱਤਰ ਜਨਮਜੀਤ ਸਿੰਘ ਨੇ ਸੈਮੀਨਾਰ ਦੇ ਮੁੱਖ ਵਿਸ਼ਿਆਂ 'ਤੇ ਆਪਣੀ ਵਿਸ਼ਾਲ ਮੁਹਾਰਤ ਨਾਲ ਡੂੰਘੀ ਜਾਣਕਾਰੀ ਸੰਗਤਾਂ ਦੇ ਸਨਮੁਖ ਪੇਸ਼ ਕੀਤੀ।

ਆਪਣੇ ਸੰਬੋਧਨ ਦੌਰਾਨ ਗੱਤਕਾ ਪ੍ਰਮੋਟਰ ਹਰਜੀਤ ਸਿੰਘ ਗਰੇਵਾਲ ਨੇ ਸਵੈ-ਰੱਖਿਆ ਦੇ ਸੁਖਾਲੇ ਤੇ ਸਸਤੇ ਸਾਧਨ ਵਜੋਂ ਗੱਤਕੇ ਦੇ ਤੱਤ ਦਾ ਭਾਵ ਪੂਰਤ ਵਿਖਿਆਨ ਕੀਤਾ। ਉਨ੍ਹਾਂ ਦੱਸਿਆ ਕਿ ਗੱਤਕਾ, ਸਿੱਖ ਯੁੱਧ ਵਿੱਦਿਆ ਦਾ ਅਟੁੱਟ ਅੰਗ ਹੈ। ਇਹ ਕੇਵਲ ਇੱਕ ਜੰਗੀ ਕਲਾ ਹੀ ਨਹੀਂ ਸਗੋਂ ਯੁੱਧ ਕਲਾ ਦੀ ਇੱਕ ਸੰਪੂਰਨ ਪ੍ਰਣਾਲੀ ਹੈ ਜਿਸ ਵਿੱਚ ਸਰੀਰਕ ਤੇ ਮਾਨਸਿਕ ਸ਼ਕਤੀ ਸਮੇਤ ਅਧਿਆਤਮਿਕ ਅਨੁਸ਼ਾਸਨ ਵੀ ਸ਼ਾਮਲ ਹੈ। ਉਨ੍ਹਾਂ ਕਿਹਾ ਕਿ ਗੱਤਕਾ ਸੱਭਿਆਚਾਰਕ ਸੀਮਾਵਾਂ ਤੋਂ ਉੱਪਰ ਉੱਠ ਕੇ ਵਿਸ਼ਵ ਭਰ ਦੇ ਵਿਭਿੰਨ ਭਾਈਚਾਰਿਆਂ ਵਿੱਚ ਆਪਸੀ ਸਮਝ, ਭਾਈਚਾਰਕ ਏਕਤਾ ਅਤੇ ਆਲਮੀ ਸਦਭਾਵਨਾ ਵਧਾਉਣ ਲਈ ਇੱਕ ਪੁਲ ਦਾ ਕੰਮ ਕਰ ਸਕਦਾ ਹੈ।

ਡਾ: ਦੀਪ ਸਿੰਘ ਨੇ ਗੱਤਕੇ ਨੂੰ ਔਰਤਾਂ ਦੇ ਸਸ਼ਕਤੀਕਰਨ ਲਈ ਇੱਕ ਸ਼ਕਤੀਸ਼ਾਲੀ ਸਾਧਨ ਵਜੋਂ ਵਰਤਣ ਦੀ ਲੋੜ 'ਤੇ ਜ਼ੋਰ ਦਿੰਦਿਆਂ ਕਿਹਾ ਕਿ ਸਵੈ-ਰੱਖਿਆ ਵਜੋਂ ਗੱਤਕਾ ਕਲਾ ਨੂੰ ਉਤਸ਼ਾਹਿਤ ਕਰਨ ਨਾਲ ਖਾਸ ਤੌਰ 'ਤੇ ਔਰਤਾਂ ਨੂੰ ਦੁਨੀਆ ਵਿੱਚ ਵਧ ਰਹੇ ਜੁਰਮਾਂ ਤੋਂ ਆਪਣੀ ਰੱਖਿਆ ਤੇ ਸੁਰੱਖਿਆ ਕਰਨ ਦੀ ਸਮਰੱਥਾ ਨਾਲ ਸ਼ਸ਼ਕਤ ਕੀਤਾ ਜਾ ਸਕਦਾ ਹੈ। ਉਨ੍ਹਾਂ ਗੱਤਕਾ ਕਲਾ ਸਿੱਖਣ ਵਿੱਚ ਲਿੰਗ ਰੁਕਾਵਟਾਂ ਨਾ ਹੋਣ ਕਰਕੇ ਇਸਦੇ ਸੰਮਲਿਤ ਸੁਭਾਅ ਨੂੰ ਉਜਾਗਰ ਕੀਤਾ ਜਿਸ ਰਾਹੀਂ ਔਰਤਾਂ ਮਾਨਸਿਕ ਤਾਕਤ ਅਤੇ ਲਚਕੀਲੇਪਣ ਨੂੰ ਅਪਣਾਉਣ ਦੇ ਯੋਗ ਬਣ ਸਕਦੀਆਂ ਹਨ।




ਨਿਊਜਰਸੀ (ਅਮਰੀਕਾ) ਵਿੱਚ ਅੰਤਰਰਾਸ਼ਟਰੀ ਗੱਤਕਾ ਸੈਮੀਨਾਰ ਦੌਰਾਨ ਗੁਰਦੁਆਰਾ ਪ੍ਰਬੰਧਕ ਕਮੇਟੀ ਗਲੈਨਰੌਕ ਦੇ ਅਹੁਦੇਦਾਰਾਂ ਨਾਲ ਗੱਤਕਾ ਪ੍ਰਮੋਟਰ ਹਰਜੀਤ ਸਿੰਘ ਗਰੇਵਾਲ, ਡਾ: ਦੀਪ ਸਿੰਘ ਅਤੇ ਜਨਮਜੀਤ ਸਿੰਘ ਖੜੇ ਨਜ਼ਰ ਆ ਰਹੇ ਹਨ।

ਜਨਮਜੀਤ ਸਿੰਘ ਨੇ ਆਪਣੇ ਸੰਬੋਧਨ ਵਿੱਚ ਹਰ ਮਨੁੱਖ ਲਈ ਜੰਗਜੂ ਕਲਾ ਦੀ ਮਹੱਤਤਾ ਅਤੇ ਨਸ਼ੀਲੇ ਪਦਾਰਥਾਂ ਦੀ ਦੁਰਵਰਤੋਂ ਖਿਲਾਫ ਲੜਾਈ ਵਿੱਚ ਗੱਤਕੇ ਦੀ ਅਹਿਮ ਭੂਮਿਕਾ ਬਾਰੇ ਚਾਨਣਾ ਪਾਇਆ। ਉਨ੍ਹਾਂ ਕਿਹਾ ਕਿ ਪੀੜਤ ਵਿਅਕਤੀ ਨਸ਼ਾਖੋਰੀ ਰਾਹੀਂ ਦਰਪੇਸ਼ ਚੁਣੌਤੀਆਂ ਦਾ ਸਾਹਮਣਾ ਕਰਨ ਲਈ ਇਸ ਕਲਾ ਦੇ ਅਨੁਸ਼ਾਸਿਤ ਅਭਿਆਸ ਦੌਰਾਨ ਊਰਜਾ ਅਤੇ ਧਿਆਨ ਨੂੰ ਕੇਂਦਰਿਤ ਕਰਕੇ ਬਿਹਤਰ ਜੀਵਨ ਜਿਉਣ ਲਈ ਇੱਕ ਬਦਲ ਵਜੋਂ ਰਚਨਾਤਮਕ ਰਸਤਾ ਲੱਭ ਸਕਦੇ ਹਨ। ਉਨ੍ਹਾਂ ਨੇ ਆਉਣ ਵਾਲੀਆਂ ਪੀੜ੍ਹੀਆਂ ਦੇ ਸੁਨਹਿਰੇ ਭਵਿੱਖ ਲਈ ਗੱਤਕੇ ਨੂੰ ਅਪਣਾਉਣ, ਔਰਤਾਂ ਦੇ ਸਸ਼ਕਤੀਕਰਨ ਅਤੇ ਨਸ਼ਿਆਂ ਦੀ ਵਰਤੋਂ ਰੋਕਣ ਲਈ ਗੱਤਕੇ ਦੀ ਵਰਤੋਂ ਕਰਨ ਖਾਤਰ ਇਕਜੁੱਟ ਹੋਣ ਦਾ ਸੱਦਾ ਦਿੱਤਾ।

ਕੌਮਾਂਤਰੀ ਸਿੱਖ ਸ਼ਸ਼ਤਰ ਵਿੱਦਿਆ ਕੌਂਸਲ (ਇਸਮਾਕ) ਦੇ ਬੁਲਾਰੇ ਲਖਬੀਰ ਸਿੰਘ ਖਾਲਸਾ ਨੇ ਕਿਹਾ ਕਿ ਗੱਤਕੇ ਦੀ ਮੱਦਦ ਕਰਕੇ ਅਸੀਂ ਨਾ ਸਿਰਫ਼ ਆਪਣੇ ਇੱਕ ਅਨਮੋਲ ਸੱਭਿਆਚਾਰਕ ਖਜ਼ਾਨੇ ਨੂੰ ਸੁਰੱਖਿਅਤ ਰੱਖ ਸਕਦੇ ਹਾਂ ਬਲਕਿ ਆਪਣੀ ਕੌਮ ਨੂੰ ਅਜਿਹੇ ਸਾਧਨਾਂ ਨਾਲ ਲੈਸ ਕਰਦੇ ਹਾਂ ਜਿਸ ਰਾਹੀਂ ਕੌਮ ਨੂੰ ਦਰਪੇਸ਼ ਮੁੱਖ ਚੁਣੌਤੀਆਂ ਨੂੰ ਸਰ ਕਰਨ ਤੋਂ ਇਲਾਵਾ ਇੱਕ ਸੁਰੱਖਿਅਤ ਅਤੇ ਵੱਧ ਸਦਭਾਵਨਾ ਭਰਪੂਰ ਸੰਸਾਰ ਸਿਰਜਿਆ ਜਾ ਸਕਦਾ ਹੈ।

ਸਮਾਗਮ ਵਿੱਚ ਹਾਜ਼ਰ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਤੇ ਕਾਰੋਬਾਰੀ ਹਰਭਜਨ ਸਿੰਘ, ਮੌਜੂਦਾ ਪ੍ਰਧਾਨ ਸੁਪਿੰਦਰ ਸਿੰਘ ਬੈਂਸ, ਚੇਅਰਮੈਨ ਜਸਜੀਤ ਸਿੰਘ ਹੁੰਦਲ, ਸਕੱਤਰ ਬਲਜੀਤ ਸਿੰਘ, ਪ੍ਰਿਤਪਾਲ ਸਿੰਘ ਖਾਲਸਾ, ਯਾਦਵਿੰਦਰ ਸਿੰਘ, ਹਰਕਿਸ਼ਨ ਸਿੰਘ ਜੱਸਲ, ਦਵਿੰਦਰ ਸਿੰਘ ਸਮੇਤ ਸਮੂਹ ਮੈਂਬਰਾਂ ਨੇ ਨਿਊਜਰਸੀ ਸੂਬੇ ਵਿੱਚ ਗੱਤਕੇ ਨੂੰ ਪ੍ਰਫੁੱਲਤ ਕਰਨ ਲਈ ਪੂਰਨ ਸਹਿਯੋਗ ਦੇਣ ਦਾ ਭਰੋਸਾ ਦਿੱਤਾ। ਉਨਾਂ ਹਾਜ਼ਰੀਨ ਨੂੰ ਪ੍ਰੇਰਿਤ ਕਰਦਿਆਂ ਵਿਸ਼ਵ ਭਾਈਚਾਰੇ ਨੂੰ ਅੰਤਰਰਾਸ਼ਟਰੀ ਓਲੰਪਿਕ ਕਮੇਟੀ ਤੋਂ ਗੱਤਕੇ ਨੂੰ ਮਾਨਤਾ ਦਿਵਾਉਣ, ਗੱਤਕੇ ਦੀ ਅਮੀਰ ਵਿਰਾਸਤ ਨੂੰ ਉਤਸ਼ਾਹਿਤ ਕਰਨ ਅਤੇ ਸੰਭਾਲਣ ਸਬੰਧੀ ਯਤਨਾਂ ਵਿੱਚ ਮੱਦਦ ਕਰਨ ਦੀ ਅਪੀਲ ਕੀਤੀ।

ਇਹ ਸੈਮੀਨਾਰ ਪੁਰਾਤਨ ਜੰਗਜੂ ਕਲਾ ਦੀ ਪਰਿਵਰਤਨਸ਼ੀਲ ਤਾਕਤ ਦੇ ਇੱਕ ਸ਼ਕਤੀਸ਼ਾਲੀ ਪ੍ਰਮਾਣ ਵਜੋਂ ਸਾਰਥਿਕ ਸਿੱਧ ਹੋਇਆ ਜਿਸ ਵਿੱਚ ਉਹਨਾਂ ਮੁੱਦਿਆਂ ਨੂੰ ਵਿਚਾਰਿਆ ਗਿਆ ਜਿੰਨਾ ਦਾ ਵਿਸ਼ਵ ਭਰ ਦੇ ਲੋਕ ਸਾਹਮਣਾ ਕਰ ਰਹੇ ਹਨ। ਇਹ ਸੈਮੀਨਾਰ ਗੱਤਕੇ ਨੂੰ ਅੰਤਰਰਾਸ਼ਟਰੀ ਮੰਚਾਂ, ਵਰਕਸ਼ਾਪਾਂ ਅਤੇ ਵਿੱਦਿਅਕ ਪਹਿਲਕਦਮੀਆਂ ਰਾਹੀਂ ਪ੍ਰਫੁੱਲਤ ਕਰਨ ਲਈ ਸਾਂਝੇ ਯਤਨ ਸ਼ੁਰੂ ਕਰਨ ਦੇ ਸਰਬਸੰਮਤ ਅਹਿਦ ਨਾਲ ਸਮਾਪਤ ਹੋਇਆ।

# ਫ਼ੌਜੀ ਜਵਾਨ ਦਾ ਸਰਕਾਰੀ ਸਨਮਾਨਾਂ ਨਾਲ ਹੋਇਆ ਅੰਤਿਮ ਸੰਸਕਾਰ, ਹਰ ਅੱਖ ਹੋਈ ਨਮ

ਨੰਗਲ : ਰੋਪੜ ਜ਼ਿਲ੍ਹੇ ਦੇ ਹਲਕੇ ਸ੍ਰੀ ਅਨੰਦਪੁਰ ਸਾਹਿਬ ਦੇ ਪਿੰਡ ਤਰਫ ਮਜਾਰੀ ਦੇ ਭਾਰਤੀ ਫ਼ੌਜ ਦੇ ਜਵਾਨ ਜਤਿੰਦਰ ਕੁਮਾਰ ਪੁੱਤਰ ਸ਼ਮਸ਼ੇਰ ਸਿੰਘ (28) ਦਾ ਬੀਤੇ ਦਿਨੀਂ ਅਚਾਨਕ ਦੇਹਾਂਤ ਹੋ ਗਿਆ ਸੀ। ਫ਼ੌਜੀ ਜਵਾਨ ਜਤਿੰਦਰ ਦੀ ਮ੍ਰਿਤਕ ਦੇਹ ਅੱਜ ਉਨ੍ਹਾਂ ਪਿੰਡ ਪਹੁੰਚਣ 'ਤੇ ਮਾਹੌਲ ਬਹੁਤ ਗ਼ਮਗੀਨ ਸੀ ਤੇ ਇਲਾਕੇ 'ਚ ਸੋਗ ਦੀ ਲਹਿਰ ਦੌੜ ਗਈ। ਭਾਰਤੀ ਫੌਜ ਦੀ ਵਿਸ਼ੇਸ਼ ਟੁਕੜੀ ਨੇ ਫ਼ੌਜੀ ਜਵਾਨ ਜਤਿੰਦਰ ਨੂੰ ਸਲਾਮੀ ਦਿੱਤੀ। ਫ਼ੌਜੀ ਜਵਾਨ ਜਤਿੰਦਰ ਦਾ ਸਰਕਾਰੀ ਸਨਮਾਨ ਨਾਲ ਅੰਤਿਮ ਸੰਸਕਾਰ ਕੀਤਾ ਗਿਆ।

ਇਸ ਮੌਕੇ ਪ੍ਰਸ਼ਾਸਨ ਵੱਲੋਂ ਡੀ. ਐੱਸ. ਪੀ. ਅਜੈ ਸਿੰਘ, ਤਹਿਸੀਲਦਾਰ ਤੇ ਪੁਲਸ ਦੀਆਂ ਹੋਰ ਟੁਕੜੀਆਂ ਦੇ ਨਾਲ-ਨਾਲ ਸਮੁੱਚੇ ਇਲਾਕੇ ਦੇ ਰਾਜਨੀਤਕ, ਧਾਰਮਿਕ ਅਤੇ ਸਮਾਜ ਸੇਵੀ ਸੰਸਥਾਵਾਂ ਦੇ ਆਗੂ ਅਤੇ ਮੁਖੀ ਹਾਜ਼ਰ ਸਨ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਹਲਕਾ ਵਿਧਾਇਕ ਅਤੇ ਮੰਤਰੀ ਹਰਜੋਤ ਸਿੰਘ ਬੈਂਸ ਵੱਲੋਂ ਉਨ੍ਹਾਂ ਦੇ ਮੀਡੀਆ ਐਡਵਾਈਜ਼ਰ ਦੀਪਕ ਸੋਨੀ ਤੇ ਪਿਤਾ ਸੋਹਣ ਸਿੰਘ ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਪਹੁੰਚੇ।



ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਫੌਜੀ ਜਵਾਨ ਜਤਿੰਦਰ ਕੁਮਾਰ ਦੇ ਦੇਹਾਂਤ 'ਤੇ ਸੋਸ਼ਲ ਮੀਡੀਆ 'ਤੇ ਪੋਸਟ ਸਾਂਝੀ ਕਰਦਿਆਂ ਕਿਹਾ ਕਿ ਪਿਆਰੇ ਵੀਰ ਜਤਿੰਦਰ ਕੁਮਾਰ ਦੇ ਅਚਨਚੇਤ ਵਿਛੋੜੇ ਕਾਰਨ ਮਨ ਬਹੁਤ ਦੁਖੀ ਹੈ, ਮੈਂ ਇਸ ਦੁੱਖ ਦੀ ਘੜੀ ਵਿਚ ਪਰਿਵਾਰ ਨਾਲ ਸ਼ਰੀਕ ਹੁੰਦਾ ਹੋਇਆ ਵਾਹਿਗੁਰੂ ਜੀ ਦੇ ਚਰਨਾਂ ਵਿਚ ਭਾਣਾ ਮੰਨਣ ਦੀ ਅਰਦਾਸ ਕਰਦਾ ਹਾਂ।

# Valley Real Estate Center



1. ਟੈਕਸਸ (Texas) ਮਸੂਰੀ (Missouri) ਵਿਚ ਸਾਡੇ ਕੋਲ ਦੋ ਟਰੱਕ ਸਟਾਫ ਬਹੁਤ ਹੀ ਵਧੀਆ ਆਮਦਨ ਵਾਲੇ ਸੇਲ ਉਪਰ ਹਨ।
2. ਸਟਾਕਟਨ (Stockton) ਕੈਲੀਫੋਰਨੀਆ ਵਿਚ 3 ਏਕੜ ਦਾ ਟਰੱਕ ਯਾਰਡ (Truck Yard) ਸੇਲ 'ਤੇ ਹੈ।
3. ਸਾਡੇ ਕੋਲ ਮਨਟੀਕਾ ਕੈਲੇਫੋਰਨੀਆ ਵਿਚ ਪੰਜ ਡੁਪਲੈਕਸ (Duplex) ਸੇਲ ਉਪਰ ਹਨ।



**ਹੋਰ ਜਾਣਕਾਰੀ ਲਈ ਸੰਪਰਕ ਕਰੋ**

Property Address : 27022 River Roadm, Newman CA 95260.

## RANJIT SINGH

VALLEY REAL ESTATE CENTER (OFFICE LIC.: 01392267)
68 E 11TH STREET STE 109, TRACY, CA 95376
OFFICE : 209-956-1000 CELL : 408-355-5700, GBSINGH84@GMAIL.COM

# ਜਦੋਂ ਸਰਕਾਰ ਨੇ ਪ੍ਰਭਾਕਰ ਦਾ ਤਬਾਦਲਾ ਕਰ ਦਿੱਤਾ



3 ਦਸੰਬਰ 2018 ਨੂੰ ਬੁਲੰਦ ਸ਼ਹਿਰ ਦੇ ਸਿਆਨਾ 'ਚ ਦੰਗਾਕਾਰੀਆਂ ਨੇ ਗਊ ਹੱਤਿਆ ਦੇ ਨਾਂ 'ਤੇ ਹੰਗਾਮਾ ਮਚਾਇਆ, ਪੁਲਸ ਚੌਕੀ ਨੂੰ ਅੱਗ ਲਗਾ ਦਿੱਤੀ, ਦੰਗੇ ਨੂੰ ਬਚਾਉਣ ਦੀ ਕੋਸ਼ਿਸ਼ ਕਰਨ ਵਾਲੇ ਇੰਸਪੈਕਟਰ ਸੁਬੋਧ ਕੁਮਾਰ ਦੀ ਹੱਤਿਆ ਕਰ ਦਿੱਤੀ, ਸਥਿਤੀ 'ਤੇ ਕਾਬੂ ਪਾਉਣ ਲਈ ਸਰਕਾਰ ਨੇ ਐੱਸਐੱਸਪੀ ਪ੍ਰਭਾਕਰ ਨੂੰ ਬੁਲੰਦ ਸ਼ਹਿਰ ਭੇਜਿਆ। ਪ੍ਰਭਾਕਰ ਨੇ ਜਾਂਚ ਤੋਂ ਬਾਅਦ ਬਜਰੰਗ ਦਲ ਦੇ ਗੁੰਡਿਆਂ ਨੂੰ ਗ੍ਰਿਫਤਾਰ ਕਰਕੇ ਜੇਲ 'ਚ ਡੱਕਣਾ ਸ਼ੁਰੂ ਕਰ ਦਿੱਤਾ। ਸਰਕਾਰ ਨੇ ਪ੍ਰਭਾਕਰ ਦਾ ਤਬਾਦਲਾ ਕਰ ਦਿੱਤਾ, ਹਾਲ ਹੀ 'ਚ ਬਰੇਲੀ 'ਚ ਪੁਲਸ ਨੇ ਕਾਵੜੀਆਂ ਦਿੱਤੀਆਂ ਸਨ। ਰੂਟ ਦੇ ਖਿਲਾਫ ਜਾ ਕੇ ਮੁਸਲਿਮ ਇਲਾਕੇ ਤੋਂ ਡੀਜੇ ਅਤੇ ਹਥਿਆਰਾਂ ਨਾਲ ਯਾਤਰਾ ਕੱਢਣ ਦੀ ਕੋਸ਼ਿਸ਼ ਕੀਤੀ ਜਿਸ ਨੂੰ ਪ੍ਰਭਾਕਰ ਨੇ ਇਜਾਜ਼ਤ ਨਾ ਦਿੱਤੀ ਤਾਂ ਕਾਵੜੀਆਂ ਧਰਨੇ 'ਤੇ ਬੈਠ ਗਈਆਂ ਅਤੇ ਹੰਗਾਮਾ ਕਰਨ ਦੀ ਕੋਸ਼ਿਸ਼ ਕੀਤੀ, ਜਿਸ ਤੋਂ ਬਾਅਦ ਐਸਐਸਪੀ ਪ੍ਰਭਾਕਰ ਨੇ ਉਨ੍ਹਾਂ 'ਤੇ ਲਾਠੀਚਾਰਜ ਕੀਤਾ ਕਿਉਂਕਿ ਕਾਵੜ ਯਾਤਰਾ 'ਚ ਸ਼ਾਮਲ ਕੁਝ ਉਹ ਲੋਕ ਸਨ ਨੌਜਵਾਨਾਂ ਕੋਲ ਗੈਰ-ਕਾਨੂੰਨੀ ਹਥਿਆਰ ਵੀ ਸਨ ਅਤੇ ਨਸ਼ੇ ਦੀ ਹਾਲਤ ਵਿੱਚ ਸਨ, ਪ੍ਰਭਾਕਰ ਨੇ ਇੱਕ ਪ੍ਰੈਸ ਕਾਨਫਰੰਸ ਵਿੱਚ ਦੱਸਿਆ ਕਿ 'ਯਾਤਰਾ ਵਿੱਚ ਹਿੱਸਾ ਲੈਣ ਵਾਲੇ ਕੁਝ ਵਿਅਕਤੀਆਂ ਕੋਲ ਗੈਰ-ਕਾਨੂੰਨੀ ਹਥਿਆਰ ਸਨ ਅਤੇ ਨਸ਼ੇ ਵਿੱਚ ਧੁੱਤ ਹੋ ਕੇ ਰਸਤੇ ਤੋਂ ਦੂਰ ਜਾਣ ਲਈ ਜ਼ੋਰ ਦੇ ਰਹੇ ਸਨ'! ਬੱਸ ਫਿਰ ਕੀ ਸੀ, ਜੋ ਹੋਣਾ ਹੀ ਸੀ, ਸਰਕਾਰ ਨੇ ਕੁਝ ਘੰਟਿਆਂ ਬਾਅਦ ਹੀ ਪ੍ਰਭਾਕਰ ਚੌਧਰੀ ਦਾ ਤਬਾਦਲਾ ਕਰਕੇ ਪੀਏਸੀ ਲਖਨਊ ਭੇਜ ਦਿੱਤਾ, ਰਿਪੋਰਟ ਮੁਤਾਬਕ ਇਹ ਪ੍ਰਭਾਕਰ ਚੌਧਰੀ ਦਾ 10 ਸਾਲਾਂ ਦੀ ਸੇਵਾ ਵਿੱਚ 21ਵਾਂ ਤਬਾਦਲਾ ਹੈ! ਹੈਲੋ @narendramodi ਜੀ! ਮੇਰਠ ਵਿੱਚ ਜਿਸ SSP ਦੀ ਤੁਸੀਂ ਤਾਰੀਫ ਕੀਤੀ ਸੀ, ਉਹ ਇੰਨਾ ਇਮਾਨਦਾਰ ਹੈ ਕਿ ਤੁਹਾਡੀ ਸਰਕਾਰ ਨੂੰ ਦੰਗੇ ਨਾ ਹੋਣ ਦੇਣ ਦੇ ਹਜ਼ਮ ਨਹੀਂ ਹੋ ਰਹੇ!

# ਕਸ਼ਮੀਰ ਦੇ ਸਿੱਖਾਂ ਨੇ ਵਿਧਾਨ ਸਭਾ 'ਚ ਦੋ ਸੀਟਾਂ ਦੇ ਰਾਖਵੇਂਕਰਨ ਦੀ ਮੰਗ ਉਠਾਈ



ਸ੍ਰੀਨਗਰ : ਯੂਨਾਈਟਿਡ ਕਸ਼ਮੀਰ ਸਿੱਖ ਪ੍ਰੋਗਰੈਸਿਵ ਫੋਰਮ ਨੇ ਕੇਂਦਰ ਸਰਕਾਰ 'ਤੇ ਕਸ਼ਮੀਰ ਵਾਦੀ 'ਚ ਰਹਿ ਰਹੇ ਸਿੱਖਾਂ ਨਾਲ ਮਤਰੇਈ ਮਾਂ ਵਾਲਾ ਸਲੂਕ ਕਰਨ ਦਾ ਦੋਸ਼ ਲਾਇਆ ਹੈ। ਫੋਰਮ ਨੇ ਵਾਦੀ ਵਿਚ ਰਹਿੰਦੇ ਸਿੱਖਾਂ ਲਈ ਵਿਧਾਨ ਸਭਾ ਵਿਚ ਕੋਈ ਵੀ ਸੀਟ ਰਾਖਵੀਂ ਨਾ ਕਰਨ 'ਤੇ ਨਾਰਾਜ਼ਗੀ ਜ਼ਾਹਰ ਕੀਤੀ। ਕਸ਼ਮੀਰੀ ਸਿੱਖਾਂ ਨੇ ਮੰਗ ਕੀਤੀ ਹੈ ਕਿ ਸੰਸਦ ਦੇ ਮੌਜੂਦਾ ਚਲ ਰਹੇ ਸੈਸ਼ਨ 'ਚ ਪੇਸ਼ ਕੀਤੇ ਜਾਣ ਵਾਲੇ ਰਾਖਵਾਂਕਰਨ ਬਿਲ 'ਚ ਸਿੱਖਾਂ ਨੂੰ ਵੀ ਸ਼ਾਮਲ ਕੀਤਾ ਜਾਵੇ। ਇਕ ਪ੍ਰੈਸ ਕਾਨਫਰੰਸ ਦੌਰਾਨ ਮੰਚ ਦੇ ਪ੍ਰਧਾਨ ਬਲਦੇਵ ਸਿੰਘ ਰਾਣਾ ਨੇ ਕਿਹਾ ਕਿ ਸਿੱਖਾਂ ਨਾਲ ਵਾਦੀ 'ਚ ਹਮੇਸ਼ਾ ਹੀ ਵਿਤਕਰਾ ਹੁੰਦਾ ਰਿਹਾ ਹੈ। ਉਨ ?ਰਾਂ ਕਿਹਾ, "ਗ੍ਰਹਿ ਮੰਤਰੀ ਨੇ ਸਾਨੂੰ ਭਰੋਸਾ ਦਿਤਾ ਹੈ ਕਿ ਘੱਟ ਗਿਣਤੀ ਸਿੱਖਾਂ ਨੂੰ ਵੀ ਪ੍ਰਤੀਨਿਧਗੀ ਦਿਤੀ ਜਾਵੇਗੀ, ਪਰ ਉਨ੍ਹਾਂ ਇਕ ਐਲਾਨ ਕੀਤਾ ਹੈ ਜਿਸ 'ਚ ਸਾਨੂੰ ਨਜ਼ਰਅੰਦਾਜ਼ ਕਰ ਦਿਤਾ ਗਿਆ ਹੈ।" ਉਨ੍ਹਾਂ ਕਿਹਾ, "ਇਸ ਵਾਰ ਉਮੀਦ ਕੀਤੀ ਜਾ ਰਹੀ ਸੀ ਕਿ ਵਿਧਾਨ ਸਭਾ 'ਚ ਘੱਟੋ-ਘੱਟ ਇੱਕ ਸੀਟ ਸਾਡੇ ਲਈ ਰਾਖਵੀਂ ਹੋਵੇਗੀ। ਪਰ ਅਜਿਹਾ ਨਹੀਂ ਹੋਇਆ।" ਰਾਣਾ ਨੇ ਕਿਹਾ ਕਿ ਜਿਸ ਤਰ੍ਹਾਂ ਉਜਾੜੇ ਗਏ ਕਸ਼ਮੀਰੀ ਪੰਡਤਾਂ ਅਤੇ ਪਾਕਿ ਸ਼ਰਨਾਰਥੀਆਂ ਨੂੰ ਵਿਧਾਨ ਸਭਾ 'ਚ ਰਾਖਵੀਂਆਂ ਸੀਟਾਂ ਦਿੱਤੀਆਂ ਗਈਆਂ ਹਨ, ਉਹ ਇਸ ਦਾ ਸਵਾਗਤ ਕਰਦੇ ਹਨ। ਸਿੱਖ ਸਟੂਡੈਂਟ ਫ਼ੈਡਰੇਸ਼ਨ ਦੇ ਹਰਜੀਤ ਸਿੰਘ ਨੇ ਕਿਹਾ, "ਕੇਂਦਰ ਨੂੰ ਸਾਡਾ ਸਵਾਲ ਹੈ ਕਿ ਸਾਨੂੰ ਵਿਧਾਨ ਸਭਾ 'ਚ ਰਾਖਵਾਂਕਰਨ ਦੇਣ 'ਚ ਕੀ ਇਤਰਾਜ਼ ਹੈ? ਅਸੀਂ ਤਿੰਨ ਦਹਾਕਿਆਂ ਤਕ ਅਪਣੀ ਜਾਨ ਖ਼ਤਰੇ 'ਚ ਪਾ ਕੇ ਵਾਦੀ 'ਚ ਰਹੇ। ਇਹ ਸੋਚ ਕੇ ਪਰਵਾਸ ਨਹੀਂ ਕੀਤਾ ਕਿ ਇੱਥੇ ਸਾਡਾ ਖਿਆਲ ਰਖਿਆ ਜਾਵੇਗਾ। ਇਸ ਦੌਰਾਨ ਅਸੀਂ ਦੇਸ਼ ਹਿੱਤ ਲਈ ਪ੍ਰਸ਼ਾਸਨ ਨੂੰ ਪੂਰਾ ਸਹਿਯੋਗ ਦਿਤਾ ਪਰ ਬਦਲੇ 'ਚ ਸਾਡੇ ਨਾਲ ਹਮੇਸ਼ਾ ਵਿਤਕਰਾ ਕੀਤਾ ਗਿਆ।" ਉਨ੍ਹਾਂ ਕਿਹਾ ਕਿ 1949 'ਚ 35 ਹਜ਼ਾਰ ਸਿੱਖਾਂ ਦੀ ਮੌਤ ਦੇ ਬਾਵਜੂਦ ਉਨ੍ਹਾਂ ਦੇ ਨੁਕਸਾਨ ਲਈ ਕੋਈ ਮੁਆਵਜ਼ਾ ਨਹੀਂ ਦਿਤਾ ਗਿਆ। ਸਿੱਖ ਜਥੇਬੰਦੀਆਂ ਨੇ ਜੰਮੂ-ਕਸ਼ਮੀਰ ਸਰਕਾਰੀ ਭਾਸ਼ਾ ਬਿਲ 'ਚੋਂ ਪੰਜਾਬੀ ਭਾਸ਼ਾ ਨੂੰ ਬਾਹਰ ਕਰਨ 'ਤੇ ਵੀ ਨਾਰਾਜ਼ਗੀ ਪ੍ਰਗਟਾਈ ਅਤੇ ਇਸ ਨੂੰ ਸਿੱਖਾਂ ਵਿਰੁਧ ਵਿਤਕਰੇ ਭਰਪੂਰ ਕਦਮ ਦਸਿਆ। ਉਨ੍ਹਾਂ ਕਿਹਾ ਕਿ ਚੋਣ ਖੇਤਰਾਂ ਨੂੰ ਇਸ ਤਰ੍ਹਾਂ ਪੁਨਰਗਠਤ ਕੀਤਾ ਗਿਆ ਹੈ ਕਿ ਕੋਈ ਵੀ ਸਿੱਖ ਨਾ ਤਾਂ ਚੋਣ ਲੜ ਸਕਦਾ ਹੈ ਅਤੇ ਨਾ ਹੀ ਜਿੱਤ ਸਕਦਾ ਹੈ, ਜਿਸ ਨਾਲ ਉਹ ਸਿਆਸੀ ਰੂਪ 'ਚ ਮਹੱਤਵਹੀਣ ਹੋ ਗਏ ਹਨ। ਉਨ੍ਹਾਂ ਕਿਹਾ ਕਿ ਸਾਡੀ ਮੰਗ ਹੈ ਕਿ ਵਿਧਾਨ ਸਭਾ 'ਚ ਸਿੱਖਾਂ ਲਈ ਘੱਟੋ-ਘੱਟ ਦੋ ਸੀਟਾਂ ਰਾਖਵੀਆਂ ਕੀਤੀਆਂ ਜਾਣ। ਫੋਰਮ ਨੇ ਵਾਦੀ ਦੀਆਂ ਸਥਾਨਕ ਸਿਆਸੀ ਪਾਰਟੀਆਂ ਨੈਸ਼ਨਲ ਕਾਨਫਰੰਸ, ਕਾਂਗਰਸ, ਪੀ.ਡੀ.ਪੀ., ਪੀਪਲਜ਼ ਕਾਨਫਰੰਸ ਅਤੇ ਸਿਵਲ ਸੁਸਾਇਟੀਆਂ ਨੂੰ ਵੀ ਇਸ ਮੁੱਦੇ 'ਤੇ ਉਨ੍ਹਾਂ ਦਾ ਸਾਥ ਦੇਣ ਦੀ ਅਪੀਲ ਕੀਤੀ ਹੈ। ਉਨ੍ਹਾਂ ਕਿਹਾ ਕਿ ਕਸ਼ਮੀਰ 'ਚ ਸਿੱਖਾਂ ਦੀ ਆਬਾਦੀ 1.75 ਲੱਖ ਹੈ ਅਤੇ ਉਹ ਸੂਬੇ ਦੀ ਕੁਲ ਆਬਾਦੀ ਦਾ 1.5 ਫ਼ੀ ਸਦੀ ਹਿੱਸਾ ਹਨ। ਪਰ ਤਾਜ਼ਾ ਫੈਸਲੇ ਨਾਲ ਉਨ੍ਹਾਂ ਨੂੰ ਅਪਣੇ ਨਾਲ ਵਿਤਕਰਾ ਹੋਇਆ ਮਹਿਸੂਸ ਹੋਇਆ ਹੈ। ਜ਼ਿਕਰਯੋਗ ਹੈ ਕਿ ਭਾਰਤੀ ਜਨਤਾ ਪਾਰਟੀ (ਭਾਜਪਾ) ਸਰਕਾਰ ਚਾਲੂ ਮੌਨਸੂਨ ਇਜਲਾਸ 'ਚ ਇਕ ਬਿਲ ਪੇਸ਼ ਕਰਨ ਵਾਲੀ ਹੈ। ਜੇਕਰ ਇਹ ਪਾਸ ਹੋ ਜਾਂਦਾ ਹੈ ਤਾਂ ਜੰਮੂ-ਕਸ਼ਮੀਰ ਵਿਧਾਨ ਸਭਾ 'ਚ ਤਿੰਨ ਸੀਟਾਂ ਰਾਖਵੀਆਂ ਹੋਣਆਂ - ਦੋ ਪ੍ਰਵਾਸੀ ਕਸ਼ਮੀਰੀ ਪੰਡਿਤਾਂ ਲਈ ਅਤੇ ਇਕ ਪਛਮੀ ਪਾਕਿਸਤਾਨ ਤੋਂ ਆਏ ਸ਼ਰਨਾਰਥੀਆਂ ਲਈ।

# ਨੌਜਵਾਨਾਂ ਨਾਲ ਧੋਖਾਧੜੀ ਕਰਨ ਵਾਲੇ ਏਜੰਟਾਂ ਖ਼ਿਲਾਫ਼ ਹੋਵੇਗੀ ਕਾਰਵਾਈ: ਧਾਲੀਵਾਲ



ਲਾਲੜੂ : ਪੰਜਾਬ ਦੇ ਪਰਵਾਸੀ ਭਾਰਤੀ ਮਾਮਲਿਆਂ ਬਾਰੇ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਲਬੀਆ ਵਿੱਚ ਫ਼ੌਤ ਹੋਏ ਨੌਜਵਾਨ ਦੇ ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਥਾਣਾ ਹੰਡੇਸਰਾ ਅਧੀਨ ਪੈਂਦੇ ਪਿੰਡ ਭੁੱਖੜੀ ਸਥਿਤ ਮ੍ਰਿਤਕ ਨੌਜਵਾਨ ਦੇ ਘਰ ਪਹੁੰਚੇ। ਉਨ੍ਹਾਂ ਪਰਿਵਾਰ ਨਾਲ ਦੁੱਖ ਪ੍ਰਗਟ ਕਰਦਿਆਂ ਸਰਕਾਰ ਵੱਲੋਂ ਹਰ ਸੰਭਵ ਮਦਦ ਦਾ ਭਰੋਸਾ ਵੀ ਦਿੱਤਾ। ਇਸ ਮੌਕੇ ਹਲਕਾ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਵੀ ਉਨ੍ਹਾਂ ਦੇ ਨਾਲ ਸਨ। ਸ੍ਰੀ ਧਾਲੀਵਾਲ ਨੇ ਕਿਹਾ ਕਿ ਪੰਜਾਬ ਸਰਕਾਰ ਇਸ ਦੁੱਖ ਦੀ ਘੜੀ ਵਿੱਚ ਪੀੜਤ ਪਰਿਵਾਰ ਦੇ ਨਾਲ ਖੜ੍ਹੀ ਹੈ ਅਤੇ ਉਨ੍ਹਾਂ ਦੀ ਹਰ ਸੰਭਵ ਮਦਦ ਕਰੇਗੀ। ਉਨ੍ਹਾਂ ਵੱਲੋਂ ਲਬੀਆ ਸਰਕਾਰ ਨਾਲ ਗੱਲਬਾਤ ਕਰ ਕੇ ਨੌਜਵਾਨ ਦੀ ਲਾਸ਼ ਭਾਰਤ ਲਿਆਉਣ ਲਈ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾ ਰਹੀ ਹੈ ਤੇ ਛੇਤੀ ਹੀ ਮ੍ਰਿਤਕ ਨੌਜਵਾਨ ਦੀ ਲਾਸ਼ ਭਾਰਤ ਲਿਆਂਦੀ ਜਾਵੇਗੀ। ਉਨ੍ਹਾਂ ਦੱਸਿਆ ਕਿ ਮ੍ਰਿਤਕ ਟੋਨੀ ਦੇ ਨਾਲ ਲਬੀਆ ਗਏ ਉਸ ਦੇ ਦੋ ਹੋਰ ਰਿਸ਼ਤੇਦਾਰਾਂ ਨੂੰ ਵੀ ਭਾਰਤ ਲਿਆਉਣ ਲਈ ਲਬੀਆ ਸਰਕਾਰ ਨਾਲ ਗੱਲਬਾਤ ਚੱਲ ਰਹੀ ਹੈ। ਮੰਤਰੀ ਨੇ ਕਿਹਾ ਕਿ ਉਕਤ ਨੌਜਵਾਨਾਂ ਨੂੰ ਠੱਗੀ ਦਾ ਸ਼ਿਕਾਰ ਬਣਾ ਕੇ ਡੌਂਕੀ ਰਾਹੀਂ ਵਿਦੇਸ਼ ਭੇਜਣ ਵਾਲੇ ਏਜੰਟ ਨੂੰ ਬਖ਼ਸ਼ਿਆ ਨਹੀਂ ਜਾਵੇਗਾ। ਏਜੰਟ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ। ਇਸ ਮੌਕੇ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਨੇ ਕਿਹਾ ਕਿ ਜਲੰਧਰ ਲੋਕ ਸਭਾ ਸੀਟ ਤੋਂ ਸੰਸਦ ਮੈਂਬਰ ਸੁਸ਼ੀਲ ਕੁਮਾਰ ਰਿੰਕੂ ਵੱਲੋਂ ਲੰਘੇ ਕੱਲ੍ਹ ਦਿੱਲੀ ਲੋਕ ਸਭਾ ਵਿੱਚ ਉਕਤ ਨੌਜਵਾਨਾਂ ਦੇ ਲੀਬੀਆ ਵਿੱਚ ਫਸੇ ਹੋਣ ਸਬੰਧੀ ਮੁੱਦਾ ਚੁੱਕ ਕੇ ਕੇਂਦਰ ਸਰਕਾਰ ਸਣੇ ਵਿਦੇਸ਼ ਮੰਤਰਾਲੇ ਨੂੰ ਇਸ ਬਾਰੇ ਜਾਣਕਾਰੀ ਦਿੱਤੀ ਗਈ। ਸੂਬਾ ਸਰਕਾਰ ਪੀੜਤ ਪਰਿਵਾਰ ਦੀ ਹਰ ਸੰਭਵ ਮਦਦ ਕਰਨ ਲਈ ਯਤਨ ਕਰ ਰਹੀ ਹੈ। ਦੱਸਣਯੋਗ ਹੈ ਕਿ ਮ੍ਰਿਤਕ ਟੋਨੀ ਪੁੱਤਰ ਰਵਿੰਦਰ ਕੁਮਾਰ ਵਾਸੀ ਪਿੰਡ ਭੁੱਖੜੀ ਆਪਣੇ ਦੋ ਹੋਰ ਰਿਸ਼ਤੇਦਾਰਾਂ ਸਮੇਤ ਸਰਬੀਆ ਲਈ ਰਵਾਨਾ ਹੋਇਆ ਸੀ ਜੋ ਕਿ ਏਜੰਟ ਦੀ ਡੌਂਕੀ ਦਾ ਸ਼ਿਕਾਰ ਹੋ ਗਏ ਅਤੇ ਸਰਬੀਆ ਜਾਂਦੇ ਹੋਏ ਰਸਤੇ ਵਿੱਚ ਲਬੀਆ ਵਿੱਚ ਫਸ ਗਏ। ਉੱਥੇ ਪੁਲੀਸ ਦਾ ਛਾਪਾ ਪੈਣ 'ਤੇ 21 ਸਾਲਾ ਟੋਨੀ ਦੀ ਮੌਤ ਹੋ ਗਈ ਜਦਕਿ ਬਾਕੀ ਦੋ ਜਣੇ ਲਾਪਤਾ ਹਨ।

# ਸੇਵਾ ਮੁਕਤ ਕਰਮਚਾਰੀ ਐਸੋਸੀਏਸ਼ਨ ਹੈ, ਯੂਨੀਅਨ ਨਹੀਂ : ਜੋਗਿੰਦਰ ਸਿੰਘ ਅਦਲੀਵਾਲ



ਅੰਮ੍ਰਿਤਸਰ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਰਿਟਾਇਰਡ ਕਰਮਚਾਰੀਆਂ ਤੇ ਅਧਾਰਤ 'ਸੇਵਾ ਮੁਕਤ ਕਰਮਚਾਰੀ ਵੈਲਫੇਅਰ ਐਸੋਸੀਏਸ਼ਨ' ਦੇ ਪ੍ਰਧਾਨ ਸ ਜੋਗਿੰਦਰ ਸਿੰਘ ਅਦਲੀਵਾਲ ਨੇ ਪ੍ਰੈੱਸ ਦੇ ਨਾਮ ਜਾਰੀ ਇੱਕ ਬਿਆਨ ਵਿੱਚ ਸਪਸ਼ਟ ਕੀਤਾ ਹੈ ਕਿ ਸਾਡੇ ਵੱਲੋ ਰਜਿਸਟਰ ਕਰਵਾਈ ਗਈ ਵੈਲਫੇਅਰ ਐਸੋਸੀਏਸ਼ਨ ਹੈ ਨਾ ਕਿ ਟਰੇਡ ਯੂਨੀਅਨ। ਉਹਨਾ ਨੇ ਕਿਹਾ ਹੈ ਕਿ ਸ੍ਰ. ਗੁਰਵਿੰਦਰ ਸਿੰਘ ਭੋਮਾ ਵੱਲੋ ਜੋ ਰਜਿਸਟਰ ਕਰਵਾਈ ਗਈ ਹੈ ਉਹ ਸ਼੍ਰੋਮਣੀ ਗੁ ਪ੍ਰ ਕਮੇਟੀ ਕਰਮਚਾਰੀ ਯੂਨੀਅਨ ਹੈ ਉਹਨਾਂ ਕਿਹਾ ਹੈ ਕਿ ਸੇਵਾ ਮੁਕਤ ਕਰਮਚਾਰੀ ਵੈਲਫੇਅਰ ਐਸੋਸੀਏਸ਼ਨ 'ਸੋਸਾਈਟੀਜ ਰਜਿਸਟਰੇਸ਼ਨ ਐਕਟ XXA of 1860 ਦੇ ਅੰਤਰਗਤ ਰਜਿਸਟਰਡ ਹੈ ਜਦਕਿ ਭੋਮਾ ਸਾਹਿਬ ਵਾਲੀ ਟਰੇਡ ਯੂਨੀਅਨ ਹੈ ਜੋ ਕਿ ਟਰੇਡ ਯੂਨੀਅਨ ਐਕਟ XVA ਆਫ 1926 ਦੇ ਤਹਿਤ ਰਜਿਸਟਰ ਕਰਵਾਈ ਗਈ ਹੈ।

ਉਹਨਾਂ ਕਿਹਾ ਹੈ ਕਿ ਦੋਵਾਂ ਦੇ ਕਾਰਜ ਖੇਤਰ, ਕਾਰਜ ਸ਼ੈਲੀ ਇੱਕ ਦੂਜੇ ਤੋਂ ਬਿਲਕੁਲ ਵੱਖਰੀ ਹੈ। ਸਾਡੀ ਐਸੋਸੀਏਸ਼ਨ ਦਾ ਮਕਸਦ ਸਿਰਫ ਤੇ ਸਿਰਫ ਸ਼੍ਰੋਮਣੀ ਕਮੇਟੀ ਦੀ ਸਰਵਿਸ ਕਰਨ ਉਪ੍ਰੰਤ ਰਿਟਾਇਰ ਹੋ ਚੁੱਕੇ ਕਰਮਚਾਰੀਆਂ ਵਿੱਚ ਆਪਸੀ ਸੰਪਰਕ ਬਣਾ ਕੇ ਰੱਖਣਾ, ਉਹਨਾ ਦੀ ਖੁਸ਼ੀ/ਗ਼ਮੀ ਵਿੱਚ ਸ਼ਾਮਲ ਹੋਣਾ ਅਤੇ ਰਿਟਾਇਰਡ ਗਰੀਬ, ਲਾਚਾਰ ਕਰਮਚਾਰੀ ਦੀ ਯਥਾਸ਼ਕਤ ਸਹਾਇਤਾ ਕਰਨਾ ਤੇ ਉਹਨਾਂ ਨੂੰ ਅਪਣਤ ਦਾ ਅਹਿਸਾਸ ਕਰਵਉਣਾ ਹੈ। ਇਸ ਤੋਂ ਇਲਾਵਾ ਸ਼੍ਰੋਮਣੀ ਗੁ ਪ੍ਰ ਕਮੇਟੀ ਦੇ ਸਹਿਯੋਗੀ ਵਜੋਂ ਵਿਚਰਦਿਆਂ ਆਪਣੇ ਆਪ ਨੂੰ ਸ਼੍ਰੋਮਣੀ ਕਮੇਟੀ ਦਾ ਅੰਗ ਹੋਣ ਦਾ ਪ੍ਰਗਟਾਵਾ ਕਰਨਾ ਹੈ। ਉਹਨਾ ਨੇ ਭੋਮਾ ਸਾਹਿਬ ਨੂੰ ਸਲਾਹ ਦਿੱਤੀ ਹੈ ਕਿ ਉਹ 'ਐਸੋਸੀਏਸ਼ਨ' ਨੂ ਯੂਨੀਅਨ ਨਾਲ ਰਲਗੱਡ ਨਾ ਕਰਨ।

# ਸ਼੍ਰੋਮਣੀ ਕਮੇਟੀ ਤੇ ਨਵੀਂ ਬਣੀ ਯੂਨੀਅਨ ਵਿਚਾਲੇ ਮੱਤਭੇਦ

ਅੰਮ੍ਰਿਤਸਰ : ਸ਼੍ਰੋਮਣੀ ਕਮੇਟੀ ਦੇ ਪ੍ਰਬੰਧਕਾਂ ਅਤੇ ਨਵੀਂ ਬਣੀ ਯੂਨੀਅਨ ਵਿਚਾਲੇ ਤਣਾਅ ਲਗਾਤਾਰ ਵਧ ਰਿਹਾ ਹੈ। ਇਹ ਯੂਨੀਅਨ ਕਰਮਚਾਰੀਆਂ ਵੱਲੋਂ ਬਣਾਈ ਗਈ ਹੈ, ਜਿਸ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੁਲਾਜ਼ਮ ਯੂਨੀਅਨ ਦਾ ਨਾਂ ਦਿੱਤਾ ਗਿਆ ਹੈ ਅਤੇ ਇਸ ਯੂਨੀਅਨ ਨੂੰ ਰਜਿਸਟਰਡ ਵੀ ਕਰਵਾਇਆ ਗਿਆ ਹੈ।

ਨਵੀਂ ਯੂਨੀਅਨ ਦੇ ਪ੍ਰਧਾਨ ਗੁਰਿੰਦਰ ਸਿੰਘ ਭੋਮਾ ਨੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਨੂੰ ਇੱਕ ਪੱਤਰ ਭੇਜ ਕੇ ਆਖਿਆ ਹੈ ਕਿ ਮੁਲਾਜ਼ਮਾਂ ਨੂੰ ਦਬਾਉਣ ਦੀ ਨੀਤੀ ਨੂੰ ਤੁਰੰਤ ਬੰਦ ਕਰਨਾ ਚਾਹੀਦਾ ਹੈ। ਸ਼੍ਰੋਮਣੀ ਕਮੇਟੀ ਵੱਲੋਂ ਨਵੀਂ ਬਣੀ ਯੂਨੀਅਨ ਖ਼ਿਲਾਫ਼ ਕਾਰਵਾਈ ਕਰਦਿਆਂ ਪਹਿਲਾਂ ਯੂਨੀਅਨ ਦੇ ਪ੍ਰਧਾਨ ਦਾ ਤਬਾਦਲਾ ਪੰਜਾਬ ਤੋਂ ਬਾਹਰ ਕਰ ਦਿੱਤਾ ਗਿਆ ਸੀ ਅਤੇ ਹੁਣ ਯੂਨੀਅਨ ਦੇ ਜਨਰਲ ਸਕੱਤਰ ਯਾਦਵਿੰਦਰ ਸਿੰਘ ਨੂੰ ਉੱਤਰ ਪ੍ਰਦੇਸ਼ ਦੇ ਹਾਪੁੜ ਵਿੱਚ ਅਤੇ ਇੱਕ ਹੋਰ ਮੈਂਬਰ ਇਕਬਾਲ ਸਿੰਘ ਨੂੰ ਧਰਮ ਪ੍ਰਚਾਰ ਕਮੇਟੀ ਦੇ ਦਫ਼ਤਰ ਤੋਂ ਤਬਦੀਲ ਕਰ ਕੇ ਤਲਵੰਡੀ ਸਾਬੋ ਭੇਜ ਦਿੱਤਾ ਗਿਆ ਹੈ। ਯੂਨੀਅਨ ਆਗੂ ਗੁਰਿੰਦਰ ਸਿੰਘ ਭੋਮਾ ਨੇ ਆਖਿਆ ਕਿ ਜੇਕਰ ਸ਼੍ਰੋਮਣੀ ਕਮੇਟੀ ਨੇ ਯੂਨੀਅਨ ਦੇ ਮੈਂਬਰਾਂ ਪ੍ਰਤੀ ਆਪਣਾ ਰਵੱਈਆ ਨਾ ਬਦਲਿਆ ਤਾਂ ਫਿਰ ਮੁਲਾਜ਼ਮਾਂ ਵਿੱਚ ਰੋਸ ਪੈਦਾ ਹੋ ਸਕਦਾ ਹੈ। ਉਸ ਨੇ ਆਖਿਆ ਕਿ ਸ਼੍ਰੋਮਣੀ ਕਮੇਟੀ ਦਫਤਰ ਵੱਲੋਂ ਯੂਨੀਅਨ ਦੇ ਮੈਂਬਰਾਂ ਅਤੇ ਅਹੁਦੇਦਾਰਾਂ ਨੂੰ ਦਬਾਉਣ ਦੀ ਨੀਅਤ ਨਾਲ ਜਿਹੜੇ ਪੈਂਤੜਿਆਂ ਦੀ ਵਰਤੋਂ ਕੀਤੀ ਜਾ ਰਹੀ ਹੈ, ਇਸ ਨੂੰ ਬੰਦ ਕਰ ਦੇਣਾ ਚਾਹੀਦਾ ਹੈ। ਪੱਤਰ ਵਿੱਚ ਸ਼੍ਰੋਮਣੀ ਕਮੇਟੀ ਦੇ ਹੋਰ ਮੁਲਾਜ਼ਮਾਂ ਦੀਆਂ ਬਣੀਆਂ ਜਥੇਬੰਦੀਆਂ ਦਾ ਵੀ ਹਵਾਲਾ ਦਿੱਤਾ ਗਿਆ ਹੈ। ਇਸ ਵਿੱਚ ਰਾਗੀ ਸਿੰਘਾਂ ਵੱਲੋਂ ਬਣਾਈ ਗਈ ਜਥੇਬੰਦੀ, ਢਾਡੀਆਂ ਤੇ ਪਾਠੀਆਂ ਦੀ ਜਥੇਬੰਦੀ ਅਤੇ ਸਾਬਕਾ ਕਰਮਚਾਰੀਆਂ ਵੱਲੋਂ ਬਣਾਈ ਗਈ ਜਥੇਬੰਦੀ ਦਾ ਜ਼ਿਕਰ ਵੀ ਸ਼ਾਮਲ ਹੈ। ਉਨ੍ਹਾਂ ਆਖਿਆ ਕਿ ਇਹ ਜਥੇਬੰਦੀਆਂ ਦੇ ਮੈਂਬਰ ਵੀ ਆਪਣੀ ਆਵਾਜ਼ ਪ੍ਰਬੰਧਕਾਂ ਕੋਲ ਪਹੁੰਚਾਉਂਦੇ ਹਨ ਅਤੇ ਯੂਨੀਅਨ ਵੀ ਆਪਣੀ ਆਵਾਜ਼ ਪ੍ਰਬੰਧਕਾਂ ਕੋਲ ਪਹੁੰਚਾਉਣਾ ਚਾਹੁੰਦੀ ਹੈ। ਦੂਜੇ ਪਾਸੇ ਪ੍ਰਬੰਧਕਾਂ ਤੇ ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਆਖਿਆ ਕਿ ਇਹ ਤਬਾਦਲੇ ਰੁਟੀਨ ਦੀ ਪ੍ਰਕਿਰਿਆ ਦਾ ਹਿੱਸਾ ਹੈ। ਉਨ੍ਹਾਂ ਦਾ ਕੋਈ ਪੱਕੇ ਤੌਰ 'ਤੇ ਤਬਾਦਲਾ ਨਹੀਂ ਕੀਤਾ ਗਿਆ। ਉਨ੍ਹਾਂ ਆਖਿਆ ਕੇ ਕਰਮਚਾਰੀਆਂ ਨੂੰ ਸਰਕਾਰ ਵੱਲੋਂ ਗੁਮਰਾਹ ਕੀਤਾ ਜਾ ਰਿਹਾ ਹੈ ਅਤੇ ਸ਼੍ਰੋਮਣੀ ਕਮੇਟੀ ਖਿਲਾਫ਼ ਖੜ੍ਹਾ ਕੀਤਾ ਜਾ ਰਿਹਾ ਹੈ। ਦੂਜੇ ਪਾਸੇ ਯੂਨੀਅਨ ਆਗੂਆਂ ਨੇ ਸ਼੍ਰੋਮਣੀ ਕਮੇਟੀ ਦੇ ਇਸ ਦੋਸ਼ ਨੂੰ ਨਕਾਰਿਆ ਅਤੇ ਕਿਹਾ ਹੈ ਕਿ ਇਸ ਵਿੱਚ ਸਰਕਾਰ ਦੀ ਕੋਈ ਦਖ਼ਲਅੰਦਾਜ਼ੀ ਨਹੀਂ ਹੈ। ਜ਼ਿਕਰਯੋਗ ਹੈ ਕਿ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨਵੀਂ ਬਣੀ ਇਸ ਯੂਨੀਅਨ ਨਾਲ ਸਹਿਮਤ ਨਹੀਂ ਹਨ ਅਤੇ ਇਸ ਦਾ ਵਿਰੋਧ ਕਰ ਚੁੱਕੇ ਹਨ।

# ਪੰਜਾਬ ਤੋਂ ਕੈਨੇਡਾ 'ਚ ਨਵੇਂ ਗਏ ਮੁੰਡਿਆਂ ਦੀਆਂ ਹੋ ਰਹੀਆਂ ਮੌਤਾਂ ਖ਼ਤਰੇ ਦੀ ਘੰਟੀ ਹਨ

ਰੁਪਿੰਦਰ ਸਿੰਘ ਗਿੱਲ

ਕੈਨੇਡਾ ਤੋਂ ਨਿੱਤ ਆ ਰਹੀਆਂ ਨੌਜਵਾਨਾਂ ਦੀ ਮੌਤ ਦੀਆਂ ਖ਼ਬਰਾਂ ਬੇਹੱਦ ਮੰਦਭਾਗੀਆਂ ਅਤੇ ਚਿੰਤਾ ਕਰਨ ਵਾਲੀਆਂ ਹਨ। ਆਪਾਂ ਰੋਜ਼ ਇਕ ਜਾਂ ਦੋ ਨੌਜਵਾਨਾਂ ਦੀ ਕੈਨੇਡਾ 'ਚ ਹੋਈ ਹਾਰਟ ਅਟੈਕ ਨਾਲ ਮੌਤ ਦੀਆਂ ਖ਼ਬਰਾਂ ਪੜ੍ਹਦੇ ਹਾਂ। ਕੀ ਇਹ ਹਾਰਟ ਅਟੈਕ ਹੈ ਜਾਂ ਕੋਈ ਹੋਰ ਕਾਰਨ ਹੈ? ਕੋਈ ਹੋਰ ਕਾਰਨ ਘੋਖਣ ਤੋਂ ਪਹਿਲਾਂ ਇਸ ਨੂੰ ਦਿਲ ਦਾ ਦੌਰਾ ਮੰਨ ਕੇ ਇਨ੍ਹਾਂ ਦੀ ਜਾਂਚ ਕਰੀਏ ਤਾਂ ਕਾਰਨ ਸਾਫ਼ ਹੈ, ਮਾਨਸਿਕ ਤਣਾਅ। ਸਾਰੀ ਦੁਨੀਆ ਵਿਚ ਦਿਲ ਦੇ ਦੌਰੇ ਦੇ ਕਾਰਨਾਂ ਵਿਚ ਜਿੱਥੇ ਨਾੜੀਆਂ ਦੇ ਬਲੌਕ ਹੋਣ, ਖ਼ੂਨ ਗਾੜ੍ਹਾ ਹੋਣ ਅਤੇ ਬਲੱਡ ਪ੍ਰੈਸ਼ਰ ਵਧਣ ਨੂੰ ਪ੍ਰਮੁੱਖ ਸਮਝਿਆ ਜਾਂਦਾ ਹੈ ਉੱਥੇ ਹੀ ਮਾਨਸਿਕ ਤਣਾਅ ਨੂੰ ਵੀ ਇਕ ਅਹਿਮ ਕਾਰਨ ਮੰਨਿਆ ਜਾਂਦਾ ਹੈ। ਇਸ ਨਵੀਂ ਉਮਰ ਦੇ ਨੌਜਵਾਨਾਂ ਨੂੰ ਨਾੜੀਆਂ ਬਲੌਕ ਜਾਂ ਬਲੱਡ ਪ੍ਰੈਸ਼ਰ ਦੀ ਸਰੀਰਕ ਪਰੇਸ਼ਾਨੀ ਤਾਂ ਹੋ ਨਹੀਂ ਸਕਦੀ, ਫਿਰ ਕੀ ਕਾਰਨ ਹੈ?

ਤਾਂ ਬਚਿਆ ਮਾਨਸਿਕ ਤਣਾਅ। ਇਸ ਨੂੰ ਸਮਝੋ ਕਿ ਜਿਹੜੇ ਬੱਚੇ ਨੇ ਪੜ੍ਹਾਈ ਸਮੇਂ ਬਾਪੂ ਦੇ ਸਿਰ 'ਤੇ ਕਦੇ ਇਹ ਤਕ ਨਹੀਂ ਸੋਚਿਆ ਹੁੰਦਾ ਕਿ ਸਾਡੇ ਘਰ ਦਾ ਰਾਸ਼ਨ, ਮੇਰੇ ਸਕੂਲ ਦੀ ਫੀਸ, ਵਰਦੀਆਂ ਜਾਂ ਦੂਜੇ ਘਰੇਲੂ ਖ਼ਰਚੇ ਕਿਵੇਂ ਚੱਲਦੇ ਹਨ ਤਾਂ ਉਸ ਨੂੰ ਜਦੋਂ ਵਿਦੇਸ਼ ਪਹੁੰਚ ਕੇ ਕਮਰੇ ਦਾ ਕਿਰਾਇਆ, ਬੱਸ ਦਾ ਕਿਰਾਇਆ, ਕਾਲਜ ਦੀ ਫੀਸ, ਰਾਸ਼ਨ ਦਾ ਖ਼ਰਚਾ ਆਦਿ ਆਪ ਕਮਾਉਣਾ ਪੈਂਦਾ ਹੈ ਤਾਂ ਉਹ ਇਹ ਖ਼ਰਚੇ ਜੋਗਾ ਜਦੋਂ ਕਮਾ ਨਹੀਂ ਪਾਉਂਦਾ ਤਾਂ ਉਹ ਦਿਮਾਗ 'ਤੇ ਲੋਡ ਪਾ ਲੈਂਦਾ ਹੈ। ਬਾਕੀ ਇਸ ਦੇ ਨਾਲ-ਨਾਲ ਪੜ੍ਹਾਈ ਵੀ ਕਰਨੀ ਪੈਂਦੀ ਹੈ। ਇੱਥੇ ਜਿਹੜਾ ਘਰੇਲੂ ਖ਼ਰਚਿਆਂ ਅਤੇ ਕੰਮਾਂ-ਕਾਰਾਂ ਦਾ ਬੋਝ ਉਸ 'ਤੇ ਬਾਪੂ ਦੇ ਹੁੰਦਿਆਂ 30 ਸਾਲ ਦੀ ਉਮਰ ਤੋਂ ਬਾਅਦ ਪੈਣਾ ਸੀ, ਉਹ ਕੈਨੇਡਾ ਪੁੱਜ ਕੇ 18-20 ਸਾਲ ਦੀ ਉਮਰ 'ਚ ਹੀ ਪੈ ਜਾਂਦਾ ਹੈ। ਪੰਜਾਬ 'ਚ ਤਾਂ ਸਕੂਲੇ ਪੜ੍ਹਨ ਕਾਰਨ ਉਸ ਦੇ ਦਿਮਾਗ ਨੂੰ ਪੜ੍ਹਾਈ ਤੋਂ ਬਿਨਾਂ ਹੋਰ ਕੋਈ ਬੋਝ ਸਹਿਣ ਦੀ ਆਦਤ ਹੀ ਨਹੀਂ ਸੀ ਹੁੰਦੀ ਪਰ ਬੇਗਾਨੇ ਮੁਲਕ ਵਿਚ ਪੁੱਜ ਕੇ ਉਸ ਸਿਰ ਕਾਫ਼ੀ ਸਾਰੇ ਬੋਝ ਪੈ ਜਾਂਦੇ ਹਨ ਜਿਸ ਦਾ ਨਤੀਜਾ ਦਿਲ ਦਾ ਦੌਰਾ ਜਾਂ ਦਿਮਾਗ ਦੀ ਨਾੜ ਫਟਣਾ ਹੁੰਦਾ ਹੈ ਜਿਸ ਨਾਲ ਅਚਾਨਕ ਮੌਤ ਹੁੰਦੀ ਹੈ ਅਤੇ ਇਸ ਨੂੰ ਵੀ ਦਿਲ ਦਾ ਦੌਰਾ ਹੀ ਸਮਝ ਲਿਆ ਜਾਂਦਾ ਹੈ। ਪਰ ਕਦੇ ਨੋਟ ਕੀਤਾ ਕਿ ਪੜ੍ਹਾਈ ਲਈ ਕੁੜੀਆਂ ਵੀ ਬਾਹਰ ਗਈਆਂ ਹਨ, ਉਨ੍ਹਾਂ ਨੂੰ ਕਿਉਂ ਨਹੀਂ ਪੈ ਰਹੇ ਦਿਲ ਦੇ ਦੌਰੇ? ਤਾਂ ਧਿਆਨ ਦੇਵੋ। ਪੰਜਾਬ 'ਚ ਵੀ ਜੋ ਮੌਤਾਂ ਦਿਲ ਦੇ ਦੌਰੇ ਨਾਲ ਹੁੰਦੀਆਂ ਨੇ, ਉਹ ਬੀਬੀਆਂ ਦੇ ਮੁਕਾਬਲੇ ਬੰਦਿਆਂ ਦੀਆਂ ਹੀ ਹੁੰਦੀਆਂ ਹਨ। ਕਾਰਨ ਬੀਬੀਆਂ ਆਪਣੇ ਮਨ ਦੀ ਭੜਾਸ ਆਪਣੀਆਂ ਧੀਆਂ, ਮਾਵਾਂ, ਮਾਸੀਆਂ, ਦਰਾਣੀਆਂ-ਜਠਾਣੀਆਂ ਨਾਲ ਕੱਢ ਲੈਂਦੀਆਂ ਜਾਂ ਰੋ ਪੈਂਦੀਆਂ ਹਨ। ਬੰਦਾ ਰੋਂਦਾ ਨਹੀਂ ਅਤੇ ਕਿਸੇ ਨੂੰ ਬਹੁਤਾ ਦੁੱਖ ਦੱਸਦਾ ਵੀ ਨਹੀਂ। ਇਸੇ ਤਰ੍ਹਾਂ ਬਾਹਰ ਗਈਆਂ ਕੁੜੀਆਂ ਜਾਂ ਤਾਂ ਰੋਜ਼ਾਨਾ ਦੀਆਂ ਟੈਨਸ਼ਨਾ ਤੋਂ ਤੰਗ ਆ ਕੇ ਰੋ ਲੈਂਦੀਆਂ ਹਨ ਜਾਂ ਆਪਣੀ ਮਾਂ ਨਾਲ ਗੱਲ ਕਰ ਕੇ ਦੁੱਖ ਵੰਡ ਲੈਂਦੀਆਂ ਹਨ ਪਰ ਮੁੰਡੇ ਸਭ ਕੁਝ ਅੰਦਰ ਹੀ ਰੱਖਦੇ ਨੇ। ਦੂਜਾ ਕਾਰਨ ਆਮ ਪਰਿਵਾਰਾਂ ਦੀਆਂ ਕੁੜੀਆਂ ਚੰਗੀ ਜਾਇਦਾਦ ਵਾਲੇ ਮੁੰਡੇ ਨਾਲ ਵਿਆਹ ਕੇ ਭੇਜੀਆਂ ਜਾਂਦੀਆਂ ਹਨ ਜਾਂ ਜੋ ਆਰਥਿਕ ਪੱਖੋਂ ਮਜ਼ਬੂਤ ਪਰਿਵਾਰ ਆ, ਉਹ ਭੇਜਦੇ ਆ ਕੁੜੀਆਂ ਨੂੰ ਕੈਨੇਡਾ। ਇਸ ਲਈ ਉਨ੍ਹਾਂ ਨੂੰ ਫੀਸ ਆਦਿ ਦੀ ਟੈਨਸ਼ਨ ਘੱਟ ਹੁੰਦੀ ਹੈ। ਮੁੰਡੇ ਨੂੰ ਜਿੱਥੇ ਵਿਦੇਸ਼ 'ਚ ਲੋੜਾਂ ਪੂਰੀਆਂ ਕਰਨ ਲਈ ਪੈਸੇ ਕਮਾਉਣ ਦਾ ਬੋਝ ਹੁੰਦਾ ਹੈ, ਓਥੇ ਹੀ ਬਾਹਰ ਭੇਜਣ ਲਈ ਚੁੱਕੇ ਕਰਜ਼ੇ ਦਾ ਤਣਾਅ ਉਸ ਦੇ ਜਹਾਜ਼ ਚੜ੍ਹਨ ਸਮੇਂ ਨਾਲ ਹੀ



ਚੜ੍ਹ ਕੇ ਵਿਦੇਸ਼ ਪਹੁੰਚ ਜਾਂਦਾ ਹੈ।

ਹੁਣ ਆਉਂਦੇ ਹਾਂ ਮੌਤਾਂ ਦੇ ਦੂਸਰੇ ਵੱਡੇ ਕਾਰਨ ਵੱਲ ਜਿਸ ਨੂੰ ਦਿਲ ਦੇ ਦੌਰੇ ਦੇ ਨਾਂ ਹੇਠ ਛੁਪਾਇਆ ਜਾਂਦਾ ਹੈ। ਉਹ ਹੈ ਨਸ਼ਾ ਅਤੇ ਇਹ ਹੁਣ ਕਿਸੇ ਤੋਂ ਲੁਕਿਆ-ਛੁਪਿਆ ਨਹੀਂ ਕਿ ਕੈਨੇਡਾ ਵਿਚ ਨਸ਼ਾ ਬਹੁਤ ਆਮ ਹੋ ਗਿਆ ਹੈ। ਨੌਜਵਾਨ ਪਹਿਲਾਂ ਕਾਲਜ ਜਾਂਦੇ ਨੇ। ਫਿਰ ਕੰਮ 'ਤੇ ਜਾਂਦੇ ਹਨ। ਕਈ ਵਾਰ ਕੰਮ ਅਤੇ ਕਾਲਜ ਕਾਫ਼ੀ ਦੂਰ ਹੋਣ ਕਰਕੇ ਘਰੇ ਜਾ ਕੇ ਆਰਾਮ ਕਰਨ ਦਾ ਸਮਾਂ ਵੀ ਨਹੀਂ ਮਿਲਦਾ ਅਤੇ ਵੱਧ ਪੈਸੇ ਕਮਾਉਣ ਦੇ ਚੱਕਰ 'ਚ ਡਬਲ-ਟ੍ਰਿਪਲ ਸ਼ਿਫਟਾਂ ਵੀ ਕਰਦੇ ਹਨ। ਇਸ ਸਭ ਨਾਲ ਉਨ੍ਹਾਂ ਦਾ ਸਰੀਰ ਥੱਕ ਜਾਂਦਾ ਹੈ ਜਿਸ ਤੋਂ ਬਚਣ ਲਈ ਉਹ ਦੋਸਤਾਂ ਦੇ ਕਹਿਣ 'ਤੇ ਥੋੜ੍ਹਾ-ਥੋੜ੍ਹਾ ਨਸ਼ਾ ਲੈਣ ਲੱਗ ਜਾਂਦੇ ਹਨ। ਇਹ ਸੋਚ ਕਿ ਜਦੋਂ ਗੱਡੀ ਲੀਹ 'ਤੇ ਆ ਗਈ ਤਾਂ ਛੱਡ ਦੇਵਾਂਗੇ। ਪਰ ਜਿਹੜੀ ਗੱਡੀ ਦੇ ਟਾਇਰ ਪਾਟੇ ਹੋਣ ਤੇ ਪੱਥਰਾਂ 'ਚ ਫਸੀ ਹੋਵੇ, ਉਸ ਦੇ ਲੀਹ 'ਤੇ ਆਉਣ ਦੀ ਸੰਭਾਵਨਾ ਘੱਟ ਹੀ ਹੁੰਦੀ ਹੈ। ਨਸ਼ਾ ਇਸ ਲਈ ਵੀ ਮੁੱਖ ਕਾਰਨ ਮੰਨਿਆ ਜਾ ਸਕਦਾ ਹੈ ਕਿਉਂਕਿ ਕੁੜੀਆਂ ਦੀਆਂ ਮੌਤਾਂ ਨਹੀਂ ਹੋ ਰਹੀਆਂ। ਵਜ੍ਹਾ ਇਹ ਹੈ ਕਿ ਕੁੜੀਆਂ ਓਵਰ ਟਾਈਮ ਜ਼ਿਆਦਾ ਨਹੀਂ ਕਰਦੀਆਂ। ਇਸ ਲਈ ਨਸ਼ਾ ਵੀ ਨਹੀਂ ਕਰਦੀਆਂ।

ਸੋ ਕੁੱਲ-ਮਿਲਾ ਕੇ ਇਹ ਕੈਨੇਡਾ 'ਚ ਨਵੇਂ ਗਏ ਮੁੰਡਿਆਂ ਦੀਆਂ ਮੌਤਾਂ ਦੀ ਔਸਤ ਪੰਜਾਬ 'ਚ ਨਸ਼ਿਆਂ ਕਾਰਨ ਮਰਨ ਵਾਲੇ ਮੁੰਡਿਆਂ ਦੇ ਬਰਾਬਰ ਹੋਣੀ ਹੋਰ ਵੀ ਜ਼ਿਆਦਾ ਚਿੰਤਾ ਕਰਨ ਵਾਲੀ ਗੱਲ ਹੈ ਕਿਉਂਕਿ ਪੰਜਾਬ 'ਚ ਨੌਜਵਾਨ ਮੁੰਡਿਆਂ ਦੀ ਗਿਣਤੀ 80 ਲੱਖ ਦੇ ਲਗਪਗ ਹੈ ਜਦਕਿ ਕੈਨੇਡਾ ਗਏ ਮੁੰਡਿਆਂ ਦੀ ਗਿਣਤੀ 8 ਲੱਖ ਵੀ ਨਹੀਂ ਹੋਣੀ। ਬਾਕੀ ਅੱਜ-ਕੱਲ੍ਹ ਬਹੁਤੇ ਪਰਿਵਾਰਾਂ 'ਚ ਬੱਚਾ ਇਕਲੌਤਾ ਹੀ ਹੁੰਦਾ ਹੈ ਅਤੇ ਜਦੋਂ ਚੜ੍ਹਦੀ ਉਮਰੇ ਉਹ ਚਲਿਆ ਜਾਵੇ ਤਾਂ ਬਚਦੇ ਮਾਂ-ਬਾਪ ਵੀ ਨਹੀਂ।

ਇਸ ਲਈ ਹਾਲੇ ਵੀ ਇਸ ਵਰਤਾਰੇ ਨੂੰ ਸਮਝੋ ਅਤੇ ਬੱਚਿਆਂ ਨੂੰ ਹੋ ਸਕੇ ਤਾਂ ਆਪਣੇ ਕੋਲ ਰੱਖ ਕੇ ਪੜ੍ਹਾਓ ਅਤੇ ਇੱਥੇ ਹੀ ਕੋਈ ਨੌਕਰੀ ਦਿਵਾਓ ਜਾਂ ਕਾਰੋਬਾਰ 'ਚ ਸੈੱਟ ਕਰੋ। ਜੇਕਰ ਫਿਰ ਵੀ ਕੋਈ ਬੱਚਾ ਵਿਦੇਸ਼ ਜਾਣਾ ਚਾਹੇ ਤਾਂ ਉਸ ਨੂੰ ਉੱਚ ਪੜ੍ਹਾਈ ਕਰਵਾ ਕੇ ਭੇਜੋ। ਉਦੋਂ ਤਕ ਉਸ ਦਾ ਦਿਮਾਗ ਦੁਨੀਆਦਾਰੀ ਨੂੰ ਸਮਝਣ ਲਈ ਵਿਕਸਤ ਹੋ ਚੁੱਕਿਆ ਹੋਵੇਗਾ ਜਿਸ ਨਾਲ ਮਾਨਸਿਕ ਤਣਾਅ ਘੱਟ ਹੋਵੇਗਾ। ਬਾਕੀ ਇਕ ਗੱਲ ਨੋਟ ਕਰਿਓ, ਇਹ ਮੌਤਾਂ ਦੀ ਖ਼ਬਰ ਕੈਨੇਡਾ ਤੋਂ ਹੀ ਆਉਂਦੀ ਹੈ। ਆਸਟ ?ਰੇਲੀਆ, ਨਿਊਜ਼ੀਲੈਂਡ, ਇੰਗਲੈਂਡ, ਜਰਮਨ ਆਦਿ ਤੋਂ ਨਹੀਂ ਆਉਂਦੀ। ਇਸ ਦਾ ਕਾਰਨ ਇਨ੍ਹਾਂ ਦੇਸ਼ਾਂ 'ਚ ਹਾਲੇ ਕੰਮ ਸੌਖਾ ਮਿਲ ਰਿਹਾ ਹੈ ਕੈਨੇਡਾ ਨਾਲੋਂ ਅਤੇ ਪ੍ਰਤੀ ਘੰਟਾ ਡਾਲਰ ਵੀ ਜ਼ਿਆਦਾ ਬਣਦੇ ਹਨ। ਇਸ ਕਾਰਨ ਜੀਵਨ ਥੋੜ੍ਹਾ ਸੌਖਾ ਹੋਣ ਕਾਰਨ ਮਾਨਸਿਕ ਦਬਾਅ ਅਤੇ ਨਸ਼ੇ ਤੋਂ ਬਚ ਜਾਂਦੇ ਨੇ ਨੌਜਵਾਨ। ਪਰ ਜੋ ਕਾਰਨ ਮੈਂ ਉੱਪਰ ਲਿਖੇ ਨੇ ਉਨ੍ਹਾਂ ਨੂੰ ਜ਼ਰੂਰ ਸਮਝੋ। ਇਕੱਲੇ-ਕਹਿਰੇ ਬੱਚਿਆਂ ਨੂੰ ਕੈਨੇਡਾ ਭੇਜਣ ਮਗਰੋਂ ਜੇ ਉਕਤ ਬਿਪਤਾ ਸਿਰ 'ਤੇ ਪੈ ਜਾਵੇ ਤਾਂ ਸਿਰਫ਼ ਪਛਤਾਵਾ ਹੀ ਬਚਦਾ ਹੈ। ਇਸ ਲਈ ਆਪਣੇ ਬੱਚਿਆਂ ਨਾਲ ਰੋਜ਼ਾਨਾ ਫੋਨ 'ਤੇ ਗੱਲ ਕਰੋ ਅਤੇ ਉਨ੍ਹਾਂ ਦੀਆਂ ਨਿੱਕੀਆਂ-ਵੱਡੀਆਂ ਸਾਰੀਆਂ ਤਕਲੀਫ਼ਾਂ ਸੁਣੋ ਅਤੇ ਉਨ੍ਹਾਂ ਨੂੰ ਹੌਸਲਾ ਦਿੰਦੇ ਹੋਏ ਸਮਝਾਓ ਕਿ ਜ਼ਿੰਦਗੀ 'ਚ ਸੰਘਰਸ਼ ਚੱਲਦੇ ਹੀ ਰਹਿੰਦੇ ਹਨ। ਘਬਰਾਉਣ ਦੀ ਲੋੜ ਨਹੀਂ।

# ਵਧਦਾ ਜਾ ਰਿਹਾ ਮਹਿਲਾ ਖਿਡਾਰੀਆਂ ਦਾ ਸੈਕਸ ਸ਼ੋਸ਼ਣ



ਇਨ੍ਹੀਂ ਦਿਨੀਂ ਖੇਡਾਂ ਨਾਲ ਜੁੜੇ ਅਧਿਕਾਰੀਆਂ ਅਤੇ ਖੇਡ ਕੋਚਾਂ 'ਤੇ ਮਹਿਲਾ ਖਿਡਾਰੀਆਂ ਦਾ ਸੈਕਸ ਸ਼ੋਸ਼ਣ ਕਰਨ ਦੇ ਮਾਮਲੇ ਜ਼ੋਰਾਂ 'ਤੇ ਹਨ। ਇਨ੍ਹਾਂ 'ਚ ਭਾਰਤੀ ਕੁਸ਼ਤੀ ਮਹਾਸੰਘ ਦੇ ਅਹੁਦਾ ਛੱਡ ਚੁੱਕੇ ਪ੍ਰਧਾਨ ਅਤੇ ਸੰਸਦ ਮੈਂਬਰ ਬ੍ਰਿਜਭੂਸ਼ਨ ਸ਼ਰਨ ਸਿੰਘ ਵੀ ਸ਼ਾਮਲ ਹਨ।

ਇਸੇ ਸਿਲਸਿਲੇ 'ਚ ਬੀਤੇ ਦਿਨੀਂ ਇੰਦੌਰ 'ਚ ਜਦ ਪੱਤਰਕਾਰਾਂ ਨੇ ਉਨ੍ਹਾਂ ਨਾਲ ਇਸ ਬਾਰੇ ਗੱਲ ਕੀਤੀ ਤਾਂ ਉਨ੍ਹਾਂ ਨੇ ਇਸ ਵਿਸ਼ੇ 'ਚ ਕੁਝ ਵੀ ਕਹਿਣ ਤੋਂ ਨਾਂਹ ਕਰ ਦਿੱਤੀ ਅਤੇ ਬੋਲੇ: "ਮੇਰੇ ਵਿਰੁੱਧ ਲੱਗੇ ਦੋਸ਼ ਨਿਆਪਾਲਿਕਾ 'ਚ ਵਿਚਾਰ ਅਧੀਨ ਹਨ। ਇਸ ਲਈ ਮੈਂ ਇਸ ਵਿਸ਼ੇ 'ਚ ਕੁਝ ਨਹੀਂ ਬੋਲਾਂਗਾ ਪਰ ਤੁਸੀਂ ਮੇਰਾ ਚਿਹਰਾ ਦੇਖੋ ਕਿ ਕੀ ਤੁਹਾਨੂੰ ਇਹ ਦੋਸ਼ ਦਿਖਾਈ ਦੇ ਰਹੇ ਹਨ? ਅਦਾਲਤ ਨੇ ਕਿਹਾ ਹੈ ਕਿ (ਮਹਿਲਾ ਪਹਿਲਵਾਨਾਂ ਦੇ ਅਖੌਤੀ ਸੈਕਸ ਸ਼ੋਸ਼ਣ ਦੇ ਮਾਮਲੇ 'ਚ) ਮੀਡੀਆ ਟਰਾਇਲ ਨਾ ਕਰਵਾਓ ਅਤੇ ਸੱਚਾਈ ਅਦਾਲਤ 'ਚ ਰੱਖੋ।"

ਫਿਲਹਾਲ ਅਜੇ ਇਹ ਮਾਮਲਾ ਚੱਲ ਹੀ ਰਿਹਾ ਹੈ ਕਿ ਮਹਿਲਾ ਖਿਡਾਰੀਆਂ ਦੇ ਸੈਕਸ ਸ਼ੋਸ਼ਣ ਦਾ ਇਕ ਹੋਰ ਮਾਮਲਾ ਸਾਹਮਣੇ ਆ ਗਿਆ ਹੈ। ਕੈਥਲ (ਹਰਿਆਣਾ) 'ਚ ਵੁਸ਼ੂ ਕੋਚ ਅਤੇ 'ਜ਼ਿਲਾ ਕੈਥਲ ਵੁਸ਼ੂ ਐਸੋਸੀਏਸ਼ਨ' ਦੇ ਸਕੱਤਰ ਦੀਪਕ ਕੁਮਾਰ ਲੋਟ ਵਿਰੁੱਧ ਇਕ ਮਹਿਲਾ ਖਿਡਾਰੀ ਨੇ ਜਬਰ-ਜ਼ਨਾਹ ਦਾ ਯਤਨ ਕਰਨ ਦਾ ਦੋਸ਼ ਲਾਇਆ ਹੈ।

ਇਸ ਮਹਿਲਾ ਖਿਡਾਰੀ ਨੇ 3 ਮਈ, 2023 ਨੂੰ ਉਕਤ ਕੋਚ ਵਿਰੁੱਧ ਲਿਖਤੀ ਸ਼ਿਕਾਇਤ 'ਚ ਕੋਚ 'ਤੇ ਉਸ ਨੂੰ ਘਰ ਸੱਦ ਕੇ ਕੋਲਡ ਡ੍ਰਿੰਕ 'ਚ ਨਸ਼ੀਲਾ ਪਦਾਰਥ ਦੇ ਕੇ ਉਸ ਦੇ ਪ੍ਰਾਈਵੇਟ ਪਾਰਟ ਨਾਲ ਛੇੜ-ਛਾੜ ਕਰਨ ਸਮੇਤ ਕਈ ਦੋਸ਼ ਲਾਏ ਸਨ।

ਇਸ ਖਿਡਾਰਨ ਅਨੁਸਾਰ ਘਟਨਾ ਵਾਲੇ ਦਿਨ 2 ਹੋਰ ਖਿਡਾਰਨਾਂ ਵੀ ਕੋਚ ਦੇ ਘਰ ਆ ਗਈਆਂ, ਜਿਸ ਕਾਰਨ ਉਹ ਬਚ ਗਈ। ਇਸ ਪਿੱਛੋਂ ਕੋਚ ਨੇ ਉਸ ਨੂੰ ਇਸ ਬਾਰੇ ਕਿਸੇ ਹੋਰ ਨੂੰ ਦੱਸਣ 'ਤੇ ਗੇਮ ਤੋਂ ਬਾਹਰ ਕਰਨ ਦੀ ਧਮਕੀ ਦਿੱਤੀ ਸੀ।

27 ਜੁਲਾਈ ਨੂੰ ਮਹਿਲਾ ਸਰਕਾਰੀ ਕੋਚ ਨਾਲ ਅੱਧਾ ਦਰਜਨ ਤੋਂ ਵੱਧ ਮਹਿਲਾ ਖਿਡਾਰੀਆਂ ਉਕਤ ਕੋਚ ਵਿਰੁੱਧ ਕਾਰਵਾਈ ਦੀ ਮੰਗ ਨੂੰ ਲੈ ਕੇ ਐੱਸ. ਪੀ. ਅਭਿਸ਼ੇਕ ਜੋਰਵਾਲ ਨੂੰ ਮਿਲੀਆਂ।

ਇਨ੍ਹਾਂ ਨੇ ਕੋਚ 'ਤੇ ਉਨ੍ਹਾਂ ਦਾ ਸੈਕਸ ਸ਼ੋਸ਼ਣ ਕਰਨ ਦੇ ਇਲਾਵਾ ਲੱਖਾਂ ਰੁਪਏ ਹੜੱਪਣ ਦੇ ਦੋਸ਼ ਲਾਉਣ ਤੋਂ ਇਲਾਵਾ ਕਿਹਾ ਕਿ ਕੋਚ ਉਨ੍ਹਾਂ ਨੂੰ ਇਕੱਲੇ ਦੇਖ ਕੇ ਉਨ੍ਹਾਂ ਨਾਲ ਸੈਕਸ ਅਤੇ ਗੁਪਤ ਅੰਗ ਦੀ ਗੱਲ ਕਰਦਾ ਸੀ ਅਤੇ ਬੁਰੀ ਨੀਅਤ ਨਾਲ ਛੂੰਹਦਾ ਸੀ।

ਅਜਿਹਾ ਉਸ ਨੇ ਇਕ ਲੜਕੀ ਨਾਲ ਨਹੀਂ ਸਗੋਂ ਕਈ ਲੜਕੀਆਂ ਨਾਲ ਕੀਤਾ। ਕੁਝ ਲੜਕੀਆਂ ਨੇ ਕੋਚ ਦੀਪਕ ਕੁਮਾਰ 'ਤੇ ਪੈਸੇ ਲੈਣ ਦੇ ਦੋਸ਼ ਵੀ ਲਾਏ ਅਤੇ ਕਿਹਾ ਕਿ ਰਾਸ਼ਟਰੀ ਪੱਧਰ 'ਤੇ ਖਿਡਾਉਣ ਦੇ ਪੈਸੇ ਵੀ ਲਏ ਜਾਂਦੇ ਸੀ।

ਮਹਿਲਾ ਖਿਡਾਰੀਆਂ ਨੇ ਇਹ ਵੀ ਕਿਹਾ ਕਿ ਉਨ੍ਹਾਂ ਨੇ ਲਗਭਗ 2 ਮਹੀਨੇ ਪਹਿਲਾਂ ਕੈਥਲ ਦੇ ਮਹਿਲਾ ਥਾਣੇ 'ਚ ਇਸ ਕੋਚ ਵਿਰੁੱਧ ਸ਼ਿਕਾਇਤ ਦਿੱਤੀ ਸੀ। ਤਦ ਕੋਚ ਨੇ ਸਾਰੀਆਂ ਖਿਡਾਰਨਾਂ ਤੋਂ ਲਿਖਤੀ ਤੌਰ 'ਤੇ ਮੁਆਫੀ ਮੰਗੀ ਅਤੇ ਭਵਿੱਖ 'ਚ ਕੋਈ ਵੀ ਸਬੰਧ ਨਾ ਰੱਖਣ ਦੀ ਗੱਲ ਕਹੀ ਸੀ। ਇਸ 'ਤੇ ਖਿਡਾਰਨਾਂ ਨੇ ਸ਼ਿਕਾਇਤ ਵਾਪਸ ਲੈ ਲਈ ਸੀ।

ਇਸ ਵਿਚਾਲੇ ਹਰਿਆਣਾ ਦੇ ਮੰਤਰੀ ਸੰਦੀਪ ਸਿੰਘ ਵੱਲੋਂ ਇਕ ਜੂਨੀਅਰ ਮਹਿਲਾ ਕੋਚ ਨਾਲ ਛੇੜਛਾੜ ਦੇ ਮਾਮਲੇ 'ਚ ਐੱਸ. ਆਈ. ਟੀ. ਨੂੰ ਦੋਵਾਂ ਵਿਚਾਲੇ ਚੈਟ ਦੇ ਮਹੱਤਵਪੂਰਨ ਸਬੂਤ ਮਿਲ ਗਏ ਹਨ।

ਸੀ. ਐੱਫ. ਐੱਸ. ਐੱਲ. ਦੇ ਮਾਹਿਰਾਂ ਨੇ ਇਨ੍ਹਾਂ ਦੋਵਾਂ ਦੇ ਮੋਬਾਈਲ ਤੋਂ ਡਿਲੀਟ ਡਾਟਾ ਰਿਕਵਰ ਕਰ ਲਿਆ ਹੈ। ਇਨ੍ਹਾਂ ਦੇ ਮੋਬਾਈਲ ਦੀ ਕਾਲ ਡਿਟੇਲ ਵੀ ਪੁਲਸ ਨੂੰ ਮਿਲ ਚੁੱਕੀ ਹੈ, ਜਿਸ ਦਾ ਵਿਸ਼ਲੇਸ਼ਣ ਕੀਤਾ ਜਾ ਰਿਹਾ ਹੈ।

ਐੱਸ. ਆਈ. ਟੀ. ਦੇ ਸੂਤਰਾਂ ਅਨੁਸਾਰ ਪੁਲਸ ਅਦਾਲਤ 'ਚ ਮੰਤਰੀ ਵਿਰੁੱਧ 7 ਤੋਂ 10 ਦਿਨ ਦੇ ਅੰਦਰ ਚਾਰਜਸ਼ੀਟ ਦਾਇਰ ਕਰੇਗੀ।

ਅਜਿਹੇ 'ਚ ਪਤਾ ਨਹੀਂ ਹੋਰ ਕਿੰਨੇ ਕੇਸ ਹੋ ਰਹੇ ਹੋਣਗੇ ਜੋ ਪ੍ਰਕਾਸ਼ 'ਚ ਨਹੀਂ ਆਉਂਦੇ। ਯਕੀਨਨ ਹੀ ਇਹ ਬੇਹੱਦ ਗੰਭੀਰ ਮਾਮਲਾ ਹੈ ਅਤੇ ਸਵਾਲ ਪੈਦਾ ਹੁੰਦਾ ਹੈ ਕਿ ਅਖੀਰ ਇਸ ਸਮੱਸਿਆ ਦਾ ਕੀ ਇਲਾਜ ਹੋਵੇ?

ਜੇ ਮਹਿਲਾ ਖਿਡਾਰੀਆਂ ਦੀਆਂ ਸ਼ਿਕਾਇਤਾਂ ਦਾ ਹੱਲ ਨਾ ਕੀਤਾ ਗਿਆ ਅਤੇ ਉਨ੍ਹਾਂ ਦੀ ਪੀੜਾ ਇਸੇ ਤਰ੍ਹਾਂ ਜਾਰੀ ਰਹੀ ਤਾਂ ਜਾਂ ਤਾਂ ਉਹ ਅਜਿਹਾ ਅਨਿਆਂ ਬਰਦਾਸ਼ਤ ਕਰਨ ਲਈ ਮਜਬੂਰ ਹੋਣਗੀਆਂ ਜਾਂ ਤੰਗ ਆ ਕੇ ਖੇਡਾਂ ਤੋਂ ਹੀ ਸੰਨਿਆਸ ਲੈ ਲੈਣਗੀਆਂ।

ਕਿਉਂਕਿ ਉਕਤ ਤਿੰਨਾਂ ਹੀ ਮਾਮਲਿਆਂ ਨਾਲ ਕੇਂਦਰ ਸਰਕਾਰ ਅਤੇ ਸੂਬਾ ਸਰਕਾਰ ਜੁੜੀਆਂ ਹਨ, ਇਸ ਲਈ ਦੋਵਾਂ ਨੂੰ ਹੀ ਇਸ ਬਾਰੇ ਨੋਟਿਸ ਲੈ ਕੇ ਮਹਿਲਾ ਖਿਡਾਰੀਆਂ ਨੂੰ ਤੁਰੰਤ ਨਿਆਂ ਅਤੇ ਸੁਰੱਖਿਅਤ ਵਾਤਾਵਰਣ ਪ੍ਰਦਾਨ ਕਰਨਾ ਚਾਹੀਦਾ ਹੈ।

ਜੇ ਅਜਿਹਾ ਨਾ ਕੀਤਾ ਗਿਆ ਤੇ ਮਹਿਲਾ ਖਿਡਾਰੀ ਖੇਡ ਛੱਡਣ ਨੂੰ ਮਜਬੂਰ ਹੋਈਆਂ ਤਾਂ ਇਸ ਨਾਲ ਭਾਰਤੀ ਖੇਡ ਜਗਤ ਨੂੰ ਹੀ ਘਾਟਾ ਪਵੇਗਾ।-ਵਿਜੇ ਕੁਮਾਰ

# ਭਾਰਤ 'ਚ ਹੁਣ ਜਬਰ-ਜ਼ਨਾਹਾਂ ਦੇ ਵੀਡੀਓ ਵੀ ਬਲੂ ਫਿਲਮਾਂ ਵਾਂਗ ਵਿਕਣ ਲੱਗੇ

ਇਕ ਪਾਸੇ ਦੇਸ਼ 'ਚ ਔਰਤਾਂ ਵਿਰੁੱਧ ਅਪਰਾਧਾਂ ਦੀ ਇਕ ਹਨੇਰੀ ਜਿਹੀ ਆਈ ਹੋਈ ਹੈ ਅਤੇ ਦੁੱਧ ਪੀਂਦੀਆਂ ਮਾਸੂਮ ਬੱਚੀਆਂ ਤੋਂ ਲੈ ਕੇ ਬਜ਼ੁਰਗ ਔਰਤਾਂ ਤੱਕ ਜਬਰ-ਜ਼ਨਾਹਾਂ ਦੀਆਂ ਸ਼ਿਕਾਰ ਹੋ ਰਹੀਆਂ ਹਨ ਤਾਂ ਦੂਜੇ ਪਾਸੇ ਸਮਾਜ ਵਿਰੋਧੀ ਤੱਤਾਂ ਨੇ ਜਬਰ-ਜ਼ਨਾਹਾਂ ਦੇ ਵੀਡੀਓ ਵੇਚਣ ਦਾ ਧੰਦਾ ਵੀ ਦੇਸ਼ ਦੇ ਕੁਝ ਸ਼ਹਿਰਾਂ 'ਚ ਸ਼ੁਰੂ ਕਰ ਦਿੱਤਾ ਹੈ।

ਇਹ ਵੀਡੀਓ ਸਿਰਫ ਪੀੜਤਾ ਨੂੰ ਬਲੈਕਮੇਲ ਕਰਨ ਲਈ ਹੀ ਨਹੀਂ ਬਣਾਏ ਜਾਂਦੇ ਸਗੋਂ ਹੁਣ ਬਿਜ਼ਨੈੱਸ ਦਾ ਰੂਪ ਧਾਰਨ ਕਰਨ ਲੱਗੇ ਹਨ। ਉੱਤਰ ਪ੍ਰਦੇਸ਼ 'ਚ ਲਖਨਊ ਦੇ ਹਿੰਡੋਲਾ ਬਾਜ਼ਾਰ 'ਚ ਅਜਿਹੇ ਵੀਡੀਓ ਵੇਚੇ ਜਾਣ ਦਾ ਪਤਾ ਲੱਗਾ ਹੈ।

10 ਮਿੰਟ ਤੋਂ 30 ਮਿੰਟ ਤਕ ਦੇ ਸਮੇਂ ਵਾਲੇ ਇਹ ਵੀਡੀਓ ਉਨ੍ਹਾਂ ਦੀ ਅਸ਼ਲੀਲਤਾ ਅਤੇ ਭਿਆਨਕਤਾ ਦੇ ਆਧਾਰ 'ਤੇ 300 ਰੁਪਏ ਤੋਂ 500 ਰੁਪਏ ਤੱਕ ਕੀਮਤ 'ਤੇ ਵੇਚੇ ਜਾਂਦੇ ਹਨ। ਇਨ੍ਹਾਂ ਵੀਡੀਓਜ਼ ਦੀ ਕਾਫੀ ਮੰਗ ਦੱਸੀ ਜਾਂਦੀ ਹੈ ਜੋ ਵਧੇਰੇ ਪੈੱਨ-ਡ੍ਰਾਈਵ 'ਚ ਵੇਚੀਆਂ ਜਾਂਦੀਆਂ ਹਨ।

ਨਾਕਾ ਹਿੰਡੋਲਾ ਪੁਲਸ ਚੌਕੀ ਇਸ ਬਾਜ਼ਾਰ ਤੋਂ ਸਿਰਫ 500 ਮੀਟਰ ਦੀ ਦੂਰੀ 'ਤੇ ਸਥਿਤ ਹੋਣ ਕਾਰਨ ਸਪੱਸ਼ਟ ਹੈ ਕਿ ਇਹ ਧੰਦਾ ਪੁਲਸ ਦੀ ਨੱਕ ਹੇਠ ਚੱਲ ਰਿਹਾ ਹੈ, ਜਿਸ ਲਈ ਦੁਕਾਨਦਾਰ ਕਥਿਤ ਤੌਰ 'ਤੇ ਪੁਲਸ ਨੂੰ ਚੰਗੀ ਮੋਟੀ ਰਕਮ ਦਿੰਦੇ ਹਨ।

ਇਕ ਦੁਕਾਨਦਾਰ ਅਨੁਸਾਰ ਹੁਣ ਤਾਂ ਜਬਰ-ਜ਼ਨਾਹ ਦੀ ਵੀਡੀਓ ਦੀ ਮੰਗ ਹੈ। ਜਬਰ-ਜ਼ਨਾਹਾਂ ਦੇ ਫਿਲਮਾਂਕਣ ਦਾ ਰੁਝਾਨ ਜ਼ੋਰ ਫੜ ਰਿਹਾ ਹੈ ਅਤੇ ਵਧੇਰੇ ਵੀਡੀਓ ਸਮੂਹਿਕ ਜਬਰ-ਜ਼ਨਾਹਾਂ ਦੇ ਫਿਲਮਾਏ ਜਾ ਰਹੇ ਹਨ।

ਉੱਤਰ ਪ੍ਰਦੇਸ਼ ਦੇ ਵੱਖ-ਵੱਖ ਸ਼ਹਿਰਾਂ 'ਚ ਇਹ ਵੀਡੀਓ ਵੇਚੇ ਜਾ ਰਹੇ ਹਨ।

ਇਹ ਵੀ ਪਤਾ ਲੱਗਾ ਹੈ ਕਿ ਦੁਕਾਨਦਾਰ ਇਸ ਤਰ੍ਹਾਂ ਦੇ ਵੀਡੀਓ 2000 ਤੋਂ 5000 ਰੁਪਏ 'ਚ ਖਰੀਦਦੇ ਹਨ, ਜਿਨ੍ਹਾਂ ਨੂੰ ਬਾਜ਼ਾਰ 'ਚ ਵਿਕਰੀ ਲਈ ਲਿਆਉਣ ਤੋਂ ਪਹਿਲਾਂ 'ਸੁਧਾਰਿਆ' ਜਾਂਦਾ ਹੈ ਤਾਂ ਕਿ ਦ੍ਰਿਸ਼ ਸਾਫ ਦਿਖਾਈ ਦੇਣ। ਜਬਰ -ਜ਼ਨਾਹ ਕਰਨ ਵਾਲਿਆਂ ਦੇ ਚਿਹਰੇ ਤਾਂ ਧੁੰਦਲੇ ਕਰ ਦਿੱਤੇ ਜਾਂਦੇ ਹਨ ਪਰ ਪੀੜਤਾ ਦਾ ਚਿਹਰਾ ਧੁੰਦਲਾ ਨਹੀਂ ਕੀਤਾ ਜਾਂਦਾ।



ਜਬਰ-ਜ਼ਨਾਹ ਦੀ ਵੀਡੀਓ ਵਿਕਣ ਦਾ ਇਹ ਭੇਦ ਸਾਹਮਣੇ ਆਉਣਾ ਇਸ ਗੱਲ ਦਾ ਮੂੰਹ ਬੋਲਦਾ ਸਬੂਤ ਹੈ ਕਿ ਪੈਸੇ ਦੇ ਲਾਲਚ 'ਚ ਅੱਜ ਦਾ ਇਨਸਾਨ ਕਿਸ ਤਰ੍ਹਾਂ ਹੇਠਾਂ ਡਿੱਗਦਾ ਜਾ ਰਿਹਾ ਹੈ। ਐਨ ਪੁਲਸ ਦੀ ਨੱਕ ਹੇਠ ਉੱਤਰ ਪ੍ਰਦੇਸ਼ ਦੀ ਰਾਜਧਾਨੀ 'ਚ ਇਸ ਧੰਦੇ ਦੇ ਫਲਣ-ਫੁੱਲਣ ਤੋਂ ਸਪੱਸ਼ਟ ਹੈ ਕਿ ਕਾਨੂੰਨ ਦੇ ਰਖਵਾਲਿਆਂ ਨੇ ਇਸ ਵੱਲੋਂ ਕਿਸ ਤਰ੍ਹਾਂ ਅੱਖਾਂ ਮੀਟੀਆਂ ਹੋਈਆਂ ਹਨ।

# ਭਾਈ ਅਵਤਾਰ ਸਿੰਘ ਖੰਡਾ ਦੀ ਮਾਤਾ ਅਤੇ ਭੈਣ ਦਾ ਵੀਜ਼ਾ ਹੋਇਆ ਰੱਦ



ਚੰਡੀਗੜ੍ਹ : ਪਿਛਲੇ ਦਿਨੀਂ ਭਾਈ ਅਵਤਾਰ ਸਿੰਘ ਖੰਡਾ ਦੀ ਸ਼ੱਕੀ ਹਲਾਤਾਂ ਵਿਚ ਲੰਡਨ ਦੇ ਇਕ ਹਸਪਤਾਲ ਵਿਚ ਮੌਤ ਹੋ ਗਈ ਸੀ। ਖੰਡਾ ਦੇ ਅੰਤਿਮ ਸਸਕਾਰ ਨੂੰ ਲੈ ਕੇ ਭਾਰਤ ਰਹਿੰਦੇ ਖੰਡਾ ਦੇ ਪਰਿਵਾਰ ਵਾਲਿਆਂ ਨੇ ਇੰਗਲੈਂਡ ਦੀ ਸਰਕਾਰ ਤੋਂ ਵੀਜ਼ਾ ਲੈਣ ਦੀ ਅਰਜ਼ੀ ਲਾਈ ਸੀ, ਜਿਸ ਨੂੰ ਇੰਗਲੈਂਡ ਸਰਕਾਰ ਨੇ ਰੱਦ ਕਰ ਦਿੱਤਾ ਹੈ।

ਜਾਣਕਾਰੀ ਮੁਤਾਬਿਕ, ਭਾਈ ਅਵਤਾਰ ਸਿੰਘ ਖੰਡਾ ਦੀ ਮਾਤਾ ਅਤੇ ਭੈਣ ਨੂੰ ਇੰਗਲੈਂਡ ਸਰਕਾਰ ਨੇ ਵੀਜ਼ਾ ਦੇਣ ਤੋਂ ਇਨਕਾਰ ਕਰ ਦਿੱਤਾ ਹੈ। ਭਾਈ ਖੰਡਾ ਦੀ ਮਾਂ ਅਤੇ ਭੈਣ ਨੇ ਖੰਡਾ ਦੀਆਂ ਅੰਤਿਮ ਰਸਮਾਂ ਵਿੱਚ ਸ਼ਾਮਲ ਹੋਣ ਲਈ ਇੰਗਲੈਂਡ ਦਾ ਵੀਜ਼ਾ ਅਪਲਾਈ ਕੀਤਾ ਸੀ, ਪਰ ਬਰਤਾਨੀਆ ਸਰਕਾਰ ਨੇ ਵੀਜ਼ਾ ਰੱਦ ਕਰ ਦਿੱਤਾ ਹੈ। ਉਥੇ ਹੀ ਦੂਜੇ ਪਾਸੇ, ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਸਵਾਲ ਚੁੱਕੇ ਹਨ। ਸੋਸ਼ਲ ਮੀਡੀਆ ਤੇ ਗਿਆਨੀ ਹਰਪ੍ਰੀਤ ਸਿੰਘ ਨੇ ਲਿਖਿਆ ਕਿ, ਹਰੇਕ ਮਰਨ ਵਾਲੇ ਦਾ ਅੰਤਿਮ ਸੰਸਕਾਰ ਉਸਦੇ ਘਰਦਿਆਂ ਦੀ ਹਾਜ਼ਰੀ ਵਿਚ ਹੋਣ ਦੇਣਾ ਉਸ ਮਰੇ ਹੋਏ ਬੰਦੇ ਦਾ ਵੀ ਆਖਰੀ ਹੱਕ ਹੈ। ਭਾਈ ਅਵਤਾਰ ਸਿੰਘ ਖੰਡੇ ਦੀ ਮਾਤਾ ਤੇ ਭੈਣ ਨੂੰ ਉਸਦੇ ਅੰਤਿਮ ਸੰਸਕਾਰ ਲਈ ਵੀਜ਼ਾ ਨਾ ਦੇਣਾ ਇਸ ਅਧਿਕਾਰ ਦੀ ਉਲੰਘਣਾ ਹੈ। ਕੋਈ ਦੁਸ਼ਮਣ ਵੀ ਹੋਵੇ ਤਾਂ ਉਸਦੇ ਰੀਤੀ ਰਿਵਾਜਾਂ ਅਤੇ ਟੱਬਰ ਦੀ ਹਾਜ਼ਰੀ ਵਿੱਚ ਉਸਦਾ ਸੰਸਕਾਰ ਹੋਣ ਦੇਣਾ ਹੀ ਇੱਕ ਸੱਭਿਅਕ ਰਾਜ ਦੀ ਨਿਸ਼ਾਨੀ ਹੁੰਦੀ। ਇਸ ਬਾਰੇ ਇੰਗਲੈਂਡ ਦੇ ਸਿੱਖਾਂ, ਗੁਰਦਵਾਰਾ ਕਮੇਟੀਆਂ ਤੇ ਸਿੱਖ ਜਥੇਬੰਦੀਆਂ ਨੂੰ ਇੰਗਲੈਂਡ ਸਰਕਾਰ ਨਾਲ ਜਰੂਰ ਗੱਲ ਕਰਨੀ ਚਾਹੀਦੀ ਹੈ।

# ਖੰਡਾ ਦੇ ਪਰਿਵਾਰ ਨੂੰ ਇੰਗਲੈਂਡ ਜਾਣ ਤੋਂ ਰੋਕਣਾ ਮਨੁੱਖੀ ਹੱਕਾਂ ਦੀ ਉਲੰਘਣਾ: ਜਥੇਦਾਰ ਰਘਵੀਰ ਸਿੰਘ



ਅੰਮ੍ਰਿਤਸਰ : ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਰਘਵੀਰ ਸਿੰਘ ਨੇ ਇੰਗਲੈਂਡ ’ਚ ਅਵਤਾਰ ਸਿੰਘ ਖੰਡਾ ਦੇ ਸਸਕਾਰ ਅਤੇ ਅੰਤਿਮ ਅਰਦਾਸ ਵਿੱਚ ਸ਼ਾਮਲ ਹੋਣ ਲਈ ਜਾ ਰਹੀ ਉਸ ਦੀ ਮਾਂ ਅਤੇ ਭੈਣ ਨੂੰ ਰੋਕੇ ਜਾਣ ਦੀ ਕਾਰਵਾਈ ਨੂੰ ਮਨੁੱਖੀ ਹੱਕਾਂ ਦੀ ਉਲੰਘਣਾ ਕਰਾਰ ਦਿੱਤਾ। ਇੰਗਲੈਂਡ ਵਿੱਚ ਭੇਤ-ਭਰੀ ਹਾਲਤ ਵਿੱਚ ਮੌਤ ਦਾ ਸ਼ਿਕਾਰ ਹੋਏ ਅਵਤਾਰ ਸਿੰਘ ਖੰਡਾ ਦਾ ਸਸਕਾਰ ਅਤੇ ਅੰਤਿਮ ਅਰਦਾਸ ਪੰਜ ਅਗਸਤ ਨੂੰ ਹੋਵੇਗੀ। ਇਸ ਸਬੰਧ ਵਿੱਚ ਉਸ ਦੀ ਮਾਂ ਅਤੇ ਭੈਣ ਵੱਲੋਂ ਇੰਗਲੈਂਡ ਦਾ ਵੀਜ਼ਾ ਮੰਗਿਆ ਗਿਆ ਸੀ । ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਰਘੁਬੀਰ ਸਿੰਘ ਨੇ ਕਿਹਾ ਕਿ ਇੰਗਲੈਂਡ ਦੀ ਸਰਕਾਰ ਵੱਲੋਂ ਉਨ੍ਹਾਂ ਨੂੰ ਵੀਜ਼ਾ ਦੇਣ ਤੋਂ ਮਨ੍ਹਾਂ ਕਰ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਇੰਗਲੈਂਡ ਵਰਗੇ ਵਿਕਾਸਸ਼ੀਲ ਮੁਲਕ ਦੀ ਸਰਕਾਰ ਦੀ ਅਜਿਹੀ ਕਾਰਵਾਈ ਠੀਕ ਨਹੀਂ ਹੈ। ਉਨ੍ਹਾਂ ਸ਼ ?ਰੋਮਣੀ ਕਮੇਟੀ, ਦਿੱਲੀ ਕਮੇਟੀ ਤੇ ਹੋਰ ਸੰਸਥਾਵਾਂ ਨੂੰ ਕਿਹਾ ਕਿ ਉਹ ਇਸ ਸਬੰਧੀ ਉਪਰਾਲੇ ਕਰਨ ਤਾਂ ਜੋ ਮਾਂ ਤੇ ਭੈਣ ਦੋਵੇਂ ਅੰਤਿਮ ਰਸਮਾਂ ’ਚ ਸ਼ਾਮਲ ਹੋ ਸਕਣ। ਉਧਰ, ਜਥੇਦਾਰ ਗਿਆਨੀ ਰਘਵੀਰ ਸਿੰਘ ਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨਿਊਯਾਰਕ ਦੀ ਪੁਲੀਸ ਵਿੱਚ ਸਿੱਖ ਜਵਾਨ ਨੂੰ ਦਾੜ੍ਹੀ ਵਧਾਉਣ ਤੋਂ ਰੋਕਣ ਦੇ ਆਦੇਸ਼ ਦਾ ਸਖ਼ਤ ਨੋਟਿਸ ਲਿਆ। ਉਨ੍ਹਾਂ ਭਾਰਤ ਸਰਕਾਰ ਦੇ ਵਿਦੇਸ਼ ਮੰਤਰਾਲੇ ਨੂੰ ਕਿਹਾ ਕਿ ਉਹ ਕੂਟਨੀਤਕ ਸਬੰਧਾਂ ਰਾਹੀਂ ਸਿੱਖ ਭਾਈਚਾਰੇ ਦੀ ਭਾਵਨਾ ਅਮਰੀਕਾ ਸਰਕਾਰ ਕੋਲ ਪੁੱਜਦੀ ਕਰੇ ਤਾਂ ਜੋ ਨਿਊਯਾਰਕ ਪੁਲੀਸ ਆਪਣੇ ਫ਼ੈਸਲੇ ਨੂੰ ਵਾਪਸ ਲਵੇ।

# ਮੂਸੇਵਾਲਾ ਦੇ ਮਾਪਿਆਂ ਨੇ ਸਚਿਨ ਬਿਸ਼ਨੋਈ ਨੂੰ ਪੰਜਾਬ ਲਿਆਉਣ ਦੀ ਮੰਗ ਕੀਤੀ



ਮਾਨਸਾ : ਦਿੱਲੀ ਪੁਲਿਸ ਵੱਲੋਂ ਸਚਿਨ ਬਿਸ਼ਨੋਈ ਨੂੰ ਵਿਦੇਸ਼ ਤੋਂ ਗ੍ਰਿਫਤਾਰ ਕਰਕੇ ਲਿਆਉਣ ਤੋਂ ਬਾਅਦ ਹੁਣ ਮਰਹੂਮ ਪੰਜਾਬੀ ਗਾਇਕ ਸਿੱਧੂ ਮੂਸੇ ਵਾਲੇ ਦੇ ਮਾਪਿਆਂ ਨੇ ਪੁਲੀਸ ਤੋਂ ਮੰਗ ਕੀਤੀ ਹੈ ਕਿ ਉਸ ਨੂੰ ਪੰਜਾਬ ਲਿਆ ਕੇ ਪੁੱਛ ਪੜਤਾਲ ਕਰਨੀ ਚਾਹੀਦੀ ਹੈ ਤਾਂ ਜੋ ਗਾਇਕ ਨੂੰ ਕ ?ਤਲ ਕਰਨ ਦੀ ਸਾਰੀ ਅਸਲੀਅਤ ਸਾਹਮਣੇ ਆ ਸਕੇ। ਮੂਸੇਵਾਲੇ ਦੇ ਪਿਤਾ ਬਲਕੌਰ ਸਿੰਘ ਸਿੱਧੂ ਅਤੇ ਤਾਇਆਂ ਚਮਕੌਰ ਸਿੰਘ ਸਿੱਧੂ ਨੇ ਕਿਹਾ ਕਿ ਉਸ ਦੇ ਜਾਅਲੀ ਪਾਸਪੋਰਟ ਬਣਾਉਣ ਵਿੱਚ ਹੋਰ ਜਿਹੜੇ ਅਧਿਕਾਰੀਆਂ ਦੀ ਭੂਮਿਕਾ ਸਾਹਮਣੇ ਆਉਂਦੀ ਹੈ, ਉਨ੍ਹਾਂ ਨੂੰ ਕਾਨੂੰਨੀ ਦਾਇਰੇ ਵਿਚ ਲਿਆਉਣਾ ਚਾਹੀਦਾ ਹੈ। ਸਿੱਧੂ ਮੂਸੇਵਾਲਾ ਦੇ ਕ ?ਤਲ ਦੀ ਚਾਰਜਸ਼ੀਟ ਵਿੱਚ ਸਚਿਨ ਬਿਸ਼ਨੋਈ ਦਾ ਨਾਮ ਹੈ ਪਰ ਉਸ ਦਾ ਅਦਾਲਤ ਵਿੱਚ ਚਲਾਨ ਉਸ ਦੇ ਹਿਰਾਸਤ ਵਿਚ ਲਏ ਜਾਣ ਤੋਂ ਬਾਅਦ ਹੀ ਪੇਸ਼ ਕੀਤਾ ਜਾਵੇਗਾ। ਇਸੇ ਦੌਰਾਨ ਹੀ ਉੱਚ ਪੁਲੀਸ ਅਧਿਕਾਰੀ ਨੇ ਦੱਸਿਆ ਕਿ ਸਚਿਨ ਬਿਸ਼ਨੋਈ ਨੂੰ ਵਿਦੇਸ਼ ਤੋਂ ਲਿਆਉਣ ਦੀ ਮੰਗ ਸਭ ਤੋਂ ਪਹਿਲਾਂ ਕੀਤੀ ਹੀ ਮਾਨਸਾ ਪੁਲੀਸ ਨੇ ਸੀ, ਕਿਉਂਕਿ ਮੂਸੇਵਾਲਾ ਨੂੰ ਮਾਰਨ ਦੀ ਜ਼ਿੰਮੇਵਾਰੀ ਵੀ ਸਚਿਨ ਬਿਸ਼ਨੋਈ ਨੇ ਲਈ ਸੀ। ਪੁਲੀਸ ਨੇ ਇਸ ਮਾਮਲੇ ਵਿਚ ਦਸਤਾਵੇਜ਼ ਤਿਆਰ ਕਰਨੇ ਆਰੰਭ ਕਰ ਦਿੱਤੇ ਹਨ ਅਤੇ ਛੇਤੀ ਉਸ ਨੂੰ ਮਾਨਸਾ ਲਿਆਕੇ ਪੁੱਛ ਪੜਤਾਲ ਕੀਤੀ ਜਾਵੇਗੀ।

# ‘ਗੂੜ੍ਹੀ ਮੁਹੱਬਤ’ ਦੀ ਸਾਂਝ ਤੋੜ ਗਿਆ ਸੁਰਿੰਦਰ ਛਿੰਦਾ

## *ਲੁਧਿਆਣਾ ਵਿੱਚ ਹੋਇਆ ਸਸਕਾਰ; ਵੱਡੀ ਗਿਣਤੀ ਪ੍ਰਸ਼ੰਸਕਾਂ ਤੇ ਸ਼ਖ਼ਸੀਅਤਾਂ ਨੇ ਕੀਤੇ ਅੰਤਿਮ ਦਰਸ਼ਨ*



ਲੁਧਿਆਣਾ : ਪੰਜਾਬੀ ਲੋਕ ਗਾਇਕ ਸੁਰਿੰਦਰ ਛਿੰਦਾ ਪੰਜ ਤੱਤਾਂ ’ਚ ਵਿਲੀਨ ਹੋ ਗਿਆ। ਸ਼ਹਿਰ ਦੇ ਮਾਡਲ ਟਾਊਨ ਐਕਸਟੈਨਸ਼ਨ ਵਿੱਚ ਸੁਰਿੰਦਰ ਛਿੰਦਾ ਦਾ ਅੰਤਿਮ ਸੰਸਕਾਰ ਕੀਤਾ ਗਿਆ। ਇਸ ਮੌਕੇ ਮਰਹੂਮ ਗਾਇਕ ਨੂੰ ਸ਼ਰਧਾਂਜਲੀਆਂ ਭੇਟ ਕਰਨ ਲਈ ਵੱਡੀ ਗਿਣਤੀ ਵਿੱਚ ਗਾਇਕ, ਅਦਾਕਾਰ, ਸਿਆਸੀ, ਧਾਰਮਿਕ ਤੇ ਜਨਤਕ ਆਗੂ ਪੁੱਜੇ। ਛਿੰਦਾ ਦੇ ਪੁੱਤਰ ਮਨਿੰਦਰ ਸਿੰਘ ਤੇ ਸਿਮਰਨ ਸਿੰਘ ਨੇ ਪਿਤਾ ਨੂੰ ਅਗਨੀ ਭੇਟ ਕੀਤੀ। ਪ੍ਰਾਪਤ ਜਾਣਕਾਰੀ ਅਨੁਸਾਰ ਮਰਹੂਮ ਗਾਇਕ ਦੀ ਅੰਤਿਮ ਯਾਤਰਾ ਉਸ ਦੇ ਘਰੋਂ ਬਾਅਦ ਦੁਪਹਿਰ 1 ਵਜੇ ਸ਼ੁਰੂ ਹੋਈ। ਫੁੱਲਾਂ ਨਾਲ ਸਜਾਏ ਖੁੱਲ੍ਹੇ ਟਰੱਕ ’ਚ ਸੁਰਿੰਦਰ ਛਿੰਦਾ ਦੀ ਮ੍ਰਿਤਕ ਦੇਹ ਨੂੰ ਲਿਜਾਇਆ ਗਿਆ, ਜਿਸ ਦੇ ਅੱਗੇ ਛਿੰਦਾ ਦੀ ਫੋਟੋ ਲੱਗੀ ਹੋਈ ਸੀ। ਇਸ ਮੌਕੇ ਸੈਂਕੜਿਆਂ ਦੀ ਗਿਣਤੀ ਪ੍ਰਸ਼ੰਸਕਾਂ ਨੇ ਮਰਹੂਮ ਗਾਇਕ ਦੇ ਅੰਤਿਮ ਦਰਸ਼ਨ ਕੀਤੇ ਅਤੇ ਦੋ ਵਜੇ ਮ੍ਰਿਤਕ ਦੇਹ ਸਮਸ਼ਾਨਘਾਟ ਪਹੁੰਚੀ। ਇਸ ਮੌਕੇ ਲੋਕ ਗਾਇਕ ਤੇ ਲੋਕ ਸਭਾ ਮੈਂਬਰ ਮੁਹੰਮਦ ਸਦੀਕ, ਗੁਰਭਜਨ ਸਿੰਘ ਗਿੱਲ, ਗਾਇਕ ਫਿਰੋਜ਼ ਖਾਨ, ਅਦਾਕਾਰ ਹੌਬੀ ਧਾਲੀਵਾਲ, ਸਤਵਿੰਦਰ ਬੁੱਗਾ, ਹਰਜੀਤ ਹਰਮਨ, ਫਿਲਮ ਅਦਾਕਾਰ ਗੁਗੂ ਗਿੱਲ ਤੇ ਵਿਧਾਇਕ ਗੁਰਪ੍ਰੀਤ ਗੋਗੀ, ਵਿਧਾਇਕ ਮਨਪ੍ਰੀਤ ਇਆਲੀ, ਕ੍ਰਿਸ਼ਨ ਕੁਮਾਰ ਬਾਵਾ ਸਮੇਤ ਵੱਡੀ ਗਿਣਤੀ ਕਲਾਕਾਰ ਸ਼ਰਧਾਂਜਲੀ ਦੇਣ ਪਹੁੰਚੇ। ਜ਼ਿਕਰਯੋਗ ਹੈ ਕਿ ਬੀਤੀ 26 ਜੁਲਾਈ ਨੂੰ ਡੀਐੱਮਸੀ ਹਸਪਤਾਲ ਵਿੱਚ ਸੁਰਿੰਦਰ ਛਿੰਦਾ ਨੇ ਆਖਰੀ ਸਾਹ ਲਏ ਸਨ।

# ਚਾਹ ਦਾ ਕੱਪ ‘ਭਿੱਟਣ’ ਕਰਕੇ ਜ਼ਿਮੀਦਾਰ ਨੇ ਦਲਿਤ ਮਜ਼ਦੂਰ ਦੀਆਂ ਕੁੱਟ ਕੁੱਟ ਲੱਤਾਂ ਤੋੜੀਆਂ

## *ਜ਼ਖ਼ਮੀ ਮਜ਼ਦੂਰ ਸਿਵਲ ਹਸਪਤਾਲ ਮਲੇਰਕੋਟਲਾ ਵਿਖੇ ਦਾਖ਼ਲ*

ਮਲੇਰਕੋਟਲਾ : ਨੇੜਲੇ ਪਿੰਡ ਹਥੋਆ ਵਿਖੇ ਜੀਰੀ ਦੇ ਖੇਤਰ ਵਿਚ ਖਾਦ ਪਾ ਰਹੇ ਇਕ ਦਲਿਤ ਮਜ਼ਦੂਰ ਨੂੰ ਖੇਤ ਮਾਲਕ ਜ਼ਿਮੀਦਾਰ ਦੇ ਕੱਪ ਵਿਚ ਚਾਹ ਪੀਣੀ ਉਸ ਵੇਲੇ ਮਹਿੰਗੀ ਪੈ ਗਈ ਜਦੋਂ ਕੱਪ ਨੂੰ ‘ਭਿੱਟ ਦੇਣ’ ਤੋਂ ਖਫ਼ਾ ਹੋਏ ਜ਼ਿਮੀਦਾਰ ਨੇ ਦਲਿਤ ਮਜ਼ਦੂਰ ਦੀ ਕੁੱਟ-ਕੁੱਟ ਲੱਤ ਤੋੜ ਦਿੱਤੀ ਅਤੇ ਢਿੱਡ ਵਿਚ ਲੱਤਾਂ ਮਾਰ ਮਾਰ ਅਧਮੋਇਆ ਕਰ ਦਿੱਤਾ। ਜ਼ਖ਼ਮੀ ਮਜ਼ਦੂਰ ਜਗਤਾਰ ਸਿੰਘ ਪੁੱਤਰ ਜਾਗਰ ਸਿੰਘ ਪਿੰਡ ਰਾਣਵਾਂ ਇਸ ਵੇਲੇ ਸਿਵਲ ਹਸਪਤਾਲ ਮਲੇਰਕੋਟਲਾ ਵਿਖੇ ਜ਼ੇਰੇ ਇਲਾਜ ਹੈ। ਅੱਜ ਰਾਸ਼ਟਰੀ ਜਨਹਿਤ ਸੰਘਰਸ਼ ਪਾਰਟੀ ਦੇ ਸੂਬਾ ਪ੍ਰਧਾਨ ਜਗਦੀਪ ਸਿੰਘ ਸਿਰਥਲਾ ਅਤੇ ਬਹੁਜਨ ਸਮਾਜ ਟਰੇਡ ਐਸੋਸੀਏਸ਼ਨ ਦੇ ਸੂਬਾ ਪੰਜਾਬ ਪ੍ਰਧਾਨ ਜ਼ੋਰਾ ਸਿੰਘ ਚੀਮਾ ਸਮੇਤ ਵੱਖ ਵੱਖ ਸਮਾਜ ਸੇਵਾ ਜਥੇਬੰਦੀਆਂ ਦੇ ਕਈ ਆਗੂਆਂ ਨੇ ਸਿਵਲ ਹਸਪਤਾਲ ਮਲੇਰਕੋਟਲਾ ਵਿਖੇ ਜ਼ਖ਼ਮੀ ਮਜ਼ਦੂਰ ਜਗਤਾਰ ਸਿੰਘ ਨਾਲ ਮੁਲਾਕਾਤ ਕੀਤੀ ਅਤੇ ਘਟਨਾ ਬਾਰੇ ਜਾਣਕਾਰੀ ਹਾਸਲ ਕੀਤੀ। ਪ੍ਰਧਾਨ ਜਗਦੀਪ ਸਿੰਘ ਸਿਰਥਲਾ ਨੇ ਦੋਸ਼ੀਆਂ ਖਿਲਾਫ ਸਖ਼ਤ ਕਾਨੂੰਨੀ ਕਾਰਵਾਈ ਦੀ ਮੰਗ ਕਰਦਿਆਂ ਦੱਸਿਆ ਕਿ ਇਕ ਕੱਪ ਵਿਚ ਚਾਹ ਪੀਣ ਕਰਕੇ ਇਕ ਦਲਿਤ ਮਜ਼ਦੂਰ ਉਪਰ ਢਾਹਿਆ ਗਿਆ ਜ਼ੁਲਮ ਮੌਜੂਦਾ ਸਭਿਅਕ ਸਮਾਜ ਅੰਦਰ ਬਰਦਾਸ਼ਤਯੋਗ ਨਹੀਂ ਹੈ। ਉਨ੍ਹਾਂ ਮੁੱਖ ਮੰਤਰੀ ਅਤੇ ਡੀ.ਜੀ.ਪੀ. ਪੰਜਾਬ ਨੂੰ ਅਪੀਲ ਕੀਤੀ ਕਿ ਦੋਸ਼ੀਆਂ ਖਿਲਾਫ਼ ਢੁਕਵੀਂ ਕਾਰਵਾਈ ਕਰਕੇ ਪੀੜਤ ਮਜ਼ਦੂਰ ਨੂੰ ਇਨਸਾਫ਼ ਦਿੱਤਾ ਜਾਵੇ ਨਹੀਂ ਤਾਂ ਜਥੇਬੰਦੀਆਂ ਵਲੋਂ ਮਜ਼ਬੂਰਨ ਤਿੱਖਾ ਸੰਘਰਸ਼ ਕੀਤਾ ਜਾਵੇ। ਸਿਵਲ ਹਸਪਤਾਲ ਵਿਚ ਜ਼ੇਰੇ ਇਲਾਜ ਮਜ਼ਦੂਰ ਜਗਤਾਰ ਸਿੰਘ ਨੇ ਦੱਸਿਆ ਕਿ ਉਹ ਪਿੰਡ ਰਾਣਵਾਂ ਦੇਇਕ ਜ਼ਿਮੀਂਦਾਰ ਦੇ ਹਥੋਆ ਪਿੰਡ ਨੇੜਲੇ ਖੇਤ ਵਿਚ ਇਕ ਹੋਰ ਮਜ਼ਦੂਰ ਨਾਲ ਖਾਦ ਪਾ ਰਿਹਾ ਸੀ। ਜਿਉਂ ਹੀ ਜ਼ਿਮੀਂਦਾਰ ਨੇ ਉਨ੍ਹਾਂ ਲਈ ਪਿੰਡੋਂ ਚਾਹ ਲਿਆ ਕੇ ਕੱਪਾਂ ਵਿਚ ਪਾਈ ਤਾਂ ਉਸ ਨੇ ਪੀਣ ਲਈ ਚਾਹ ਦਾ ਇਕ ਕੱਪ ਚੁੱਕ ਲਿਆ। ਜਗਤਾਰ ਸਿੰਘ ਮੁਤਾਬਕ ਉਸ ਵਲੋਂ ਚਾਹ ਵਾਲਾ ਕੱਪ ਚੁਕਣ ਸਾਰ ਹੀ ਜ਼ਿਮੀਂਦਾਰ ਦੇ ਦੂਜੇ ਭਰਾ ਨੇ ਉਸ ਦੇ ਢਿੱਡ ਵਿਚ ਲੱਤ ਮਾਰੀ। ਉਸ ਨੇ ਦੋਸ਼ ਲਾਇਆ ਕਿ ਜ਼ਿਮੀਂਦਾਰ ਉਸ ਨੂੰ ਕਥਿਤ ਤੌਰ ’ਤੇ ਜਾਤੀ ਸੂਚਕ ਗਾਲਾਂ ਕੱਢਦਾ ਹੋਇਆ ਕੱਪ ਨੂੰ ‘ਭਿੱਟਣ’ ਦਾ ਇਲਜ਼ਾਮ ਲਾ ਰਿਹਾ ਸੀ। ਜਗਤਾਰ ਸਿੰਘ ਨੇ ਦੋਸ਼ ਲਾਇਆ ਕਿ ਢਿੱਡ ਵਿਚ ਲੱਤਾਂ ਮਾਰਨ ਪਿਛੋਂ ਜ਼ਿਮੀਂਦਾਰ ਨੇ ਉਸ ਦੀਆਂ ਲੱਤਾਂ ਉਪਰ ਲੱਕੜ ਦੇ ਬਾਲੇ ਨਾਲ ਹਮਲਾ ਕਰ ਦਿੱਤਾ ਅਤੇ ਇਕ ਲੱਤ ਤੋੜ ਦਿੱਤਾ।

ਮਾਮਲੇ ਦੇ ਜਾਂਚ ਅਧਿਕਾਰੀ ਸਹਾਇਕ ਥਾਣੇਦਾਰ ਜਸਪਾਲ ਸਿੰਘ ਮੁਤਾਬਕ ਹਸਪਤਾਲ ਵਿਚ ਦਾਖਲ ਮਜ਼ਦੂਰ ਜਗਤਾਰ ਸਿੰਘ ਦੇ ਬਿਆਨ ਦਰਜ ਕਰ ਲਏ ਗਏ ਹਨ। ਉਨ੍ਹਾਂ ਦੱਸਿਆ ਕਿ ਪੀੜਤ ਮਜ਼ਦੂਰ ਨੇ ਚਾਹ ਦੇ ਕੱਪ ਪਿਛੇ ਕੁੱਟਮਾਰ ਕਰਨ ਦੇ ਦੋਸ਼ ਲਾਏ ਅਤੇ ਬਿਆਨਾਂ ਦੇ ਆਧਾਰ ’ਤੇ ਮਾਮਲੇ ਦੀ ਪੜਤਾਲ ਉਪਰੰਤ ਕਾਰਵਾਈ ਅਮਲ ਵਿਚ ਲਿਆਂਦੀ ਜਾਵੇਗੀ।

# ਐਨਆਈਏ ਵੱਲੋਂ ਖ਼ਾਲਿਸਤਾਨ ਕਾਰਕੁੰਨ ਪਰਮਜੀਤ ਪੰਮਾ ਦੇ ਘਰ ਛਾਪੇਮਾਰੀ

## *ਮਾਪਿਆਂ ਦੀ ਅਪੀਲ ’ਤੇ ਡਿਪਟੀ ਮੇਅਰ ਦੀ ਮੌਜੂਦਗੀ ਵਿੱਚ ਲਈ ਘਰ ਦੀ ਤਲਾਸ਼ੀ*



ਚੰਡੀਗੜ੍ਹ : ਆਜ਼ਾਦੀ ਦਿਹਾੜੇ ਦੇ ਮੱਦੇਨਜ਼ਰ ਦੇਸ਼ ਵਿੱਚ ਅਮਨ ਸ਼ਾਂਤੀ ਕਾਇਮ ਰੱਖਣ ਅਤੇ ਸਮਾਜ ਵਿਰੋਧੀ ਅਨਸਰਾਂ ਦੀਆਂ ਗਤੀਵਿਧੀਆਂ ’ਤੇ ਤਿੱਖੀ ਨਜ਼ਰ ਰੱਖਣ ਲਈ ਵਿੱਢੀ ਵਿਸ਼ੇਸ਼ ਮੁਹਿੰਮ ਦੇ ਤਹਿਤ ਕੌਮੀ ਜਾਂਚ ਏਜੰਸੀ (ਐਨਆਈਏ) ਦੀ ਵਿਸ਼ੇਸ਼ ਟੀਮ ਨੇ ਅੱਜ ਪੰਜਾਬ ਵਿੱਚ ਵੱਖ-ਵੱਖ ਥਾਵਾਂ ਤੇ ਖ਼ਾਲਿਸਤਾਨ ਲਹਿਰ ਨਾਲ ਜੁੜੇ ਵਿਅਕਤੀਆਂ ਦੇ ਘਰਾਂ ਵਿੱਚ ਛਾਪੇਮਾਰੀ ਕੀਤੀ ਗਈ। ਇਸ ਦੌਰਾਨ ਇੰਗਲੈਂਡ ਰਹਿੰਦੇ ਖ਼ਾਲਿਸਤਾਨ ਕਮਾਂਡੋ ਫੋਰਸ ਦੇ ਕਾਰਕੁਨ ਪਰਮਜੀਤ ਸਿੰਘ ਉਰਫ਼ ਪੰਮਾ ਦੇ ਮੁਹਾਲੀ ਦੇ ਫੇਜ਼-3ਬੀ-2 ਸਥਿਤ ਘਰ ਵਿੱਚ ਅਚਨਚੇਤ ਛਾਪੇਮਾਰੀ ਕੀਤੀ ਅਤੇ ਇੱਥੇ ਰਹਿੰਦੇ ਉਸ ਦੇ ਬਜ਼ੁਰਗ ਮਾਤਾ ਪਿਤਾ ਤੋਂ ਪੁੱਛਗਿੱਛ ਕੀਤੀ। ਇੱਥੇ ਇਹ ਵੀ ਦੱਸਣਯੋਗ ਹੈ ਕਿ ਪਿਛਲੇ ਦਿਨੀਂ ਪੰਜਾਬ ਪੁਲੀਸ ਦੇ ਸਪੈਸ਼ਲ ਅਪਰੇਸ਼ਨ ਸੈੱਲ ਵੱਲੋਂ ਪਿਛਲੇ ਦਿਨੀਂ ਵਿਦੇਸ਼-ਆਧਾਰਿਤ ਖ਼ਾਲਿਸਤਾਨ ਲਿਬਰੇਸ਼ਨ ਫੋਰਸ (ਕੇਐਲਐਫ) ਦੇ ਚਾਰ ਕਾਰਕੁਨਾਂ ਨੂੰ ਗ੍ਰਿਫ਼ਤਾਰ ਕਰਕੇ ਆਜ਼ਾਦੀ ਦਿਵਸ ਤੋਂ ਪਹਿਲਾਂ ਪਾਕਿਸਤਾਨ ਦੀ ਆਈਐਸਆਈ ਦੀ ਸਰਹੱਦੀ ਸੂਬੇ ਦੀ ਸ਼ਾਂਤੀ ਅਤੇ ਸਦਭਾਵਨਾ ਨੂੰ ਭੰਗ ਕਰਨ ਦੀ ਸਾਜ਼ਿਸ਼ ਨੂੰ ਨਾਕਾਮ ਕੀਤਾ ਗਿਆ ਸੀ। ਜਾਣਕਾਰੀ ਅਨੁਸਾਰ ਐਨਆਈਏ ਦੀ ਟੀਮ ਸਵੇਰੇ 6 ਵਜੇ ਪੰਮੇ ਦੇ ਘਰ ਪਹੁੰਚੀ ਅਤੇ ਉਸਦੇ ਮਾਪਿਆਂ ਨੂੰ ਘਰ ਦੀ ਤਲਾਸ਼ੀ ਲੈਣ ਬਾਰੇ ਕਿਹਾ। ਇਸ ਮੌਕੇ ਮੁਹਾਲੀ ਪੁਲੀਸ ਦੇ ਪੁਰਸ ਅਤੇ ਮਹਿਲਾ ਕਰਮਚਾਰੀਆਂ ਦੀ ਟੁਕੜੀ ਵੀ ਮੌਜੂਦ ਸੀ। ਪਰਮਜੀਤ ਪੰਮੇ ਦੇ ਮਾਪਿਆਂ ਨੇ ਇਲਾਕੇ ਦੇ ਕੌਂਸਲਰ ਦੀ ਹਾਜ਼ਰੀ ਵਿੱਚ ਕਾਰਵਾਈ ਕਰਨ ਦੀ ਗੁਹਾਰ ਲਗਾਈ ਗਈ। ਇਸ ਮਗਰੋਂ ਡਿਪਟੀ ਮੇਅਰ ਕੁਲਜੀਤ ਸਿੰਘ ਬੇਦੀ ਨੂੰ ਮੌਕੇ ’ਤੇ ਸੱਦਿਆ ਗਿਆ ਅਤੇ ਘਰ ਦੀ ਤਲਾਸ਼ੀ ਲਈ ਗਈ। ਐਨਆਈਏ ਦੀ ਟੀਮ ਦੀ ਅਗਵਾਈ ਇੰਸਪੈਕਟਰ ਪੱਧਰ ਦਾ ਅਧਿਕਾਰੀ ਕਰ ਰਿਹਾ ਸੀ। ਤਲਾਸ਼ੀ ਦੌਰਾਨ ਐਨਆਈਏ ਦੀ ਟੀਮ ਨੂੰ ਘਰ ’ਚੋਂ ਕੋਈ ਵੀ ਇਤਰਾਜ਼ਯੋਗ ਵਸਤੂ ਬਰਾਮਦ ਨਹੀਂ ਹੋਈ। ਟੀਮ ਨੇ ਪੰਮੇ ਦੇ ਮਾਪਿਆਂ ਦੇ ਬਿਆਨ ਵੀ ਦਰਜ ਕੀਤੇ ਅਤੇ ਡਿਪਟੀ ਮੇਅਰ ਦੀ ਗਵਾਹੀ ਪੁਆਉਣ ਉਪਰੰਤ ਟੀਮ ਵਾਪਸ ਪਰਤ ਗਈ।

# ਦੇਸ਼ ਦੇ ਖਜ਼ਾਨੇ ਲੁੱਟਣ ਵਾਲਿਆਂ ਦੇ ਖਾਤਮੇ ਲਈ ਇਕ ਹੋਰ ਆਜ਼ਾਦੀ ਲਹਿਰ ਦੀ ਲੋੜ : ਭਗਵੰਤ ਮਾਨ

## ਹੜ੍ਹ 'ਚ ਹੋਏ ਹਰ ਨੁਕਸਾਨ ਦਾ ਮੁਆਵਜ਼ਾ ਮਿਲੇਗਾ, ਮਰੀ ਮੁਰਗੀ ਤੇ ਬਕਰੀ ਦੇ ਵੀ ਦੇਵਾਂਗੇ ਪੈਸੇ

### ਮੁੱਖ ਮੰਤਰੀ ਵੱਲੋਂ ਸ਼ਹੀਦਾਂ ਨੂੰ ਭਾਰਤ ਰਤਨ ਦੇਣ ਦੀ ਵਕਾਲਤ






ਜਲੰਧਰ : ਪੰਜਾਬ ਦੇ ਮੁੱਖ ਮਤਰੀ ਭਗਵੰਤ ਮਾਨ ਸੁਨਾਮ ਵਿਖੇ ਸ਼ਹੀਦ ਊਧਮ ਸਿੰਘ ਜੀ ਦੇ ਸ਼ਹੀਦੀ ਦਿਹਾੜੇ ਮੌਕੇ ਰੱਖੇ ਗਏ ਸੂਬਾ ਪੱਧਰੀ ਸਮਾਗਮ ਵਿਚ ਸ਼ਿਰਕਤ ਕਰਨ ਪਹੁੰਚੇ। ਇਸ ਮੌਕੇ ਉਨ੍ਹਾਂ ਸ਼ਹੀਦ ਊਧਮ ਸਿੰਘ ਨੂੰ ਸ਼ਰਧਾਂਜਲੀ ਦਿੰਦੇ ਹੋਏ ਆਪਣੇ ਸੰਬੋਧਨ ਵਿਚ ਪਿਛਲੀਆਂ ਸਰਕਾਰਾਂ 'ਤੇ ਤਿੱਖੇ ਤੰਜ ਕੱਸੇ। ਇਸ ਮੌਕੇ ਉਨ੍ਹਾਂ ਕਿਹਾ ਕਿ ਅੰਗਰੇਜ਼ਾਂ ਤੋਂ ਭਾਵੇਂ ਸਾਨੂੰ ਆਜ਼ਾਦੀ ਮਿਲ ਗਈ ਹੈ ਪਰ ਆਪਣਿਆਂ ਤੋਂ ਆਜ਼ਾਦੀ ਲੈਣੀ ਅਜੇ ਬਾਕੀ ਹੈ। ਉਨ੍ਹਾਂ ਕਿਹਾ ਕਿ ਹੁਣ ਆਪਣਿਆਂ ਤੋਂ ਆਜ਼ਾਦੀ ਲੈਣੀ ਹੈ ਅਤੇ ਪੰਜਾਬ ਨੂੰ ਸ਼ਹੀਦਾਂ ਦੇ ਸੁਫ਼ਨਿਆਂ ਦਾ ਪੰਜਾਬ ਬਣਾਉਣਾ ਹੈ। ਕੇਂਦਰ ਸਰਕਾਰ ਤੋਂ ਸ਼ਹੀਦਾਂ ਦੇ ਸਨਮਾਨ ਲੈਣ ਦੀ ਲੋੜ ਨਹੀਂ ਹੈ।

ਸ਼ਹੀਦ ਊਧਮ ਸਿੰਘ ਨੂੰ ਕੇਂਦਰ ਸਰਕਾਰ ਵੱਲੋਂ ਰਾਸ਼ਟਰੀ ਸ਼ਹੀਦ ਦਾ ਦਰਜਾ ਦੇਣ ਦੇ ਸਵਾਲ 'ਤੇ ਭਗਵੰਤ ਮਾਨ ਨੇ ਕਿਹਾ ਕਿ ਕੇਂਦਰ ਸਰਕਾਰ ਤੋਂ ਕਿਸੇ ਸਰਟੀਫਿਕੇਟ ਦੀ ਲੋੜ ਨਹੀਂ ਹੈ। ਸ਼ਹੀਦ ਦਾ ਦਰਜਾ ਅਤੇ ਰਾਸ਼ਟਰਵਾਦ ਦਾ ਸਰਟੀਫਿਕੇਟ ਦੇਣ ਵਾਲੀ ਕੇਂਦਰ ਸਰਕਾਰ ਕੌਣ ਹੈ। ਜੇਕਰ ਸ਼ਹੀਦ ਊਧਮ ਸਿੰਘ, ਸ਼ਹੀਦ ਕਰਤਾਰ ਸਿੰਘ ਸਰਾਭਾ, ਸ਼ਹੀਦ-ਏ-ਆਜ਼ਮ ਭਗਤ ਸਿੰਘ ਨੂੰ ਭਾਰਤ ਰਤਨ ਦਿੱਤਾ ਜਾਵੇ ਤਾਂ ਇਸ ਨਾਲ ਭਾਰਤ ਰਤਨ ਦਾ ਮਾਣ ਵਧੇਗਾ। ਲੋਕ ਪਹਿਲਾਂ ਹੀ ਸ਼ਹੀਦਾਂ ਦਾ ਬਹੁਤ ਵੱਡਾ ਰੁਤਬਾ ਰੱਖਦੇ ਹਨ। ਅਜਿਹੇ ਵਿੱਚ ਕੇਂਦਰ ਸਰਕਾਰ ਐੱਨ.ਓ.ਸੀ. ਦੇਣ ਵਾਲੀ ਕੌਣ ਹੁੰਦੀ ਹੈ ਕਿ ਕੌਣ ਸ਼ਹੀਦ ਹੈ ਅਤੇ ਕੌਣ ਨਹੀਂ। ਉਥੇ ਹੀ ਸਾਬਕਾ ਖਜ਼ਾਨਾ ਮੰਤਰੀ ਮਨਪ੍ਰੀਤ ਸਿੰਘ ਬਾਦਲ 'ਤੇ ਸ਼ਬਦੀ ਹਮਲੇ ਕਰਦੇ ਹੋਏ ਕਿਹਾ ਕਿ ਮਨਪ੍ਰੀਤ ਸਿੰਘ ਬਾਦਲ ਨੂੰ ਤਾਂ ਆਸਕਰ ਐਵਾਰਡ ਮਿਲਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਬੇਸ਼ਕ ਮਨਪ੍ਰੀਤ ਬਾਦਲ ਨੇ ਹੀ ਮੈਨੂੰ ਸਿਆਸਤ ਵਿਚ ਲਿਆਉਂਦਾ ਸੀ ਅਤੇ ਉਸ ਸਮੇਂ ਉਨ੍ਹਾਂ ਨੇ ਪੰਜਾਬ ਦਾ ਸੁਨੇਹਾ ਦਿੱਤਾ ਸੀ ਮੈਂ ਤਾਂ ਉਥੇ ਹੀ ਖੜ੍ਹਾ ਹਾਂ ਪਰ ਮਨਪ੍ਰੀਤ ਬਾਦਲ ਕਾਂਗਰਸ ਵਿਚ ਅਤੇ ਕਾਂਗਰਸ ਤੋਂ ਭਾਜਪਾ ਵਿਚ ਚਲੇ ਗਏ। ਸਾਰੀ ਕਾਂਗਰਸ ਤਾਂ ਹੁਣ ਭਾਜਪਾ ਵਿਚ ਚਲੀ ਗਈ ਹੈ। ਅਸੀਂ ਤਾਂ ਉਥੇ ਹੀ ਖੜ੍ਹੇ ਹਾਂ। ਇਹ ਅੰਗਰੇਜ਼ਾਂ ਵੇਲੇ ਅੰਗਰੇਜ਼ਾਂ ਨਾਲ, ਕਾਂਗਰਸ ਵੇਲੇ ਕਾਂਗਰਸ ਨਾਲ, ਭਾਜਪਾ ਵੇਲੇ ਭਾਜਪਾ ਨਾਲ ਹੋ ਜਾਂਦੇ ਹਨ, ਜਦਕਿ ਕਦੇ ਵੀ ਲੋਕਾਂ ਨਾਲ ਨਹੀਂ ਖੜ੍ਹੇ ਸਗੋਂ ਸਹੁੰ ਖਾ ਕੇ ਭੁੱਲ ਗਏ। ਸ਼ਹੀਦ-ਏ-ਆਜ਼ਮ ਭਗਤ ਸਿੰਘ ਦੀ ਮਿੱਟੀ ਦੀ ਸਹੁੰ ਖਾ ਕੇ ਕਾਂਗਰਸ ਵਿਚ ਆਉਣਾ ਅਤੇ ਫਿਰ ਭਾਜਪਾ ਵਿਚ ਜਾਣਾ, ਇਸ ਤੋਂ ਵੱਡਾ ਕੋਈ ਡਰਾਮੇਬਾਜ਼ ਨਹੀਂ ਹੋ ਸਕਦਾ।

ਮਨਪ੍ਰੀਤ ਬਾਦਲ ਨੂੰ ਤਾਂ ਆਸਕਰ ਐਵਾਰਡ ਮਿਲਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਡੇਢ ਸਾਲ ਵਿਚ ਮੈਂ ਕਦੇ ਵੀ ਨਹੀਂ ਕਿਹਾ ਕਿ ਖਜ਼ਾਨਾ ਖਾਲੀ ਹੈ ਜਦਕਿ ਮਨਪ੍ਰੀਤ ਬਾਦਲ ਇਹੀ ਕਹਿੰਦੇ ਰਹੇ ਹਨ ਖਜ਼ਾਨਾ ਖਾਲੀ। ਮਨਪ੍ਰੀਤ ਬਾਦਲ 'ਤੇ ਪਰਚਾ ਦਰਜ ਹੋ ਚੁੱਕਾ ਹੈ, ਕਿਸੇ ਨੂੰ ਵੀ ਬਖ਼ਸ਼ਿਆ ਨਹੀਂ ਜਾਵੇਗਾ। ਮੈਂ ਕੋਈ ਧਮਕੀਆਂ ਨਹੀਂ ਦੇ ਰਿਹਾ ਸਗੋਂ ਇਨ੍ਹਾਂ ਤੋਂ ਹਿਸਾਬ ਲੈ ਰਿਹਾ ਹਾਂ ਅਤੇ ਕਿਸੇ ਤੋਂ ਹਿਸਾਬ ਲਿਆ ਜਾਵੇਗਾ। ਉਨ੍ਹਾਂ ਕਿਹਾ ਕਿ ਹੁਣ ਥੋੜ੍ਹੀ-ਥੋੜ੍ਹੀ ਆਜ਼ਾਦੀ ਦੀ ਝਲਕ ਮਿਲਣੀ ਸ਼ੁਰੂ ਹੋ ਗਈ ਹੈ, ਜਦੋਂ ਮਨਪ੍ਰੀਤ ਸਿੰਘ ਬਾਦਲ 'ਤੇ ਵੀ ਪਰਚਾ ਦਰਜ ਹੁੰਦਾ ਹੈ। ਸੁਨੀਲ ਜਾਖੜ ਤੇ ਵਰ੍ਹਦਿਆਂ ਭਗਵੰਤ ਮਾਨ ਨੇ ਕਿਹਾ ਕਿ ਜਦੋਂ ਸੁਨੀਲ ਜਾਖੜ ਕਾਂਗਰਸ ਵਿਚ ਸੀ ਤਾਂ ਉਦੋਂ ਕਾਂਗਰਸ ਦਾ ਪੰਜਾਬ ਪ੍ਰਧਾਨ ਬਣਾ ਦਿੱਤਾ ਗਿਆ ਅਤੇ ਹੁਣ ਭਾਜਪਾ ਵਿਚ ਹਨ ਤਾਂ ਭਾਜਪਾ ਵਿਚ ਪੰਜਾਬ ਦਾ ਪ੍ਰਧਾਨ ਬਣਾ ਦਿੱਤਾ ਗਿਆ ਹੈ। ਭਾਜਪਾ ਵਿਚ ਜਾ ਕੇ ਕੀ ਇਹ ਸਾਰੇ ਜਿੱਤ ਜਾਣਗੇ।

ਉਥੇ ਹੀ ਕੁਦਰਤੀ ਆਫ਼ਤ ਨਾਲ ਹੋਏ ਨੁਕਸਾਨ ਨੂੰ ਲੈ ਕੇ ਬੋਲਦੇ ਹੋਏ ਭਗਵੰਤ ਮਾਨ ਕਿਹਾ ਕਿ ਹੜ੍ਹਾਂ ਵਿਚ ਹੋਏ ਹਰ ਨੁਕਸਾਨ ਦਾ ਮੁਆਵਜ਼ਾ ਮਿਲੇਗਾ। ਕੁਦਰਤੀ ਆਫ਼ਤ ਵਿਚ ਮਰੀਆਂ ਬਕਰੀਆਂ ਅਤੇ ਮੁਰਗੀਆਂ ਦੇ ਵੀ ਮੈਂ ਪੈਸੇ ਦੇਵਾਂਗਾ। ਅਜੇ ਮੇਰੇ ਅਫ਼ਸਰ ਲੋਕਾਂ ਦੀ ਸਾਂਭ-ਸੰਭਾਲ ਵਿਚ ਲੱਗੇ ਹੋਏ ਹਨ। ਅਫ਼ਸਰਾਂ ਨੂੰ ਗਿਰਦਾਵਰੀ ਲਈ 15 ਦਿਨਾਂ ਦਾ ਸਮਾਂ ਦਿੱਤਾ ਗਿਆ ਹੈ। 15 ਅਗਸਤ ਤੱਕ ਗਿਰਦਾਵਰੀ ਕਰਕੇ ਮੁਆਵਜ਼ਾ ਦਿੱਤਾ ਜਾਵੇਗਾ।

**ਪਾਕਿਸਤਾਨ 'ਚ ਮੌਜੂਦ ਹਨ ਸ਼ਹੀਦਾਂ ਦੀਆਂ ਨਿਸ਼ਾਨੀਆਂ** : ਸੀ.ਐੱਮ. ਭਗਵੰਤ ਮਾਨ ਨੇ ਕਿਹਾ ਕਿ ਪਾਕਿਸਤਾਨ ਵਿੱਚ ਸ਼ਹੀਦਾਂ ਦੀਆਂ ਕੁਝ ਨਿਸ਼ਾਨੀਆਂ ਮੌਜੂਦ ਹਨ। ਇਨ੍ਹਾਂ ਵਿਚ ਭਗਤ ਸਿੰਘ ਅਤੇ ਹੋਰ ਸ਼ਹੀਦਾਂ ਦੇ ਫਾਂਸੀ ਦੇ ਰੱਸੇ ਅਤੇ ਕੁਝ ਹੋਰ ਨਿਸ਼ਾਨੀਆਂ ਹਨ ਪਰ ਪਾਕਿਸਤਾਨ ਵਿਚ ਸਿਆਸੀ ਉਥਲ-ਪੁਥਲ ਜਾਰੀ ਹੈ। ਇਨ੍ਹਾਂ ਸਾਰੇ ਚਿੰਨ੍ਹਾਂ ਨੂੰ ਭਾਰਤ ਲਿਆਉਣ ਦੀ ਕੋਸ਼ਿਸ਼ ਕੀਤੀ ਜਾਵੇਗੀ।

## ਮਨਪ੍ਰੀਤ ਬਾਦਲ ਦਾ ਭਗਵੰਤ ਮਾਨ ਨੂੰ ਮੋੜਵਾਂ ਜਵਾਬ

# 'ਮੇਰਾ ਮੂੰਹ ਖੁੱਲਿਆ ਤਾਂ ਪੰਜਾਬ 'ਚ ਲੁੱਕਣ ਦੀ ਥਾਂ ਨਹੀਂ ਮਿਲਣੀ' !



ਚੰਡੀਗੜ੍ਹ : ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਮਨਪ੍ਰੀਤ ਸਿੰਘ ਬਾਦਲ ਵਿੱਚ ਸਿਆਸੀ ਬਿਆਨਬਾਜ਼ੀ ਖ਼ਤਮ ਹੋਣ ਦਾ ਨਾਂ ਨਹੀਂ ਲੈ ਰਹੀ ਹੈ, ਸੁਨਾਮ ਵਿੱਚ ਭਗਵੰਤ ਮਾਨ ਨੇ ਕਿਹਾ ਸੀ ਕਿ ਜੇਕਰ ਮੈਂ ਸਿਆਸਤ ਵਿੱਚ ਲਿਆਉਣ ਵਾਲੇ ਮਨਪ੍ਰੀਤ ਬਾਦਲ ਦੇ ਖਿਲਾਫ ਕਾਰਵਾਈ ਕਰ ਸਕਦਾ ਹਾਂ ਤਾਂ ਮੈਂ ਕਿਸੇ ਨੂੰ ਬਖਸ਼ਾਂਗਾ ਨਹੀਂ। ਸਿਰਫ ਇਨ੍ਹਾਂ ਹੀ ਨਹੀਂ ਮਾਨ ਨੇ ਇਹ ਵੀ ਕਿਹਾ ਭਗਤ ਸਿੰਘ ਦੀ ਸਹੁੰ ਖਾਣ ਵਾਲਾ ਸ਼ਖਸ ਪਹਿਲਾਂ ਕਾਂਗਰਸ ਅਤੇ ਹੁਣ ਬੀਜੇਪੀ ਵਿੱਚ ਚੱਲਾ ਗਿਆ । ਉਹ ਆਪਣੇ ਆਦਰਸ਼ਾਂ 'ਤੇ ਖੜ੍ਹੇ ਨਹੀਂ ਰਹੇ। ਜਦਕਿ ਉਹ ਅੱਜ ਵੀ ਆਪਣੇ ਅਸੂਲਾਂ 'ਤੇ ਕਾਇਮ ਹਨ । ਇਸ ਦੇ ਜਵਾਬ ਵਿੱਚ ਹੁਣ ਮਨਪ੍ਰੀਤ ਸਿੰਘ ਬਾਦਲ ਦਾ ਮੋੜਵਾ ਜਵਾਬ ਆਇਆ ਹੈ।

ਮਨਪ੍ਰੀਤ ਸਿੰਘ ਬਾਦਲ ਨੇ ਕਿਹਾ ਸੀਐੱਮ ਸਾਹਬ ਜਿਹੜਾ ਤੁਸੀਂ ਮੈਨੂੰ ਇੱਕ ਸਿਆਸੀ ਜਲਸੇ ਵਿੱਚ ਧਮਕੀ ਦਿੱਤੀ ਹੈ । ਮੈਂ ਤੁਹਾਨੂੰ ਇੱਕ ਗੱਲ ਯਾਦ ਦਿਵਾਉਣਾ ਚਾਹੁੰਦਾ ਹਾਂ ਕਿ ਸ਼ੌਹਰਤ ਅਤੇ ਤਾਕਤ ਆਰਜ਼ੀ ਹੁੰਦੀ ਹੈ, ਕੱਲ ਕਿਸੇ ਹੋਰ ਕੋਲ ਚੱਲੀ ਜਾਵੇਗੀ । ਸਸਤੀ ਸ਼ੌਹਰਤ ਨਾ ਖਰੀਦੋ ਅੰਗਰੇਜ਼ਾ ਅਤੇ ਮੁਗਲਾ ਨਾਲ ਰਲਕੇ, ਤੁਸੀਂ ਕਿਹਾ ਮਨਪ੍ਰੀਤ ਆਪਣੇ ਪੀਪੀਪੀ ਦੇ ਆਦਰਸ਼ਾਂ 'ਤੇ ਨਹੀਂ ਖੜ੍ਹਾ ਜੇ ਕੋਈ ਆਦਰਸ਼ਾਂ ਤੇ ਖੜਾ ਹੈ ਤਾਂ ਉਹ ਮਨਪ੍ਰੀਤ ਹੈ। ਜੇਕਰ ਨਹੀਂ ਖੜਾ ਤਾਂ ਉਹ ਭਗਵੰਤ ਨਹੀਂ ਖੜਾ। ਅੱਜ ਪੂਰੇ ਦੇਸ਼ ਵਿੱਚ ਹੈਲੀਕਾਪਟਰਾਂ 'ਤੇ ਟੁਰੇ ਫਿਰ ਦੇ ਹੋ ਜਿਵੇਂ ਕੋਈ ਮੁਗਲੀਆਂ ਸ਼ਹਿਜ਼ਾਦੇ ਫਿਰ ਦੇ ਹਨ । ਤੁਹਾਨੂੰ ਮੇਰੇ ਕਿੰਨੂ ਯਾਦ ਆਉਂਦੇ ਹਨ ਤਾਂ ਮੈਨੂੰ ਵੀ ਯਾਦ ਹੈ ਕਿ ਤੁਸੀਂ ਡਿੱਗੀ ਵਿੱਚ ਰੁੜ ਦੇ ਫਿਰਦੇ ਸੀ, ਮਨਪ੍ਰੀਤ ਦਾ ਮੂੰਹ ਨਾਲ ਖੁਲਵਾਉ ਜੇਕਰ ਮੇਰੇ ਮੂੰਹ ਖੁੱਲ ਗਿਆ ਤਾਂ ਹੋ ਸਕਦਾ ਹੈ ਕਿ ਪੰਜਾਬ ਵਿੱਚ ਤੁਹਾਨੂੰ ਲੁੱਕਣ ਲਈ ਥਾਂ ਨਾ ਮਿਲੇ । ਧਮਕੀਆਂ ਬੁਜ਼ਦਿਲ ਦਿੰਦੇ ਹਨ ਤੁਸੀਂ ਗਲਤ ਬੰਦਾ ਚੁਣ ਲਿਆ ਮੈਂ ਤੁਹਾਡੀ ਧਮਕੀਆਂ ਤੋਂ ਡਰਨ ਵਾਲਾ ਨਹੀਂ । ਜੇ ਤਾਂ ਸੱਚ ਦੀ ਪਿੱਚ 'ਤੇ ਖੇਡਣਾ ਹੈ ਮੈਂ ਬੇਦਾਗ ਹੋਕੇ ਨਿਕਲਾਂਗਾ। ਨਹੀਂ ਤਾਂ ਤੁਹਾਡੇ ਕੋਲ ਵਿਜੀਲੈਂਸ ਹੈ ਪੁਲਿਸ ਹੈ। ਮੈਂ ਰੋਜ਼-ਰੋਜ਼ ਤੁਹਾਡੀ ਧਮਕੀਆਂ ਦੀ ਉਡੀਕ ਨਹੀਂ ਕਰਾਂਗਾ ਨਾ ਹੀ ਮੇਰੇ ਕੋਲ ਕੋਈ ਟਾਇਮ ਹੈ। ਜੇ ਮੈਂ ਪੰਜਾਬ ਨਾਲ ਬੇਵਫਾਈ ਕੀਤੀ ਹੈ ਤਾਂ ਜੋ ਮਨ ਕਰਦਾ ਹੈ ਝੂਠਾ ਸੱਚਾ ਕੇਸ ਬਣਾਉ। ਮੈਂ ਇਸ ਗੱਲ ਤੋਂ ਨਹੀਂ ਡਰਦਾ ਹਾਂ, ਪਰਮਾਤਮਾ ਨੇ ਜਿੰਨਾਂ ਦਾ ਨੁਕਸਾਨ ਕਰਨਾ ਹੁੰਦਾ ਹੈ ਪਹਿਲਾਂ ਉਨ੍ਹਾਂ ਦੀ ਅਕਲ 'ਤੇ ਪਰਦਾ ਪਾਉਂਦਾ ਹੈ। ਮੈਂ ਤੁਹਾਡੀ ਅਗਲੀ ਧਮਕੀ ਦੀ ਉਡੀਕ ਨਹੀਂ ਕਰਨੀ ਜੋ ਤੁਹਾਡਾ ਦਿਲ ਕਰਦਾ ਹੈ ਕਰੋ।

# ਹੜ ਪੀੜਤਾਂ ਲਈ ਸਰਕਾਰ ਕਰੇਗੀ ਇੱਕ-ਇੱਕ ਪੈਸੇ ਦੇ ਨੁਕਸਾਨ ਦੀ ਭਰਪਾਈ, ਕੇਂਦਰ ਤੋਂ ਭੀਖ ਮੰਗਣ ਦੀ ਜ਼ਰੂਰਤ ਨਹੀਂ : ਭਗਵੰਤ ਮਾਨ

## ਕੇਂਦਰ 1500 ਕਰੋੜ ਦਾ ਮੁਆਵਜ਼ਾ ਦੇਵੇ : ਹਰਪਾਲ ਚੀਮਾ





ਚੰਡੀਗੜ੍ਹ : ਪੰਜਾਬ ਮੰਤਰੀ ਮੰਡਲ ਦੀ ਬੈਠਕ 'ਚ ਕਈ ਵੱਡੇ ਫੈਸਲੇ ਲਏ ਗਏ। ਮੰਤਰੀ ਮੰਡਲ ਦੀ ਮੀਟਿੰਗ ਵਿੱਚ ਹਾਲ ਹੀ ਵਿੱਚ ਆਏ ਹੜ੍ਹਾਂ ਕਾਰਨ ਹੋਏ ਨੁਕਸਾਨ ਦਾ ਜਾਇਜ਼ਾ ਲੈਣ ਲਈ 15 ਅਗਸਤ ਤੱਕ ਵਿਸ਼ੇਸ਼ ਭੂਮੀ ਸਰਵੇਖਣ (ਗਿਰਦਾਵਰੀ) ਕਰਵਾਉਣ ਦੀ ਪ੍ਰਵਾਨਗੀ ਦਿੱਤੀ ਗਈ ਹੈ। ਮੀਟਿੰਗ ਦੌਰਾਨ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਹੜ ਪੀੜਤਾਂ ਲਈ ਸਰਕਾਰ ਇਕ ਇਕ ਪੈਸੇ ਦੇ ਨੁਕਸਾਨ ਦੀ ਭਰਪਾਈ ਕਰੇਗੀ। ਪੰਜਾਬ ਸਰਕਾਰ ਕੇਂਦਰ ਸਰਕਾਰ ਤੋਂ ਭੀਖ ਨਹੀਂ ਮੰਗੇਗੀ ਆਪਣਾ ਹੱਕ ਮੰਗੇਗੀ। ਉਧਰ ਪੰਜਾਬ ਦੇ ਖਜ਼ਾਨਾ ਮੰਤਰੀ ਹਰਪਾਲ ਚੀਮਾ ਨੇ 1500 ਕਰੋੜ ਰੁਪਏ ਦੇ ਨੁਕਸਾਨ ਦਾ ਅਨੁਮਾਨ ਲਗਾਇਆ ਹੈ। ਉਨ੍ਹਾਂ ਕੇਂਦਰ ਸਰਕਾਰ ਤੋਂ 1500 ਕਰੋੜ ਦੇ ਮੁਆਵਜ਼ੇ ਦੀ ਮੰਗ ਕੀਤੀ। ਇੱਕ ਅਧਿਕਾਰਤ ਬਿਆਨ ਅਨੁਸਾਰ ਇਹ ਫੈਸਲਾ ਮੁੱਖ ਮੰਤਰੀ ਭਗਵੰਤ ਮਾਨ ਦੀ ਪ੍ਰਧਾਨਗੀ ਹੇਠ ਹੋਈ ਕੈਬਨਿਟ ਮੀਟਿੰਗ ਵਿੱਚ ਲਿਆ ਗਿਆ। ਭਾਰੀ ਮੀਂਹ ਨੇ ਪੰਜਾਬ ਅਤੇ ਹਰਿਆਣਾ ਦੇ ਕਈ ਜ਼ਿਲ੍ਹਿਆਂ ਨੂੰ ਪ੍ਰਭਾਵਿਤ ਕੀਤਾ, ਜਿਸ ਨਾਲ ਆਮ ਜਨਜੀਵਨ ਪ੍ਰਭਾਵਿਤ ਹੋ ਗਿਆ ਅਤੇ ਵੱਡੇ ਪੱਧਰ 'ਤੇ ਰਿਹਾਇਸ਼ੀ ਅਤੇ ਖੇਤੀਬਾੜੀ ਖੇਤਰ ਡੁੱਬ ਗਏ।

ਕੈਬਨਿਟ ਮੀਟਿੰਗ ਤੋਂ ਬਾਅਦ ਪੰਜਾਬ ਦੇ ਖੇਤੀਬਾੜੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਦੱਸਿਆ ਕਿ ਹੜ੍ਹਾਂ ਕਾਰਨ ਸੂਬੇ ਦਾ ਅੰਦਾਜ਼ਨ 1500 ਕਰੋੜ ਰੁਪਏ ਦਾ ਨੁਕਸਾਨ ਹੋਇਆ ਹੈ, ਪਰ ਸਹੀ ਰਕਮ ਦਾ ਅਜੇ ਪਤਾ ਨਹੀਂ ਲੱਗ ਸਕਿਆ ਹੈ। ਹੜ੍ਹ ਨਾਲ ਕਰੀਬ 6 ਲੱਖ ਹੈਕਟੇਅਰ ਫਸਲ ਪ੍ਰਭਾਵਿਤ ਹੋਈ ਹੈ। ਪੰਜਾਬ ਸਰਕਾਰ ਨੇ ਹੜ੍ਹਾਂ ਕਾਰਨ ਹੋਏ ਨੁਕਸਾਨ ਦੇ ਆਧਾਰ 'ਤੇ ਕੇਂਦਰ ਸਰਕਾਰ ਤੋਂ 1500 ਕਰੋੜ ਰੁਪਏ ਦੇ ਮੁਆਵਜ਼ੇ ਦੀ ਮੰਗ ਕੀਤੀ ਹੈ। ਕਈ ਇਲਾਕਿਆਂ ਵਿੱਚ ਪਾਣੀ ਖੜ੍ਹਾ ਹੋਣ ਕਾਰਨ ਗਿਰਦਾਵਰੀ ਦੇ ਵਿਸ਼ੇਸ਼ ਆਦੇਸ਼ ਦਿੱਤੇ ਗਏ ਹਨ।

15 ਸਾਲ ਪੁਰਾਣੇ ਵਾਹਨਾਂ ਦੇ ਟੈਕਸ 'ਤੇ ਵਿਆਜ ਅਤੇ ਜੁਰਮਾਨਾ ਮੁਆਫ ਕੀਤਾ ਗਿਆ ਹੈ : ਕੈਬਨਿਟ ਮੀਟਿੰਗ ਵਿੱਚ ਸਰਕਾਰ ਵੱਲੋਂ 15 ਸਾਲ ਪੁਰਾਣੇ ਵਾਹਨਾਂ ਦੇ ਟੈਕਸ 'ਤੇ ਵਿਆਜ ਅਤੇ ਜੁਰਮਾਨਾ ਮੁਆਫ ਕਰਨ ਦਾ ਫੈਸਲਾ ਕੀਤਾ ਗਿਆ ਹੈ। ਇਸ ਤੋਂ ਇਲਾਵਾ 386 ਗਊਸ਼ਾਲਾਵਾਂ ਦੇ ਬਕਾਇਆ ਬਿਜਲੀ ਬਿੱਲ ਮੁਆਫ਼ ਕੀਤੇ ਗਏ ਹਨ। ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਦੱਸਿਆ ਕਿ ਪਿਛਲੇ ਕਈ ਦਿਨਾਂ ਤੋਂ ਬਿਜਲੀ ਬਿੱਲਾਂ ਨੂੰ ਐਡਜਸਟ ਕਰਨ ਜਾਂ ਮੁਆਫ ਕਰਨ ਦੀ ਮੰਗ ਕੀਤੀ ਜਾ ਰਹੀ ਸੀ, ਜਿਸ ਦੇ ਮੱਦੇਨਜ਼ਰ ਇਹ ਫੈਸਲਾ ਲਿਆ ਗਿਆ ਹੈ। ਮੰਤਰੀ ਮੰਡਲ ਦੀ ਮੀਟਿੰਗ ਵਿੱਚ ਦੱਸਿਆ ਗਿਆ ਕਿ ਲਾਭਪਾਤਰੀਆਂ ਨੂੰ ਘਰ-ਘਰ ਆਟਾ ਅਤੇ ਕਣਕ ਮੁਹੱਈਆ ਕਰਵਾਉਣ ਲਈ ਮਾਡਲ ਵਾਜਬ ਕੀਮਤ ਦੀਆਂ ਦੁਕਾਨਾਂ ਦੇ ਸੰਕਲਪ ਨੂੰ ਪ੍ਰਵਾਨਗੀ ਦਿੱਤੀ ਗਈ ਹੈ। ਡਿਪੂਆਂ ਵਿੱਚ ਆਟਾ ਅਤੇ ਕਣਕ ਵੰਡਣ ਦੀ ਸੋਧੀ ਹੋਈ ਯੋਜਨਾ ਨੂੰ ਪ੍ਰਵਾਨਗੀ ਦਿੱਤੀ ਗਈ ਹੈ। ਰਾਸ਼ਨ ਡਿਪੂ ਹੋਲਡਰਾਂ ਵੱਲੋਂ ਲਾਭਪਾਤਰੀਆਂ ਦੇ ਘਰਾਂ ਤੱਕ ਰਾਸ਼ਨ ਪਹੁੰਚਾਉਣ ਦੀ ਪ੍ਰਵਾਨਗੀ ਦਿੱਤੀ ਗਈ ਹੈ।

# ਰੌਲੇ-ਰੱਪੇ ਦਰਮਿਆਨ ਦਿੱਲੀ ਸੇਵਾਵਾਂ ਬਿੱਲ ਲੋਕ ਸਭਾ 'ਚ ਪੇਸ਼

## ਬਿਲ 'ਤੇ ਚਰਚਾ ਤੇ ਵੋਟਿੰਗ ਦੇ ਮੱਦੇਨਜ਼ਰ ਭਾਜਪਾ ਵੱਲੋਂ ਵ੍ਹਿਪ ਜਾਰੀ



ਨਵੀਂ ਦਿੱਲੀ : ਸਰਕਾਰ ਨੇ ਵਿਰੋਧੀ ਧਿਰਾਂ ਦੇ ਰੋਸ ਤੇ ਉਜ਼ਰ ਨੂੰ ਦਰਕਿਨਾਰ ਕਰਦਿਆਂ ਦਿੱਲੀ ਵਿੱਚ ਸੇਵਾਵਾਂ ਦੇ ਕੰਟਰੋਲ ਨੂੰ ਲੈ ਕੇ ਵਿਵਾਦਿਤ ਕੌਮੀ ਰਾਜਧਾਨੀ ਖੇਤਰ ਦਿੱਲੀ ਸਰਕਾਰ ਸੋਧ ਬਿੱਲ ਅੱਜ ਲੋਕ ਸਭਾ ਵਿੱਚ ਪੇਸ਼ ਕਰ ਦਿੱਤਾ। ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਕਿਹਾ ਕਿ ਸੰਸਦ ਨੂੰ ਦਿੱਲੀ ਲਈ ਕਾਨੂੰਨ ਬਣਾਉਣ ਦਾ ਪੂਰਾ ਅਧਿਕਾਰ ਹੈ। ਉਨ੍ਹਾਂ ਬਿੱਲ ਦੇ ਵਿਰੋਧ ਨੂੰ 'ਸਿਆਸਤ ਤੋਂ ਪ੍ਰੇਰਿਤ' ਕਰਾਰ ਦਿੱਤਾ। ਉਧਰ ਲੋਕ ਸਭਾ ਵਿੱਚ 'ਆਪ' ਦੇ ਇਕਲੌਤੇ ਮੈਂਬਰ ਸੁਸ਼ੀਲ ਕੁਮਾਰ ਰਿੰਕੂ ਨੇ ਬਿੱਲ ਨੂੰ ਜਮਹੂਰੀਅਤ ਦਾ ਕਤਲ ਤੇ ਭੀਮ ਰਾਓ ਅੰਬੇਦਕਰ ਦਾ ਨਿਰਾਦਰ ਕਰਾਰ ਦਿੱਤਾ। ਇਸ ਤਜਵੀਜ਼ਤ ਬਿੱਲ ਨਾਲ ਕੇਂਦਰ ਸਰਕਾਰ ਦੀ ਕੌਮੀ ਰਾਜਧਾਨੀ 'ਤੇ ਪਕੜ ਹੋਰ ਮਜ਼ਬੂਤ ਹੋਵੇਗੀ। ਕੇਂਦਰੀ ਕੈਬਨਿਟ ਨੇ ਇਸ ਬਿੱਲ ਨੂੰ 25 ਜੁਲਾਈ ਨੂੰ ਮਨਜ਼ੂਰੀ ਦਿੱਤੀ ਸੀ। ਇਸ ਦੌਰਾਨ ਬਿੱਲ 'ਤੇ ਭਲਕੇ ਚਰਚਾ ਤੇ ਮਗਰੋਂ ਵੋਟਿੰਗ ਦੇ ਮੱਦੇਨਜ਼ਰ ਭਾਜਪਾ ਨੇ ਵ੍ਹਿਪ ਜਾਰੀ ਕਰਕੇ ਆਪਣੇ ਸਾਰੇ ਸੰਸਦ ਮੈਂਬਰਾਂ ਨੂੰ ਸਦਨ ਵਿੱਚ ਮੌਜੂਦ ਰਹਿਣ ਲਈ ਕਿਹਾ ਹੈ। ਕੇਂਦਰੀ ਗ੍ਰਹਿ ਰਾਜ ਮੰਤਰੀ ਨਿੱਤਿਆਨੰਦ ਰਾਏ ਨੇ ਸ਼ਾਹ ਵੱਲੋਂ ਇਹ ਬਿੱਲ ਹੇਠਲੇ ਸਦਨ ਵਿੱਚ ਰੱਖਿਆ। ਦੱਸ ਦੇਈਏ ਕਿ ਦਿੱਲੀ ਵਿੱਚ ਪ੍ਰਸ਼ਾਸਨਿਕ ਸੇਵਾਵਾਂ ਦੇ ਕੰਟਰੋਲ ਨੂੰ ਲੈ ਕੇ ਕੇਂਦਰ ਤੇ ਦਿੱਲੀ ਸਰਕਾਰ ਵਿੱਚ ਚੱਲ ਰਹੇ ਵਿਵਾਦ ਦਰਮਿਆਨ ਸੁਪਰੀਮ ਕੋਰਟ ਨੇ ਮਈ ਵਿੱਚ ਸੁਣਾਏ ਇਕ ਫੈਸਲੇ 'ਚ ਪ੍ਰਸ਼ਾਸਨਿਕ ਸੇਵਾਵਾਂ (ਪੁਲੀਸ, ਅਮਨ ਕਾਨੂੰਨ ਤੇ ਜ਼ਮੀਨ ਨੂੰ ਛੱਡ ਕੇ) ਦਾ ਕੰਟਰੋਲ ਦਿੱਲੀ ਸਰਕਾਰ ਹੱਥ ਦੇ ਦਿੱਤਾ ਸੀ। ਸਰਕਾਰ ਵੱਲੋਂ ਲੋਕ ਸਭਾ 'ਚ ਰੱਖੇ ਉਪਰੋਕਤ ਬਿੱਲ ਦਾ ਮੁੱਖ ਮੰਤਵ ਸਰਵਉੱਚ ਅਦਾਲਤ ਵੱਲੋਂ ਸੁਣਾਏ ਫੈਸਲੇ ਦੇ ਅਸਰ ਨੂੰ ਪਲਟਾਉਣਾ ਹੈ।

ਇਸ ਤੋਂ ਪਹਿਲਾਂ ਕੇਂਦਰੀ ਮੰਤਰੀ ਨਿੱਤਿਆਨੰਦ ਰਾਏ ਨੇ ਜਿਉਂ ਹੀ ਬਿੱਲ ਸਦਨ ਵਿੱਚ ਰੱਖਿਆ ਤਾਂ ਵਿਰੋਧੀ ਧਿਰਾਂ ਦੇ ਆਗੂ ਸਦਨ ਦੇ ਐਨ ਵਿਚਾਲੇ ਆ ਗਏ ਤੇ ਉਨ੍ਹਾਂ ਬਿੱਲ 'ਤੇ ਉਜ਼ਰ ਜਤਾਉਂਦਿਆਂ ਸਦਨ ਦੀ ਮੇਜ਼ 'ਤੇ ਰੱਖੇ ਪੇਪਰ ਫਾੜ ਦਿੱਤੇ। ਸਦਨ ਵਿੱਚ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਕਿਹਾ, "ਸਾਡਾ ਸੰਵਿਧਾਨ ਸੰਸਦ ਨੂੰ ਦਿੱਲੀ ਬਾਰੇ ਕਾਨੂੰਨ ਬਣਾਉਣ ਦੀ ਇਜਾਜ਼ਤ ਦਿੰਦਾ ਹੈ। ਬਿੱਲ ਦੇ ਵਿਰੋਧ ਦਾ ਕੋਈ ਸੰਵਿਧਾਨਕ ਅਧਾਰ ਨਹੀਂ ਹੈ ਤੇ ਇਹ ਸਿਆਸਤ ਤੋਂ ਪ੍ਰੇਰਿਤ ਹੈ। ਸੰਵਿਧਾਨਕ ਪ੍ਰਕਿਰਿਆ ਵਿੱਚ ਇਸ ਬਿੱਲ ਦੇ ਵਿਰੋਧ ਦਾ ਕੋਈ ਕਾਰਨ ਨਹੀਂ ਹੈ।" ਗ੍ਰਹਿ ਮੰਤਰੀ ਨੇ ਜਵਿੇਂ ਹੀ ਬਿੱਲ ਬਾਰੇ ਬੋਲਣਾ ਸ਼ੁਰੂ ਕੀਤਾ ਤਾਂ ਲੋਕ ਸਭਾ ਵਿੱਚ ਆਮ ਆਦਮੀ ਪਾਰਟੀ ਦੇ ਇਕੋ ਇਕ ਸੰਸਦ ਮੈਂਬਰ ਸੁਸ਼ੀਲ ਕੁਮਾਰ ਰਿੰਕੂ, ਜੋ ਮੌਕੇ ਦੀ ਉਡੀਕ ਵਿੱਚ ਸਨ, ਸਦਨ ਦੇ ਐਨ ਵਿਚਾਲੇ ਆ ਗਏ। ਵਿਰੋਧੀ ਧਿਰਾਂ ਵੱਲੋਂ ਸਰਕਾਰ ਖਿਲਾਫ਼ ਕੀਤੀ ਜਾ ਰਹੀ ਨਾਅਰੇਬਾਜ਼ੀ ਦਰਮਿਆਨ ਰਿੰਕੂ ਨੇ ਕਿਹਾ, "ਮੈਨੂੰ ਬੋਲਣ ਦਾ ਮੌਕਾ ਨਹੀਂ ਦਿੱਤਾ ਗਿਆਇਹ ਜਮਹੂਰੀਅਤ ਦਾ ਕਤਲ ਹੈਤੁਸੀਂ ਭੀਮ ਰਾਓ ਅੰਬੇਦਕਰ ਦਾ ਅਪਮਾਨ ਕਰ ਰਹੇ ਹੋ।" ਰੌਲੇ-ਰੱਪੇ ਦਰਮਿਆਨ ਰਿੰਕੂ ਤੇ ਕਾਂਗਰਸੀ ਮੈਂਬਰ ਟੀ.ਐੱਨ.ਪ੍ਰਤਾਪਨ ਚੇਅਰ ਅੱਗੇ ਪੇਪਰ ਸੁੱਟਦੇ ਵੀ ਨਜ਼ਰ ਆਏ। ਸਪੀਕਰ ਓਮ ਬਿਰਲਾ ਨੇ ਕਿਹਾ ਕਿ ਹਰੇਕ ਨੂੰ ਬੋਲਣ ਦਾ ਮੌਕਾ ਦਿੱਤਾ ਜਾਵੇਗਾ। ਉਨ੍ਹਾਂ ਵਿਰੋਧੀ ਧਿਰਾਂ ਦੇ ਮੈਂਬਰਾਂ ਨੂੰ ਉਨ੍ਹਾਂ ਦੇ ਰਵੱਈਏ ਲਈ ਫਟਕਾਰ ਵੀ ਲਾਈ। ਬਿਰਲਾ ਨੇ ਕਿਹਾ, "ਅਜਿਹਾ ਵਤੀਰਾ ਠੀਕ ਨਹੀਂ ਹੈ। ਸਾਰਾ ਦੇਸ਼ ਵੇਖ ਰਿਹਾ ਹੈ।" ਕਾਬਿਲੇਗੌਰ ਹੈ ਕਿ ਵਿਰੋਧੀ ਧਿਰਾਂ ਮੌਨਸੂਨ ਇਜਲਾਸ ਸ਼ੁਰੂ ਹੋਣ ਤੋਂ ਪਹਿਲਾਂ ਹੀ ਇਸ ਮਸਲੇ ਖਿਲਾਫ਼ ਰੋਸ ਪ੍ਰਦਰਸ਼ਨ ਕਰ ਰਹੀਆਂ ਸਨ।

# ਪੁਣੇ ਵਿੱਚ ਮੋਦੀ ਦਾ ਲੋਕਮਾਨਿਆ ਤਿਲਕ ਨੈਸ਼ਨਲ ਐਵਾਰਡ ਨਾਲ ਸਨਮਾਨ

## • 140 ਕਰੋੜ ਦੇਸ਼ ਵਾਸੀਆਂ ਨੂੰ ਕੀਤਾ ਸਮਰਪਿਤ • ਸ਼ਰਦ ਪਵਾਰ ਨਾਲ ਕੀਤਾ ਮੰਚ ਸਾਂਝਾ

ਪੁਣੇ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਮੰਗਲਵਾਰ ਨੂੰ ਪੁਣੇ 'ਚ ਲੋਕਮਾਨਿਆ ਤਿਲਕ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ। ਪੀ.ਐੱਮ. ਮੋਦੀ ਨੇ ਇਸਨੂੰ ਕਦੇ ਨਾ ਭੁੱਲਣ ਵਾਲਾ ਪਲ ਦੱਸਿਆ। ਉਨ੍ਹਾਂ ਕਿਹਾ ਕਿ ਮੈਂ ਲੋਕਮਾਨਿਆ ਤਿਲਕ ਪੁਰਸਕਾਰ ਨੂੰ 140 ਕਰੋੜ ਦੇਸ਼ ਵਾਸੀਆਂ ਨੂੰ ਸਮਰਪਿਤ ਕਰਦਾ ਹਾਂ। ਇਸਦੇ ਨਾਲ ਹੀ ਪੀ.ਐੱਮ. ਮੋਦੀ ਨੇ ਪੁਰਸਕਾਰ ਦੇ ਨਾਲ ਮਿਲਣ ਵਾਲੀ ਰਾਸ਼ੀ ਨੂੰ ਨਮਾਮੀ ਗੰਗੇ ਪ੍ਰਾਜੈਕਟ 'ਚ ਦਾਨ ਦੇਣ ਦਾ ਐਲਾਨ ਕੀਤਾ।



ਪ੍ਰਧਾਨ ਮੋਦੀ ਨੇ ਕਿਹਾ ਕਿ ਅੱਜ ਦਾ ਇਹ ਦਿਨ ਮੇਰੇ ਲਈ ਬਹੁਤ ਅਹਿਮ ਹੈ, ਮੈਂ ਇਥੇ ਆ ਕੇ ਜਿੰਨਾ ਉਤਸ਼ਾਹਿਤ ਹਾਂ, ਉਨ੍ਹਾਂ ਹੀ ਭਾਵੁਕ ਹਾਂ। ਅਜੇ ਕੁਝ ਦੇਰ ਪਹਿਲਾਂ ਮੈਂ ਮੰਦਰ 'ਚ ਗਣਪਤੀ ਜੀ ਦਾ ਆਸ਼ਿਰਵਾਦ ਵੀ ਲਿਆ। ਲੋਕਮਾਨਿਆ ਤਿਲਕ ਰਾਸ਼ਟਰੀ ਪੁਰਸਕਾਰ ਮਿਲਣਾ ਸਨਮਾਨ ਦੀ ਗੱਲ ਹੈ। ਇਹ ਛਤਰਪਤੀ ਸ਼ਿਵਾਜੀ ਦੀ ਧਰਤੀ ਹੈ।

**ਪੁਰਸਕਾਰ ਰਾਸ਼ੀ ਕੀਤੀ ਦਾਨ** : ਪ੍ਰਧਾਨ ਮੰਤਰੀ ਮੋਦੀ ਨੇ ਸੰਬੋਧਨ ਦੌਰਾਨ ਹੀ ਪੁਰਸਕਾਰ ਰਾਸ਼ੀ ਦਾਨ ਕਰਨ ਦਾ ਐਲਾਨ ਕੀਤਾ ਅਤੇ ਕਿਹਾ ਕਿ ਜਿਨ੍ਹਾਂ ਦੇ ਨਾਂ 'ਚ ਗੰਗਾਧਰ ਹੋਵੇ, ਉਨ੍ਹਾਂ ਦੇ ਨਾਂ 'ਤੇ ਦਿੱਤੀ ਗਈ ਰਾਸ਼ੀ ਨੂੰ ਵੀ ਗੰਗਾ ਜੀ ਨੂੰ ਸਮਰਪਿਤ ਕਰ ਦਿੱਤਾ ਗਿਆ ਹੈ। ਮੈਂ ਪੁਰਸਕਾਰ ਰਾਸ਼ੀ ਨਾਮਮੀ ਗੰਗੇ ਪ੍ਰਾਜੈਕਟ ਲਈ ਦਾਨ ਦੇਣ ਦਾ ਫੈਸਲਾ ਕੀਤਾ ਹੈ।

ਮੋਦੀ ਨੇ ਕਿਹਾ ਕਿ ਪੁਰਸਕਾਰ ਦੇ ਨਾਲ ਜ਼ਿੰਮੇਵਾਰੀ ਵੀ ਵੱਧ ਜਾਂਦੀ ਹੈ। ਮੈਂ ਦੇਸ਼ ਵਾਸੀਆਂ ਨੂੰ ਵਿਸ਼ਵਾਸ ਦਿਵਾਉਂਦਾ ਹਾਂ ਕਿ ਉਨ੍ਹਾਂ ਦੀ ਸੇਵਾ 'ਚ, ਉਨ੍ਹਾਂ ਦੀਆਂ ਆਸਾਂ ਅਤੇ ਉਮੀਦਾਂ ਨੂੰ ਪੂਰਾ ਕਰਨ ਲਈ ਕੋਈ ਕਸਰ ਬਾਕੀ ਨਹੀਂ ਛੱਡਾਂਗਾ।

**ਤਿਲਕ ਦੀ ਭੂਮਿਕਾ ਕੁਝ ਸ਼ਬਦਾਂ 'ਚ ਨਹੀਂ ਸਮੇਟੀ ਜਾ ਸਕਦੀ** : ਪ੍ਰਧਾਨ ਮੰਤਰੀ ਮੋਦੀ ਨੇ ਅੱਗੇ ਕਿਹਾ ਕਿ ਭਾਰਤ ਦੀ ਆਜ਼ਾਦੀ 'ਚ ਲੋਕਮਾਨਿਆ ਤਿਲਕ ਦੀ ਭੂਮਿਕਾ ਨੂੰ, ਉਨ੍ਹਾਂ ਦੇ ਯੋਗਦਾਨ ਨੂੰ ਕੁਝ ਘਟਨਾਵਾਂ ਅਤੇ ਸ਼ਬਦਾਂ 'ਚ ਨਹੀਂ ਸਮੇਟਿਆ ਜਾ ਸਕਦਾ। ਅੰਗਰੇਜਾਂ ਨੇ ਧਰਨਾਂ ਬਣਾਈ ਸੀ ਕਿ ਭਾਰਤਦੀ ਆਸਥਾ, ਸੱਭਿਆਚਾਰ, ਮਾਨਤਾਵਾਂ, ਇਹ ਸਭ ਪਿਛੜੇਪਨ ਦਾ ਪ੍ਰਤੀਕ ਹਨ ਪਰ ਤਿਲਕ ਜੀ ਨੇ ਇਸਨੂੰ ਵੀ ਗਲਤ ਸਾਬਿਦ ਕੀਤਾ। ਲੋਕਮਾਨਿਆ ਤਿਲਕ ਨੇ ਟੀਮ ਭਾਵਨਾ, ਭਾਗੀਦਾਰੀ ਅਤੇ ਸਹਿਯੋਗ ਦੀਆਂ ਬੇਮਿਸਾਲ ਉਦਾਹਰਣਾਂ ਪੇਸ਼ ਕੀਤੀਆਂ।

# ਬੇਭਰੋਸਗੀ ਮਤੇ 'ਤੇ 8 ਅਗਸਤ ਤੋਂ ਹੋਵੇਗੀ ਚਰਚਾ

## • ਪ੍ਰਧਾਨ ਮੰਤਰੀ ਮੋਦੀ 10 ਨੂੰ ਦੇਣਗੇ ਚਰਚਾ ਦਾ ਜਵਾਬ • ਮਨੀਪੁਰ ਮੁੱਦੇ 'ਤੇ ਸੰਸਦ 'ਚ ਮੁੜ ਹੰਗਾਮਾ

ਨਵੀਂ ਦਿੱਲੀ : ਲੋਕ ਸਭਾ ਵਿੱਚ ਬੇਭਰੋਸਗੀ ਮਤੇ 'ਤੇ 8 ਅਗਸਤ ਨੂੰ ਵਿਚਾਰ ਚਰਚਾ ਹੋਵੇਗੀ ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ 10 ਅਗਸਤ ਨੂੰ ਬਹਿਸ ਦਾ ਜਵਾਬ ਦੇਣਗੇ। ਇਹ ਫੈਸਲਾ ਅੱਜ ਇਥੇ ਲੋਕ ਸਭਾ ਦੀ ਬਿਜ਼ਨਸ ਐਡਵਾਈਜ਼ਰੀ ਕਮੇਟੀ (ਬੀਏਸੀ) ਵਿੱਚ ਲਿਆ ਗਿਆ। ਵਿਰੋਧੀ ਧਿਰਾਂ ਦੇ ਗੱਠਜੋੜ 'ਇੰਡੀਆ' ਵਿੱਚ ਸ਼ਾਮਲ ਮੈਂਬਰਾਂ ਨੇ ਮਤੇ 'ਤੇ ਬਹਿਸ ਨੂੰ ਲੋੜੀਂਦੀ ਤਰਜੀਹ ਨਾ ਦੇਣ ਦੇ ਰੋਸ ਵਜੋਂ ਮੀਟਿੰਗ 'ਚੋਂ ਵਾਕਆਊਟ ਕੀਤਾ। ਬੈਠਕ ਵਿਚ ਸ਼ਾਮਲ ਇਕ ਸੀਨੀਅਰ ਆਗੂ ਨੇ ਕਿਹਾ, "ਬੇਭਰੋਸਗੀ ਮਤੇ 'ਤੇ ਬਹਿਸ 8 ਅਗਸਤ ਨੂੰ ਸ਼ੁਰੂ ਹੋਵੇਗੀ ਤੇ 10 ਅਗਸਤ ਤੱਕ ਜਾਰੀ ਰਹੇਗੀ ਅਤੇ ਉਸੇ ਦਿਨ ਪ੍ਰਧਾਨ ਮੰਤਰੀ ਬਹਿਸ ਨੂੰ ਸਮੇਟਦਿਆਂ ਜਵਾਬ ਦੇਣਗੇ।"

ਬੈਠਕ ਦੌਰਾਨ ਇੰਡੀਆ ਵਿੱਚ ਸ਼ਾਮਲ ਕਾਂਗਰਸ, ਡੀਐੱਮਕੇ, ਖੱਬੀਆਂ ਪਾਰਟੀਆਂ ਤੇ ਟੀਐੱਮਸੀ ਸਣੇ ਭਾਰਤ ਰਾਸ਼ਟਰ ਸਮਿਤੀ ਨੇ ਮੰਗ ਕੀਤੀ ਕਿ ਸਦਨ ਬੇਭਰੋਸਗੀ ਮਤੇ ਨੂੰ ਲੈ ਕੇ ਫੌਰੀ ਬਹਿਸ ਸ਼ੁਰੂ ਕਰੇ। ਵਿਰੋਧੀ ਧਿਰਾਂ ਨੇ ਇਸ ਹਫ਼ਤੇ ਮਤੇ 'ਤੇ ਬਹਿਸ ਦੀ ਥਾਂ ਸਰਕਾਰ ਵੱਲੋਂ ਆਪਣੇ ਵਿਧਾਨਕ ਏਜੰਡੇ 'ਤੇ ਜ਼ੋਰ ਦਿੱਤੇ ਜਾਣ ਦਾ ਵਿਰੋਧ ਕੀਤਾ। ਚੇਤੇ ਰਹੇ ਕਿ ਸਰਕਾਰ ਵਾਰ ਵਾਰ ਇਕੋ ਗੱਲ 'ਤੇ ਜ਼ੋਰ ਦੇ ਰਹੀ ਹੈ ਕਿ ਅਜਿਹਾ ਕੋਈ ਨੇਮ ਜਾਂ ਮਿਸਾਲ ਨਹੀਂ ਹੈ,



ਜੋ ਬੇਭਰੋਸਗੀ ਮਤੇ 'ਤੇ ਫੌਰੀ ਬਹਿਸ ਕਰਵਾਉਣ ਨੂੰ ਲਾਜ਼ਮੀ ਕਰਦੀ ਹੋਵੇ। ਸਰਕਾਰ ਦੀ ਦਲੀਲ ਹੈ ਕਿ ਨੇਮਾਂ ਮੁਤਾਬਕ ਬੇਭਰੋਸਗੀ ਮਤਾ ਰੱਖਣ ਤੋਂ ਦਸ ਦਿਨਾਂ ਅੰਦਰ ਇਸ 'ਤੇ ਬਹਿਸ ਕਰਵਾਈ ਜਾ ਸਕਦੀ ਹੈ। ਲੋਕ ਸਭਾ ਵਿਚ ਕਾਂਗਰਸ ਦੇ ਵ੍ਹਿਪ ਮਨੀਕਮ ਟੈਗੋਰ ਨੇ ਕਿਹਾ, "ਅਸੀਂ ਚਾਹੁੰਦੇ ਹਾਂ ਕਿ ਬੇਭਰੋਸਗੀ ਮਤੇ 'ਤੇ ਭਲਕੇ ਬਹਿਸ ਕਰਵਾਈ ਜਾਵੇ।" ਕਾਂਗਰਸ ਆਗੂ ਨੇ ਕਿਹਾ ਕਿ 16ਵੀਂ ਲੋਕ ਸਭਾ ਵਿੱਚ ਜਦੋਂ ਟੀਡੀਪੀ ਨੇ ਬੇਭਰੋਸਗੀ ਮਤਾ ਰੱਖਿਆ ਸੀ ਤਾਂ ਉਸ ਤੋਂ ਅਗਲੇ ਦਿਨ ਇਸ ਨੂੰ ਵਿਚਾਰ ਚਰਚਾ ਲਈ ਸੂਚੀਬੰਦ ਕੀਤਾ ਗਿਆ ਸੀ। ਟੈਗੋਰ ਨੇ ਕਿਹਾ, "ਲਿਹਾਜ਼ਾ ਦੇਰੀ ਕਰਨਾ ਠੀਕ ਨਹੀਂ ਹੈ। ਇੰਡੀਆ ਗੱਠਜੋੜ ਦੇ ਭਾਈਵਾਲਾਂ ਨੇ ਸਪੀਕਰ ਵੱਲੋਂ ਸੱਦੀ ਲੋਕ ਸਭਾ ਦੀ ਬਿਜ਼ਨਸ ਐਡਵਾਈਜ਼ਰੀ ਕਮੇਟੀ 'ਚੋਂ ਵਾਕਆਊਟ ਕੀਤਾ।"

ਇਸ ਦੌਰਾਨ ਮਨੀਪੁਰ ਮਸਲੇ 'ਤੇ ਚਰਚਾ ਤੇ ਪ੍ਰਧਾਨ ਮੰਤਰੀ ਵੱਲੋਂ ਸਦਨ ਵਿੱਚ ਆ ਕੇ ਬਿਆਨ ਦੇਣ ਦੀ ਵਿਰੋਧੀ ਧਿਰਾਂ ਦੀ ਮੰਗ ਨੂੰ ਲੈ ਕੇ ਅੱਜ ਵੀ ਦੋਵਾਂ ਸਦਨਾਂ ਵਿੱਚ ਰੌਲਾ-ਰੱਪਾ ਪੈਂਦਾ ਰਿਹਾ। ਇੰਡੀਆ ਦੇ ਸੰਸਦ ਮੈਂਬਰਾਂ ਨੇ ਪ੍ਰਸ਼ਨ ਕਾਲ ਦੌਰਾਨ ਮਨੀਪੁਰ ਮਸਲੇ 'ਤੇ ਚਰਚਾ ਦੀ ਮੰਗ ਨੂੰ ਲੈ ਕੇ ਵਾਕਆਊਟ ਕੀਤਾ। ਵਿਰੋਧੀ ਧਿਰਾਂ ਨੇਮ 267 ਤਹਿਤ ਚਰਚਾ ਦੀ ਆਪਣੀ ਮੰਗ 'ਤੇ ਬਜ਼ਿੱਦ ਰਹੀਆਂ। ਚੇਅਰਮੈਨ ਜਗਦੀਪ ਧਨਖੜ ਨੇ ਕਿਹਾ ਕਿ ਵਿਰੋਧੀ ਧਿਰਾਂ ਵੱਲੋਂ ਅਪਣਾਈ ਪਹੁੰਚ ਕਰਕੇ ਇਕ ਹੀ ਮੁੱਦੇ ਨੂੰ ਲੈ ਕੇ ਪਿਛਲੇ ਅੱਠ ਦਿਨਾਂ ਤੋਂ ਸਦਨ ਦੀ ਕਾਰਵਾਈ ਵਿਚ ਅੜਿੱਕਾ ਪੈ ਰਿਹਾ ਹੈ। ਉਨ੍ਹਾਂ ਕਿਹਾ ਕਿ ਨੇਮ 176 ਤਹਿਤ ਕੁਝ ਘੰਟਿਆਂ ਦੀ ਬਹਿਸ ਲਈ ਪ੍ਰਵਾਨਗੀ ਦੇਣ ਦੇ ਬਾਵਜੂਦ ਸਦਨ ਦੀ ਕਾਰਵਾਈ ਵਿਚ ਅੜਿੱਕੇ ਡਾਹੇ ਜਾ ਰਹੇ ਹਨ। ਉਧਰ ਲੋਕ ਸਭਾ ਵਿੱਚ ਜਿੱਥੇ ਦਿੱਲੀ ਕੌਮੀ ਰਾਜਧਾਨੀ ਖੇਤਰ ਸੋਧ ਬਿੱਲ ਪੇਸ਼ ਕੀਤਾ ਗਿਆ, ਉਥੇ ਜਨਮ ਤੇ ਮੌਤ ਪੰਜੀਕਰਨ ਸੋਧ ਬਿੱਲ, ਆਫ਼ਸ਼ੋਰ ਖੇਤਰ ਖਣਿਜ (ਵਿਕਾਸ ਤੇ ਕੰਟਰੋਲ) ਬਿੱਲ ਅਤੇ ਸੰਵਿਧਾਨਕ (ਅਨੁਸੂਚਿਤ ਜਾਤੀਆਂ) ਆਰਡਰ ਸੋਧ ਬਿਲ ਸੰਖੇਪ ਚਰਚਾ ਮਗਰੋਂ ਜ਼ੁਬਾਨੀ ਵੋਟ ਨਾਲ ਪਾਸ ਕਰ ਦਿੱਤੇ ਗਏ।

# ਆਲਮੀ ਚੁਣੌਤੀਆਂ ਦੇ ਹੱਲ ਲਈ ਕੌਮਾਂਤਰੀ ਭਾਈਚਾਰੇ ਦੀ ਭਾਰਤ 'ਤੇ ਟੇਕ: ਮੁਰਮੂ

ਨਵੀਂ ਦਿੱਲੀ : ਰਾਸ਼ਟਰਪਤੀ ਦਰੋਪਦੀ ਮੁਰਮੂ ਨੇ ਕਿਹਾ ਕਿ ਕੌਮਾਂਤਰੀ ਭਾਈਚਾਰਾ ਵਾਤਾਵਰਨ ਤਬਦੀਲੀ, ਸਾਈਬਰ ਸੁਰੱਖਿਆ, ਕੱਟੜਵਾਦ ਤੇ ਅਤਵਿਾਦ ਵਰਗੀਆਂ ਆਲਮੀ ਚੁਣੌਤੀਆਂ ਦੇ ਹੱਲ ਲਈ ਭਾਰਤ ਵੱਲ ਦੇਖ ਰਿਹਾ ਹੈ। ਭਾਰਤੀ ਵਿਦੇਸ਼ ਸੇਵਾ (ਆਈਐੱਫਐੱਸ) ਦੇ 2022 ਬੈਚ ਦੇ ਸਿਖਲਾਈ ਲੈ ਰਹੇ ਅਧਿਕਾਰੀਆਂ ਦੇ ਸਮੂਹ ਨੂੰ ਸੰਬੋਧਨ ਕਰਦਿਆਂ ਰਾਸ਼ਟਰਪਤੀ ਨੇ ਕਿਹਾ ਕਿ ਕੌਮਾਂਤਰੀ ਮੰਚ 'ਤੇ ਭਾਰਤ ਦੀ ਭੂਮਿਕਾ ਤੇ ਪ੍ਰਭਾਵ ਆਲਮੀ ਵਿਕਾਸ ਦੇ ਚਾਲਕ ਤੇ ਆਲਮੀ ਸ਼ਾਸਨ ਦੀ ਬੁਲੰਦ ਆਵਾਜ਼ ਵਜੋਂ ਤੇਜ਼ੀ ਨਾਲ ਵਧ ਰਿਹਾ ਹੈ। ਰਾਸ਼ਟਰਪਤੀ ਨੇ ਕਿਹਾ, "ਭਾਰਤ ਦੇ ਵਧਦੇ ਕੱਦ ਦਾ ਮਤਲਬ ਹੈ ਕਿ ਹੁਣ ਤੁਹਾਨੂੰ ਨਾ ਸਿਰਫ਼ ਆਪਣੇ ਰਵਾਇਤੀ ਫਰਜ਼ ਪੂਰੇ ਕਰਨੇ ਪੈਣਗੇ, ਸਗੋਂ ਤੁਹਾਡੇ ਮੋਢਿਆਂ 'ਤੇ ਸਾਡੇ ਸਿਆਸੀ, ਆਰਥਿਕ ਅਤੇ ਸਭਿਆਚਾਰਕ ਹਿੱਤਾਂ ਦੀ ਸੇਵਾ ਕਰਨ ਦੀ ਵੀ ਜ਼ਿੰਮੇਵਾਰੀ ਹੋਵੇਗੀ।" ਉਨ੍ਹਾਂ ਕਿਹਾ ਕਿ ਇਸ ਨੂੰ ਨਵੀਂ ਟੈਕਨਾਲੋਜੀ ਭਾਈਵਾਲੀ, ਭਾਰਤੀ ਸਾਮਾਨ ਤੇ ਸੇਵਾ ਲਈ ਨਵੇਂ ਬਾਜ਼ਾਰ ਸੁਰੱਖਿਅਤ ਕਰਨ, ਮਨੁੱਖੀ ਸਹਾਇਤਾ ਜਾਂ ਭਾਰਤੀ ਪਰਵਾਸੀ ਭਾਈਚਾਰੇ ਨੂੰ ਮਦਦ ਵਜੋਂ ਦੇਖਿਆ ਜਾ ਸਕਦਾ ਹੈ।



# ਰਿਪੋਰਟ ਚ ਖ਼ੁਲਾਸਾ: ਦੇਸ਼ ਦੇ 4001 ਵਿਧਾਇਕ ਨੇ ਮਾਲੋ-ਮਾਲ, 54,545 ਕਰੋੜ ਦੀ ਜਾਇਦਾਦ ਦੇ ਨੇ ਮਾਲਕ

ਨਵੀਂ ਦਿੱਲੀ : ਦੇਸ਼ ਦੇ ਮੌਜੂਦਾ 4001 ਵਿਧਾਇਕਾਂ ਦੀ ਕੁੱਲ ਜਾਇਦਾਦ 54,545 ਕਰੋੜ ਰੁਪਏ ਹੈ, ਜੋ ਕਿ ਨਾਗਾਲੈਂਡ, ਮਿਜ਼ੋਰਮ ਅਤੇ ਸਿੱਕਮ ਦੇ 2023-24 ਦੇ ਸਾਲਾਨਾ ਬਜਟ ਤੋਂ ਕਿਤੇ ਜ਼ਿਆਦਾ ਹੈ। ਇਹ ਦਾਅਵਾ ਐਸੋਸੀਏਸ਼ਨ ਫਾਰ ਡੈਮੋਕ੍ਰੇਟਿਕ ਰਿਫਾਰਮਜ਼ (ADR) ਰਿਪੋਰਟ ਵਿਚ ਕੀਤਾ ਗਿਆ ਹੈ। ਰਿਪੋਰਟ 'ਚ ਦੱਸਿਆ ਕਿ 4001 ਦੇ ਹਲਫ਼ਨਾਮੇ ਦਾ ਵਿਸ਼ਲੇਸ਼ਣ ਕੀਤਾ ਗਿਆ।

ADR ਦੀ ਰਿਪੋਰਟ ਮੁਤਾਬਕ ਸੂਬਾਈ ਵਿਧਾਨਸਭਾਵਾਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਦੇ ਮੌਜੂਦਾ ਵਿਧਾਇਕਾਂ ਦੀ ਔਸਤ ਜਾਇਦਾਦ ਕਰੀਬ 13.63 ਕਰੋੜ ਰੁਪਏ ਹੈ। ਜੇਕਰ ਪਾਰਟੀਆਂ ਦੇ ਵਿਧਾਇਕਾਂ ਦੀ ਜਾਇਦਾਦ ਦੀ ਗੱਲ ਕਰੀਏ ਤਾਂ ਭਾਜਪਾ ਦੇ 1356 ਵਿਧਾਇਕਾਂ ਦੀ ਔਸਤ ਜਾਇਦਾਦ 11.97 ਕਰੋੜ ਰੁਪਏ ਹੈ। ਜਦਕਿ ਕਾਂਗਰਸ ਦੇ ਵਿਧਾਇਕਾਂ ਦੀ ਔਸਤ ਜਾਇਦਾਦ 21.97 ਕਰੋੜ ਰੁਪਏ ਹੈ।



ADR ਰਿਪੋਰਟ 'ਚ ਖ਼ੁਲਾਸਾ ਕੀਤਾ ਗਿਆ ਹੈ ਕਿ ਦੇਸ਼ ਦੇ 4001 ਵਿਧਾਇਕਾਂ ਦੀ ਕੁੱਲ ਜਾਇਦਾਦ 3 ਸੂਬਿਆਂ- ਨਾਗਾਲੈਂਡ, ਮਿਜ਼ੋਰਮ ਅਤੇ ਸਿੱਕਮ ਦੇ 2023-24 ਦੇ ਕੁੱਲ ਸਾਲਾਨਾ ਬਜਟ ਤੋਂ 49,103 ਕਰੋੜ ਰੁਪਏ ਤੋਂ ਵਧ ਹੈ। ਨਾਗਾਲੈਂਡ ਦਾ 2023-24 ਦਾ ਸਾਲਾਨਾ ਬਜਟ 23,086 ਕਰੋੜ ਰੁਪਏ ਹੈ। ਮਿਜ਼ੋਰਮ ਦਾ 14,210 ਕਰੋੜ ਰੁਪਏ ਹੈ ਅਤੇ ਸਿੱਕਮ ਦਾ 11,807 ਕਰੋੜ ਰੁਪਏ ਹੈ।

ADR ਵਲੋਂ ਹਾਲ ਹੀ 'ਚ ਕੀਤੇ ਗਏ ਵਿਸ਼ਲੇਸ਼ਣ 'ਚ ਦਾਅਵਾ ਕੀਤਾ ਗਿਆ ਹੈ ਕਿ ਪੂਰੇ ਭਾਰਤ ਵਿਚ ਸੂਬਾ ਵਿਧਾਨ ਸਭਾ 'ਚ ਲੱਗਭਗ 44 ਫ਼ੀਸਦੀ ਵਿਧਾਇਕਾਂ ਨੇ ਆਪਣੇ ਖਿਲਾਫ਼ ਅਪਰਾਧਕ ਮਾਮਲੇ ਘੋਸ਼ਿਤ ਕੀਤੇ ਹਨ। ADR ਵਲੋਂ ਕੀਤੇ ਗਏ ਵਿਸ਼ਲੇਸ਼ਣ 'ਚ ਦੇਸ਼ ਭਰ ਵਿਚ ਸੂਬਾਈ ਵਿਧਾਨ ਸਭਾਵਾਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ 'ਚ ਮੌਜੂਦਾ ਵਿਧਾਇਕਾਂ ਵਲੋਂ ਚੋਣ ਲੜਨ ਤੋਂ ਪਹਿਲਾਂ ਦਾਇਰ ਕੀਤੇ ਗਏ ਪੱਤਰਾਂ ਦੀ ਪੜਤਾਲ ਕੀਤੀ ਗਈ ਅਤੇ ਸਬੰਧਤ ਵੇਰਵਾ ਪ੍ਰਾਪਤ ਕੀਤਾ ਗਿਆ। ਵਿਸ਼ਲੇਸ਼ਣ ਵਿਚ 28 ਸੂਬਾਈ ਵਿਧਾਨਸਭਾਵਾਂ ਅਤੇ ਦੋ ਕੇਂਦਰ ਸ਼ਾਸਿਤ ਪ੍ਰਦੇਸ਼ਾਂ 'ਚ 4,033 ਵਿਚੋਂ ਕੁੱਲ 4,001 ਵਿਧਾਇਕਾਂ ਦਾ ਵੇਰਵਾ ਸ਼ਾਮਲ ਹੈ।

### ਪ੍ਰਧਾਨ ਮੰਤਰੀ ਨੂੰ ਪੱਤਰ ਲਿਖ ਕੇ ਕੀਤੀ ਮੰਗ

## ਕੇਂਦਰ ਸਰਕਾਰ ਹਜ਼ੂਰ ਸਾਹਿਬ ਪੁਜਣ ਵਾਲੀਆਂ ਹਵਾਈ ਉਡਾਨਾਂ ਤੁਰੰਤ ਚਾਲੂ ਕਰੇ: ਬਾਬਾ ਬਲਬੀਰ ਸਿੰਘ 96 ਕਰੋੜੀ

ਅੰਮ੍ਰਿਤਸਰ : ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਪੰਜਵਾਂ ਤਖਤ ਦੇ ਮੁਖੀ ਸਿੰਘ ਸਾਹਿਬ ਬਾਬਾ ਬਲਬੀਰ ਸਿੰਘ 96 ਕਰੋੜੀ ਨੇ ਪ੍ਰਧਾਨ ਮੰਤਰੀ ਅਤੇ ਸਿਵਲ ਐਵੀਏਸ਼ਨ ਦੇ ਕੇਂਦਰੀ ਮੰਤਰੀ ਜਨਰਲ ਨੂੰ ਇੱਕ ਪੱਤਰ ਲਿਖ ਕੇ ਅੰਮ੍ਰਿਤਸਰ, ਚੰਡੀਗੜ, ਦਿੱਲੀ, ਮੁੰਬਈ, ਆਦਿ ਸ਼ਹਿਰਾਂ ਤੋਂ ਸ੍ਰੀ ਹਜ਼ੂਰ ਸਾਹਿਬ ਲਈ ਹਵਾਈ ਉਡਾਨਾਂ ਚਾਲੂ ਕਰਨ ਦੀ ਮੰਗ ਕੀਤੀ ਹੈ ਹਵਾਈ ਉਡਾਨਾਂ ਨਾ ਹੋਣ ਕਾਰਨ ਹਜ਼ੂਰ ਸਾਹਿਬ ਜਾਣ ਵਾਲੇ ਯਾਤਰੂਆਂ ਨੂੰ ਭਾਰੀ ਦਿਕਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।



ਬੁੱਢਾ ਦਲ ਦੇ ਸਕੱਤਰ ਸ: ਦਿਲਜੀਤ ਸਿੰਘ ਬੇਦੀ ਵਲੋਂ ਜਾਰੀ ਇੱਕ ਪ੍ਰੈਸਨੋਟ ਵਿਚ ਬਾਬਾ ਬਲਬੀਰ ਸਿੰਘ 96 ਕਰੋੜੀ ਨੇ ਕਿਹਾ ਕੋਵਿਡ ਵੇਲੇ ਇਤਆਦ ਵਜੋਂ ਇਹ ਉਡਾਣਾਂ ਬੰਦ ਕਰ ਦਿੱਤੀਆਂ ਗਈਆਂ ਸਨ ਪਰ ਸਰਕਾਰ ਵਲੋਂ ਕੋਵਿਡ ਤੇ ਕਾਬੂ ਪਾ ਲੈਣ ਉਪਰੰਤ ਇਹ ਬਹਾਲ ਨਹੀਂ ਕੀਤੀਆਂ ਗਈਆਂ। ਪਰ ਸਾਰੇ ਦੇਸ਼ ਦੇ ਬਾਕੀ ਕਾਰ ਵਿਹਾਰਾਂ ਵਾਲੇ ਅਦਾਰਿਆਂ ਤੋਂ ਪਾਬੰਦੀ ਵਾਪਸ ਲੈ ਲਈ ਗਈ ਸੀ। ਹੁਣ ਸਾਰੇ ਦੇਸ਼ ਵਾਸੀ ਸਰਗਰਮੀ ਨਾਲ ਆਪੋ ਆਪਣੇ ਕੰਮਾਂ ਕਾਰਾਂ ਲਈ ਭੱਜ ਦੋੜ ਕਰ ਰਹੇ ਹਨ। ਹਰ ਕਿਸਮ ਦੇ ਇਕੱਠ, ਸੰਮੇਲਨ ਆਦਿ ਹੋ ਰਹੇ ਹਨ, ਪਰ ਇਹ ਹਵਾਈ ਉਡਾਨਾਂ ਮੁੜ ਚਾਲੂ ਨਹੀਂ ਕੀਤੀਆਂ ਗਈਆਂ। ਉਨ੍ਹਾਂ ਪੱਤਰ ਵਿਚ ਕਿਹਾ ਕਿ ਹਜ਼ੂਰ ਸਾਹਿਬ ਜਾਣ ਵਾਲੇ ਸ਼ਰਧਾਲੂ ਯਾਤਰੂਆਂ ਨੂੰ ਭਾਰੀ ਵੱਡੀਆਂ ਦਿਕਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਨ੍ਹਾਂ ਹੋਰ ਕਿਹਾ ਕਿ ਦੁਸਹਿਰੇ ਦਾ ਤਿਉਹਾਰ ਹਜ਼ੂਰ ਸਾਹਿਬ ਵਿਸ਼ਾਲ ਪੱਧਰ ਤੇ ਮਨਾਇਆ ਜਾਂਦਾ ਹੈ। ਦੇਸ਼ ਵਿਦੇਸ਼ ਤੋਂ ਵੱਡੀ ਗਿਣਤੀ ਵਿਚ ਸੰਗਤਾਂ ਨਾਂਦੇੜ ਸਾਹਿਬ ਪੁਜਦੀਆਂ ਹਨ। ਪਰ ਉਡਾਨਾਂ ਚਾਲੂ ਨਾ ਹੋਣ ਕਾਰਨ ਸੰਗਤਾਂ ਵਿੱਚ ਭਾਰੀ ਰੋਸ,ਰੋਹ ਤੇ ਨਿਰਾਸ਼ਤਾ ਹੈ। ਉਨ੍ਹਾਂ ਪੱਤਰ ਵਿਚ ਲਿਖਿਆ ਹੈ ਕਿ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਅੰਮ੍ਰਿਤਸਰ ਅਤੇ ਅਬਿਚਲ ਨਗਰ ਸ੍ਰੀ ਹਜ਼ੂਰ ਸਾਹਿਬ ਸਿੱਖ ਕੌਮ ਦੇ ਕੇਂਦਰੀ ਅਸਥਾਨ ਹਨ ਤੇ ਇਨ੍ਹਾਂ ਦਾ ਆਪਸ ਵਿੱਚ ਗੂੜੇ ਇਤਿਹਾਸਕ ਸਬੰਧ ਹਨ। ਭਾਰਤ ਦੇ ਵੱਖ-ਵੱਖ ਹਿਸਿਆਂ ਤੋਂ ਲੱਖਾਂ ਲੋਕ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਨਤਮਸਤਕ ਹੋਣ ਪੁਜਦੇ ਹਨ, ਇਹ ਸ਼ਹਿਰ ਵਿਉਪਾਰ ਦਾ ਕੇਂਦਰ ਵੀ ਹੈ।ਇਸ ਸ਼ਹਿਰ ਦੀ ਇਤਿਹਾਸਕ ਭੁਗੋਲਿਕ ਅਤੇ ਧਾਰਮਕਿ ਮਹਾਨਤਾ ਨਵੇਕਲੀ ਤੇ ਫ਼ਖਰਯੋਗ ਹੈ। ਏਵੇ ਹੀ ਹਰ ਸਿੱਖ ਸ੍ਰੀ ਹਜ਼ੂਰ ਸਾਹਿਬ ਦੇ ਦਰਸ਼ਨਾਂ ਦੀ ਇੱਛਾ ਰੱਖਦਾ ਹੈ, ਵਿਉਪਾਰੀ ਬੱਸਾਂ, ਟਰੇਨਾਂ, ਕਾਰਾਂ ਰਾਹੀਂ ਲਗਦੇ ਲੰਮੇ ਸਮੇਂ ਤੋਂ ਪਰੇਸ਼ਾਨ ਹਨ। ਇਸ ਲਈ ਬੰਦ ਫਲਾਇਟਾਂ ਦੁਸਹਿਰੇ ਤੋਂ ਪਹਿਲਾਂ ਪਹਿਲਾਂ ਮੁੜ ਚਾਲੂ ਕੀਤੀਆਂ ਜਾਣ ਤਾਂ ਜੋ ਹਰ ਸਿੱਖ ਆਪਣੇ ਗੁਰਅਸਥਾਨਾਂ ਦੇ ਦਰਸ਼ਨ ਕਰ ਸਕਣ। ਜਥੇਦਾਰ ਬਾਬਾ ਬਲਬੀਰ ਸਿੰਘ 96 ਕਰੋੜੀ ਨੇ ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਨੂੰ ਵੀ ਇਕ ਪੱਤਰ ਲਿਖ ਕੇ ਪੰਜਾਬ ਵਾਸੀਆਂ ਦੀਆਂ ਭਾਵਨਾਵਾਂ ਕੇਂਦਰ ਸਰਕਾਰ ਪਾਸ ਜੋਰਦਾਰ ਤਰੀਕੇ ਨਾਲ ਉਠਾਉਣ ਲਈ ਕਿਹਾ ਹੈ।

## ਬਾਣੀ, ਬਾਣਾ ਤੇ ਗੁਰਮਰਯਾਦਾ ਦੀ ਪਾਲਣਾ ਕੇਵਲ ਗੁਰੂ ਦੀਆਂ ਲਾਡਲੀਆਂ ਨਿਹੰਗ ਸਿੰਘ ਫੌਜਾਂ ਕਰ ਰਹੀਆਂ ਹਨ: ਨਿਹੰਗ ਮੁਖੀ ਬਾਬਾ ਬਲਬੀਰ ਸਿੰਘ

### ਬਾਬਾ ਸਾਹਿਬ ਸਿੰਘ ਕਲਾਧਾਰੀ ਦੀ ਬਰਸੀ ਪੂਰਨ ਸ਼ਰਧਾ ਸਤਿਕਾਰ ਸਹਿਤ ਮਨਾਈ



ਤਲਵੰਡੀ ਸਾਬੋ : ਬੁੱਢਾ ਦਲ ਦੇ ਗਿਆਰਵੇਂ ਜਥੇਦਾਰ ਸਿੰਘ ਸਾਹਿਬ ਬਾਬਾ ਸਾਹਿਬ ਸਿੰਘ ਕਲਾਧਾਰੀ ਦੀ 81ਵੀਂ ਸਲਾਨਾ ਬਰਸੀ ਪੂਰਨ ਸਰਧਾ ਸਤਿਕਾਰ ਤੇ ਚੜ੍ਹਦੀਕਲਾ ਦੀ ਭਾਵਨਾ ਨਾਲ ਮਨਾਈ ਗਈ। ਬਰਸੀ ਦੇ ਗੁਰਮਤਿ ਸਮਾਗਮਾਂ ਵਿੱਚ ਸਿੱਖ ਤਖ਼ਤਾਂ ਅਤੇ ਵੱਖ-ਵੱਖ ਧਾਰਮਿਕ ਸੰਸਥਾਵਾਂ ਤੋਂ ਵਿਸ਼ੇਸ਼ ਧਾਰਮਿਕ ਸਖਸ਼ੀਅਤਾਂ ਨੇ ਹਾਜ਼ਰੀ ਭਰੀ।

ਬੁੱਢਾ ਦਲ ਦੇ 14ਵੇਂ ਮੁਖੀ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਨੇ ਬਾਬਾ ਸਾਹਿਬ ਸਿੰਘ ਕਲਾਧਾਰੀ ਦੀ ਬਰਸੀ ਦੇ ਗੁਰਮਤਿ ਸਮਾਗਮ ਸਮੇਂ ਪੁਜੀਆਂ ਸੰਗਤਾਂ ਤੇ ਵਿਸ਼ੇਸ਼ ਸਖ਼ਸ਼ੀਅਤਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਗੁਰੂ ਦੀਆਂ ਲਾਡਲੀਆਂ ਫੌਜਾਂ ਨੇ ਬਾਣੀ ਬਾਣੇ ਅਤੇ ਸਿੱਖ ਮਰਯਾਦਾ ਨੂੰ ਪੂਰਨ ਰੂਪ ਵਿੱਚ ਸੰਭਾਲ ਰੱਖਿਆ ਹੈ। ਉਨ੍ਹਾਂ ਕਿਹਾ ਅੱਜ ਹਲਾਤ ਇੱਕਜੁਟਤਾ, ਇੱਕਮੁਠਤਾ ਤੇ ਆਪਸੀ ਸਦਭਾਵਨਾ ਦੀ ਮੰਗ ਕਰਦੇ ਹਨ, ਸਾਰੇ ਦਲਾਂ ਨੂੰ ਇਕ ਦੂਜੇ ਨੂੰ ਸਹਿਯੋਗ ਦੇਣਾ ਚਾਹੀਦਾ ਹੈ। ਭਰਾ ਮਾਰੂ ਜੰਗ ਤੋਂ ਗੁਰੇਜ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਅਮਰੀਕਾ ਦੇ ਇੰਡਿਆਨਾ ਸ਼ਹਿਰ ਵਿੱਚ ਬੁੱਢਾ ਦਲ ਦੀ ਛਾਉਣੀ ਸਥਾਪਤ ਹੋਈ ਹੈ, ਜਿਸ ਲਈ ਮੈਂ ਸਭ ਨੂੰ ਵਧਾਈ ਦੇਂਦਾ ਹਾਂ। ਇਸ ਸਮੇਂ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਅਤੇ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਸਿੰਘ ਸਾਹਿਬ ਭਾਈ ਸੁਲਤਾਨ ਸਿੰਘ, ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੈਡ ਗ੍ਰੰਥੀ ਗਿਆਨੀ ਮਲਕੀਤ ਸਿੰਘ ਨੇ ਵੀ ਸੰਬੋਧਨ ਕੀਤਾ। ਇਸ ਤੋਂ ਪਹਿਲਾਂ ਬੁੱਢਾ ਦਲ ਦੇ ਹੈਡ ਗ੍ਰੰਥੀ ਬਾਬਾ ਮੱਘਰ ਸਿੰਘ, ਸ੍ਰੀ ਹਰਿਮੰਦਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਨਿਰਭੈ ਸਿੰਘ, ਭਾਈ ਗੁਰਪ੍ਰੀਤ ਸਿੰਘ ਅਤੇ ਭਾਈ ਦਲੀਪ ਸਿੰਘ ਫੱਕਰ ਨੇ ਗੁਰਬਾਣੀ ਦਾ ਮਨੋਹਰ ਕੀਰਤਨ ਕੀਤਾ। ਬਾਬਾ ਦੀਪ ਸਿੰਘ ਸ਼ਹੀਦ ਮਿਸਲ ਤਰਨਾਦਲ ਬਾਬਾ ਬਕਾਲਾ ਤੋਂ ਬਾਬਾ ਜੋਗਾ ਸਿੰਘ, ਬਾਬਾ ਜੈਮਲ ਸਿੰਘ ਅਤੇ ਬਾਬਾ ਬਿਧੀਚੰਦ ਸੰਪਰਦਾ ਵੱਲੋਂ ਬਾਬਾ ਨਿਹਾਲ ਸਿੰਘ, ਦਮਦਮੀ ਟਕਸਾਲ ਵੱਲੋਂ ਬਾਬਾ ਸੁਖਦੇਵ ਸਿੰਘ, ਪੰਥ ਪ੍ਰਸਿੱਧ ਕਥਾਵਾਚਕ ਗਿਆਨੀ ਪ੍ਰਿਤਪਾਲ ਸਿੰਘ ਨੇ ਗੁਰਇਤਿਹਾਸ ਦੀ ਸੰਗਤਾਂ ਨਾਲ ਸਾਂਝ ਪਾਈ। ਜਥੇ: ਲਖਵਿੰਦਰ ਸਿੰਘ ਪਾਰਸ, ਭਾਈ ਗੁਰਚਰਨ ਸਿੰਘ ਸਿਵਿਆਂ ਦੇ ਢਾਡੀ ਜਥਿਆਂ ਨੇ ਇਤਿਹਾਸ ਦੀਆਂ ਬੀਰਰਸ ਵਾਰਾਂ ਨਾਲ ਸੰਗਤ ਨੂੰ ਜੋੜਿਆ।

ਇਸ ਸਮਾਗਮ ਵਿੱਚ ਬਾਬਾ ਸਾਹਿਬ ਸਿੰਘ ਕਲਾਧਾਰੀ ਦੀ ਬਰਸੀ ਮੌਕੇ ਵੱਖ-ਵੱਖ ਗੱਤਕਾ ਟੀਮਾਂ ਨੇ ਗੱਤਕੇ ਦੇ ਜੌਹਰ ਦਿਖਾਏ। ਸਿੰਘ ਸਾਹਿਬ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਨੇ ਆਈਆਂ ਸਖ਼ਸ਼ੀਅਤਾਂ ਦਾ ਧੰਨਵਾਦ ਕੀਤਾ। ਇਸ ਸਮਾਗਮ ਵਿਚ ਦਿਲਜੀਤ ਸਿੰਘ ਬੇਦੀ ਸਕੱਤਰ ਬੁੱਢਾ ਦਲ, ਬਾਬਾ ਜੱਸਾ ਸਿੰਘ ਤਲਵੰਡੀ ਸਾਬੋ, ਬਾਬਾ ਵੱਸਣ ਸਿੰਘ ਮੜੀਆਂਵਾਲੇ, ਬਾਬਾ ਮੇਜਰ ਸਿੰਘ ਦਸ਼ਮੇਸ਼ ਤਰਨਾ ਦਲ, ਬਾਬਾ ਇੰਦਰ ਸਿੰਘ, ਬਾਬਾ ਕਰਮ ਸਿੰਘ ਰਾਜਪੁਰਾ, ਬਾਬਾ ਜਰਨੈਲ ਸਿੰਘ ਬਰੇਟਾ, ਬਾਬਾ ਜਗਜੀਤ ਸਿੰਘ ਮਾਨਸਾ, ਬਾਬਾ ਰਘੁਬੀਰ ਸਿੰਘ ਖਿਆਲੇ ਵਾਲੇ, ਬਾਬਾ ਅਰਜਨ ਸਿੰਘ ਸ਼ਿਵਜੀ, ਬਾਬਾ ਭਗਤ ਸਿੰਘ ਗੁਰਦੁਆਰਾ ਬਾਬਾ ਫੂਲਾ ਸਿੰਘ, ਸ. ਪਰਮਜੀਤ ਸਿੰਘ ਬਾਜਵਾ, ਬਾਬਾ ਗੁਰਸ਼ੇਰ ਸਿੰਘ, ਬਾਬਾ ਗੁਰਪ੍ਰੀਤ ਸਿੰਘ ਮੁਮਤਾਜਗੜ੍ਹ, ਬਾਬਾ ਭਾਈ ਮੇਜਰ ਸਿੰਘ ਮੁਖਤਿਆਰੇਆਮ, ਬਾਬਾ ਦਰਸ਼ਨ ਸਿੰਘ, ਭਾਈ ਸੁਖਵਿੰਦਰ ਸਿੰਘ ਮੋਰ, ਭਾਈ ਸਰਵਣ ਸਿੰਘ ਮਝੈਲ, ਭਾਈ ਹਰਪ੍ਰੀਤ ਸਿੰਘ, ਬਾਬਾ ਗੁਰਮੁਖ ਸਿੰਘ, ਬਾਬਾ ਬਲਦੇਵ ਸਿੰਘ ਵੱਲਾ, ਬਾਬਾ ਬਲਵਿੰਦਰ ਸਿੰਘ ਮਹਿਤਾ ਚੌਂਕ, ਬਾਬਾ ਛਿੰਦਾ ਸਿੰਘ ਭਿਖੀਵਿੰਡ, ਬਾਬਾ ਖੜਕ ਸਿੰਘ, ਬਾਬਾ ਸਤਨਾਮ ਸਿੰਘ ਖਾਪੜਖੇੜੀ, ਬਾਬਾ ਸੁਖਦੇਵ ਸਿੰਘ ਸਮਾਣਾ, ਬਾਬਾ ਵਿਸ਼ਵ ਪ੍ਰਤਾਪ ਸਿੰਘ, ਬਾਬਾ ਮਲੂਕ ਸਿੰਘ, ਬਾਬਾ ਦਲੇਰ ਸਿੰਘ, ਭਾਈ ਰਣਜੋਧ ਸਿੰਘ ਆਦਿ ਹਾਜ਼ਰ ਸਨ।

## ਹੜ੍ਹ ਨੇ ਮਿਲਾਏ 35 ਸਾਲ ਤੋਂ ਵਿਛੜੇ ਮਾਂ-ਪੁੱਤ, ਮੁਹੱਲਾ ਵਾਸੀਆਂ ਨੇ ਹਾਰ ਪਹਿਨਾ ਕੀਤਾ ਸੁਆਗਤ



ਜਲੰਧਰ/ਗੁਰਦਾਸਪੁਰ- 35 ਸਾਲਾ ਬਾਅਦ ਆਪਣੀ ਮਾਂ ਨਾਲ ਮਿਲੇ ਮੁਹੱਲਾ ਧਰਮਪੁਰਾ ਦੇ ਰਹਿਣ ਵਾਲੇ ਜਗਜੀਤ ਸਿੰਘ ਸੋਮਵਾਰ ਨੂੰ ਪਟਿਆਲਾ ਦੇ ਪਿੰਡ ਬੋਹੜਪੁਰ ਤੋਂ ਆਪਣੀ ਮਾਂ ਨੂੰ ਨਾਲ ਲੈ ਕੇ ਪਿੰਡ ਕਾਦੀਆਂ ਪਹੁੰਚੇ। ਇਥੇ ਮੁਹੱਲਾ ਵਾਸੀਆਂ ਨੇ ਉਸ ਨੂੰ ਹਾਰ ਪਹਿਨਾ ਕੇ ਉਸ ਦਾ ਸੁਆਗਤ ਕੀਤਾ। ਜਗਜੀਤ ਸਿੰਘ ਨੇ ਦੱਸਿਆ ਕਿ ਉਸ ਦੀ ਮਾਂ ਦੀ ਇਕ ਲੱਤ ਖ਼ਰਾਬ ਹੋ ਚੁੱਕੀ ਹੈ। ਉਹ ਹੁਣ ਆਪਣੀ ਮਾਂ ਨੂੰ ਆਪਣੇ ਨਾਲ ਹੀ ਰੱਖੇਗਾ ਅਤੇ ਮਾਂ ਦਾ ਇਲਾਜ ਕਰਵਾਏਗਾ।

ਗੁਰਦੁਆਰਾ ਸਿੰਘ ਸਭਾ ਦੇ ਹਜੂਰੀ ਰਾਗੀ ਜਗਜੀਤ ਸਿੰਘ ਨੇ ਦੱਸਿਆ ਕਿ ਬਚਪਨ ਤੋਂ ਉਸ ਨੂੰ ਦੱਸਿਆ ਗਿਆ ਸੀ ਕਿ ਉਸ ਦੇ ਮਾਤਾ-ਪਿਤਾ ਦੀ ਸੜਕ ਹਾਦਸੇ ਵਿਚ ਮੌਤ ਹੋ ਚੁੱਕੀ ਹੈ ਪਰ ਉਹ ਸਚ ਨਹੀਂ ਸੀ। ਦਾਦਾ-ਦਾਦੀ ਨੇ ਉਸ ਨੂੰ ਕਰੀਬ ਇਕ ਸਾਲ ਦੀ ਉਮਰ ਤੋਂ ਪਾਲਿਆ ਹੈ। ਉਸ ਦੇ ਦਾਦਾ ਹਰਿਆਣਾ ਪੁਲਸ ਵਿਚ ਨੌਕਰੀ ਕਰਦੇ ਸਨ ਅਤੇ ਸੇਵਾ ਮੁਕਤ ਤੋਂ ਬਾਅਦ ਕਾਦੀਆਂ ਵਿਚ ਆ ਕੇ ਰਹਿਣ ਲੱਗੇ। ਉਨ੍ਹਾਂ ਦੱਸਿਆ ਕਿ ਜਗਜੀਤ ਸਿੰਘ ਸਾਥੀਆਂ ਨਾਲ ਹੜ੍ਹ ਪੀੜਤਾਂ ਦੀ ਮਦਦ ਲਈ ਪਟਿਆਲਾ ਗਿਆ ਹੋਇਆ ਸੀ, ਜਿੱਥੇ ਉਸ ਦੀ ਭੂਆ ਨਾਲ ਫੋਨ 'ਤੇ ਗੱਲਬਾਤ ਹੋਈ। ਇਸ ਦੌਰਾਨ ਭੂਆ ਨੇ ਦੱਸ ਦਿੱਤਾ ਕਿ ਤੇਰਾ ਨਾਨਕਾ ਪਿੰਡ ਬੋਹੜਪੁਰ ਪਿੰਡ ਪਟਿਆਲਾ ਕੋਲ ਹੈ ਤਾਂ ਉਹ ਤੁਰੰਤ ਬੋਹੜਪੁਰ ਪਹੁੰਚਿਆ ਅਤੇ ਨਾਨਕੇ ਘਰ ਤੱਕ ਜਾ ਪੁੱਜਾ। ਉਥੇ ਨਾਨੀ ਪ੍ਰੀਤਮ ਕੌਰ ਨੇ ਉਸ ਨੂੰ ਦੱਸਿਆ ਕਿ ਉਸ ਦੀ ਬੇਟੀ ਹਰਜੀਤ ਕੌਰ ਦੇ ਪਤੀ ਦੀ ਸੜਕ ਹਾਦਸੇ ਵਿਚ ਮੌਤ ਹੋ ਗਈ ਸੀ ਅਤੇ ਉਨ੍ਹਾਂ ਦਾ ਇਕ ਬੇਟਾ ਸੋਨੂੰ ਸੀ। ਜਦੋਂ ਜਗਜੀਤ ਨੇ ਉਸ ਨੂੰ ਦੱਸਿਆ ਕਿ ਉਹੀ ਸੋਨੂੰ ਹੈ ਤਾਂ ਇਹ ਸੁਣਦੇ ਹੀ ਉਥੇ ਮਾਹੌਲ ਭਾਵੁਕ ਹੋ ਗਿਆ।

**ਹੁਣ ਮਾਂ ਨੂੰ ਰੱਖਾਂਗਾ ਆਪਣੇ ਕੋਲ: ਜਗਜੀਤ ਸਿੰਘ**

ਜਗਜੀਤ ਸਿੰਘ ਦੀ ਮਾਂ ਹਰਜੀਤ ਕੌਰ ਨੇ ਦੱਸਿਆ ਕਿ ਵਿਆਹ ਦੇ 2 ਸਾਲ ਬਾਅਦ ਹਾਦਸੇ ਵਿਚ ਪਤੀ ਦੀ ਮੌਤ ਹੋ ਗਈ ਸੀ। ਉਸ ਵੇਲੇ ਜਗਜੀਤ ਸਿਰਫ਼ 8 ਸਾਲ ਦਾ ਸੀ। ਉਸ ਨੂੰ ਬੇਟੇ ਤੋਂ ਵੱਖ ਕਰਕੇ ਦੂਜਾ ਵਿਆਹ ਸਮਾਣਾ ਵਿਚ ਕਰਵਾ ਦਿੱਤਾ ਗਿਆ, ਜਿਸ ਵਿਚੋਂ ਤਿੰਨ ਧੀਆਂ ਨੇ ਜਨਮ ਲਿਆ, ਜਿਨ੍ਹਾਂ ਦਾ ਵਿਆਹ ਹੋ ਚੁੱਕਾ ਹੈ। ਪਤੀ ਦੀ ਕਰੀਬ 15 ਸਾਲ ਪਹਿਲਾਂ ਮੌਤ ਹੋ ਚੁੱਕੀ ਹੈ।

## ਟਰੱਸਟ ਗਰੀਬ ਤੇ ਲਵਾਰਸ ਵਿਦਿਆਰਥੀਆਂ ਨੂੰ ਆਈ ਏ ਐਸ, ਪੀ ਸੀ ਐਸ ਦੀ ਸਿੱਖਿਆ ਦੇਵੇਗਾ

ਅੰਮ੍ਰਿਤਸਰ : ਸ਼ਹੀਦ ਭਾਈ ਫੌਜਾ ਸਿੰਘ ਚੈਰੀਟੇਬਲ ਟਰੱਸਟ ਦੇ ਅਹੁਦੇਦਾਰਾਂ ਅਤੇ ਮੈਂਬਰ ਸਾਹਿਬਾਨ ਦੀ ਮੀਟਿੰਗ ਬੀਬੀ ਅਮਰਜੀਤ ਕੌਰ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿੱਚ ਮੌਜੂਦਾ ਹਲਾਤ ਤੇ ਵਿਸਥਾਰ ਪੂਰਵਕ ਵਿਚਾਰ ਚਰਚਾ ਕੀਤੀ ਗਈ। ਸ਼ਹੀਦ ਭਾਈ ਫੌਜਾ ਸਿੰਘ ਚੈਰੀਟੇਬਲ ਟਰੱਸਟ ਉਨ੍ਹਾਂ ਗਰੀਬ ਬੱਚਿਆਂ ਨੂੰ ਆਪਣੀ ਗੋਦ ਵਿਚ ਲਵੇਗਾ ਜਿਨ੍ਹਾਂ ਦੇ ਮਾਪੇ ਉਨ੍ਹਾਂ ਨੂੰ ਉਚੇਰੀ ਸਿੱਖਿਆ ਦਵਾਉਣ ਵਿੱਚ ਅਸਮਰਥ ਹਨ ਪਰ ਉਨ੍ਹਾਂ ਨੇ ਪੜਾਈ ਵਿੱਚ ਅਵੱਲ ਦਰਜੇ ਦੇ ਨੰਬਰ ਪ੍ਰਾਪਤ ਕੀਤੇ ਹਨ ਤੇ ਉਨ੍ਹਾਂ ਦਾ ਟੀਚਾ ਆਈ ਏ ਐਸ ਅਤੇ ਪੀ ਸੀ ਐਸ ਕਰਨ ਦਾ ਹੈ। ਉਨ੍ਹਾਂ ਵਿਦਿਆਰਥੀਆਂ ਨੂੰ ਉਤਸ਼ਾਹਤ ਕਰਨ ਲਈ ਟਰੱਸਟ ਹਰ ਤਰੀਕੇ ਨਾਲ ਮਦਦ ਕਰੇਗਾ।

ਇੱਕਤਰਤਾ ਉਪਰੰਤ ਟਰੱਸਟ ਦੇ ਉਪ ਚੇਅਰਮੈਨ ਸ. ਇੰਦਰਜੀਤ ਬਾਗੀ ਨੇ ਦਸਿਆ ਕਿ ਟਰੱਸਟ ਵਿਚ ਅੱਜ ਸਰਬਸੰਮਤੀ ਨਾਲ ਮੈਂਬਰਾਂ ਨੇ ਬਾਰਵੀਂ ਕਲਾਸ ਵਿੱਚੋਂ ਪਹਿਲੇ ਦੂਜੇ ਦਰਜੇ ਤੇ 85 ਤੋਂ 95% ਨੰਬਰ ਪ੍ਰਾਪਤ ਕਰਨ ਅਤੇ ਆਈ ਏ ਐਸ, ਪੀ ਸੀ ਐਸ ਦੀ ਪੜਾਈ ਕਰਨ ਵਾਲੇ ਵਿਦਿਆਰੀਥਆਂ ਨੂੰ ਮੁਫਤ ਵਿੱਦਿਆ, ਰਿਹਾਇਸ਼, ਖਾਣ ਪੀਣ ਅਤੇ ਕੱਪੜੇ ਆਦਿ ਦੇਣ ਦਾ ਫੈਸਲਾ ਲਿਆ ਹੈ। ਸ. ਬਾਗੀ ਨੇ ਦਸਿਆ ਕਿ ਇਸ ਵੇਲੇ ਟਰੱਸਟ ਵੱਲੋਂ ਚਾਰ ਵਿਦਿਆਰਥਣਾਂ ਆਈ ਏ ਐਸ ਦੀ ਸਿੱਖਿਆ ਖਾਲਸਾ ਕਾਲਜ ਅੰਮ੍ਰਿਤਸਰ ਤੋਂ ਪ੍ਰਾਪਤ ਕਰ ਰਹੀਆਂ ਹਨ, ਇਨ੍ਹਾਂ ਲਈ ਹੋਸਟਲ ਤੇ ਆਉਣ ਜਾਣ ਦਾ ਵਿਸ਼ੇਸ਼ ਪ੍ਰਬੰਧ ਕੀਤਾ ਗਿਆ ਹੈ। ਉਨ੍ਹਾਂ ਕਿਹਾ ਸੱਠ ਦੇ ਕਰੀਬ ਵਿਦਿਆਰਥੀਆਂ ਨੂੰ ਟਰੱਸਟ ਵੱਲੋਂ ਉਚੇਰੀ ਸਿੱਖਿਆ ਪ੍ਰਦਾਨ ਕਰਨ ਦਾ ਟੀਚਾ ਹੈ। ਉਨ੍ਹਾਂ ਹੋਰ ਦਸਿਆ ਕਿ ਇਨ੍ਹਾਂ ਤੋਂ ਇਲਾਵਾ ਟਰੱਸਟ ਵੱਲੋਂ ਹੀ ਪ੍ਰਾਇਮਰੀ ਤੋਂ ਬਾਰਵੀਂ ਤੀਕ ਸਮਾਜਿਕ ਰਵਾਇਤੀ ਪੜਨ ਵਾਲੀਆਂ 40 ਦੇ ਕਰੀਬ ਬੱਚੀਆਂ ਵੱਖ-ਵੱਖ ਸਕੂਲਾਂ ਤੋਂ ਸਿੱਖਿਆ ਪ੍ਰਾਪਤ ਕਰ ਰਹੀਆਂ ਹਨ। ਟਰੱਸਟ ਤੋਂ ਸਕੂਲ ਤੀਕ ਆਉਣ ਜਾਣ ਲਈ ਵਿਸ਼ੇਸ਼ ਵਾਹਨਾਂ ਦਾ ਪ੍ਰਬੰਧ ਹੈ। ਅੱਜ ਦੀ ਇੱਕਤਰਤਾ ਵਿੱਚ ਓਪ ਚੇਅਰਮੈਨ ਸ. ਇੰਦਰਜੀਤ ਸਿੰਘ ਬਾਗੀ, ਸ. ਰਘੁਬੀਰ ਸਿੰਘ ਸਕੱਤਰ, ਸ. ਦਿਲਜੀਤ ਸਿੰਘ ਬੇਦੀ, ਸ. ਸੁਖਚੈਨ ਸਿੰਘ, ਭਾਈ ਭੁਪਿੰਦਰ ਸਿੰਘ ਗੱਦਲੀ, ਸ. ਅਵਤਾਰ ਸਿੰਘ ਦਿਓਲ ਸਾਰੇ ਮੈਂਬਰ ਸਾਹਿਬਾਨ ਆਦਿ ਹਾਜ਼ਰ ਸਨ।

## ਜੰਮੂ ਕਸ਼ਮੀਰ ਵਿਧਾਨ ਸਭਾ ਵਿਚ ਦੋ ਸੀਟਾਂ ਸਿੱਖਾਂ ਲਈ ਰਾਖਵੀਆਂ ਕੀਤੀਆਂ ਜਾਣ: ਨਿਹੰਗ ਮੁਖੀ ਬਾਬਾ ਬਲਬੀਰ ਸਿੰਘ

ਅੰਮ੍ਰਿਤਸਰ : ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ 14 ਵੇਂ ਮੁਖੀ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਨੇ ਜੰਮੂ ਕਸ਼ਮੀਰ ਪੁਨਰਗਠਨ ਐਕਟ 2019 ਵਿੱਚ ਵਿਧਾਨ ਸਭਾ ਵਿੱਚ ਰਾਖਵੀਆਂ ਸੀਟਾਂ ਸਬੰਧੀ ਸੋਧ ਕਰਨ ਸਬੰਧੀ ਆਪਣਾ ਪ੍ਰਤੀਕਰਮ ਦੇਂਦਿਆਂ ਭਾਰਤ ਸਰਕਾਰ ਤੋਂ ਮੰਗ ਕੀਤੀ ਹੈ ਕਿ ਤਿੰਨ ਦੀ ਬਜਾਏ 5 ਸੀਟਾਂ ਰਾਖਵੀਆਂ ਰੱਖੀਆਂ ਜਾਣ ਜਿਨ੍ਹਾਂ ਵਿੱਚ ਦੋ ਸੀਟਾਂ ਸਿੱਖ ਭਾਈਚਾਰੇ ਨੂੰ ਦਿੱਤੀਆਂ ਜਾਣ। ਉਨ੍ਹਾਂ ਕਿਹਾ ਕਿ ਸਰਕਾਰ ਲੋਕ ਸਭਾ ਦੀਆਂ ਚੋਣਾਂ ਦੇ ਨਾਲ ਜੰਮੂ ਕਸ਼ਮੀਰ ਦੀਆਂ ਚੋਣਾਂ ਕਰਵਾਉਣ ਲਈ ਅੰਦਰ ਖਾਤੇ ਕਾਹਲੀ ਨਜ਼ਰ ਆ ਰਹੀ ਹੈ।

ਬੁੱਢਾ ਦਲ ਦੇ ਸਕੱਤਰ ਦਿਲਜੀਤ ਸਿੰਘ ਬੇਦੀ ਵੱਲੋਂ ਜਾਰੀ ਇਕ ਲਿਖਤੀ ਪ੍ਰੈਸ ਬਿਆਨ ਵਿੱਚ ਨਿਹੰਗ ਮੁਖੀ ਬਾਬਾ ਬਲਬੀਰ ਸਿੰਘ ਨੇ ਕਿਹਾ ਕਿ ਜੰਮੂ ਕਸ਼ਮੀਰ ਸਿੱਖ ਰਾਜ ਦਾ ਹਿੱਸਾ ਰਿਹਾ ਹੈ। ਪਹਿਲਾਂ ਲੰਮਾਂ ਸਮਾਂ ਸਿੱਖ ਰਾਜ ਕਾਇਮ ਕਰਨ ਵੇਲੇ ਅਤੇ ਬਾਅਦ ਵਿੱਚ ਇਸਦਾ ਵੱਡਾ ਹਿੱਸਾ ਪਾਕਿਸਤਾਨ ਤੋਂ ਬਚਾਉਣ ਸਮੇਂ ਹਜ਼ਾਰਾਂ ਸਿੱਖਾਂ ਨੇ ਆਪਣੀਆਂ ਜਾਨਾਂ ਕੁਰਬਾਨ ਕੀਤੀਆਂ ਸਨ। ਉਨ੍ਹਾਂ ਕਿਹਾ 1947 ਦੀ ਵੰਡ ਵਿਚ ਕਬਾਇਲੀ ਹਮਲੇ ਵਿਚ 70 ਹਜ਼ਾਰ ਸਿੱਖਾਂ ਦਾ ਕਤਲੇਆਮ ਹੋਇਆ ਉਨ੍ਹਾਂ ਕਿਹਾ ਕਿ ਇਕ ਖੋਜੀ ਅਨੁਸਾਰ ਵੀਹ ਹਜ਼ਾਰ ਸਿੱਖਾਂ ਦੀਆਂ ਹਤਿਆਵਾਂ 21 ਤੋਂ 26 ਅਕਤੂਬਰ 1947 ਦਰਮਿਆਨ ਹੋਈਆਂ ਜੋ ਕਿਤੇ ਦਰਜ ਨਹੀਂ ਹਨ। ਇਸ ਵੇਲੇ ਵੀ ਜੰਮੂ ਕਸ਼ਮੀਰ ਵਿੱਚ ਸਿੱਖਾਂ ਦੀ ਗਿਣਤੀ ਤਿੰਨ ਲੱਖ ਦੇ ਕਰੀਬ ਹੈ ਜੋ ਦੋ ਵਿਧਾਨ ਸਭਾ ਸੀਟਾਂ ਦੇ ਨੇੜੇ ਤੇੜੇ ਹੈ। ਸਿੱਖਾਂ ਦੀਆਂ ਕੁਰਬਾਨੀਆਂ ਤੇ ਗਿਣਤੀ ਦੇ ਲਿਹਾਜ ਨਾਲ ਜੰਮੂ ਕਸ਼ਮੀਰ ਵਿੱਚ ਦੋ ਵਿਧਾਨ ਸਭਾ ਸੀਟਾਂ ਸਿੱਖਾਂ ਲਈ ਰਾਖਵੀਆਂ ਹੋਈਆਂ ਚਾਹੀਦੀਆਂ ਹਨ। ਉਨ੍ਹਾਂ ਕਿਹਾ ਅਸੀ ਕਿਸੇ ਹੋਰ ਭਾਈਚਾਰੇ ਦੇ ਰਾਖਵੇਂ ਕਰਨ ਦੇ ਵਿਰੁੱਧ ਨਹੀਂ ਹਾਂ ਪਰ ਸਿੱਖ ਭਾਈਚਾਰੇ ਨੂੰ ਆਪਣਾ ਬਣਦਾ ਹੱਕ ਨਾ ਮਿਲਣ ਦੀ ਸੂਰਤ ਵਿੱਚ ਸਮੁੱਚੀ ਸਿੱਖ ਕੌਮ ਸੰਘਰਸ਼ ਵਿਢਣ ਲਈ ਮਜ਼ਬੂਰ ਹੋਵੇਗੀ। ਉਨ੍ਹਾਂ ਕਿਹਾ ਕਿ ਸਿੱਖ ਅੱਖੋ ਉਹਲੇ ਨਹੀਂ ਹੋਣੇ ਚਾਹੀਦੇ ਅਤੇ ਨਾ ਹੀ ਸਿੱਖਾਂ ਨਾਲ ਬੇਇਨਸਾਫੀ ਹੋਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਤਿੰਨ ਸੀਟਾਂ ਵਿਚੋਂ ਦੋ ਕਸ਼ਮੀਗੀ ਪੰਡਤਾਂ ਲਈ ਅਤੇ ਇੱਕ ਸੀਟ ਪਾਕਿ ਕਬਜ਼ੇ ਹੇਠਲੇ ਕਸ਼ਮੀਰ ਵਿਚੋਂ ਉਜੜ ਕਿ ਆਏ ਲੋਕਾਂ ਲਈ ਰਾਖਵੀ ਹੋਵੇਗੀ।

# ਮਨੀਪੁਰ 'ਚ ਚੱਲ ਰਹੇ ਘਟਨਾਕ੍ਰਮ ਵਿੱਚ ਔਰਤਾਂ ਦਾ ਕੀ ਕਸੂਰ



ਨਹੀਂ ਦੇਖ ਹੋ ਰਿਹਾ ਜ਼ੁਲਮ

ਬਲਬੀਰ ਸਿੰਘ ਬੱਬੀ
7009107300



ਇਸ ਵਿੱਚ ਤਾਂ ਕੋਈ ਸ਼ੱਕ ਹੀ ਨਹੀਂ ਰਹੀ ਕਿ ਸਾਡੇ ਭਾਰਤ ਮਹਾਨ ਵਿੱਚ ਇਸ ਵੇਲੇ ਸੱਤਾ ਦੀ ਕੁਰਸੀ ਉੱਤੇ ਉਹ ਲੋਕ ਬਿਰਾਜਮਾਨ ਹੋ ਗਏ ਹਨ ਜਿਨ੍ਹਾਂ ਨੇ ਸੱਤਾ ਹਥਿਆਉਣ ਲਈ ਧਰਮ ਤੇ ਪੈਸੇ ਦਾ ਲੋਭ ਲਾਲਚ ਦੇਸ਼ ਦੀ ਜਨਤਾ ਨੂੰ ਦਿੱਤਾ ਤੇ ਸਾਡੇ ਦੇਸ਼ ਵਿੱਚ ਬੇਈਮਾਨ ਆਗੂਆਂ ਨੇ ਐਸੀ ਹਨੇਰੀ ਝੁਲਾਈ ਤੇ ਬਹੁਤੇ ਲੋਕਾਂ ਨੂੰ ਭਾਜਪਾ ਬਿਨਾਂ ਕੁਝ ਵੀ ਨਜ਼ਰ ਨਹੀਂ ਸੀ ਆ ਰਿਹਾ। ਦੇਸ਼ ਉੱਤੇ ਰਾਜ ਕਰਨ ਵਾਲੀ ਕੁਰਸੀ ਉੱਤੇ ਕੋਈ ਭੋਲ਼ਾ ਭਾਲ਼ਾ ਵੀ ਬੈਠ ਜਾਏ ਉਹੀ ਮਾਨ ਨਹੀਂ ਇਹ ਤਾਂ ਸਿਰੇ ਦੇ ਉਹ ਆਗੂ ਹਨ ਜਿਨ੍ਹਾਂ ਨੇ ਆਪਣੇ ਛੋਟੇ ਰਾਜ ਭਾਗ ਵਿੱਚ ਵੀ ਲੋਕਾਂ ਉੱਤੇ ਚੰਮ ਦੀਆਂ ਚਲਾਈਆਂ ਸਨ ਤੇ ਹੁਣ ਤਾਂ ਸੁੱਖ ਨਾਲ ਸਾਰਾ ਦੇਸ਼ ਹੀ ਇਨ੍ਹਾਂ ਹਵਾਲੇ ਹੈ ਜੇ ਹੁਣ ਵੀ ਮਨ ਆਈਆਂ ਨਾ ਕੀਤੀਆਂ ਫੇਰ ਕਦ...। ਸਾਡੇ ਦੇਸ਼ ਦੀ ਬਹੁਤੀ ਜਨਤਾ ਤਾਂ ਵਿਕਾਸ ਹੀ ਉਡੀਕੀ ਤੇ ਦੇਖੀ ਜਾ ਰਹੀ ਹੈ ਪਰ ਜਿਨ੍ਹਾਂ ਨੇ ਧਰਮ ਦੇ ਨਾਮ ਤੇ ਹੀ ਜਨਤਾ ਵਿੱਚ ਦੰਗੇ ਫਸਾਦ ਮਰ ਮਰੀਆ ਕਰਵਾ ਕੇ ਲੋਕਾਂ ਨੂੰ ਲੜਾ ਸੱਤਾ ਉਪਰ ਕਾਬਜ਼ ਰਹਿਣਾ ਹੋਵੇ ਉਨ੍ਹਾਂ ਲਈ ਵਿਕਾਸ ਕਾਹਦਾ ਤੇ ਕਿਉਂ ? ਦੇਸ਼ ਦੇ ਅਨੇਕਾਂ ਹਿੱਸਿਆਂ ਵਿੱਚ ਧਰਮ ਦੇ ਨਾਮ ਉੱਤੇ ਲਾਈ ਅੱਗ ਬਲ਼ ਰਹੀ ਹੈ ਲੋਕ ਇਸ ਅੱਗ ਵਿੱਚ ਸੜ ਬਲ਼ ਰਹੇ ਹਨ। ਸਾਨੂੰ ਕੀ ਇਨ੍ਹਾਂ ਗੱਲਾਂ ਨਾਲ ਹੀ ਤਾਂ ਸਾਡੀ ਕੁਰਸੀ ਸਦਾ ਸਲਾਮਤ ਹੈ।

ਮੌਜੂਦਾ ਸਮੇਂ ਮਨੀਪੁਰ ਜਿਹੇ ਸਾਤੀ ਵਾਲੇ ਰਾਜ ਵੱਲ ਨਿਗਾਹ ਮਾਰੋ ਉਥੇ ਵੀ ਅਜਿਹੇ ਆਗੂਆਂ ਦੀ ਲਾਈ ਹੋਈ ਅੱਗ ਦੇ ਭਾਬੜ ਮੱਚ ਰਹੇ ਹਨ ਪਰ ਧੂੰਆਂ ਬਾਹਰ ਨਹੀਂ ਨਿਕਲਣ ਦਿੱਤਾ ਪਰ ਜਿੱਥੇ ਅੱਗ ਲੱਗੀ ਹੋਵੇ ਉਥੇ ਧੂੰਆਂ ਤਾਂ ਨਿਕਲੇਗਾ ਹੀ ਚਾਹੇ ਦੇਰ ਨਾਲ ਹੀ ਸਹੀ। ਉਥੇ ਗੜਬੜ ਹੁੰਦੀ ਨੂੰ ਦੋ ਤਿੰਨ ਮਹੀਨੇ ਦਾ ਸਮਾਂ ਦੱਸਿਆ ਜਾ ਰਿਹਾ ਹੈ ਪਰ ਕਿਤੇ ਕੋਈ ਚਰਚਾ ਨਹੀ ਸਰਕਾਰੀ ਮੀਡੀਆ ਜੋ ਹੋ ਹੀ ਸਰਕਾਰੀ ਗਿਆ ਉਸ ਤੋਂ ਕੀ ਆਸ ਰੱਖੀਏ। ਨਾਲੇ ਤਾਂ ਕੁੱਟਿਆ ਮਾਰਿਆ ਜਾ ਰਿਹਾ ਹੈ ਤੇ ਰੋਣ ਵੀ ਨਹੀਂ ਦਿੱਤਾ ਜਾ ਰਿਹਾ। ਇਟਰਨੈੱਟ ਬੰਦ ਫਾਰਮੂਲੇ ਕਾਰਨ ਬਹੁਤ ਕੁਝ ਲੁਕੋ ਲਿਆ। ਔਰਤਾਂ ਦੀ ਨਗਨ ਵੀਡੀਓ ਹੀ ਨਹੀਂ ਹੁਣ ਤਾਂ ਔਰਤਾਂ ਨੂੰ ਸਰੇਆਮ ਜਲੀਲ ਕਰ ਗੋਲੀਆਂ ਨਾਲ ਭੁੰਨਿਆ ਵੀ ਜਾ ਰਿਹਾ ਹੈ।

ਇਕ ਦਿਲ ਦਹਿਲਾਉਣ ਵਾਲੀ ਵੀਡੀਓ ਦੇਖੀ ਇੱਕ ਔਰਤ ਨੂੰ ਕਈ ਜਣੇ ਹਥਿਆਰਬੰਦ ਲੋਕ ਬਹੁਤ ਬੁਰੇ ਤਰੀਕੇ ਨਾਲ ਜਲੀਲ ਕਰਕੇ ਮਾਰਕੁੱਟ ਕਰਕੇ ਬਹੁਤ ਜ਼ੁਲਮ ਕਰਦੇ ਹਨ। ਉਹ ਜਦੋਂ ਕੁਝ ਬੋਲਦੀ ਹੈ ਤਾਂ ਠੁੱਡੇ ਪੈਂਦੇ ਹਨ ਤੇ ਬਾਅਦ ਵਿੱਚ ਅੱਖਾਂ ਤੇ ਕਾਲੀ ਪੱਟੀ ਬੰਨ੍ਹ ਸੜਕ ਵਿਚਕਾਰ ਗੋਲੀਆਂ ਮਾਰ ਦਿੱਤੀਆਂ। ਐਨਾ ਜੁਲਮ ਤੌਬਾ ਤੌਬਾ..। ਮਨੀਪੁਰ ਵਿੱਚ ਲਾਈ ਅੱਗ ਦਾ ਸੇਕ ਭਾਜਪਾ ਤੋਂ ਬਿਨਾਂ ਸਾਰੀ ਦੁਨੀਆਂ ਨੂੰ ਲੱਗਾ। ਧਰਮ ਦੇ ਨਾਮ ਤੇ ਦੇਸ਼ ਵਿੱਚ ਨਫ਼ਰਤ ਫੈਲਾ ਰਹੀ ਮੌਜੂਦਾ ਹੁਕਮਰਾਨ ਧਿਰ ਦੇ ਅਨੇਕਾਂ ਪਰਦੇ ਫਾਸ਼ ਹੋਏ ਹਨ ਪਰ ਜੋ ਕੁਝ ਪਿਛਲੇ ਤਿੰਨ ਚਾਰ ਮਹੀਨੇ ਤੋਂ ਮਿਜ਼ੋਰਮ ਤੇ ਮੇਘਾਲਿਆ ਜਿਹੇ ਰਾਜਾ ਵਿੱਚ ਹੋ ਰਿਹਾ ਹੈ ਉਸ ਨੇ ਤਾਂ ਭਾਰਤ ਨੂੰ ਸਾਰੀ ਦੁਨੀਆਂ ਵਿੱਚ ਸ਼ਰਮਸ਼ਾਰ ਕੀਤਾ ਹੈ। ਮਿਜ਼ੋਰਮ ਵਿੱਚ ਦੋ ਧੜਿਆਂ ਵਿੱਚ ਇੱਕ ਦੂਜੇ ਪ੍ਰਤੀ ਅਫਵਾਹਾਂ ਫੈਲਾਉਣ ਵਾਲੀਆਂ ਗੱਲਾ ਬਾਤਾਂ ਤੋ ਬਿਨਾਂ ਸ਼ੋਸ਼ਲ ਮੀਡਿਆ ਰਾਹੀਂ ਗਲਤ ਵੀਡੀਓ ਪਾ ਕੇ ਉਥੋਂ ਦੇ ਲੋਕਾਂ ਨੂੰ ਭੜਕਾ ਕੇ ਦੰਗੇ ਹੀ ਨਹੀਂ ਫੈਲਾਏ ਸਗੋਂ ਔਰਤਾਂ ਨੂੰ ਨਗਨ ਕਰਕੇ ਉਨਾਂ ਦੀ ਪਰੇਡ ਕਰਵਾਈ। ਭੂਤਰੀ ਭੀੜ ਨੇ ਨੰਗੀਆਂ ਕਰਕੇ ਘੁੰਮਾਈਆਂ ਜਾ ਰਹੀਆਂ ਔਰਤਾਂ ਨਾਲ ਅਜਿਹੀ ਹਰਕਤ ਕੀਤੀ ਜੋ ਦੇਖੀ ਵੀ ਨਹੀਂ ਜਾ ਸਕਦੀ। ਇਸ ਸਾਰੇ ਘਟਨਾਕ੍ਰਮ ਦੀ ਵੀਡੀਓ ਵੀ ਜਾਰੀ ਕੀਤੀ ਜੋ ਨੈੱਟ ਬੰਦ ਹੋਣ ਕਾਰਨ ਹੁਣ ਸਾਹਮਣੇ ਆਈ।

ਸਭ ਤੋਂ ਵੱਡਾ ਦੁੱਖ ਕਿ ਦੇਸ਼ ਦੇ ਪ੍ਰਧਾਨ ਮੰਤਰੀ ਜਾਂ ਕਿਸੇ ਵੀ ਹੁਕਮਰਾਨ ਨੇ ਇਸ ਘਟਨਾ ਵਿਰੁੱਧ ਮੂੰਹ ਨਹੀਂ ਖੋਲਿਆ। ਦੇਸ਼ ਦੀ ਸਰਵ ਉੱਚ ਅਦਾਲਤ ਸੁਪਰੀਮ ਕੋਰਟ ਨੇ ਨੋਟਿਸ ਲਿਆ ਤਾਂ ਕਾਰਵਾਈ ਹੋਈ ਪਰ ਹਾਲਾਤ ਹਾਲੇ ਵੀ ਮਾੜੇ ਹਨ।



# ਕੀ ਤੈਅ ਸਮੇਂ ਤੋਂ ਪਹਿਲਾਂ ਹੋਣਗੀਆਂ ਲੋਕ ਸਭਾ ਚੋਣਾਂ ?

*ਕਾਂਗਰਸ ਨੂੰ ਉਮੀਦ ਹੈ ਕਿ ਉਸ ਨੂੰ ਦਲਿਤਾਂ ਅਤੇ ਮੁਸਲਮਾਨਾਂ ਦਾ ਆਪਣਾ ਸਮਰਥਨ ਆਧਾਰ ਇਕ ਵਾਰ ਫਿਰ ਵਾਪਸ ਮਿਲ ਰਿਹਾ ਹੈ। ਸਪਾ ਅਤੇ ਕਾਂਗਰਸ ਦੋਵੇਂ ਹੀ ਬਸਪਾ ਦੇ ਗ੍ਰਹਿ ਖੇਤਰ 'ਚੋਂ ਦਲਿਤਾਂ 'ਤੇ ਕਬਜ਼ਾ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਇੰਡੀਆ ਗੱਠਜੋੜ ਦੇ ਦੋਵੇਂ ਭਾਈਵਾਲਾਂ ਵਿਚਾਲੇ ਰਾਜ 'ਚ ਹਿੱਤਾਂ ਦਾ ਟਕਰਾਅ ਵੀ ਹੈ।*

ਨਿਤਿਆ ਚੱਕਰਵਰਤੀ

ਭਾਜਪਾ ਦੇ ਕਰੀਬੀ 'ਥਿੰਕ-ਟੈਂਕਾਂ' ਦੇ ਸੰਕੇਤਾਂ 'ਤੇ ਜੇਕਰ ਵਿਸ਼ਵਾਸ ਕੀਤਾ ਜਾਵੇ ਤਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਉਨ੍ਹਾਂ ਦੇ ਸਲਾਹਕਾਰਾਂ ਦੀ ਟੀਮ ਇਹ ਯਕੀਨੀ ਬਣਾਉਣ ਲਈ ਕਈ ਬਦਲਾਂ (ਵਿਕਲਪਾਂ) 'ਤੇ ਵਿਚਾਰ ਕਰ ਰਹੀ ਹੈ ਕਿ 26 ਪਾਰਟੀਆਂ ਦੇ 'ਇੰਡੀਆ' ਗੱਠਜੋੜ ਨੂੰ ਪਾਰਟੀਆਂ ਦੇ ਬੈਂਗਲੁਰੂ ਸੰਮੇਲਨ ਦੀ ਸਾਂਝੀ ਮੁਹਿੰਮ ਦੇ ਅਨੁਸਾਰ ਸੀਟਾਂ ਦੀ ਵੰਡ ਦਾ ਲਾਭ ਨਾ ਮਿਲ ਸਕੇ।

ਪਟਨਾ ਤੋਂ ਬਾਅਦ ਵਿਰੋਧੀ ਧਿਰ ਦੇ ਦੂਜੇ ਮਹਾਸੰਮੇਲਨ ਦੀ ਅਹਿਮੀਅਤ ਨੂੰ ਲੈ ਕੇ ਪ੍ਰਧਾਨ ਮੰਤਰੀ ਮੋਦੀ ਅਤੇ ਭਾਜਪਾ ਪ੍ਰਧਾਨ ਜੇ.ਪੀ. ਨੱਢਾ ਨੇ ਜਨਤਕ ਤੌਰ 'ਤੇ ਜੋ ਕੁਝ ਵੀ ਕਿਹਾ, ਉਸ ਤੋਂ ਲੱਗਦਾ ਹੈ ਕਿ ਭਾਜਪਾ ਲੀਡਰਸ਼ਿਪ ਘਬਰਾ ਗਈ ਹੈ। ਭਾਜਪਾ ਦੇ ਚੋਣ ਚਾਰਟ 'ਤੇ ਭਾਰਤ ਦੇ ਫ਼ੈਸਲਿਆਂ ਦੇ ਪ੍ਰਭਾਵ ਦਾ ਮੁਲਾਂਕਣ ਕਰਨ ਲਈ ਹਰੇਕ ਪੱਧਰ 'ਤੇ ਕਵਾਇਦ ਸ਼ੁਰੂ ਹੋ ਗਈ ਹੈ, ਜਿਸ ਨੂੰ ਨਵੇਂ ਘਟਨਾਕ੍ਰਮ ਨੂੰ ਧਿਆਨ 'ਚ ਰੱਖਦੇ ਹੋਏ ਸਮੇਂ-ਸਮੇਂ 'ਤੇ ਅਪਡੇਟ ਕੀਤਾ ਜਾ ਰਿਹਾ ਹੈ।

ਰਾਜ ਵਿਧਾਨ ਸਭਾ ਚੋਣਾਂ ਤੋਂ ਚਾਰ ਮਹੀਨੇ ਪਹਿਲਾਂ ਮੱਧ ਪ੍ਰਦੇਸ਼, ਰਾਜਸਥਾਨ ਅਤੇ ਛੱਤੀਸਗੜ੍ਹ 'ਚ ਰਾਜਨੀਤਕ ਰੌਂਅ ਬਾਰੇ ਚੋਣ ਮਾਹਿਰਾਂ ਵਲੋਂ ਹਾਲ ਹੀ 'ਚ ਦੱਸੇ ਗਏ ਰੁਝਾਨਾਂ ਨਾਲ ਭਗਵਾਧਾਰੀ ਚਿੰਤਤ ਹਨ। ਇਨ੍ਹਾਂ ਤਿੰਨਾਂ ਰਾਜਾਂ 'ਚ ਲੋਕ ਸਭਾ ਦੀਆਂ ਕੁੱਲ ਸੀਟਾਂ 65 ਹਨ। ਇਨ੍ਹਾਂ 65 ਸੀਟਾਂ 'ਚੋਂ 2019 ਦੀਆਂ ਆਮ ਚੋਣਾਂ 'ਚ ਭਾਜਪਾ ਨੂੰ ਹੈਰਾਨੀਜਨਕ ਢੰਗ ਨਾਲ 61 ਸੀਟਾਂ ਮਿਲੀਆਂ ਸਨ, ਜਦੋਂ ਕਿ ਕਾਂਗਰਸ ਨੂੰ ਸਿਰਫ਼ 3 ਸੀਟਾਂ ਹੀ ਮਿਲ ਸਕੀਆਂ ਸਨ।

ਹੁਣ ਭਾਜਪਾ ਅਤੇ ਕਾਂਗਰਸ ਦੋਵਾਂ ਵਲੋਂ ਕੀਤੇ ਗਏ ਜ਼ੋਰਦਾਰ ਪ੍ਰਚਾਰ ਬਾਰੇ ਆ ਰਹੀਆਂ ਰਿਪੋਰਟਾਂ ਤੋਂ ਸੰਕੇਤ ਮਿਲਦਾ ਹੈ ਕਿ ਕਾਂਗਰਸ ਰਾਜਸਥਾਨ ਅਤੇ ਛੱਤੀਸਗੜ੍ਹ 'ਚ ਭਾਜਪਾ ਦੀ ਤੁਲਨਾ 'ਚ ਬਹੁਤ ਚੰਗਾ ਪ੍ਰਦਰਸ਼ਨ ਕਰ ਰਹੀ ਹੈ। ਸਿਰਫ਼ ਮੱਧ ਪ੍ਰਦੇਸ਼ 'ਚ ਭਾਜਪਾ ਦੇ ਮੁੱਖ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਕਾਂਗਰਸ ਨੇਤਾ ਕਮਲਨਾਥ ਤੋਂ ਅੱਗੇ ਹਨ, ਪਰ ਇਸ ਰਾਜ 'ਚ ਵੀ ਫ਼ਰਕ ਬਹੁਤ ਘੱਟ ਹੁੰਦਾ ਜਾ ਰਿਹਾ ਹੈ। ਕਾਂਗਰਸ ਦੀ ਵੱਡੀ ਉਪਲਬੱਧੀ ਇਹ ਹੈ ਕਿ ਉਨ੍ਹਾਂ ਨੇ ਸਿੰਧੀਆ ਵੰਸ਼ਜ਼ ਜਯੋਤੀਰਾਦਿੱਤਿਆ ਦੇ ਪ੍ਰਭਾਵ ਵਾਲੇ ਵਿਧਾਨ ਸਭਾ ਖੇਤਰਾਂ 'ਚ ਵੱਡੀ ਸਫਲਤਾ ਹਾਸਿਲ ਕੀਤੀ ਹੈ।

ਤਿੰਨਾਂ ਰਾਜਾਂ 'ਚ ਕਾਂਗਰਸ ਸੰਗਠਨ ਸਰਗਰਮ ਹਨ ਅਤੇ ਕਮਲਨਾਥ, ਸ਼ਿਵਰਾਜ ਨੂੰ ਅਹੁਦੇ ਤੋਂ ਹਟਾਉਣ ਲਈ ਫ਼ੈਸਲਾਕੁੰਨ ਲੜਾਈ ਲੜ ਰਹੇ ਹਨ। ਇਹ ਟੀਚਾ ਸੰਭਾਵਨਾ ਦੇ ਦਾਇਰੇ 'ਚ ਆਉਂਦਾ ਦਿਖਾਈ ਦੇ ਰਿਹਾ ਹੈ। ਤਿੰਨਾਂ ਰਾਜਾਂ ਦੀਆਂ ਵਿਧਾਨ ਸਭਾਵਾਂ 'ਚ ਭਾਜਪਾ ਦੀ ਸੰਭਾਵਿਤ ਹਾਰ ਨਾਲ ਯਕੀਨੀ ਤੌਰ 'ਤੇ ਕਾਂਗਰਸ ਨੂੰ ਵੱਡੀ ਤਾਕਤ ਮਿਲੇਗੀ। ਵਿਰੋਧੀ ਮੋਰਚਾ ਇੰਡੀਆ 'ਚ ਭਾਈਵਾਲਾਂ ਵਿਚਾਲੇ ਪਰਿਪੱਕਤਾ ਦੇ ਸੰਕੇਤ ਦਿਖ ਰਹੇ ਹਨ।

ਕਾਂਗਰਸ ਸਤੰਬਰ ਤੋਂ ਪਹਿਲਾਂ ਹੀ ਭਾਰਤ ਜੋੜੋ ਯਾਤਰਾ ਦੇ ਦੂਜੇ ਪੜਾਅ ਦੀ ਯੋਜਨਾ ਬਣਾ ਰਹੀ ਹੈ। ਇਹ ਦੂਜੇ ਪੜਾਅ ਦੀ ਨਵੀਂ ਯਾਤਰਾ ਵੱਡੇ ਪੈਮਾਨੇ 'ਤੇ ਮਹਾਰਾਸ਼ਟਰ ਅਤੇ ਗੁਜਰਾਤ ਨੂੰ ਕਵਰ ਕਰੇਗੀ। 2024 ਦੀਆਂ ਲੋਕ ਸਭਾ ਚੋਣਾਂ ਲਈ ਦੋਵੇਂ ਰਾਜ ਭਾਜਪਾ ਲਈ ਮਹੱਤਵਪੂਰਨ ਹਨ। 2019 ਦੀਆਂ ਲੋਕ ਸਭਾ ਚੋਣਾਂ 'ਚ ਭਾਜਪਾ ਨੂੰ ਗੁਜਰਾਤ 'ਚ 26 'ਚੋਂ 26 ਅਤੇ ਮਹਾਰਾਸ਼ਟਰ 'ਚ ਕੁੱਲ 48 'ਚੋਂ 23 ਸੀਟਾਂ ਮਿਲੀਆਂ ਸਨ। ਭਾਜਪਾ ਗੁਜਰਾਤ 'ਚ ਜ਼ਿਆਦਾ ਸੀਟਾਂ ਗਵਾਉਣਾ ਬਰਦਾਸ਼ਤ ਨਹੀਂ ਕਰ ਸਕਦੀ। ਪਰ ਅਜਿਹੀ ਸੰਭਾਵਨਾ ਆਉਣ ਵਾਲੀ ਗੁਜਰਾਤ ਯਾਤਰਾ ਤੋਂ ਬਾਅਦ 2024 ਦੀਆਂ ਚੋਣਾਂ 'ਚ ਪੈਦਾ ਹੋ ਸਕਦੀ ਹੈ। ਲਗਭਗ ਤਿੰਨ ਦਹਾਕਿਆਂ ਤੋਂ ਭਾਜਪਾ ਸ਼ਾਸਨ 'ਚ ਰਹੇ ਰਾਜ 'ਚ ਸੱਤਾ ਵਿਰੋਧੀ ਲਹਿਰ ਵਧ ਰਹੀ ਹੈ।

ਬੈਂਗਲੁਰੂ ਸੰਮੇਲਨ ਦੇ ਫ਼ੈਸਲੇ ਤਹਿਤ ਕਾਂਗਰਸ ਅਤੇ 'ਆਪ' ਵਿਚਾਲੇ ਸੰਭਾਵਿਤ ਸੀਟਾਂ ਦੀ ਵੰਡ ਦੀ ਵਿਵਸਥਾ ਇਕ ਮਹੱਤਵਪੂਰਨ ਭੂਮਿਕਾ ਨਿਭਾਏਗੀ, ਜਿਸ ਦੇ ਸਿੱਟੇ ਵਜੋਂ ਭਾਜਪਾ ਦੀਆਂ ਸੀਟਾਂ ਗੰਭੀਰ ਰੂਪ ਨਾਲ ਘੱਟ ਹੋ ਸਕਦੀਆਂ ਹਨ। ਜੇਕਰ ਇਹ ਸਹਿਮਤੀ ਬਣ ਜਾਂਦੀ ਹੈ ਤਾਂ ਕਾਂਗਰਸ ਅਤੇ 'ਆਪ' ਦੋਵਾਂ ਲਈ ਗੁਜਰਾਤ 'ਚ ਜਿੱਤ ਦੀ ਸਥਿਤੀ ਹੋਵੇਗੀ। ਹਾਲਾਂਕਿ, ਭਾਜਪਾ ਵਿਰੋਧੀ ਗੱਠਜੋੜ ਵਲੋਂ ਸੀਟਾਂ ਦੀ ਵੰਡ ਦੇ ਅਮਲ ਦੀ ਇੰਤਜ਼ਾਰ ਨਹੀਂ ਕਰ ਸਕਦੀ, ਜਿਸ ਨਾਲ ਗੁਜਰਾਤ ਤੋਂ ਲੋਕ ਸਭਾ 'ਚ ਭਗਵਾ ਪਾਰਟੀ ਦੇ ਪ੍ਰਭਾਵ ਨੂੰ ਖ਼ਤਰਾ ਹੋਵੇ।

ਇਹੀ ਹਾਲ ਉੱਤਰ ਪ੍ਰਦੇਸ਼ ਦਾ ਵੀ ਹੈ, ਜਿੱਥੇ ਲੋਕ ਸਭਾ ਦੀਆਂ 80 ਸੀਟਾਂ ਹਨ। 2019 ਦੀਆਂ ਚੋਣਾਂ 'ਚ ਭਾਜਪਾ ਨੂੰ 62 ਸੀਟਾਂ ਮਿਲੀਆਂ ਸਨ, ਜਿੱਥੇ ਸਮਾਜਵਾਦੀ ਪਾਰਟੀ ਉਨ੍ਹਾਂ ਦੀ ਮੁੱਖ ਵਿਰੋਧੀ ਪਾਰਟੀ ਹੈ। ਸਪਾ ਨੇ ਬੈਂਗਲੁਰੂ ਸੰਮੇਲਨ 'ਚ ਭਾਗ ਲਿਆ ਅਤੇ ਉਹ ਇੰਡੀਆ ਮੋਰਚੇ ਦਾ ਹਿੱਸਾ ਹੈ। ਕਾਂਗਰਸ ਅਤੇ ਸਪਾ ਦੋਵੇਂ ਪਾਰਟੀਆਂ ਦੀ ਆਪਣੀ-ਆਪਣੀ ਤਾਕਤ ਨੂੰ ਲੈ ਕੇ ਇੱਥੇ ਵੱਡੀ ਸਮੱਸਿਆ ਹੈ। ਕਾਂਗਰਸ ਨੂੰ ਉਮੀਦ ਹੈ ਕਿ ਉਸ ਨੂੰ ਦਲਿਤਾਂ ਅਤੇ ਮੁਸਲਮਾਨਾਂ ਦਾ ਆਪਣਾ ਸਮਰਥਨ ਆਧਾਰ ਇਕ ਵਾਰ ਫਿਰ ਵਾਪਸ ਮਿਲ ਰਿਹਾ ਹੈ। ਸਪਾ ਅਤੇ ਕਾਂਗਰਸ ਦੋਵੇਂ ਹੀ ਬਸਪਾ ਦੇ ਗ੍ਰਹਿ ਖੇਤਰ 'ਚੋਂ ਦਲਿਤਾਂ 'ਤੇ ਕਬਜ਼ਾ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਇੰਡੀਆ ਗੱਠਜੋੜ ਦੇ ਦੋਵੇਂ ਭਾਈਵਾਲਾਂ ਵਿਚਾਲੇ ਰਾਜ 'ਚ ਹਿੱਤਾਂ ਦਾ ਟਕਰਾਅ ਵੀ ਹੈ। ਪਰ ਫਿਰ ਵੀ ਲੋਕ ਸਭਾ ਚੋਣਾਂ ਤੋਂ ਪਹਿਲਾਂ ਸਪਾ ਅਤੇ ਕਾਂਗਰਸ ਵਿਚ ਸੀਟਾਂ ਦਾ ਬਟਵਾਰਾ ਯਕੀਨੀ ਬਣਾਉਣ ਦੀਆਂ ਕੋਸ਼ਿਸ਼ਾਂ ਸ਼ੁਰੂ ਕਰ ਦਿੱਤੀਆਂ ਗਈਆਂ ਹਨ। ਇਹ ਸਮਾਂ ਲੈਣ ਵਾਲਾ ਅਤੇ ਰੁਕਾਵਟਾਂ ਨਾਲ ਭਰਿਆ ਅਮਲ ਹੋਵੇਗਾ। ਪਰ ਜੇਕਰ ਇਹ ਸਫਲ ਹੋਇਆ ਤਾਂ ਇਸ ਨਾਲ ਭਾਜਪਾ ਦੀ ਉੱਤਰ ਪ੍ਰਦੇਸ਼ 'ਚੋਂ ਸਭ ਤੋਂ ਜ਼ਿਆਦਾ ਸੀਟਾਂ ਪ੍ਰਾਪਤ ਕਰਨ ਦੀ ਇੱਛਾ ਨੂੰ ਵੱਡਾ ਝਟਕਾ ਲੱਗੇਗਾ। ਹੋਰ ਹਿੰਦੀ ਭਾਸ਼ਾਈ ਰਾਜਾਂ 'ਚ ਭਾਜਪਾ ਨੂੰ 2024 ਦੀਆਂ ਲੋਕ ਸਭਾ ਚੋਣਾਂ 'ਚ ਭਾਰੀ ਨੁਕਸਾਨ ਹੋਣ ਦੀ ਉਮੀਦ ਹੈ। ਉੱਤਰ ਪ੍ਰਦੇਸ਼ 'ਚ ਭਾਜਪਾ ਹਾਰ ਦਾ ਜੋਖਮ ਨਹੀਂ ਉਠਾ ਸਕਦੀ, ਇਸ ਲਈ ਉਸ ਵਲੋਂ ਇੰਡੀਆ ਗੱਠਜੋੜ ਵਿਚਕਾਰ ਦੀ ਵੰਡ ਦੇ ਫਾਰਮੂਲੇ ਨੂੰ ਸਫਲ ਹੋਣ ਦੇਣਾ ਘਾਤਕ ਹੈ, ਜਿਸ ਨੂੰ ਵਧਣ-ਫੁੱਲਣ 'ਚ ਅਜੇ ਕਈ ਮਹੀਨੇ ਲੱਗਣਗੇ।

ਕੁਝ ਭਾਜਪਾ ਮਾਹਿਰਾਂ ਦਾ ਮੰਨਣਾ ਹੈ ਕਿ ਸਮਾਂ ਜਿੱਤ ਜਾਂ ਹਾਰ ਵਿਚ ਵਿਸ਼ੇਸ਼ ਅਹਿਮੀਅਤ ਰੱਖਣਾ ਹੈ ਅਤੇ ਇੰਡੀਆ ਗੱਠਜੋੜ ਨੂੰ ਇਕਜੁੱਟ ਹੋਣ ਅਤੇ ਆਪਣੇ 'ਸੰਕਲਪ' ਨੂੰ ਲਾਗੂ ਕਰਨ ਦੀ ਸਥਿਤੀ 'ਚ ਨਹੀਂ ਰਹਿਣ ਦੇਣਾ ਚਾਹੀਦਾ। ਭਾਜਪਾ ਦੇ 'ਥਿੰਕ ਟੈਂਕ' ਅਨੁਸਾਰ ਆਉਣ ਵਾਲੇ ਦਿਨਾਂ 'ਚ ਇੰਡੀਆ ਗੱਠਜੋੜ ਨੂੰ ਲਾਭ ਹੀ ਹੋਵੇਗਾ ਅਤੇ ਇਸ ਲਈ ਉਸ ਨੂੰ ਆਪਣਾ ਪ੍ਰੋਗਰਾਮ ਪੂਰਾ ਕਰਨ ਲਈ ਬਹੁਤਾ ਸਮਾਂ ਨਹੀਂ ਦੇਣਾ ਚਾਹੀਦਾ। ਪ੍ਰਧਾਨ ਮੰਤਰੀ ਮੋਦੀ ਨੂੰ ਸਹੀ ਸਮੇਂ 'ਤੇ ਇੰਡੀਆ ਗੱਠਜੋੜ 'ਤੇ ਹਮਲਾ ਕਰਨਾ ਹੋਵੇਗਾ, ਅਜਿਹੀ ਉਨ੍ਹਾਂ ਦੀ ਸੋਚ ਹੈ।

2004 'ਚ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਨੇ ਅਚਾਨਕ ਨਿਰਧਾਰਤ (ਤੈਅ) ਸਮੇਂ ਸਤੰਬਰ-ਅਕਤੂਬਰ ਤੋਂ ਪਹਿਲਾਂ ਅਪ੍ਰੈਲ-ਮਈ 'ਚ ਲੋਕ ਸਭਾ ਚੋਣਾਂ ਦਾ ਐਲਾਨ ਕੀਤਾ ਸੀ, ਭਾਜਪਾ ਦੇ 'ਇੰਡੀਆ ਸ਼ਾਇਨਿੰਗ' ਦੇ ਜਾਦੂ ਦੇ ਤਹਿਤ। ਹਾਲਾਂਕਿ ਵਾਜਪਾਈ ਹਾਰ ਗਏ, ਜਿਸ ਨਾਲ ਕਾਂਗਰਸ ਸਮੇਤ ਕੁਝ ਵਿਰੋਧੀ ਨੇਤਾਵਾਂ ਨੂੰ ਵੀ ਹੈਰਾਨੀ ਹੋਈ। 1999 'ਚ ਕਾਰਗਿਲ ਯੁੱਧ 'ਚ ਜਿੱਤ ਤੋਂ ਕੁਝ ਹੀ ਮਹੀਨਿਆਂ ਬਾਅਦ ਪ੍ਰਧਾਨ ਮੰਤਰੀ ਵਾਜਪਾਈ ਨੇ ਲੋਕ ਸਭਾ ਚੋਣਾਂ ਦਾ ਐਲਾਨ ਕਰ ਦਿੱਤਾ ਸੀ, ਜਿਸ ਦਾ ਫਾਇਦਾ ਕੌਮੀ ਜਮਹੂਰੀ ਗੱਠਜੋੜ (ਐਨ.ਡੀ.ਏ.) ਅਤੇ ਭਾਜਪਾ ਨੂੰ ਮਿਲਿਆ ਸੀ।

2019 'ਚ ਲੋਕ ਸਭਾ ਚੋਣਾਂ ਤੈਅ ਸਮੇਂ 'ਤੇ ਹੋਈਆਂ। ਉਸ ਸਾਲ ਫਰਵਰੀ ਤੋਂ ਪਹਿਲਾਂ ਕੋਈ ਵੱਡੀ ਲਹਿਰ ਨਹੀਂ ਸੀ। ਪਰ ਫਰਵਰੀ 'ਚ ਜਵਾਨਾਂ 'ਤੇ ਪੁਲਵਾਮਾ 'ਚ ਹਮਲਾ ਅਤੇ ਪ੍ਰਤੀਕਰਮ ਵਜੋਂ ਬਾਲਾਕੋਟ ਹਮਲਾ ਹੋਇਆ। ਕੁਝ ਹਫ਼ਤਿਆਂ ਬਾਅਦ ਹੋਈਆਂ ਲੋਕ ਸਭਾ ਚੋਣਾਂ 'ਚ ਨਰਿੰਦਰ ਮੋਦੀ ਨੇ ਆਮ ਨਾਗਰਿਕਾਂ ਦੀਆਂ ਰਾਸ਼ਟਰਵਾਦੀ ਭਾਵਨਾਵਾਂ ਦਾ ਫਾਇਦਾ ਚੁੱਕਿਆ। ਹੁਣ ਜੇਕਰ ਲੋਕ ਸਭਾ ਚੋਣਾਂ ਤੈਅ ਪ੍ਰੋਗਰਾਮ ਅਨੁਸਾਰ ਹੁੰਦੀਆਂ ਹਨ ਤਾਂ ਇਹ 2024 'ਚ ਅਪ੍ਰੈਲ ਅਤੇ ਮਈ 'ਚ ਹੋਣਗੀਆਂ।

2019 'ਚ ਲੋਕ ਸਭਾ ਚੋਣਾਂ 11 ਅਪ੍ਰੈਲ ਤੋਂ 19 ਮਈ ਤੱਕ ਸੱਤ ਪੜਾਵਾਂ 'ਚ ਹੋਈਆਂ ਸਨ। ਨਤੀਜੇ 23 ਮਈ ਨੂੰ ਐਲਾਨੇ ਗਏ ਸਨ। ਭਾਜਪਾ ਨੂੰ 303 ਸੀਟਾਂ ਮਿਲੀਆਂ, ਜੋ ਪਾਰਟੀ ਦੇ ਇਤਿਹਾਸ 'ਚ ਬੇਮਿਸਾਲ ਹਨ। ਨਰਿੰਦਰ ਮੋਦੀ ਇਕ ਵਾਰ ਫਿਰ ਭਾਜਪਾ ਸਮਰਥਕਾਂ ਦੇ ਚਹੇਤੇ ਬਣ ਗਏ। ਅਪ੍ਰੈਲ-ਮਈ 2024 'ਚ ਤੈਅ ਲੋਕ ਸਭਾ ਚੋਣਾਂ 'ਚ ਅੱਠ ਮਹੀਨੇ ਬਚੇ ਹਨ।

ਅਮਿਤ ਸ਼ਾਹ ਜਮਹੂਰੀ ਲੋਕਤੰਤਰਿਕ ਗੱਠਜੋੜ ਦੇ ਮਾਸਟਰ ਰਣਨੀਤੀਕਾਰ ਅਤੇ ਪ੍ਰਧਾਨ ਮੰਤਰੀ ਕਿਹੜਾ ਤਰੁੱਪ ਦਾ ਪੱਤਾ ਆਪਣੀ ਛਾਤੀ ਨਾਲ ਲਾਈ ਬੈਠੇ ਹਨ ? ਕੀ ਉਹ ਇੰਡੀਆ ਗੱਠਜੋੜ ਨੂੰ ਬਿਨਾਂ ਕਿਸੇ ਰੁਕਾਵਟ ਦੇ ਤਾਕਤ ਹਾਸਿਲ ਕਰਨ ਦੇ ਸਕਦੇ ਹਨ ? ਇਸ ਸੰਦਰਭ ਵਿਚ ਇਹ ਭਾਰਤੀ ਰਾਜਨੀਤੀ ਦਾ ਲੱਖ ਟਕੇ ਦਾ ਸਵਾਲ ਹੈ ਕਿ ਅਗਲੀਆਂ ਲੋਕ ਸਭਾ ਚੋਣਾਂ ਕਦੋਂ ਅਤੇ ਕਿਵੇਂ ਹੋਣਗੀਆਂ ?

# ਸਿੰਗਾਪੁਰ ਦੇ ਉਪ ਪ੍ਰਧਾਨ ਮੰਤਰੀ ਵੋਂਗ ਨੇ ਸਿੱਖ ਭਾਈਚਾਰੇ ਦੇ ਯੋਗਦਾਨ ਦੀ ਕੀਤੀ ਸ਼ਲਾਘਾ

ਸਿੰਗਾਪੁਰ : ਸਿੰਗਾਪੁਰ ਦੇ ਉਪ ਪ੍ਰਧਾਨ ਮੰਤਰੀ ਲਾਰੈਂਸ ਵੋਂਗ ਨੇ ਕਿਹਾ ਹੈ ਕਿ ਦੇਸ਼ ਵਿਚ ਸਿੱਖਾਂ ਨੇ ਆਪਣੇ ਸੱਭਿਆਚਾਰ, ਧਰਮ ਅਤੇ ਵੱਖਰੀ ਪਛਾਣ ਨੂੰ ਕਾਇਮ ਰੱਖਦੇ ਹੋਏ ਵਿਭਿੰਨ ਖੇਤਰਾਂ ਵਿੱਚ ਅਹਿਮ ਯੋਗਦਾਨ ਪਾਇਆ ਹੈ। ਉਹ ਐਤਵਾਰ ਨੂੰ ਸਿੱਖ ਸਲਾਹਕਾਰ ਬੋਰਡ (ਐਸ.ਏ.ਬੀ.) ਦੀ 75ਵੀਂ ਵਰ੍ਹੇਗੰਢ ਮੌਕੇ ਆਯੋਜਿਤ ਰਾਤਰੀ ਭੋਜ ਵਿਚ ਬੋਲ ਰਹੇ ਸਨ। ਉਨ੍ਹਾਂ ਇਕੱਠ ਨੂੰ ਕਿਹਾ ਕਿ "ਤੁਸੀਂ ਸਾਰਿਆਂ ਨੇ ਆਪਣੇ-ਆਪਣੇ ਕਿੱਤੇ ਵਿੱਚ ਆਪਣੇ ਆਪ ਨੂੰ ਸਾਬਤ ਕੀਤਾ ਹੈ ਅਤੇ ਵੱਖ-ਵੱਖ ਖੇਤਰਾਂ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ ਹੈ ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਸਿੱਖਾਂ ਨੇ ਸਿੰਗਾਪੁਰ ਵਿੱਚ ਆਪਣੇ ਸੱਭਿਆਚਾਰ, ਧਰਮ ਅਤੇ ਵੱਖਰੀ ਪਛਾਣ ਨੂੰ ਬਰਕਰਾਰ ਰੱਖਦੇ ਹੋਏ ਇਹ ਸਭ ਕੁਝ ਕੀਤਾ ਹੈ। ਉਨ੍ਹਾਂ ਕਿਹਾ ਕਿ "ਭਾਵੇਂ ਸਿਵਲ ਸਰਵਿਸ ਹੋਵੇ ਜਾਂ ਸੁਰੱਖਿਆ ਬਲ, ਨਿਆਂਪਾਲਿਕਾ, ਵਪਾਰ, ਖੇਡਾਂ ਜਾਂ ਕੋਈ ਹੋਰ ਕਿੱਤਾ, ਸਭ ਵਿਚ ਸਿੱਖਾਂ ਚੰਗੀ ਪ੍ਰਤੀਨਿਧਤਾ ਕਰ ਰਹੇ ਹਨ। ਉਹ ਉੱਤਮ ਪ੍ਰਦਰਸ਼ਨ ਕਰ ਰਹੇ ਹਨ ਅਤੇ ਲੀਡਰਸ਼ਿਪ ਦੀ ਭੂਮਿਕਾ ਨਿਭਾ ਰਹੇ ਹਨ।"



ਉਪ ਪ੍ਰਧਾਨ ਮੰਤਰੀ ਨੇ ਕਿਹਾ ਕਿ ਸਰਕਾਰ ਦੇ ਦ੍ਰਿਸ਼ਟੀਕੋਣ ਤੋਂ ਅਸੀਂ ਭਾਈਚਾਰੇ ਨਾਲ ਇਸ ਨਜ਼ਦੀਕੀ ਸਾਂਝੇਦਾਰੀ ਦੀ ਕਦਰ ਕਰਦੇ ਹਾਂ ਅਤੇ ਇਸ ਨੂੰ ਮਹੱਤਵ ਦਿੰਦੇ ਹਾਂ। ਦੂਜੇ ਭਾਈਚਾਰਿਆਂ ਦੇ ਮੁਕਾਬਲੇ ਤੁਹਾਡੀ ਗਿਣਤੀ ਘੱਟ ਹੋ ਸਕਦੀ ਹੈ, ਪਰ ਸਿੰਗਾਪੁਰ ਵਿੱਚ ਤੁਹਾਡਾ ਯੋਗਦਾਨ ਬਹੁਤ ਜ਼ਿਆਦਾ ਹੈ।"ਵੋਂਗ ਨੇ ਤਿੰਨ ਸਾਲ ਪਹਿਲਾਂ 2020 ਵਿੱਚ ਕੋਰੋਨਾ ਵਾਇਰਸ ਮਹਾਮਾਰੀ ਦੌਰਾਨ ਦੇਸ਼ ਵਿੱਚ ਵਧੀਆਂ ਨਸਲੀ ਘਟਨਾਵਾਂ ਦਾ ਜ਼ਿਕਰ ਕੀਤਾ। ਉਨ੍ਹਾਂ ਭਰੋਸਾ ਦਿਵਾਇਆ ਕਿ ਸਥਿਤੀ ਹੁਣ ਸੁਧਰ ਰਹੀ ਹੈ ਅਤੇ ਹਾਲਾਤ ਹੁਣ ਸਥਿਰ ਹੋ ਗਏ ਹਨ। ਉਨ੍ਹਾਂ ਦੱਸਿਆ ਕਿ ਹੁਣ ਸਿੰਗਾਪੁਰ ਵਿੱਚ ਸਿੱਖਾਂ ਦੀ ਗਿਣਤੀ 13,000 ਦੇ ਕਰੀਬ ਹੈ।

# ਦਲਿਤਾਂ ਨਾਲ ਹੋ ਰਹੀ ਧੱਕੇਸ਼ਾਹੀ ਵਿਰੁੱਧ ਰਾਜਪਾਲ ਨੂੰ ਮੰਗ ਪੱਤਰ

## ਬਸਪਾ ਵੱਲੋਂ 13 ਅਗਸਤ ਨੂੰ ਜਲੰਧਰ 'ਚ ਦਲਿਤ ਮਹਾਂਪੰਚਾਇਤ ਕਰਨ ਦਾ ਐਲਾਨ

ਚੰਡੀਗੜ੍ਹ : ਬਹੁਜਨ ਸਮਾਜ ਪਾਰਟੀ (ਬਸਪਾ) ਦੇ ਸੂਬਾ ਪ੍ਰਧਾਨ ਜਸਵੀਰ ਸਿੰਘ ਗੜ੍ਹੀ ਦੀ ਅਗਵਾਈ ਹੇਠ ਪੰਜ ਮੈਂਬਰੀ ਵਫਦ ਨੇ ਸੂਬੇ ਦੇ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਨਾਲ ਚੰਡੀਗੜ੍ਹ ਸਥਿਤ ਰਾਜ ਭਵਨ ਵਿਖੇ ਮੁਲਾਕਾਤ ਕੀਤੀ। ਵਫ਼ਦ ਨੇ ਰਾਜਪਾਲ ਨੂੰ ਮਨੀਪੁਰ ਹਿੰਸਾ ਦੇ ਪੀੜਤਾਂ ਨੂੰ ਇਨਸਾਫ਼ ਦਵਿਾਉਣ ਲਈ ਅਤੇ ਪੰਜਾਬ ਸਰਕਾਰ 'ਚ ਦਲਿਤਾਂ ਨਾਲ ਹੋ ਰਹੀ ਧੱਕੇਸ਼ਾਹੀ ਨੂੰ ਰੋਕਣ ਲਈ ਮੰਗ ਪੱਤਰ ਦਿੱਤਾ। ਇਸ ਦੇ ਨਾਲ ਹੀ ਬਸਪਾ ਦੇ ਵਫ਼ਦ ਨੇ ਦਲਿਤਾਂ ਨੂੰ ਇਨਸਾਫ ਦਵਿਾਉਣ ਲਈ ਜਲੰਧਰ ਵਿਖੇ 13 ਅਗਸਤ ਨੂੰ ਦਲਿਤ ਮਹਾਪੰਚਾਇਤ ਕਰਨ ਦਾ ਐਲਾਨ ਕੀਤਾ।

ਸ੍ਰੀ ਗੜ੍ਹੀ ਨੇ ਰਾਜਪਾਲ ਨੂੰ ਕਿਹਾ ਕਿ ਪੰਜਾਬ ਦੇ ਜਲੰਧਰ ਜਿਲ੍ਹੇ 'ਚ ਪੁਲੀਸ ਪ੍ਰਸ਼ਾਸਨ ਵੱਲੋਂ ਦਲਿਤਾਂ ਨਾਲ ਧੱਕੇਸ਼ਾਹੀ ਕੀਤੀ ਜਾ ਰਹੀ ਹੈ। 23 ਜੁਲਾਈ ਨੂੰ ਜਲੰਧਰ 'ਚ ਆਪਣੇ ਹੱਕਾਂ ਲਈ ਸੰਘਰਸ਼ ਕਰ ਰਹੇ 163 ਦਲਿਤਾਂ 'ਤੇ ਪੰਜਾਬ ਪੁਲੀਸ ਨੇ ਝੂਠਾ ਕੇਸ ਦਰਜ ਕੀਤਾ। ਇਸ ਤੋਂ ਪਹਿਲਾਂ ਜਲੰਧਰ ਪੁਲੀਸ ਨੇ ਹੀ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਨੂੰ ਲਾਗੂ ਕਰਵਾਉਣ ਲਈ ਦਲਿਤ ਵਿਦਿਆਰਥੀ 'ਤੇ ਲਾਠੀਚਾਰਜ ਕੀਤਾ। ਉੱਧਰ ਸੂਬਾ ਸਰਕਾਰ ਨੇ ਅਨੁਸੂਚਿਤ ਜਾਤੀਆਂ ਕਮਿਸ਼ਨ ਦੇ ਢਾਂਚੇ ਨੂੰ ਖੋਰਾ ਲਾਉਂਦੇ ਹੋਏ ਮੈਂਬਰਾਂ ਦੀ ਗਿਣਤੀ 10 ਤੋਂ 5 ਕਰ ਦਿੱਤੀ ਅਤੇ ਚੇਅਰਮੈਨ ਦਾ ਅਹੁਦਾ ਡੇਢ ਸਾਲ ਤੋਂ ਖਾਲੀ ਹੈ। ਉਨ੍ਹਾਂ ਕਿਹਾ ਕਿ ਸੂਬੇ 'ਚ ਜਾਅਲੀ ਐੱਸਸੀ ਸਰਟੀਫਿਕੇਟਾਂ ਦੇ ਮਾਮਲੇ ਦੀ ਜਾਂਚ ਸਹੀ ਢੰਗ ਨਾਲ ਨਹੀਂ ਹੋ ਰਹੀ ਹੈ ਅਤੇ ਲਾਅ ਅਫਸਰਾਂ ਦੀ ਭਰਤੀ 'ਚ ਅਨੁਸੂਚਿਤ ਜਾਤੀਆਂ ਨੂੰ ਅਣਗੌਲਿਆ ਕਰ ਦਿੱਤਾ ਹੈ। ਬਸਪਾ ਦੇ ਵਫ਼ਦ ਨੇ ਰਾਜਪਾਲ ਤੋਂ ਅਪੀਲ ਕੀਤੀ ਕਿ ਕਿਸਾਨਾਂ ਤੇ ਖੇਤੀ ਦੀ ਗਿਰਦਾਵਰੀ ਦੇ ਨਾਲ ਨਾਲ ਜਾਤੀ ਧਰਮ ਦੇ ਵਿਤਕਰੇ ਤੋਂ ਉਪਰ ਉੱਠਕੇ ਗਰੀਬਾਂ ਤੇ ਮਜ਼ਦੂਰਾਂ ਦੇ ਕੱਚੇ ਮਕਾਨਾਂ, ਚੋਂਦੇ ਮਕਾਨਾਂ ਤੇ ਡਿੱਗੇ ਮਕਾਨਾਂ ਦਾ ਮੁਆਵਜ਼ਾ ਵੀ ਤੁਰੰਤ ਹੀ ਦਿੱਤਾ ਜਾਵੇ।



### ਚੰਡੀਗੜ੍ਹ ਵਿੱਚ ਪਾਰਟੀ ਦਫ਼ਤਰ ਲਈ ਜ਼ਮੀਨ ਮੰਗੀ

ਬਸਪਾ ਦੇ ਵਫ਼ਦ ਨੇ ਰਾਜਪਾਲ ਬਨਵਾਰੀ ਲਈ ਪੁਰੋਹਿਤ ਨੂੰ ਮੰਗ ਪੱਤਰ ਸੌਂਪਦੇ ਹੋਏ ਰਾਜਧਾਨੀ ਚੰਡੀਗੜ੍ਹ 'ਚ ਬਸਪਾ ਯੂਨਿਟ ਪੰਜਾਬ ਲਈ ਦਫ਼ਤਰ ਬਣਾਉਣ ਲਈ ਜ਼ਮੀਨ ਅਲਾਟ ਕਰਨ ਦੀ ਮੰਗ ਕੀਤੀ। ਵਫ਼ਦ ਨੇ ਕਿਹਾ ਕਿ ਬਸਪਾ 1996 ਤੋਂ ਭਾਰਤ ਦੇਸ਼ ਦੀ ਵੋਟਾਂ ਦੇ ਅਧਾਰ ਤੇ ਤੀਜੇ ਨੰਬਰ ਦੀ ਰਾਸ਼ਟਰੀ ਪਾਰਟੀ ਹੈ, ਜਿਸ ਦਾ ਦੇਸ਼ ਦੇ ਬਹੁ-ਗਿਣਤੀ ਸੂਬਿਆਂ 'ਚ ਭਾਰੀ ਜਨ ਅਧਾਰ ਹੈ। ਬਸਪਾ ਦੇ ਵਫਦ ਨੇ ਮੰਗ ਕੀਤੀ ਕਿ ਬਹੁਜਨ ਸਮਾਜ ਪਾਰਟੀ ਪੰਜਾਬ ਯੂਨਿਟ ਲਈ ਦਫਤਰ ਲਈ ਚੰਡੀਗੜ੍ਹ ਵਿੱਚ ਜਮੀਨ ਅਲਾਟ ਕੀਤੀ ਜਾਵੇ ਜੀ।

# ਰਾਜਪਾਲ ਨੇ ਮੁੱਖ ਮੰਤਰੀ ਨੂੰ ਕਿਹਾ-ਬਾਬਾ ਸਾਹਿਬ ਦੀ ਫੋਟੋ ਤਾਂ ਲਾਉਂਦੇ ਹੋ, ਪਰ ਸੰਵਿਧਾਨ ਦਾ ਪਾਲਣ ਨਹੀਂ ਕਰਦੇ

ਚੰਡੀਗੜ੍ਹ : ਪੰਜਾਬ ਦੇ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਤੇ ਮੁੱਖ ਮੰਤਰੀ ਭਗਵੰਤ ਮਾਨ ਦਰਮਿਆਨ ਦੂਰੀਆਂ ਵੱਧਦੀਆਂ ਜਾ ਰਹੀਆਂ ਹਨ। ਮੰਗਲਵਾਰ ਨੂੰ ਰਾਜਪਾਲ ਨੇ ਮੁੱਖ ਮੰਤਰੀ ਨੂੰ ਇਕ ਹੋਰ ਚਿੱਠੀ ਲਿਖ ਕੇ ਜਿੱਥੇ ਸਾਰੀਆਂ ਚਿੱਠੀਆਂ ਦਾ ਜਵਾਬ ਮੰਗਿਆ ਹੈ, ਉੱਥੇ ਨਸੀਹਤ ਦਿੱਤੀ ਹੈ ਕਿ ਆਪ ਸੰਵਿਧਾਨ ਨਿਰਮਾਤਾ ਡਾ. ਬੀਆਰ ਅੰਬੇਡਕਰ ਦੀ ਫੋਟੋ ਤਾਂ ਲਗਾਉਂਦੇ ਹੋ, ਪਰ ਉਨ੍ਹਾਂ ਦੇ ਸੰਵਿਧਾਨ ਦਾ ਪਾਲਣ ਨਹੀਂ ਕਰ ਰਹੇ। ਰਾਜਪਾਲ ਨੇ ਕਿਹਾ ਕਿ ਤੁਹਾਡੀ (ਮੁੱਖ ਮੰਤਰੀ) ਕਹਿਣੀ ਤੇ ਕਥਨੀ 'ਚ ਵੱਡਾ ਅੰਤਰ ਹੈ।



ਰਾਜਪਾਲ ਨੇ ਚਿੱਠੀ 'ਚ ਲਿਖਿਆ ਕਿ ਮੇਰੇ ਧਿਆਨ 'ਚ ਆਇਆ ਹੈ ਕਿ ਤੁਸੀਂ ਘਰ-ਘਰ ਆਟਾ ਪਹੁੰਚਾਉਣ ਦਾ ਫ਼ੈਸਲਾ ਕੀਤਾ ਹੈ। ਪਿਛਲੇ ਸਾਲ ਮੇਰੀ ਹਦਾਇਤ 'ਤੇ ਰਾਜ ਭਵਨ ਦੇ ਪ੍ਰਿੰਸੀਪਲ ਸੈਕਟਰੀ ਨੇ ਮੁੱਖ ਸਕੱਤਰ ਤੋਂ 24 ਸਤੰਬਰ 2022 ਨੂੰ ਘਰ-ਘਰ ਆਟਾ ਸਕੀਮ ਬਾਰੇ ਆਉਣ ਵਾਲੀਆਂ ਸਮੱਸਿਆਵਾਂ ਬਾਰੇ ਜਵਾਬ ਮੰਗਿਆਂ ਸੀ ਪਰ ਅਜੇ ਤੱਕ ਇਸ ਦਾ ਕੋਈ ਜਵਾਬ ਨਹੀਂ ਦਿੱਤਾ ਗਿਆ। ਪੰਜਾਬ ਸਰਕਾਰ ਵੱਲੋਂ ਸੁਪਰੀਮ ਕੋਰਟ 'ਚ ਦਾਖ਼ਲ ਪਟੀਸ਼ਨ ਦਾ ਹਵਾਲਾ ਦਿੰਦਿਆਂ ਰਾਜਪਾਲ ਨੇ ਕਿਹਾ ਕਿ ਸੁਪਰੀਮ ਕੋਰਟ ਨੇ ਬਾਬਾ ਸਾਹਿਬ ਡਾ. ਬੀਆਰ ਅੰਬੇਡਕਰ ਵੱਲੋਂ ਅਸੈਂਬਲੀ 'ਚ ਦਿੱਤੇ ਭਾਸ਼ਣ ਨੂੰ ਕੋਡ ਕਰ ਕੇ ਫ਼ੈਸਲਾ ਦਿੱਤਾ ਹੈ ਕਿ ਗਵਰਨਰ ਮਨਿਸਟਰ ਨੂੰ ਸਵਾਲ ਕਰ ਸਕਦਾ ਹੈ। ਇਹੀ ਨਹੀਂ ਮਨਿਸਟਰ ਵੱਲੋਂ ਲੋਕ ਹਿੱਤ ਖ਼ਿਲਾਫ਼ ਕੀਤੇ ਜਾ ਰਹੇ ਕੰਮ ਬਾਰੇ ਚਿਤਾਵਨੀ ਵੀ ਦੇ ਸਕਦਾ ਹੈ। ਪਾਰਦਰਸ਼ਤਾ, ਇਮਾਨਦਾਰੀ ਵਾਲਾ ਪ੍ਰਸ਼ਾਸਨ ਮੁਹੱਈਆ ਕਰਵਾਉਣਾ ਗਵਰਨਰ ਦੀ ਡਿਊਟੀ ਹੈ। ਲੋਕਾਂ ਦੀਆਂ ਇਛਾਵਾਂ ਦੇ ਉਲਟ ਕੰਮ ਕਰਨ 'ਤੇ ਗਵਰਨਰ ਸਰਕਾਰ ਜਾਂ ਪ੍ਰਸ਼ਾਸਨ ਨੂੰ ਸਵਾਲ ਖੜ੍ਹਾ ਕਰ ਸਕਦਾ ਹੈ। ਸੁਪਰੀਮ ਕੋਰਟ ਨੇ ਬਕਾਇਦਾ ਰਾਜਪਾਲ ਦੇ ਇਨ੍ਹਾਂ ਸਟੀਕ ਕੰਮਾਂ ਦੀ ਪ੍ਰੋੜਤਾਂ ਕੀਤੀ ਹੈ। ਰਾਜਪਾਲ ਨੇ ਮੁੱਖ ਮੰਤਰੀ ਨੂੰ ਲਿਖੀ ਚਿੱਠੀ 'ਚ ਕਿਹਾ ਕਿ ਉਨ੍ਹਾਂ ਨੂੰ ਉਮੀਦ ਹੈ ਕਿ ਤੁਸੀਂ (ਮੁੱਖ ਮੰਤਰੀ) ਬਾਬਾ ਸਾਹਿਬ ਦਾ ਭਾਸ਼ਣ ਨੂੰ ਦੇਖਦੇ ਹੋਏ ਮੇਰੀ ਚਿੱਠੀ ਦਾ ਜਵਾਬ ਦੇਵੋਗੇ।

ਜ਼ਿਕਰਯੋਗ ਹੈ ਕਿ ਰਾਜਪਾਲ ਨੇ 24 ਜੁਲਾਈ ਨੂੰ ਵੀ ਮੁੱਖ ਮੰਤਰੀ ਨੂੰ ਪੱਤਰ ਲਿਖ ਕੇ ਪੁਰਾਣੀਆਂ ਚਿੱਠੀਆਂ ਦਾ ਜਵਾਬ ਮੰਗਿਆ ਸੀ। ਇਸ ਤੋਂ ਬਾਅਦ ਰਾਜਪਾਲ ਤੇ ਮੁੱਖ ਮੰਤਰੀ ਦਰਮਿਆਨ ਬਜਟ ਸੈਸ਼ਨ ਬਲਾਉਣ ਨੂੰ ਲੈ ਕੇ ਵੀ ਤਕਰਾਰ ਪੈਦਾ ਹੋ ਗਿਆ ਸੀ। ਇਸ ਮਾਮਲੇ 'ਚ ਸਰਕਾਰ ਨੇ ਰਾਜਪਾਲ ਖ਼ਿਲਾਫ਼ ਸੁਪਰੀਮ ਕੋਰਟ 'ਚ ਪਟੀਸ਼ਨ ਦਾਖ਼ਲ ਕਰ ਦਿੱਤੀ ਸੀ। ਸੁਪਰੀਮ ਕੋਰਟ ਨੇ ਰਾਜਪਾਲ ਨੂੰ ਬਜਟ ਇਜਲਾਸ ਬਾਰੇ ਮਨਜ਼ੂਰੀ ਦੇਣ ਦੇ ਹੁਕਮ ਦਿੱਤੇ ਸਨ ਤੇ ਸਰਕਾਰ/ਮੁੱਖ ਮੰਤਰੀ ਨੂੰ ਵੀ ਰਾਜਪਾਲ ਵੱਲੋਂ ਮੰਗੀ ਸੂਚਨਾ ਦਾ ਜਵਾਬ ਦੇਣ ਲਈ ਕਿਹਾ ਸੀ।

# ਖਾਲਸਾ ਏਡ ਦੇ ਮੁਖੀ ਦੇ ਟਿਕਾਣਿਆਂ 'ਤੇ ਐੱਨਆਈਏ ਦੇ ਛਾਪੇ

## ਮੋਬਾਈਲ ਫੋਨ ਤੇ ਕਈ ਦਸਤਾਵੇਜ਼ ਕੀਤੇ ਜ਼ਬਤ; ਭਲਕੇ ਦਿੱਲੀ ਦਫ਼ਤਰ ਸੱਦਿਆ

ਪਟਿਆਲਾ : ਕੇਂਦਰੀ ਜਾਂਚ ਏਜੰਸੀ ਐੱਨਆਈਏ ਵੱਲੋਂ ਅੱਜ ਖਾਲਸਾ ਏਡ ਦੀ ਭਾਰਤ ਇਕਾਈ ਦੇ ਮੁਖੀ ਅਮਰਪ੍ਰੀਤ ਸਿੰਘ ਦੇ ਪਟਿਆਲਾ ਸਥਿਤ ਤਵੱਕਲੀ ਮੋੜ ਸਥਿਤ ਘਰ ਅਤੇ ਇਥੋਂ ਦੀ ਰਿਸ਼ੀ ਕਲੋਨੀ ਵਿਚਲੇ ਦਫ਼ਤਰ ਅਤੇ ਗੁਦਾਮ ਵਿਚ ਛਾਪਾ ਮਾਰਿਆ ਗਿਆ। ਅੱਜ ਤੜਕੇ ਹੀ ਉਨ੍ਹਾਂ ਦੇ ਘਰ ਪੁੱਜੀ ਵੀਹ ਮੈਂਬਰੀ ਟੀਮ ਨੇ ਸਭ ਤੋਂ ਪਹਿਲਾਂ ਉਨ੍ਹਾਂ ਦਾ ਮੋਬਾਈਲ ਫੋਨ ਜ਼ਬਤ ਕੀਤਾ। ਇਸ ਮਗਰੋਂ ਕਈ ਘੰਟਿਆਂ ਤੱਕ ਚੱਲੀ ਤਲਾਸ਼ੀ ਮੁਹਿੰਮ ਦੌਰਾਨ ਘਰੋਂ ਤੇ ਦਫ਼ਤਰੋਂ ਕਈ ਦਸਤਾਵੇਜ਼ ਜਬਤ ਕਰ ਕੇ ਟੀਮ ਨਾਲ ਲੈ ਗਈ। ਇਨ੍ਹਾਂ 'ਚ ਬੈਂਕ ਸਟੇਟਮੈਂਟਸ ਵੀ ਸ਼ਾਮਲ ਸਨ। ਅਧਿਕਾਰੀਆਂ ਨੇ ਅਮਰਪ੍ਰੀਤ ਸਿੰਘ ਨੂੰ ਕੁਝ ਦਸਤਾਵੇਜ਼ ਲੈ ਕੇ 3 ਅਗਸਤ ਨੂੰ ਏਜੰਸੀ ਦੇ ਦਿੱਲੀ ਸਥਿਤ ਦਫ਼ਤਰ ਵਿੱਚ ਪਹੁੰਚਣ ਦੀ ਹਦਾਇਤ ਵੀ ਕੀਤੀ ਹੈ।




ਜ਼ਿਕਰਯੋਗ ਹੈ ਕਿ ਆਪਣੀਆਂ ਸਮਾਜ ਸੇਵੀ ਸਰਗਰਮੀਆਂ ਨੂੰ ਲੈ ਕੇ 'ਖਾਲਸਾ ਏਡ' ਵਿਸ਼ਵ ਪੱਧਰ 'ਤੇ ਨਵਿੇਕਲੀ ਪਹਿਚਾਣ ਰੱਖਦੀ ਹੈ। ਪੰਜਾਬ ਤੇ ਹਰਿਆਣਾ 'ਚ ਆਏ ਤਾਜ਼ਾ ਹੜ੍ਹਾਂ ਦੌਰਾਨ ਵੀ ਖਾਲਸਾ ਏਡ ਵੱਲੋਂ ਅਮਰਪ੍ਰੀਤ ਸਿੰਘ ਦੀ ਅਗਵਾਈ ਹੇਠ ਸੇਵਾ ਜਾਰੀ ਹੈ। ਇਸੇ ਦੌਰਾਨ ਖਾਲਸਾ ਏਡ ਦੀ ਭਾਰਤ ਇਕਾਈ ਦੇ ਮੁਖੀ ਅਮਰਪ੍ਰੀਤ ਸਿੰਘ ਨੇ ਸ਼ਾਮ ਵੇਲੇ ਪ੍ਰੈੱਸ ਕਾਨਫਰੰਸ ਕਰ ਕੇ ਏਜੰਸੀ ਵੱਲੋਂ ਉਨ੍ਹਾਂ ਦਾ ਫੋਨ ਤੇ ਕਈ ਦਸਤਾਵੇਜ਼ ਜ਼ਬਤ ਕਰਨ ਦੀ ਪੁਸ਼ਟੀ ਕਰਦਿਆਂ ਕਿਹਾ ਕਿ 3 ਅਗਸਤ ਨੂੰ ਦਿੱਲੀ ਸਥਿਤ ਦਫ਼ਤਰ ਵਿੱਚ ਪੇਸ਼ ਹੋਣ ਲਈ ਕਿਹਾ ਗਿਆ ਹੈ। ਉਨ੍ਹਾਂ ਨੇ ਐੱਨਆਈਏ ਦੀ ਇਸ ਕਾਰਵਾਈ ਨੂੰ ਖਾਲਸਾ ਏਡ ਵੱਲੋਂ ਕੀਤੀ ਜਾ ਰਹੀ ਸੇਵਾ ਨੂੰ ਬਦਨਾਮ ਕਰਨ ਦੀ ਕੋਸ਼ਿਸ਼ ਕਰਾਰ ਦਿੱਤਾ। ਅਮਰਪ੍ਰੀਤ ਸਿੰਘ ਨੇ ਕਿਹਾ ਕਿ ਇਸ ਤੋਂ ਚੰਗਾ ਛਾਪੇ ਤੋਂ ਪਹਿਲਾਂ ਹੀ ਸੰਮਨ ਭੇਜ ਕੇ ਬੁਲਾ ਲਿਆ ਜਾਂਦਾ। ਉਨ੍ਹਾਂ ਕਿਹਾ ਕਿ ਛਾਪੇ ਮਾਰ ਕੇ ਉਨ੍ਹਾਂ ਨੂੰ ਡਰਾਉਣ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਉਨ੍ਹਾਂ ਐਲਾਨ ਕੀਤਾ ਕਿ ਖਾਲਸਾ ਏਡ ਵੱਲੋਂ ਪੰਜਾਬ ਅਤੇ ਹਰਿਆਣਾ ਵਿਚ ਹੜ੍ਹ ਪ੍ਰਭਾਵਿਤ ਲੋਕਾਂ ਦੀ ਸੇਵਾ ਲਈ ਚਲਾਏ ਜਾ ਰਹੇ ਕਰੀਬ 20 ਪ੍ਰਾਜੈਕਟ ਜਾਰੀ ਰਹਿਣਗੇ ਅਤੇ ਇਹ ਸੇਵਾ ਅਜਿਹੇ ਛਾਪਿਆਂ ਤੋਂ ਡਰ ਕੇ ਰੁਕਣ ਵਾਲੀ ਨਹੀਂ ਹੈ। ਪ੍ਰੈਸ ਕਾਨਫਰੰਸ ਦੌਰਾਨ ਮੈਨੇਜਰ ਗੁਰਪ੍ਰੀਤ ਸਿੰਘ ਵੀ ਮੌਜੂਦ ਸਨ।

# ਮਿਆਂਮਾਰ: ਆਂਗ ਸਾਨ ਸੂ ਕੀ ਦੀ ਸਜ਼ਾ 'ਚ ਕਟੌਤੀ

ਬੈਂਕਾਕ : ਮਿਆਂਮਾਰ ਦੀ ਫੌਜੀ ਸਰਕਾਰ ਨੇ ਗੱਦੀਓਂ ਲਾਹੀ ਆਗੂ ਆਂਗ ਸਾਨ ਸੂ ਕੀ ਦੀ ਜੇਲ੍ਹ ਦੀ ਸਜ਼ਾ ਨੂੰ ਘੱਟ ਕਰ ਦਿੱਤਾ ਹੈ। ਸਰਕਾਰ ਨੇ ਬੋਧੀ ਬਹੁਗਿਣਤੀ ਵਾਲੇ ਦੇਸ਼ ਵਿੱਚ ਇੱਕ ਧਾਰਮਿਕ ਤਿਉਹਾਰ ਮੌਕੇ ਉਸ ਦੀ ਸਜ਼ਾ ਵਿੱਚ ਕਟੌਤੀ ਕਰਨ ਦਾ ਐਲਾਨ ਕੀਤਾ ਹੈ। ਸਰਕਾਰੀ ਮੀਡੀਆ ਨੇ ਅੱਜ ਦੱਸਿਆ ਕਿ ਸਾਬਕਾ ਰਾਸ਼ਟਰਪਤੀ ਵਿਨ ਮਿੰਤ ਦੀ ਵੀ ਸਜ਼ਾ ਨੂੰ ਘੱਟ ਕੀਤਾ ਗਿਆ ਹੈ। ਸਰਕਾਰ ਨੇ 700 ਤੋਂ ਵੱਧ ਕੈਦੀਆਂ ਨੂੰ ਸਜ਼ਾ ਵਿੱਚ ਰਾਹਤ ਦਿੱਤੀ ਹੈ। ਮੀਡੀਆ ਵਿੱਚ ਕਿਹਾ ਗਿਆ ਹੈ ਕਿ ਸਜ਼ਾ 'ਚ ਕਟੌਤੀ ਦੇ ਬਾਵਜੂਦ 78 ਸਾਲਾ ਸੂ ਕੀ ਕੁੱਲ 27 ਸਾਲ ਜੇਲ੍ਹ ਵਿੱਚ ਰਹੇਗੀ। ਉਸ ਨੂੰ 33 ਸਾਲ ਦੀ ਸਜ਼ਾ ਸੁਣਾਈ ਗਈ ਸੀ।



# '84 ਸਿੱਖ ਵਿਰੋਧੀ ਦੰਗੇ: ਟਾਈਟਲਰ ਵੱਲੋਂ ਅਗਾਊਂ ਜ਼ਮਾਨਤ ਲਈ ਅਰਜ਼ੀ ਦਾਇਰ

## ਅਦਾਲਤ ਵਿੱਚ ਅਰਜ਼ੀ ਦਾ ਵਿਰੋਧ ਕਰਾਂਗੇ: ਫੂਲਕਾ

ਨਵੀਂ ਦਿੱਲੀ : ਕਾਂਗਰਸ ਆਗੂ ਜਗਦੀਸ਼ ਟਾਈਟਲਰ ਨੇ 1984 ਦੇ ਸਿੱਖ ਵਿਰੋਧੀ ਦੰਗਿਆਂ ਦੌਰਾਨ ਪੁਲ ਬੰਗਸ਼ ਕਤਲੇਆਮ ਨਾਲ ਸਬੰਧਤ ਕੇਸ ਵਿਚ ਅਗਾਊਂ ਜ਼ਮਾਨਤ ਲਈ ਅੱਜ ਇਥੋਂ ਦੀ ਰਾਊਜ਼ ਐਵੇਨਿਊ ਅਦਾਲਤ ਵਿੱਚ ਅਰਜ਼ੀ ਦਾਇਰ ਕੀਤੀ ਹੈ। ਜੱਜ ਵਿਕਾਸ ਢੱਲ ਨੇ ਇਸ 'ਤੇ ਸੀਬੀਆਈ ਨੂੰ ਨੋਟਿਸ ਜਾਰੀ ਕੀਤਾ ਹੈ ਅਤੇ 2 ਅਗਸਤ ਤੱਕ ਜਵਾਬ ਦਾਖ਼ਲ ਕਰਨ ਦਾ ਨਿਰਦੇਸ਼ ਦਿੱਤਾ ਹੈ। ਅਦਾਲਤ ਵੱਲੋਂ ਇਸੇ ਦਿਨ ਮਾਮਲੇ ਦੀ ਸੁਣਵਾਈ ਕੀਤੀ ਜਾ ਸਕਦੀ ਹੈ।

ਉਧਰ, ਇਸ ਮਾਮਲੇ ਵਿੱਚ ਪੀੜਤਾਂ ਵੱਲੋਂ ਪੈਰਵੀ ਕਰ ਰਹੇ ਸੀਨੀਅਰ ਵਕੀਲ ਐੱਚ ਐੱਸ ਫੂਲਕਾ ਨੇ ਕਿਹਾ ਕਿ ਇਹ ਮਾਮਲਾ ਸਿਰਫ਼ ਤਿੰਨ ਕਤਲਾਂ ਨਾਲ ਜੁੜਿਆ ਹੋਇਆ ਹੀ ਨਹੀਂ, ਸਗੋਂ ਨਸਲਕੁਸ਼ੀ ਨਾਲ ਸਬੰਧਤ ਵੀ ਹੈ। ਇਸ ਲਈ ਅਦਾਲਤ ਅੱਗੇ ਉਹ ਜ਼ੋਰਦਾਰ ਤਰੀਕੇ ਨਾਲ ਜ਼ਮਾਨਤ ਅਰਜ਼ੀ ਦਾ ਵਿਰੋਧ ਕਰਨਗੇ। ਸੀਬੀਆਈ ਨੇ ਇਸ ਕੇਸ ਵਿੱਚ ਟਾਈਟਲਰ ਖ਼ਿਲਾਫ਼ 20 ਮਈ ਨੂੰ ਚਾਰਜਸ਼ੀਟ ਦਾਖ਼ਲ ਕੀਤੀ ਸੀ। ਅਦਾਲਤ ਨੇ 26 ਜੁਲਾਈ ਨੂੰ ਇਸ ਮਾਮਲੇ ਵਿੱਚ ਚਾਰਜਸ਼ੀਟ ਦਾ ਨੋਟਿਸ ਲੈਂਦਿਆਂ ਟਾਈਟਲਰ ਨੂੰ 5 ਅਗਸਤ ਨੂੰ ਤਲਬ ਕੀਤਾ ਸੀ।



ਜ਼ਿਕਰਯੋਗ ਹੈ ਕਿ ਅਦਾਲਤ ਵਿੱਚ ਦਾਇਰ ਆਪਣੀ ਚਾਰਜਸ਼ੀਟ ਵਿੱਚ ਸੀਬੀਆਈ ਨੇ ਦੋਸ਼ ਲਾਇਆ ਕਿ ਟਾਈਟਲਰ ਨੇ ਪਹਿਲੀ ਨਵੰਬਰ 1984 ਨੂੰ ਆਜ਼ਾਦ ਮਾਰਕੀਟ ਦੇ ਪੁਲ ਬੰਗਸ਼ ਗੁਰਦੁਆਰੇ ਵਿੱਚ ਇਕੱਠੀ ਹੋਈ ਭੀੜ ਨੂੰ ਉਕਸਾਇਆ ਤੇ ਭੜਕਾਇਆ ਸੀ ਜਿਸ ਕਾਰਨ ਇਹ ਘਟਨਾ ਵਾਪਰੀ ਅਤੇ ਤਿੰਨ ਸਿੱਖ ਠਾਕੁਰ ਸਿੰਘ, ਬਾਦਲ ਸਿੰਘ ਤੇ ਗੁਰੂ ਚਰਨ ਸਿੰਘ ਦਾ ਕਤਲ ਕਰ ਦਿੱਤਾ ਗਿਆ।

# ਆਰਥਿਕ ਸੁਧਾਰਾਂ ਦੀਆਂ ਅਸਲ ਪ੍ਰਾਪਤੀਆਂ ਤੇ ਖੁੰਝਾਏ ਮੌਕੇ

ਟੀਐੱਨ ਨੈਨਾਨ

ਆਲਮੀ ਅਰਥਚਾਰੇ ਵਿਚ ਭਾਰਤ ਦੇ ਅਗਲੀ ਵੱਡੀ ਸ਼ੈਅ ਬਣ ਕੇ ਉਭਰਨ ਬਾਰੇ ਚੱਲ ਰਿਹਾ ਕੌਮਾਂਤਰੀ ਸਮੂਹ ਗਾਨ ਭਾਰਤ ਦੇ ਆਰਥਿਕ ਪ੍ਰਬੰਧਨ ਵਿਚ ਵਿਦਮਾਨ ਦੇਸ਼ ਦੀਆਂ ਪ੍ਰਾਪਤੀਆਂ ਅਤੇ ਖੁੰਝੇ ਮੌਕਿਆਂ ਨੂੰ ਸਹੀ ਢੰਗ ਨਾਲ ਬਿਆਨ ਨਹੀਂ ਕਰ ਰਿਹਾ। ਭਾਰਤ ਹੁਣ ਵੱਡੇ ਅਰਥਚਾਰਿਆਂ 'ਚੋਂ ਸਭ ਤੋਂ ਵੱਧ ਤੇਜ਼ੀ ਨਾਲ ਵਿਕਾਸ ਕਰਨ ਵਾਲਾ ਅਰਥਚਾਰਾ ਨਹੀਂ ਰਹਿ ਗਿਆ। 2022 ਵਿਚ ਸਾਊਦੀ ਅਰਬ ਦੀ ਆਰਥਿਕ ਵਿਕਾਸ ਦਰ 8.7 ਫ਼ੀਸਦ ਦਰਜ ਕੀਤੀ ਗਈ ਹੈ ਜਿਸ ਤੋਂ ਬਾਅਦ ਵੀਅਤਨਾਮ ਨੇ 8 ਫ਼ੀਸਦ ਦਰ ਨਾਲ ਵਿਕਾਸ ਕੀਤਾ ਹੈ। 2023 ਦੀ ਪਹਿਲੀ ਤਿਮਾਹੀ ਵਿਚ ਫਿਲਪੀਨਜ਼ ਨੇ 6.4 ਫ਼ੀਸਦ ਦੀ ਦਰ ਨਾਲ ਵਿਕਾਸ ਕਰ ਕੇ ਭਾਰਤ ਨਾਲੋਂ ਬਿਹਤਰ ਕਾਰਗੁਜ਼ਾਰੀ ਦਿਖਾਈ ਹੈ। ਇਹ ਠੀਕ ਹੈ ਕਿ ਇਹ ਅਰਥਚਾਰੇ ਭਾਰਤੀ ਅਰਥਚਾਰੇ ਨਾਲੋਂ ਕਾਫ਼ੀ ਛੋਟੇ ਹਨ ਪਰ ਸਾਊਦੀ ਅਰਬ ਤਾਂ ਇਕ ਖਰਬ ਡਾਲਰ ਦਾ ਅਰਥਚਾਰਾ ਹੈ ਅਤੇ ਦੋ ਦੂਜੇ ਅਰਥਚਾਰੇ



ਬੰਗਲਾਦੇਸ਼, ਪਾਕਿਸਤਾਨ, ਇਰਾਨ, ਮਿਸਰ ਅਤੇ ਦੱਖਣੀ ਅਫਰੀਕਾ ਜਿਹੇ ਖੇਤਰੀ ਖਿਡਾਰੀਆਂ ਤੋਂ ਵੱਡੇ ਖਿਡਾਰੀ ਹਨ।

'ਚਾਇਨਾ ਪਲੱਸ ਵੰਨ' ਵਾਲੇ ਮੰਜ਼ਰ ਦਾ ਵੀ ਭਾਰਤ ਇਕਮਾਤਰ ਲਾਭਪਾਤਰੀ ਨਹੀਂ ਸਗੋਂ ਵੀਅਤਨਾਮ ਵਡੇਰਾ ਲਾਭਪਾਤਰੀ ਹੈ। ਭਾਰਤ ਪੂਰਬੀ ਏਸ਼ਿਆਈ ਅਰਥਚਾਰਿਆਂ ਨਾਲ ਚੰਗੀ ਤਰ੍ਹਾਂ ਨਾ ਜੁੜੇ ਹੋਣ ਅਤੇ ਖੇਤਰੀ ਵਿਆਪਕ ਆਰਥਿਕ ਸਾਂਝ ਭਿਆਲੀ (ਆਰਸੀਈਪੀ) ਦਾ ਮੈਂਬਰ ਨਾ ਹੋਣ ਕਰ ਕੇ ਇਸ ਦੀ ਪੁਜ਼ੀਸ਼ਨ ਥਾਈਲੈਂਡ, ਮਲੇਸ਼ੀਆ ਤੇ ਇੰਡੋਨੇਸ਼ੀਆ ਵਰਗੀ ਨਹੀਂ। ਪੱਛਮ ਨੂੰ ਬਰਾਮਦਾਂ ਦੇ ਲਿਹਾਜ਼ ਤੋਂ ਅਮਰੀਕਾ ਨੂੰ ਭੇਜੇ ਜਾਂਦੇ ਵਸਤਰਾਂ ਦੇ ਮਾਮਲੇ 'ਚ ਵੀਅਤਨਾਮ ਹੁਣ ਚੀਨ ਦੇ ਬਰਾਬਰ ਆ ਗਿਆ ਹੈ। ਯਕੀਨਨ, ਭਾਰਤ ਅਹਿਮ ਉਭਰਦਾ ਖਿਡਾਰੀ ਹੈ ਅਤੇ ਇਸ ਦੀ ਪਹੁੰਚ ਹੋਰਨਾਂ ਮੁਲਕਾਂ ਨਾਲੋਂ ਕਿਤੇ ਜਿ?ਆਦਾ ਹੈ ਪਰ ਇਹ ਹਾਲੇ ਵੀ ਪੂਰਬੀ ਏਸ਼ਿਆਈ ਦੇਸ਼ਾਂ ਦੇ ਝੁੰਡ ਵਿਚ ਹੀ ਖੜ੍ਹਾ ਹੈ। ਆਰਥਿਕ ਵਿਕਾਸ ਵਿਚ ਸਪੱਸ਼ਟ ਤੌਰ 'ਤੇ ਅੱਵਲ ਦਰਜਾ ਬਣਨ ਲਈ ਅਜੇ ਇਸ ਨੂੰ ਕਾਫ਼ੀ ਕੁਝ ਕਰਨ ਦੀ ਲੋੜ ਹੈ।

ਦੀਰਘਕਾਲੀ ਨਜ਼ਰੀਏ ਤੋਂ ਭਾਰਤ ਦੀ ਅਸਲ ਸਫਲਤਾ ਇਹ ਹੈ ਕਿ ਇਸ ਦੇ ਵਿਆਪਕ ਆਰਥਿਕ ਪ੍ਰਬੰਧਨ ਵਿਚ ਕਾਫ਼ੀ ਜ਼ਿਆਦਾ ਸੁਧਾਰ ਹੋਇਆ ਹੈ। ਥੋਕ ਕੀਮਤ ਮਹਿੰਗਾਈ ਦਰ ਵਿਚ 1970 ਦੇ 9 ਫ਼ੀਸਦ ਅਤੇ 1980ਵਿਆਂ ਦੇ 8 ਫ਼ੀਸਦ ਅਤੇ ਫਿਰ ਕੁਝ ਦਹਾਕੇ 6 ਫ਼ੀਸਦ ਰਹਿਣ ਤੋਂ ਬਾਅਦ ਹੁਣ ਇਹ ਦਰ ਪਿਛਲੇ ਦਹਾਕੇ ਵਿਚ 4 ਫ਼ੀਸਦ ਤੋਂ ਘੱਟ ਦਰਜ ਕੀਤੀ ਗਈ ਹੈ। ਖਪਤਕਾਰ ਕੀਮਤ ਮਹਿੰਗਾਈ ਦਰ ਦੀ ਸਥਿਤੀ ਵੀ ਇਹੋ ਜਿਹੀ ਹੈ ਜੋ ਪਿਛਲੇ ਦਹਾਕੇ ਦੌਰਾਨ 6% ਤੋਂ ਹੇਠਾਂ ਰਹੀ ਸੀ ਜਦਕਿ ਇਸ ਤੋਂ ਦੋ ਦਹਾਕੇ ਪਹਿਲਾਂ ਇਹ 7.5% ਰਹੀ ਸੀ।

ਇਸ ਅਰਸੇ ਦੌਰਾਨ ਮਾਲੀ ਘਾਟੇ (ਕੇਂਦਰ ਅਤੇ ਸੂਬਿਆਂ ਦੋਵੇਂ ਮਿਲਾ ਕੇ) ਕਾਫ਼ੀ ਜ਼ਿਆਦਾ ਉੱਚੇ ਰਹਿਣ ਦੇ ਬਾਵਜੂਦ ਮਹਿੰਗਾਈ ਦਰਾਂ ਵਿਚ ਚੋਖੀ ਕਮੀ ਕਿਉਂ ਹੋਈ ਹੈ, ਇਸ ਬਾਰੇ ਅਰਥਸ਼ਾਸਤਰੀਆਂ ਨੂੰ ਖੁਲਾਸਾ ਕਰਨ ਦੀ ਲੋੜ ਹੈ। ਸ਼ਾਇਦ ਇਹ ਫ਼ਰਕ ਪਿਆ ਹੈ ਕਿ 1991 ਦੇ ਆਰਥਿਕ ਸੁਧਾਰਾਂ ਤੋਂ ਬਾਅਦ ਧਨ ਦੀ ਛਪਾਈ ਹੁਣ ਆਪਣੇ ਆਪ ਕੇਂਦਰੀ ਵਿੱਤੀ ਘਾਟਿਆਂ ਦੇ ਰੂਪ ਵਿਚ ਨਹੀਂ ਕੀਤੀ ਜਾਂਦੀ। ਇਸ ਦੀ ਬਜਾਇ ਸਰਕਾਰ ਵਿੱਤੀ ਬਾਜ਼ਾਰ ਤੋਂ ਉਧਾਰ ਲੈਂਦੀ ਹੈ, ਇਹ ਬੈਂਕ ਮੁਖੀ ਨਾ ਹੋਣ ਕਰ ਕੇ ਇਹ ਜਿ?ਆਦਾ ਗਹਿਰਾਈ ਤੇ ਚੌੜਾਈ ਹਾਸਲ ਕਰ ਲੈਂਦਾ ਹੈ। ਇਹ ਵੀ ਪ੍ਰਾਪਤੀ ਹੈ।

ਬਾਹਰੀ ਮੁਹਾਜ਼ 'ਤੇ ਹੋਇਆ ਸੁਧਾਰ ਵੀ ਇੰਨਾ ਹੀ ਅਹਿਮ ਹੈ। 1990ਵਿਆਂ ਦਾ ਦਹਾਕਾ ਡਾਲਰ ਦੀ ਕਮੀ ਦੇ ਦਹਾਕਿਆਂ ਦੇ ਅੰਤ ਦਾ ਪ੍ਰਤੀਕ ਬਣ ਗਿਆ ਸੀ। ਅਦਾਇਗੀਆਂ ਦੇ ਸਮੁੱਚੇ ਸੰਤੁਲਨ (ਚਲੰਤ ਅਤੇ ਪੂੰਜੀ ਖਾਤਿਆਂ ਦੋਵਾਂ ਨੂੰ ਮਿਲਾ ਕੇ) 1992-2002 ਦੌਰਾਨ 52 ਅਰਬ ਡਾਲਰ ਦਾ ਸਰਪਲੱਸ ਹੋਇਆ ਸੀ। ਅਗਲੇ ਦਹਾਕੇ ਵਿਚ ਇਹ ਚਾਰ ਗੁਣਾ ਵਧ ਕੇ 212 ਅਰਬ ਡਾਲਰ ਹੋ ਗਿਆ ਸੀ ਅਤੇ ਪਿਛਲੇ ਦਹਾਕੇ (2012-2022) ਦੌਰਾਨ ਇਹ ਹੋਰ ਵਧ ਕੇ 354 ਅਰਬ ਡਾਲਰ ਹੋ ਗਿਆ ਸੀ। ਇਸ ਤੋਂ ਇਲਾਵਾ ਇਮਦਾਦ ਅਤੇ ਵਿਦੇਸ਼ੀ ਉਧਾਰ ਵਿਚ ਚੋਖੀ ਗਿਰਾਵਟ ਆਈ ਹੈ। ਰਿਜ਼ਰਵ ਬੈਂਕ ਦੇ ਵਿਦੇਸ਼ੀ ਮੁਦਰਾ ਭੰਡਾਰ ਤੋਂ ਸਮੁੱਚੇ ਨਤੀਜੇ ਪ੍ਰਗਟ ਹੁੰਦੇ ਹਨ।

ਇਹ ਸਭ ਬਣੀਆਂ ਬਣਾਈਆਂ ਚੀਜ਼ਾਂ ਦੇ ਵਪਾਰ ਵਿਚ ਘਾਟਾ ਵਧਣ ਦੇ ਬਾਵਜੂਦ ਹੋਇਆ ਹੈ ਜੋ ਪਿਛਲੇ ਦਹਾਕੇ ਵਿਚ ਸਾਲਾਨਾ 150 ਅਰਬ ਡਾਲਰ ਹੋ ਗਿਆ ਸੀ; 1992-2002 ਦੇ ਦਹਾਕੇ ਵਿਚ ਇਹ ਮਹਿਜ਼ 11 ਅਰਬ ਡਾਲਰ ਸੀ। ਜੀਡੀਪੀ ਦੇ ਅਨੁਪਾਤ ਵਿਚ ਇਹ ਵਪਾਰ ਘਾਟਾ ਇਸ ਵੇਲੇ 5-6 ਫ਼ੀਸਦ ਹੋ ਗਿਆ ਹੈ ਜੋ ਇਸ ਤੋਂ ਪਿਛਲੇ ਦਹਾਕੇ ਵਿਚ ਕਾਫ਼ੀ ਘੱਟ ਸੀ। ਉਂਝ, ਸੇਵਾਵਾਂ ਦੀਆਂ ਬਰਾਮਦਾਂ ਵਿਚ ਚੋਖਾ ਵਾਧਾ ਹੋਣ ਨਾਲ ਇਸ ਦੀ ਭਰਪਾਈ ਹੋ ਰਹੀ ਹੈ। ਵਿਦੇਸ਼ੀ ਨਿਵੇਸ਼ ਵਿਚ ਭਰਵਾਂ ਵਾਧਾ ਹੋਣ ਨਾਲ ਵਾਧੂ ਲਾਭ ਮਿਲਦਾ ਹੈ ਅਤੇ ਪਿਛਲੇ ਤਿੰਨ ਦਹਾਕਿਆਂ ਦੌਰਾਨ ਕਰੀਬ 950 ਅਰਬ ਡਾਲਰ ਦਾ ਨਿਵੇਸ਼ ਹੋਇਆ ਹੈ।

ਇਸ ਨਾਲ ਕਰੰਸੀ ਨੂੰ ਕਾਫ਼ੀ ਸਥਿਰਤਾ ਹਾਸਲ ਹੋਈ ਹੈ। ਡਾਲਰ ਦੇ ਮੁਕਾਬਲੇ ਰੁਪਏ ਦੀ ਕੀਮਤ ਵਿਚ ਭਾਵੇਂ ਹਾਲੇ ਵੀ ਕਮੀ ਆ ਰਹੀ ਹੈ ਪਰ ਇਸ ਦੀ ਕੀਮਤ ਵਿਚ ਸਾਲਾਨਾ ਗਿਰਾਵਟ ਜੋ 1991-93 ਵਿਚ 5.5 ਫ਼ੀਸਦ ਸੀ 1996 ਤੱਕ ਆਉਂਦਿਆਂ ਔਸਤਨ 3 ਫ਼ੀਸਦ ਰਹਿ ਗਈ ਸੀ। ਉਦੋਂ ਤੋਂ ਇਸ ਵਿਚ ਸੁਧਾਰ ਹੁੰਦਾ ਆ ਰਿਹਾ ਹੈ ਅਤੇ ਪਿਛਲੇ ਦੋ ਦਹਾਕਿਆਂ ਦੌਰਾਨ ਰੁਪਏ ਦੀ ਕੀਮਤ ਵਿਚ ਔਸਤ ਸਾਲਾਨਾ ਕਮੀ 2.4 ਫ਼ੀਸਦ ਰਹਿ ਗਈ ਹੈ।

ਇਨ੍ਹਾਂ ਦਹਾਕਿਆਂ ਦੌਰਾਨ ਹੋਈਆਂ ਢਾਂਚਾਗਤ ਤਬਦੀਲੀਆਂ ਦੀ ਅਹਿਮੀਅਤ ਇਹ ਰਹੀ ਹੈ ਕਿ ਅਰਥਚਾਰਾ ਅਤੇ ਕਰੰਸੀ ਹੁਣ ਕਿਤੇ ਜ਼ਿਆਦਾ ਸਥਿਰ ਹਨ ਅਤੇ ਸ਼ਾਇਦ ਇਸੇ ਕਰ ਕੇ ਰਾਜਨੀਤੀ ਵੀ ਸਥਿਰ ਹੈ। ਜਿਹੜਾ ਟੀਚਾ ਹਾਸਲ ਕੀਤਾ ਜਾਣਾ ਬਾਕੀ ਹੈ, ਉਹ ਹੈ ਤੇਜ਼ ਰਫ਼ਤਾਰ ਵਿਕਾਸ ਦੀ ਪਰਵਾਜ਼ ਜੋ ਰੌਲੇ ਰੱਪੇ ਦੇ ਬਾਵਜੂਦ ਹਾਲੇ ਤੱਕ ਵੀਹਵੀ ਸਦੀ ਦੇ ਮੱਧ ਤੋਂ ਲੈ ਕੇ ਪੂਰਬੀ ਏਸ਼ਿਆਈ ਅਰਥਚਾਰਿਆਂ ਦੀ ਆਰਥਿਕ ਤਰੱਕੀ ਦੇ ਰਿਕਾਰਡ ਦੀ ਬਰਾਬਰੀ ਨਹੀਂ ਕਰ ਸਕੀ। ਇਸ ਲਈ ਸ਼ਰਮਿੰਦੇ ਹੋਣ ਦੀ ਨਹੀਂ ਸਗੋਂ ਆਤਮ-ਝਾਤ ਦੀ ਲੋੜ ਹੈ।

## ਜੋੜ ਮੇਲਾ ਬਾਬਾ ਬਕਾਲਾ, ਜਾਂ ਗੁਰੂ ਲਾਧੋ ਪੁਰਬ , ਰੱਖੜੀ ਵਾਲੇ ਦਿਨ ਮਨਾਇਆ ਜਾਂਦਾ, ਰੱਖੜੀ ਸਾਵਣ ਦੀ ਪੁੰਨਿਆ ਨੂੰ ਹੁੰਦੀ ਹੈ। ਪੁੰਨਿਆ ਅੱਜ ਹੈ। ਅੱਜ ਵਾਲੀ ਪੁੰਨਿਆ ਅਸ਼ੁਭ ਹੈ। ਹੁਣ 31 ਅਗਸਤ ਨੂੰ ਸਾਵਣ ਦੀ ਪੁੰਨਿਆ ਫੇਰ ਆਵੇਗੀ ਉਹ ਸ਼ੁਭ ਹੋਵੇਗੀ । ਉਸ ਦਿਨ ਗੁਰੂ ਲਾਧੋ ਰੇ, ਮਨਾਇਆ ਜਾਵੇਗਾ। ਕਮੇਟੀ ਵੀ ਸ਼ੁਭ-ਅਸ਼ੁਭ ਨੂੰ ਮੰਨਦੀ ਹੈ। ਗਰਭ ਸੇ ਕਹੋ ਹਮ ਹਿੰਦੂ ਹੈ



ਸਰਵਜੀਤ ਸਿੰਘ
ਸੈਕਰਾਮੈਂਟੋ
Isarbjits@gmail.com



ਸਤਿਕਾਰ ਯੋਗ ਸੱਜਣੋ,
ਵਾਹਿਗੁਰੂ ਜੀ ਕਾ ਖਾਲਸਾ।
ਵਾਹਿਗੁਰੂ ਜੀ ਕੀ ਫ਼ਤਿਹ।
ਬੇਨਤੀ ਇਹ ਹੈ ਕਿ;

ਡਾ. ਰੂਪ ਸਿੰਘ ਜੀ ਦਾ ਲੇਖ, "ਹਰਿਕਿਸਨ ਭਯੋ ਅਸਟਮ ਬਲਬੀਰਾ" ਪੜ੍ਹ ਰਿਹਾ ਸੀ। ਜਿਸ ਵਿੱਚ ਉਨ੍ਹਾਂ ਨੇ ਅੱਠਵੇਂ ਪਾਤਸ਼ਾਹ ਜੀ ਦੇ ਇਤਿਹਾਸ ਨੂੰ ਆਪਣੇ ਅੰਦਾਜ਼ 'ਚ ਪੇਸ਼ ਕੀਤਾ ਹੈ। ਸ਼ਬਦਾਂ ਦੀ ਚੋਣ ਅਤੇ ਰਵਾਨਗੀ ਵੱਖੋ ਮਿਆਰੀ ਲਿਖਤ ਵਿੱਚ, ਇਕ ਤਕਨੀਕੀ ਖ਼ਾਮੀ ਰੜਕਦੀ ਹੈ। ਤਾਰੀਖਾਂ ਸਬੰਧੀ ਅਜਿਹੀਆਂ ਖ਼ਾਮੀਆਂ ਆਮ ਅਖ਼ਬਾਰੀ ਲੇਖਾਂ ਸਮੇਤ ਇਤਿਹਾਸਕਾਰਾਂ ਦੀਆਂ ਲਿਖਤਾਂ ਵਿੱਚ ਅਕਸਰ ਮਿਲਦੀਆਂ ਹਨ। ਡਾ. ਰੂਪ ਸਿੰਘ ਜੀ ਆਪਣੇ ਲੇਖ ਦੇ ਆਰੰਭ ਵਿੱਚ ਲਿਖਦੇ ਹਨ, "ਸ੍ਰੀ ਗੁਰੂ ਹਰਿਕਿਸ਼ਨ ਜੀ ਦਾ ਪ੍ਰਕਾਸ਼ 7 ਜੁਲਾਈ 1656 ਈ: ਨੂੰ ਗੁਰੂ ਹਰਿ ਰਾਇ ਸਾਹਿਬ ਦੇ ਘਰ ਸ਼ੀਸ਼ ਮਹਿਲ ਕੀਰਤਪੁਰ ਸਾਹਿਬ ਵਿਖੇ ਹੋਇਆ, ਇਸ ਵਾਰ 11 ਜੁਲਾਈ ਨੂੰ ਮਨਾਇਆ ਜਾ ਰਿਹਾ ਹੈ। ਹੁਣ ਸਵਾਲ ਪੈਂਦਾ ਹੁੰਦਾ ਹੈ ਕਿ ਜੇ ਗੁਰੂ ਹਰਿਕਿਸ਼ਨ ਜੀ ਦਾ ਪ੍ਰਕਾਸ਼ 7 ਜੁਲਾਈ ਨੂੰ ਹੋਇਆ ਸੀ ਤਾਂ ਉਹ ਇਸ ਸਾਲ 11 ਜੁਲਾਈ ਨੂੰ ਕਿਉਂ ਮਨਾਇਆ ਗਿਆ, 7 ਜੁਲਾਈ ਨੂੰ ਹੀ ਕਿਉਂ ਨਹੀਂ ਮਨਾਇਆ ਗਿਆ? ਚੰਗਾ ਹੁੰਦਾ ਜੇ ਵਿਦਵਾਨ ਸੱਜਣ ਇਸ ਸਵਾਲ ਦਾ ਜਵਾਬ ਆਪਣੀ ਲਿਖਤ ਵਿੱਚ ਹੀ ਦੇ ਦਿੰਦਾ। ਪਰ ਨਹੀਂ, ਇਸ ਸਵਾਲ ਦਾ ਜਵਾਬ ਲਿਖਤ ਵਿੱਚ ਨਹੀਂ ਮਿਲਦਾ। ਅਜਿਹੀਆਂ ਖ਼ਾਮੀਆਂ ਲਈ ਮੈਂ ਕਿਸੇ ਇਕ ਲੇਖਕ ਜਾਂ ਵਿਦਵਾਨ ਨੂੰ ਜ਼ਿੰਮੇਵਾਰ ਨਹੀਂ ਸਮਝਦਾ। ਕੋਈ ਵੀ ਕਿਤਾਬ ਵੇਖ ਲਓ, ਨਿਰਾਸ਼ਾ ਹੀ ਪੱਲੇ ਪੈਂਦੀ ਹੈ।

ਸ਼੍ਰੋਮਣੀ ਕਮੇਟੀ ਵੱਲੋਂ ਛਾਪੇ ਕੈਲੰਡਰਾਂ ਨੂੰ ਵੇਖੋ, ਹਰ ਨਵੇਂ ਸਾਲ ਦਾ ਆਰੰਭ 1 ਚੇਤ ਤੋਂ ਹੁੰਦਾ ਹੈ ਅਤੇ ਸਾਲ ਦੇ 12 ਮਹੀਨੇ (ਚੇਤ ਤੋਂ ਫੱਗਣ) ਹੁੰਦੇ ਹਨ। ਹਰ ਮਹੀਨੇ ਦਾ ਆਰੰਭ ਸੂਰਜ ਦੇ ਨਵੀਂ ਰਾਸ਼ੀ ਵਿੱਚ ਪ੍ਰਵੇਸ਼ ਕਰਨ ਭਾਵ ਸੰਗਰਾਂਦ ਤੋਂ ਹੁੰਦਾ ਹੈ। ਇਸ ਤੋਂ ਸਪੱਸ਼ਟ ਹੈ ਕਿ ਸ਼੍ਰੋਮਣੀ ਕਮੇਟੀ ਹਰ ਸਾਲ ਸੂਰਜੀ ਬਿਕ੍ਰਮੀ ਕੈਲੰਡਰ (ਦ੍ਰਿਕ ਗਿਣਤ ਸਿਧਾਂਤ) ਛਾਪਦੀ ਹੈ। ਸੂਰਜੀ ਕੈਲੰਡਰ ਵਿੱਚ ਹਰ ਸਾਲ, ਹਰ ਦਿਹਾੜਾ ਮੁੜ ਉਸੇ ਪ੍ਰਵਿਸ਼ਟੇ ਨੂੰ ਆਉਂਦਾ ਹੈ। ਜਿਵੇਂ ਵੈਸਾਖੀ ਹਰ ਸਾਲ ਇਕ ਵੈਸਾਖ ਨੂੰ ਹੀ ਹੁੰਦੀ ਹੈ। ਪਰ ਗੁਰੂ ਹਰਿਕਿਸ਼ਨ ਸਾਹਿਬ ਜੀ ਦੇ ਪ੍ਰਕਾਸ਼ ਦਿਹਾੜੇ ਦਾ ਪ੍ਰਵਿਸ਼ਟਾ ਹਰ ਸਾਲ ਬਦਲ ਜਾਂਦਾ ਹੈ। ਸ਼੍ਰੋਮਣੀ ਕਮੇਟੀ ਦੀ ਵੈਬ ਸਾਈਟ (sgpc.net) ਉਪਰ, ਇਹ ਦਿਹਾੜਾ 8 ਸਾਵਣ ਸੰਮਤ 1713 ਬਿਕ੍ਰਮੀ ਦਰਜ ਹੈ। ਸਵਾਲ ਇਹ ਹੈ ਕਿ, ਇਹ ਦਿਹਾੜਾ ਹਰ ਸਾਲ 8 ਸਾਵਣ ਨੂੰ ਕਿਉ ਨਹੀਂ ਮਨਾਇਆ ਜਾਂਦਾ? ਇਸ ਦਿਹਾੜੇ ਦਾ ਪ੍ਰਵਿਸ਼ਟਾ ਹਰ ਸਾਲ ਕਿਉਂ ਬਦਲ ਦਿੱਤਾ ਜਾਂਦਾ ਹੈ? ਗੁਰੂ ਹਰਿਕਿਸ਼ਨ ਸਾਹਿਬ ਜੀ ਦਾ ਪ੍ਰਕਾਸ਼ ਦਿਹਾੜਾ ਹਰ ਸਾਲ 8 ਸਾਵਣ (23 ਜੁਲਾਈ) ਨੂੰ ਮਨਾਉਣ ਨਾਲ ਗੁਰਮਤਿ ਜਾਂ ਇਤਿਹਾਸ ਦੇ ਕਿਹੜੇ ਮੂਲ ਸਿਧਾਂਤ ਦੀ ਅਵੱਗਿਆ ਹੁੰਦੀ ਹੈ?

| ਸੰਮਤ ਨਾਨਕਸ਼ਾਹੀ | ਪ੍ਰਕਾਸ਼ ਦਿਹਾੜਾ |
|---|---|
| 551 (19-20) | 11 ਸਾਵਣ (26 ਜੁਲਾਈ) |
| 552 (20-21) | 31 ਹਾੜ (14 ਜੁਲਾਈ) |
| 553 (21-22) | 18 ਸਾਵਣ (2 ਅਗਸਤ) |
| 554 (22-23) | 7 ਸਾਵਣ (22 ਜੂਨ) |
| 555 (23-24) | 27 ਹਾੜ (11 ਜੁਲਾਈ |
| 556 (24-25) | 14 ਸਾਵਣ (29 ਜੁਲਾਈ) |

ਸਿੱਖ ਇਤਿਹਾਸ ਰੀਸਰਚ ਬੋਰਡ, ਯੂਨੀਵਰਿਸਟੀਆਂ ਦੇ ਵਿਦਵਾਨ ਸੱਜਣ, ਅੰਤਰਰਾਸ਼ਟਰੀ ਪ੍ਰਚਾਰਕ ਅਤੇ ਪੰਥ ਦਰਦੀਓ, ਤਾਰੀਖਾਂ ਸਬੰਧੀ ਅਜੇਹੀਆਂ ਸਮੱਸਿਆਂ ਵੱਲ ਵੇਖ ਕੇ, ਅੱਖਾਂ ਬੰਦ ਕਰਨ ਦੀ ਨੀਤੀ ਨਾਲ ਕਿੰਨਾ ਕੁ ਹੋਰ ਸਮਾਂ ਲਘਾਉਣਾ ਚਾਹੁੰਦੇ ਹੋ? ਇਕ ਨਾ ਇਕ ਦਿਨ ਤਾਂ ਇਸ ਸਚਾਈ ਦਾ ਸਾਹਮਣਾ ਕਰਨਾ ਹੀ ਪੈਣਾ ਹੈ। ਅਗਲੀ ਪੀੜੀ ਦੇ ਸਵਾਲਾਂ ਦੇ ਜਵਾਬ ਤਾਂ ਦੇਣੇ ਹੀ ਪੈਣੇ ਹਨ। ਸਤਿਕਾਰ ਯੋਗ ਸੱਜਣੋ, ਸਮੇਂ ਦੇ ਹਾਣੀ ਬਣੋ। ਇਸ ਗੱਲ ਤੋਂ ਉਪਰ ਉੱਠ ਕੇ, ਕਿ ਮੈਂ ਪਹਿਲਾ ਕੀ ਲਿਖਿਆ ਹੈ, ਇਤਿਹਾਸਿਕ ਵਸੀਲਿਆਂ ਵਿੱਚ ਮਿਲਦੀਆਂ ਵੱਖ-ਵੱਖ ਤਾਰੀਖਾਂ ਦੀ ਪੜਤਾਲ ਕਰਕੇ, ਇਤਿਹਾਸਿਕ ਤਾਰੀਖਾਂ ਦਾ ਫੈਸਲਾ ਕਰੋ। ਤਾਂ ਜੋ ਇਤਿਹਾਸ ਦੀ ਸ਼ੁਧਤਾ ਨੂੰ ਕਾਇਮ ਰੱਖਿਆ ਜਾ ਸਕੇ।

ਧੰਨਵਾਦ
ਸਤਿਕਾਰ ਸਹਿਤ
ਸਰਵਜੀਤ ਸਿੰਘ ਸੈਕਰਾਮੈਂਟੋ
(30 ਹਾੜ ਸੰਮਤ 555 ਨਾਨਕਸ਼ਾਹੀ)

## Notice

I Surinder Singh s/o Jattan Singh Bhogpur, District Jalandhar Punjab India and I Harjinder Singh Sooch 9416 Bogart ct Delhi CA give the power of attorney to our cousin Jagdeep Singh 30H karanpur district Ganganagar Now he lives in Sacramento California. But he said the above documents are not able to do anything so we request to cancel those documents. So we inform everybody to don't do any deal on those documents after January 1-2023

# ਵਿਸ਼ਵ ਦੇ ਮਹਾਨ ਆਰਕੀਟੈਕਟ 'ਭਾਈ ਰਾਮ ਸਿੰਘ'









1 ਅਗਸਤ 1858 ਨੂੰ ਬਟਾਲਾ ਨੇੜੇ ਇੱਕ ਛੋਟੇ ਜਿਹੇ ਪਿੰਡ ਰਸੂਲਪੁਰ ਵਿੱਚ ਮਿਸਤਰੀ ਆਸਾ ਸਿੰਘ ਦੇ ਘਰ ਜਨਮੇ ਰਾਮ ਸਿੰਘ ਬਾਰੇ ਕਿਸੇ ਨੇ ਸੋਚਿਆ ਵੀ ਨਹੀਂ ਹੋਵੇਗਾ ਕਿ ਰਾਮ ਸਿੰਘ ਵੱਡਾ ਹੋ ਕੇ ਅਜਿਹਾ ਮਹਾਨ ਆਰਕੀਟੈਕਟ ਬਣੇਗਾ ਕਿ ਹਰ ਪਾਸੇ ਲੋਕ ਦੁਨੀਆ ਨੇ ਉਸ ਦੁਆਰਾ ਡਿਜ਼ਾਈਨ ਕੀਤੀਆਂ ਇਮਾਰਤਾਂ ਨੂੰ ਦੇਖਿਆ ਹੋਵੇਗਾ। ਆਰਕੀਟੈਕਟ ਭਾਈ ਰਾਮ ਸਿੰਘ ਨੂੰ ਭਾਵੇਂ ਉਸ ਦੇ ਆਪਣੇ ਇਲਾਕੇ ਅਤੇ ਭਾਈਚਾਰੇ ਦੇ ਲੋਕ ਭੁੱਲ ਗਏ ਹੋਣ ਪਰ ਦੁਨੀਆਂ ਅੱਜ ਵੀ ਉਸ ਸਰਦਾਰ ਦੀ ਕਲਾ ਨੂੰ ਮੰਨਦੀ ਹੈ।

ਜਦੋਂ ਵੀ ਕੋਈ ਵਿਅਕਤੀ ਅੰਮ੍ਰਿਤਸਰ ਸਥਿਤ ਖਾਲਸਾ ਕਾਲਜ ਦੀ ਇਮਾਰਤ ਨੂੰ ਆਪਣੀਆਂ ਅੱਖਾਂ ਨਾਲ ਦੇਖਦਾ ਹੈ ਤਾਂ ਉਹ ਆਪਣੇ ਆਪ ਹੀ ਹੈਰਾਨ ਹੋ ਜਾਂਦਾ ਹੈ। ਪਰ ਬਹੁਤ ਸਾਰੇ ਲੋਕ ਇਸ ਸੁੰਦਰ ਇਮਾਰਤ ਨੂੰ ਡਿਜ਼ਾਈਨ ਕਰਨ ਵਾਲੇ ਦੰਤਕਥਾ ਬਾਰੇ ਨਹੀਂ ਜਾਣਦੇ ਹਨ੍ਹ ਖਾਲਸਾ ਕਾਲਜ ਦੀ ਸੁੰਦਰ ਇਮਾਰਤ ਦਾ ਨਕਸ਼ਾ ਪਿੰਡ ਰਸੂਲਪੁਰ ਨੇੜੇ ਬਟਾਲਾ ਦੇ ਜਮਪਾਲ ਭਾਈ ਰਾਮ ਸਿੰਘ ਨੇ ਤਿਆਰ ਕੀਤਾ ਸੀ। ਭਾਈ ਰਾਮ ਸਿੰਘ ਨੇ ਕਈ ਹੋਰ ਇਮਾਰਤਾਂ ਦੇ ਨਕਸ਼ੇ ਵੀ ਤਿਆਰ ਕੀਤੇ ਜੋ ਸਾਰੀਆਂ ਵਿਰਾਸਤੀ ਇਮਾਰਤਾਂ ਦਾ ਦਰਜਾ ਪ੍ਰਾਪਤ ਕਰ ਚੁੱਕੀਆਂ ਹਨ। ਭਾਈ ਰਾਮ ਸਿੰਘ ਨੇ ਸ਼੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਦੀ ਸੰਗਮਰਮਰ ਦੀ ਡਿਜ਼ਾਈਨਿੰਗ ਅਤੇ ਲੱਕੜ ਦੀ ਨੱਕਾਸ਼ੀ, ਇੰਗਲੈਂਡ ਦੀ ਮਹਾਰਾਣੀ ਵਿਕਟੋਰੀਆ ਪੈਲੇਸ ਦੀ ਇੰਟੀਰੀਅਰ ਡਿਜ਼ਾਈਨਿੰਗ, ਸੈਨੇਟ ਹਾਊਸ ਲਾਹੌਰ ਬਿਲਡਿੰਗ, ਗੁਰਦੁਆਰਾ ਸ਼੍ਰੀ ਸਾਰਾਗੜ੍ਹੀ ਅੰਮ੍ਰਿਤਸਰ, ਐਗਰੀਕਲਚਰ ਕਾਲਜ ਲਾਇਲਪੁਰ, ਆਰਟਸ ਕਾਲਜ ਲਾਹੌਰ, ਦਰਬਾਰ ਹਾਲ, ਕਪੂਰਥਲਾ ਕੋਰਟ ਸ਼ੋ। , ਲਾਹੌਰ ਬੋਰਡਿੰਗ ਹਾਊਸ (ਇਕਬਾਲ ਹਾਊਸ) ਸਰਕਾਰੀ ਕਾਲਜ, ਚੰਬਾ ਹਾਊਸ ਲਾਹੌਰ, ਮਲਿਕ ਉਮਰ ਹਯਾਤ ਦੀ ਰਿਹਾਇਸ਼ ਕਾਲੜਾ ਅਸਟੇਟ ਆਦਿ ਨੇ ਵਿਸ਼ਵ ਪ੍ਰਸਿੱਧ ਇਮਾਰਤਾਂ ਦੇ ਨਕਸ਼ੇ ਬਣਾਉਣ ਦੇ ਨਾਲ-ਨਾਲ ਸ਼ਾਨਦਾਰ ਇੰਟੀਰੀਅਰ ਡਿਜ਼ਾਈਨਿੰਗ ਦਾ ਕੰਮ ਵੀ ਕੀਤਾ।

ਪ੍ਰਸਿੱਧ ਪੰਜਾਬੀ ਲੇਖਕ ਹਰਪਾਲ ਸਿੰਘ ਪੰਨੂੰ ਭਾਈ ਰਾਮ ਸਿੰਘ ਬਾਰੇ ਆਪਣੇ ਇੱਕ ਲੇਖ ਵਿੱਚ ਜ਼ਿਕਰ ਕਰਦੇ ਹਨ ਕਿ ਵਿਸ਼ਵ ਪ੍ਰਸਿੱਧ ਆਰਕੀਟੈਕਟ ਭਾਈ ਰਾਮ ਸਿੰਘ ਇੱਕ ਸਧਾਰਨ ਰਾਮਗੜ੍ਹੀਆ ਪਰਿਵਾਰ ਨਾਲ ਸਬੰਧਤ ਸਨ ਅਤੇ ਉਨ੍ਹਾਂ ਦੇ ਪਿਤਾ ਸ: ਆਸਾ ਸਿੰਘ ਤਰਖਾਣ ਦਾ ਕੰਮ ਕਰਦੇ ਸਨ। ਸ: ਆਸਾ ਸਿੰਘ ਨੇ ਪਿੰਡ ਰਸੂਲਪੁਰ ਛੱਡ ਕੇ ਅੰਮ੍ਰਿਤਸਰ ਦੀ ਚਿਲ ਮੰਡੀ ਵਿੱਚ ਦੁਕਾਨਦਾਰੀ ਕਰਕੇ ਵਪਾਰ ਕਰਨਾ ਸ਼ੁਰੂ ਕਰ ਦਿੱਤਾ। ਅੰਮ੍ਰਿਤਸਰ ਦੇ ਮਿਸ਼ਨ ਸਕੂਲ ਤੋਂ ਭਾਈ ਰਾਮ ਸਿੰਘ ਨੇ 10ਵੀਂ ਜਮਾਤ ਤੱਕ ਪੜ੍ਹਾਈ ਕੀਤੀ ਅਤੇ ਆਪਣੇ ਪਿਤਾ ਨਾਲ ਤਰਖਾਣ ਦੇ ਕੰਮ ਵਿੱਚ ਹੱਥ ਵਟਾਉਣਾ ਸ਼ੁਰੂ ਕਰ ਦਿੱਤਾ। ਭਾਈ ਰਾਮ ਸਿੰਘ ਦੇ ਹੱਥਾਂ ਵਿੱਚ ਬਹੁਤ ਪ੍ਰਤਿਭਾ ਸੀ ਅਤੇ ਹਰ ਕੋਈ ਉਸਦੇ ਕੰਮ ਤੋਂ ਹੈਰਾਨ ਸੀ।

ਲਾਹੌਰ ਆਰਟ ਸਕੂਲ ਦਾ ਇੱਕ ਅਧਿਆਪਕ ਇੰਨੇ ਦਿਨ ਅੰਮ੍ਰਿਤਸਰ ਆਉਂਦਾ-ਜਾਂਦਾ ਰਹਿੰਦਾ ਸੀ। ਭਾਈ ਰਾਮ ਸਿੰਘ ਦੇ ਅਧਿਆਪਕਾਂ ਨੇ ਉਸ ਨੂੰ ਬੱਚੇ ਦੀ ਤਿੱਖਾਪਨ ਬਾਰੇ ਦੱਸਿਆ। ਜਨਵਰੀ 1874 ਵਿਚ ਉਹ ਰਾਮ ਸਿੰਘ ਨੂੰ ਲਾਹੌਰ ਲੈ ਗਿਆ ਅਤੇ ਉਥੇ ਆਰਟ ਸਕੂਲ ਵਿਚ ਦਾਖਲਾ ਲਿਆ।

ਰਾਮ ਸਿੰਘ ਨੇ ਬਾਕੀ ਵਿਦਿਆਰਥੀਆਂ ਤੋਂ ਪਹਿਲਾਂ ਗੋਰੇ ਅਧਿਆਪਕਾਂ ਨਾਲ ਅੰਗਰੇਜ਼ੀ ਵਿੱਚ ਗੱਲ ਕਰਨੀ ਸਿੱਖ ਲਈ। ਸਕੂਲ ਦੀ ਪਹਿਲੀ ਸਾਲਾਨਾ ਰਿਪੋਰਟ ਵਿੱਚ ਮੇਓ ਸਕੂਲ ਦੇ ਪ੍ਰਿੰ. ਕਿਪਲਿੰਗ ਲਿਖਦਾ ਹੈ ਕਿ ਸੰਗਮਰਮਰ ਦੀ ਨੱਕਾਸ਼ੀ ਕਰਨ ਵਾਲੇ ਮੂਰਤੀਕਾਰ ਦਾ ਪੁੱਤਰ ਮੁਹੰਮਦ ਦੀਨ, ਕਾਰਪੈਂਟਰੀ ਸਕੂਲ ਦਾ ਰਾਮ ਸਿੰਘ, ਸ਼ੇਰ ਮੁਹੰਮਦ ਲੁਹਾਰ ਅਤੇ ਐਡਵਿਨ ਹੋਲਡਨ ਹੋਣਹਾਰ ਵਿਦਿਆਰਥੀ ਹਨ ਪਰ ਰਾਮ ਸਿੰਘ ਵੱਡੇ ਇੰਜੀਨੀਅਰ ਦਾ ਸਹਾਇਕ ਬਣ ਕੇ ਵੱਡੀਆਂ ਬੁਲੰਦੀਆਂ 'ਤੇ ਪਹੁੰਚ ਜਾਵੇਗਾ। ਤਰਖਾਣ ਨਹੀਂ ਬਣੇਗਾ, ਬਿਲਡਰ ਬਣੇਗਾ। ਉਹ ਪੁਰਾਣੇ ਰਾਹਾਂ ਦੇ ਪਿੱਛੇ ਇੱਕ ਨਵਾਂ ਰਸਤਾ ਲੱਭਣ ਦੇ ਯੋਗ ਹੈ. ਭਵਿੱਖ ਵਿੱਚ ਪ੍ਰਿੰਸੀਪਲ ਕਿਪਲਿੰਗ ਦੀ ਇਹ ਭਵਿੱਖਬਾਣੀ ਬਿਲਕੁਲ ਸੱਚ ਸਾਬਤ ਹੋਈ।

ਦੱਸਿਆ ਜਾਂਦਾ ਹੈ ਕਿ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਮੇਮ ਸਾਹਿਬਾ ਦਾ ਪਿਆਨੋ ਖਰਾਬ ਹੋ ਗਿਆ। ਇਸ ਦੀ ਮੁਰੰਮਤ ਅਤੇ ਪਾਲਿਸ਼ ਕਰਨ ਲਈ ਜਨਰਲ ਮਕੈਨਿਕ ਨੂੰ ਥੋੜਾ ਜਿਹਾ ਬੁਲਾਉਣਾ ਪਿਆ ? ਤਲਾਸ਼ੀ ਸ਼ੁਰੂ ਕੀਤੀ ਤਾਂ ਦੱਸਿਆ ਗਿਆ ਕਿ ਜ਼ਿਲ੍ਹੇ ਵਿੱਚ 16 ਸਾਲਾ ਰਾਮ ਸਿੰਘ ਤੋਂ ਵੱਧ ਕੋਈ ਕਾਰੀਗਰ ਨਹੀਂ ਹੈ। ਅੰਤ ਰਾਮ ਸਿੰਘ ਨੂੰ ਸੱਦਿਆ ਗਿਆ। ਉਨ੍ਹਾਂ ਇਸ ਕਾਰਜ ਨੂੰ ਨੇਪਰੇ ਚਾੜ੍ਹਨ ਲਈ ਡਿਪਟੀ ਕਮਿਸ਼ਨਰ ਦੀ ਸ਼ਲਾਘਾ ਕੀਤੀ। ਰਾਮ ਸਿੰਘ ਨੇ ਇਹ ਕੰਮ ਸਕੂਲ ਤੋਂ ਨਹੀਂ ਸਗੋਂ ਆਪਣੇ ਪਿਤਾ ਤੋਂ ਸਿੱਖਿਆ।

ਭਾਈ ਰਾਮ ਸਿੰਘ ਦੇ ਪੰਜ ਪੁੱਤਰ ਅਤੇ ਦੋ ਧੀਆਂ ਸਨ। ਚੌਥਾ ਪੁੱਤਰ ਸੁਖਚਰਨ ਸਿੰਘ ਮੇਓ ਸਕੂਲ ਵਿੱਚ ਪੜ੍ਹ ਕੇ ਅੰਮ੍ਰਿਤਸਰ ਦਾ ਮਸ਼ਹੂਰ ਪੇਂਟਰ ਬਣਿਆ, ਦੂਜਾ ਸੁਖਚਰਨ ਸਿੰਘ ਇੰਜਨੀਅਰਿੰਗ ਕਰਕੇ ਗਲਾਸਗੋ ਚਲਾ ਗਿਆ। ਸਭ ਤੋਂ ਵੱਡਾ ਮੱਖਣ ਸਿੰਘ ਪਿਤਾ ਜੀ ਨਾਲ ਕੰਮ ਕਰਦਾ ਹੈ। ਸਾਲ 1916, 58 ਸਾਲ ਦੀ ਉਮਰ ਵਿੱਚ ਸੇਵਾਮੁਕਤੀ ਤੋਂ ਤਿੰਨ ਸਾਲ ਬਾਅਦ, ਉਹ ਦਿੱਲੀ ਵਿੱਚ ਆਪਣੀ ਧੀ ਦੇ ਘਰ ਅਕਾਲ ਚਲਾਣਾ ਕਰ ਗਿਆ। ਭਾਵੇਂ ਭਾਈ ਰਾਮ ਸਿੰਘ ਦੀ ਮੌਤ ਨੂੰ ਇੱਕ ਸਦੀ ਤੋਂ ਵੱਧ ਸਮਾਂ ਹੋ ਗਿਆ ਹੈ, ਪਰ ਉਨ੍ਹਾਂ ਦੀਆਂ ਪ੍ਰਾਪਤੀਆਂ ਅਜੇ ਵੀ ਕਾਇਮ ਹਨ। ਭਾਈ ਰਾਮ ਸਿੰਘ ਦੀ ਕਲਾ ਇੰਨੀ ਉੱਚੀ ਸੀ ਕਿ ਸ਼ਬਦਾਂ ਵਿਚ ਬਿਆਨ ਨਹੀਂ ਕੀਤੀ ਜਾ ਸਕਦੀ। ਭਾਈ ਰਾਮ ਸਿੰਘ ਦੀ ਮਹਾਨ ਕਲਾ ਤੋਂ ਭਾਵੇਂ ਉਨ੍ਹਾਂ ਦੇ ਆਪਣੇ ਲੋਕ ਜਾਣੂ ਨਹੀਂ ਹਨ ਪਰ ਦੁਨੀਆਂ ਅੱਜ ਵੀ ਇਸ ਸਰਦਾਰ ਦੀ ਕਲਾ ਦਾ ਲੋਹਾ ਮਨਵਾ ਰਹੀ ਹੈ।

# ਪੈਸਿਆਂ ਦੇ ਲੈਣ-ਦੇਣ ਤੋਂ ਪ੍ਰੇਸ਼ਾਨ ਪਰਿਵਾਰ ਦੇ 5 ਮੈਂਬਰਾਂ ਨੇ ਜ਼ਹਿਰੀਲੀ ਦਵਾਈ ਖਾਧੀ, ਹਾਲਤ ਗੰਭੀਰ

ਫਗਵਾੜਾ : ਪਿੰਡ ਸੰਗਤਪੁਰ ਵਿੱਚ ਬੀਤੀ ਰਾਤ ਪਰਿਵਾਰ ਦੇ 5 ਮੈਂਬਰਾਂ ਨੇ ਜ਼ਹਿਰੀਲੀ ਦਵਾਈ ਨਿਗਲ ਲਈ। ਉਨ੍ਹਾਂ ਨੂੰ ਸਵਿਲ ਹਸਪਤਾਲ ਵਿੱਚ ਭਰਤੀ ਕਰਵਾਇਆ ਗਿਆ, ਜਿਥੇ ਡਾਕਟਰਾ ਵਲੋਂ ਇਨ੍ਹਾਂ ਦੀ ਗੰਭੀਰ ਹਾਲਤ ਨੂੰ ਦੇਖਦਿਆਂ ਜਲੰਧਰ ਰੈਫ਼ਰ ਕਰ ਦਿੱਤਾ ਗਿਆ ਹੈ। ਮੈਂਬਰ ਪੰਚਾਇਤ ਹਰਪ੍ਰੀਤ ਸਿੰਘ ਨੇ ਦੱਸਿਆ ਕਿ ਪਰਿਵਾਰ ਨੇ ਰਾਤ ਕਰੀਬ 10 ਵਜੇ ਦਵਾਈ ਖਾ ਲਈ ਤੇ ਅੱਜ ਸਵੇਰੇ ਜਦੋਂ 7.30 ਵਜੇ ਉਨ੍ਹਾਂ ਨੂੰ ਪਤਾ ਲੱਗਾ ਤਾਂ ਉਨ੍ਹਾਂ ਨੇ ਇਨ੍ਹਾਂ ਨੂੰ ਹਸਪਤਾਲ ਪਹੁੰਚਾਇਆ। ਪੀੜਤ ਪਰਿਵਾਰ ਨਾਲ ਸਬੰਧ ਵਿਅਕਤੀ ਕਿਸੇ ਨਾਲ ਰਲ ਕੇ ਬਟਾਲਾ ਵਿਖੇ ਦਾ ਕੰਮ ਕਰਦਾ ਸੀ ਤੇ ਪੈਸਿਆਂ ਦੇ ਲੈਣ ਦੇਣ ਕਾਰਨ ਉਸ ਨੂੰ ਕਥਿਤ ਤੰਗ ਕੀਤਾ ਜਾ ਰਿਹਾ ਸੀ। ਇਸ ਤੋਂ ਦੁਖੀ ਹੋ ਕੇ ਉਸ ਨੇ ਪਰਿਵਾਰ ਸਣੇ ਜ਼ਹਿਰਲੀ ਦਵਾਈ ਨਿਗਲ ਲਈ।





### ਬਰਸੀ ’ਤੇ ਵਿਸ਼ੇਸ਼

# ਦੁਖੀਆਂ ਤੇ ਬੇਸਹਾਰਿਆਂ ਲਈ ਫ਼ਰਿਸ਼ਤਾ ਭਗਤ ਪੂਰਨ ਸਿੰਘ ਜੀ

ਕਰਨੈਲ ਸਿੰਘ ਐੱਮ. ਏ.

ਭਗਤ ਪੂਰਨ ਸਿੰਘ ਪੰਜਾਬ ਦੇ ਉੱਘੇ ਸਮਾਜਸੇਵੀ, ਚਿੰਤਕ, ਵਾਤਾਵਰਣ ਪ੍ਰੇਮੀ ਅਤੇ ਸਰਵ ਭਾਰਤ ਪਿੰਗਲਵਾੜਾ ਸੁਸਾਇਟੀ, ਅੰਮ੍ਰਿਤਸਰ ਦੇ ਮੋਢੀ ਸਨ। ਉਨ੍ਹਾਂ ਨੂੰ ਅੰਮ੍ਰਿਤਸਰ ਵਿੱਚ ਪਿੰਗਲਵਾੜਾ ਸਥਾਪਤ ਕਰਨ ਕਰ ਕੇ ਅਤੇ ਸਾਰੀ ਉਮਰ ਪਿੰਗਲੇ ਅਤੇ ਅਨਾਥਾਂ ਦੀ ਨਿਰਸੁਆਰਥ ਸੇਵਾ ਕਰਨ ਦੇ ਕਾਰਨ ਪੰਜਾਬ ਅਤੇ ਉੱਤਰ ਭਾਰਤ ਵਿੱਚ ਬੜੇ ਸਤਿਕਾਰ ਨਾਲ ਯਾਦ ਕੀਤਾ ਜਾਂਦਾ ਹੈ।

ਭਗਤ ਪੂਰਨ ਸਿੰਘ ਦਾ ਜਨਮ 4 ਜੂਨ 1904 ਨੂੰ ਲੁਧਿਆਣਾ ਜ਼ਿਲ੍ਹੇ ਦੇ ਪਿੰਡ ਰਾਜੇਵਾਲ (ਰੋਹਣੋ) ਨੇੜੇ ਖੰਨਾ ਵਿੱਚ ਮਾਤਾ ਮਹਿਤਾਬ ਕੌਰ ਦੀ ਕੁਖੋਂ ਅਤੇ ਪਿਤਾ ਛਿੱਬੂ ਮੱਲ ਦੇ ਘਰ ਹੋਇਆ। ਪਿਤਾ ਸ਼ਾਹੂਕਾਰਾ ਕਰਦੇ ਸਨ। ਆਪ ਦੀ ਮਾਤਾ ਧਾਰਮਿਕ ਖਿਆਲਾਂ ਵਾਲੀ ਔਰਤ ਸੀ, ਜਿਸ ਨੇ ਆਪ ਦੇ ਦਿਲ ਵਿੱਚ ਦਇਆ ਭਾਵਨਾ ਪੈਦਾ ਕੀਤੀ। ਆਪ ਦਾ ਬਚਪਨ ਦਾ ਨਾਂ ਰਾਮਜੀ ਦਾਸ ਸੀ। ਆਪ ਨੂੰ ਸਕੂਲ ਵਿੱਚ ਪੜ੍ਹਨੇ ਪਾਇਆ ਗਿਆ। ਇੱਕ ਵਕਤ ਐਸਾ ਆਇਆ ਕਿ ਕਿਸੇ ਕਾਰਨ ਕਰ ਕੇ ਪਿਤਾ ਦਾ ਸ਼ਾਹੂਕਾਰਾ ਖਤਮ ਹੋ ਗਿਆ। ਗਰੀਬੀ ਨੇ ਘਰ ਵਿੱਚ ਆਣ ਪੈਰ ਪਸਾਰੇ। ਪਿਤਾ ਦੀ ਮੌਤ ਤੋਂ ਬਾਅਦ ਗੁਰਬਤ ਦੀ ਜ਼ਿੰਦਗੀ ਗੁਜ਼ਾਰਦਿਆਂ ਆਪ ਦੀ ਮਾਤਾ ਨੇ ਆਪ ਦਾ ਪੜ੍ਹਨਾ ਜਾਰੀ ਰੱਖਿਆ, ਭਾਵੇਂ ਇਸ ਲਈ ਆਪ ਦੀ ਮਾਤਾ ਨੂੰ ਕਿਸੇ ਡਾਕਟਰ ਦੇ ਘਰ ਭਾਂਡੇ ਮਾਂਜਣ ਦੀ ਨੌਕਰੀ ਹੀ ਕਿਉਂ ਨਾ ਕਰਨੀ ਪਈ। ਸੰਨ 1923 ਵਿੱਚ ਆਪ ਨੇ ਲੁਧਿਆਣੇ ਜਦ ਦਸਵੀਂ ਦਾ ਇਮਤਿਹਾਨ ਦਿੱਤਾ ਤਾਂ ਆਪ ਦੇ ਜੀਵਨ ਵਿੱਚ ਇੱਕ ਘਟਨਾ ਘਟੀ, ਜਿਸ ਦੇ ਚੱਲਦਿਆਂ ਆਪ ਦਾ ਝੁਕਾਅ ਗੁਰੂਘਰ ਵੱਲ ਜ਼ਿਆਦਾ ਹੋ ਗਿਆ ਤੇ ਆਪ ਡੇਹਰਾ ਸਾਹਿਬ ਲਾਹੌਰ ਸੇਵਾ ਕਰਦੇ ਰਹੇ।

ਆਪ ਪੰਜਾਬੀ ਅਤੇ ਅੰਗਰੇਜ਼ੀ ਭਾਸ਼ਾਵਾਂ ਦੀ ਮੁਹਾਰਤ ਰੱਖਣ ਵਾਲੇ, ਸਾਹਿਤ ਰਸੀਏ ਸਨ। ਵਾਤਾਵਰਨ, ਪ੍ਰਦੂਸ਼ਣ, ਭੁੱਖਮਰੀ, ਗਰੀਬੀ, ਬੇਰੁਜ਼ਗਾਰੀ, ਅਨਪੜ੍ਹਤਾ ਆਦਿ ਮੁੱਦਿਆਂ ਦੀ ਸ਼ੁਰੂਆਤ ਪਿੰਗਲਵਾੜਾ ਅੰਮ੍ਰਿਤਸਰ ਦੇ ਸੰਸਥਾਪਕ ਭਗਤ ਪੂਰਨ ਸਿੰਘ ਨੇ ਕੀਤੀ ਸੀ। ਭਗਤ ਜੀ ਰੁੱਖ ਲਗਾਉਣ ਅਤੇ ਰੁੱਖ ਬਚਾਉਣ ਦੀ ਗੱਲ ਕਰਦੇ ਸਨ ਤਾਂ ਉਹ ਸਿਰਫ਼ ਬਿਆਨਬਾਜ਼ੀ ਤੱਕ ਹੀ ਸੀਮਤ ਨਹੀਂ ਸਨ ਰਹਿੰਦੇ, ਸਗੋਂ ਹਕੀਕਤ ਵਿੱਚ ਕੁਝ ਕਰ ਕੇ ਵੀ ਵਿਖਾਉਂਦੇ ਸਨ। ਰੱਦੀ ਜਾਂ ਵਰਤੇ ਹੋਏ ਕਾਗਜ਼ ਦੇ ਇੱਕ ਪਾਸੇ ਲਿਖ ਕੇ ਦੂਸਰਾ ਪਾਸਾ ਖਾਲੀ ਛੱਡਿਆ ਜਾਂਦਾ ਹੈ, ਪਿੰਗਲਵਾੜੇ ਵਿੱਚ ਲਿਖਣ ਜਾਂ ਛਪਾਈ ਦੇ ਜਿੰਨੇ ਕੰਮ ਹੁੰਦੇ ਸਨ, ਉਹ ਸਾਰੇ ਕਾਗਜ਼ ਦੇ ਉਸ ਪਾਸੇ ਹੁੰਦੇ। ਜਿੰਨਾ ਵਧੇਰੇ ਕਾਗਜ਼ ਵਰਤਿਆ ਜਾਂਦਾ ਹੈ, ਓਨੇ ਵਧੇਰੇ ਰੁੱਖ ਕੱਟੇ ਜਾਂਦੇ ਹਨ। ਅੱਜ ਵੀ ਧਾਰਮਿਕ ਥਾਵਾਂ ’ਤੇ ਪਿੰਗਲਵਾੜਾ ਸੰਸਥਾ ਵੱਲੋਂ ਮੁਫ਼ਤ ਸਾਹਿਤ ਵੰਡਿਆ ਜਾਂਦਾ ਹੈ। ਭਗਤ ਜੀ ਪ੍ਰਦੂਸ਼ਣ ਪ੍ਰਤੀ ਜਾਗਰੂਕ ਸਨ ਤਾਂ ਹੀ ਉਹਨਾ ਨੇ ਕਾਰ ਜਾਂ ਬੱਸ ਰਾਹੀਂ ਬਹੁਤ ਘੱਟ ਸਫ਼ਰ ਕੀਤਾ ਹੋਵੇਗਾ। ਉਹ ਹਮੇਸ਼ਾ ਰੇਲ ਗੱਡੀ ਰਾਹੀਂ ਸਫ਼ਰ ਕਰਦੇ। ਭਗਤ ਜੀ ਨੇ ਪਿੰਗਲਵਾੜੇ ਵਿੱਚ ਏ.ਸੀ ਨਹੀਂ ਲੱਗਣ ਦਿੱਤਾ ਕਿਉਂਕੇ ਵਾਯੂ ਮੰਡਲ ਵਿਚਲੀ ਓਜ਼ੋਨ ਪਰਤ ਵਿੱਚ ਛੇਕ ਹੋ ਰਹੇ ਹਨ। ਭਗਤ ਜੀ ਨੇ ਖੱਦਰ ਦਾ ਰੱਜ ਕੇ ਪ੍ਰਚਾਰ ਕੀਤਾ ਕਿਉਂਕੇ ਖਾਦੀ ਦੇ ਕੱਪੜੇ ਸਾਡੇ ਭਾਰਤੀ ਵਾਤਾਵਰਨ ਵਿੱਚ ਬਹੁਤ ਢੁਕਵੇਂ ਹਨ। ਭਗਤ ਜੀ ਨੇ ਆਪਣੀ ਜ਼ਿੰਦਗੀ ਵਿੱਚ ਅਣਗਿਣਤ ਤ੍ਰਿਵੈਣੀਆਂ ਲਗਵਾਈਆਂ। ਜੇਕਰ ਸਰਕਾਰ ਅਤੇ ਸਮਾਜ ਸੇਵਕ ਅੱਜ ਵਾਤਾਵਰਨ ਦੇ ਸੰਭਾਲ ਦੀ ਗੱਲ ਕਰਦੇ ਹਨ ਤਾਂ ਸੱਚੀ ਗੱਲ ਇਹ ਹੈ ਕਿ ਇਸ ਗੱਲ ਦੇ ਸਿਰਜਕ ਅਤੇ ਪ੍ਰਚਾਰਕ ਹੋਣ ਦਾ ਅਸਲ ਸਿਹਰਾ ਭਗਤ ਪੂਰਨ ਸਿੰਘ ਜੀ ਨੂੰ ਜਾਂਦਾ ਹੈ।

ਗੁਰਦੁਆਰਾ ਡੇਹਰਾ ਸਾਹਿਬ ਲਾਹੌਰ ਵਿੱਚ ਕੋਈ ਚਾਰ ਕੁ ਸਾਲ ਦੇ ਅਪੰਗ ਬੱਚੇ ਨੂੰ ਰੋਂਦਾ ਛੱਡ ਗਏ। ਭਗਤ ਜੀ ਨੇ ਉਸ ਬੱਚੇ ਦੀ ਸੇਵਾ-ਸੰਭਾਲ 1934 ਤੋਂ ਕਰਨੀ ਸ਼ੁਰੂ ਕੀਤੀ ਤੇ ਉਸ ਦਾ ਨਾਂ ਪਿਆਰਾ ਸਿੰਘ ਰੱਖਿਆ। ਉਸ ਦਿਨ ਤੋਂ ਹੀ ਪਿੰਗਲਵਾੜਾ ਸੰਸਥਾ ਦਾ ਖਿਆਲ ( ਰਾਮਜੀ ਦਾਸ ) ਭਗਤ ਪੂਰਨ ਸਿੰਘ ਨੂੰ ਦ੍ਰਿਸ਼ਟਮਾਨ ਹੋਇਆ । ਉਸ ਦਿਨ ਤੋਂ ਭਗਤ ਜੀ ਦੀ ਜ਼ਿੰਦਗੀ ਵਿੱਚ ਇੱਕ ਨਵਾਂ ਅਧਿਆਇ ਜੁੜ ਗਿਆ ਤੇ ਮਾਨੋ ਪਿੰਗਲਵਾੜਾ ਸੰਸਥਾ ਦੀ ਸ਼ੁਰੂਆਤ ਹੋਈ। ਸੰਨ 1947 ਨੂੰ ਜਦ ਦੇਸ਼ ਆਜ਼ਾਦ ਹੋਇਆ ਤਾਂ ਵੰਡ ਕਾਰਨ ਦੋਹਾਂ ਮੁਲਕਾਂ ਦੇ ਲੋਕਾਂ ’ਤੇ ਜਦ ਭਾਰੀ ਕਹਿਰ ਟੁੱਟਾ ਤਾਂ ਆਪ ਲਾਹੌਰ ਤੋਂ ਖਾਲਸਾ ਕਾਲਜ ਅੰਮ੍ਰਿਤਸਰ ਵਿੱਚ ਪਿਆਰਾ ਸਿੰਘ ਨੂੰ ਪਿੱਠ ’ਤੇ ਚੁੱਕ ਕੇ ਰਫਿਊਜੀ ਕੈਂਪ ਵਿੱਚ ਪਹੁੰਚੇ, ਜਿੱਥੇ ਆਪ ਨੇ ਤਨ-ਮਨ ਨਾਲ ਸੇਵਾ ਨਿਭਾਈ। ਸੰਨ 1958 ਨੂੰ ਅੰਮ੍ਰਿਤਸਰ ਵਿੱਚ ਪਿੰਗਲਵਾੜਾ ਸੰਸਥਾ ਦੀ ਸ਼ੁਰੂਆਤ ਹੋਈ। ਅੱਜ ਇਸ ਸੰਸਥਾ ਦੀਆਂ ਅੰਮ੍ਰਿਤਸਰ ਅਤੇ ਜਲੰਧਰ, ਸੰਗਰੂਰ, ਮਾਨਾਵਾਲਾ, ਪਲਸੌਰਾ ਅਤੇ ਗੋਇੰਦਵਾਲ ਬ੍ਰਾਂਚਾਂ ਵਿੱਚ 1200 ਦੇ ਕਰੀਬ ਲਾਵਾਰਸ ਮਰੀਜ਼ ਦਾਖਲ ਹਨ। ਉਨ੍ਹਾਂ ਦੀ ਸੇਵਾ ਸੰਭਾਲ ਲਈ ਸਿਹਤ ਕਰਮਚਾਰੀ ਅਤੇ ਸਟਾਫ਼ ਤਾਇਨਾਤ ਹੈ। ਪਿੰਗਲਵਾੜੇ ਵਿੱਚ ਮੁਢਲੀਆਂ ਡਾਕਟਰੀ ਸਹੂਲਤਾਂ ਵਾਲੀ ਟਰਾਮਾ ਵੈਨ, ਜੀ.ਟੀ.ਰੋਡ ਉੱਤੇ ਹੁੰਦੇ ਸੜਕ ਹਾਦਸਿਆਂ ਦੇ ਪੀੜਤਾਂ ਲਈ ਹਮੇਸ਼ਾ ਤਿਆਰ ਰਹਿੰਦੀ ਹੈ। ਲੋੜਵੰਦ ਅੰਗਹੀਣਾਂ ਲਈ ਭਗਤ ਜੀ ਦੀ ਯਾਦ ਵਿੱਚ ਇੱਕ ਬਨਾਉਟੀ ਅੰਗ ਕੇਂਦਰ ਸਥਾਪਿਤ ਕੀਤਾ ਗਿਆ ਹੈ। ਜਿਥੇ ਅੰਗਹੀਣਾਂ ਨੂੰ ਮੁਫ਼ਤ ਬਨਾਉਟੀ ਅੰਗ ਲਗਾਏ ਜਾਂਦੇ ਹਨ। ਗਰੀਬ ਬੱਚਿਆਂ ਦੀ ਸਿੱਖਿਆ ਲਈ ਵੱਖ-ਵੱਖ ਵਿਦਿਅਕ ਸੰਸਥਾਵਾਂ ਦਾ ਪ੍ਰਬੰਧ ਹੈ। ਭਗਤ ਜੀ ਕੁਦਰਤੀ ਖੇਤੀ ਦਾ ਪ੍ਰਚਾਰ ਕਰਿਆ ਕਰਦੇ ਸਨ ਅਤੇ ਉਨ੍ਹਾਂ ਦੇ ਜਾਨਸ਼ੀਨ ਡਾ: ਬੀਬੀ ਇੰਦਰਜੀਤ ਕੌਰ ਨੇ ਕੁਦਰਤੀ ਖੇਤੀ ਆਰੰਭ ਕਰ ਰੱਖੀ ਹੈ।



20ਵੀਂ ਸਦੀ ਵਿੱਚ ਮਾਨਵਤਾ ਦੇ ਭਲੇ ਹਿੱਤ, ਮਹਾਨ ਦਾਰਸ਼ਨਿਕ, ਬੇਸਹਾਰਿਆਂ ਦੇ ਫ਼ਰਿਸ਼ਤਾ ਭਗਤ ਪੂਰਨ ਸਿੰਘ ਦਾ ਜਨਮ 4 ਜੂਨ 1904 ਵਿੱਚ ਰਾਜੇਵਾਲ ਰੋਹਣੋਂ ਤਹਿਸੀਲ ਖੰਨਾ ਜ਼ਿਲ੍ਹਾ ਲੁਧਿਆਣਾ ਵਿਖੇ ਪਿਤਾ ਸ਼ ?ਗੀ. ਸ਼ਿੱਬੂ ਮੱਲ ਅਤੇ ਮਾਤਾ ਮਹਿਤਾਬ ਕੌਰ ਦੇ ਘਰ ਹੋਇਆ। ਬਚਪਨ ਤੋਂ ਹੀ ਉਨ੍ਹਾਂ ਨੂੰ ਸੇਵਾ ਕਰਨ ਦਾ ਸ਼ੌਂਕ ਸੀ। ਘਰ ’ਚ ਗ਼ਰੀਬੀ ਕਰਕੇ ਪੜ੍ਹਾਈ ਵਿਚਾਲੇ ਹੀ ਛੱਡਣੀ ਪਈ ਅਤੇ ਨੌਕਰੀ ਦੀ ਭਾਲ ਵਿੱਚ ਮਾਤਾ ਨਾਲ ਲਾਹੌਰ ਜਾਣਾ ਪਿਆ। ਗੁਰਦੁਆਰਾ ਡੇਹਰਾ ਸਾਹਿਬ ਲਾਹੌਰ ਵਿਖੇ ਭਗਤ ਪੂਰਨ ਸਿੰਘ ਬਿਨ੍ਹਾਂ ਤਨਖ਼ਾਹ ਤੋਂ ਸੇਵਾ ਕਰਨ ਲੱਗੇ। ਭਗਤ ਪੂਰਨ ਸਿੰਘ ਦਾ ਬਚਪਨ ਦਾ ਨਾਂ ’ਰਾਮ ਜੀ ਦਾਸ’ ਸੀ। ਗੁਰਦੁਆਰਾ ਡੇਹਰਾ ਸਾਹਿਬ ਵਿਖੇ ਕੀਤੀ ਨਿਸ਼ਕਾਮ ਸੇਵਾ ਅਤੇ ਲਾਚਾਰ ਤੇ ਲਾਵਾਰਸ ਰੋਗੀਆਂ ਦੀ ਸੇਵਾ ਸੰਭਾਲ ਨੇ ਉਨ੍ਹਾਂ ਨੂੰ ਰਾਮ ਜੀ ਦਾਸ ਤੋਂ ‘ਪੂਰਨ ਸਿੰਘ’ ਬਣਾ ਦਿੱਤਾ।

ਭਗਤ ਪੂਰਨ ਸਿੰਘ ਨੇ ਮਨੁੱਖਤਾ ਦੀ ਸੇਵਾ ਦਾ ਆਰੰਭ ਸੰਨ 1934 ਈ: ਵਿੱਚ ਇੱਕ ਚਾਰ ਸਾਲ ਦੇ ਬੱਚੇ (ਪਿਆਰਾ ਸਿੰਘ) ਦੀ ਸੇਵਾ ਤੋਂ ਸ਼ੁਰੂ ਕੀਤਾ। ਇਸ ਅਪਾਹਜ ਬੱਚੇ ਨੂੰ ਗੁਰਦੁਆਰਾ ਡੇਹਰਾ ਸਾਹਿਬ ਲਾਹੌਰ ਦੀ ਡਿਓੜ੍ਹੀ ਅੱਗੇ ਕੋਈ ਚੋਰੀ ਛੱਡ ਗਿਆ ਸੀ। ਗੁਰਦੁਆਰਾ ਸਾਹਿਬ ਦੇ ਗ੍ਰੰਥੀ ਨੇ ਬੱਚੇ ਨੂੰ ਭਗਤ ਜੀ ਦੇ ਹਵਾਲੇ ਕਰਕੇ ਆਖਿਆ, ”ਪੂਰਨ ਸਿੰਘ! ਤੂੰ ਹੀ ਅੱਜ ਤੋਂ ਇਸ ਬੱਚੇ ਦੀ ਸੇਵਾ-ਸੰਭਾਲ ਕਰ।” ਭਗਤ ਜੀ ਲਈ ਇਹ ਬੱਚਾ ਪਿਆਰ ਦਾ ਸੋਮਾ ਹੋ ਨਿੱਬੜਿਆ ਜਿਸ ਕਰਕੇ ਉਸ ਦਾ ਨਾਂ ਪਿਆਰਾ ਸਿੰਘ ਹੋ ਗਿਆ।

ਜਦੋਂ ਦੇਸ਼ ਦੀ ਵੰਡ ਹੋਈ ਤਾਂ ਭਗਤ ਪੂਰਨ ਸਿੰਘ ਉਸ ਅਪਾਹਜ ਬੱਚੇ ਨੂੰ 18 ਅਗਸਤ 1947 ਈ: ਨੂੰ ਖਾਲਸਾ ਕਾਲਜ ਅੰਮ੍ਰਿਤਸਰ ਦੇ ਸ਼ਰਨਾਰਥੀ ਕੈਂਪ ਵਿੱਚ ਲੈ ਕੇ ਪਹੁੰਚੇ। ਉਸ ਕੈਂਪ ਵਿੱਚ ਹਜ਼ਾਰਾਂ ਮਰਦ, ਔਰਤਾਂ ਬੱਚੇ ਸਨ। ਅਪਾਹਜਾਂ ਦੀ ਸੇਵਾ-ਸੰਭਾਲ, ਕੱਪੜੇ ਧੋਣ ਅਤੇ ਉਨਾਂ ਲਈ ਪ੍ਰਸ਼ਾਦੇ ਮੰਗ ਕੇ ਲਿਆਉਂਦੇ ਸਨ ਤੇ ਸਭ ਨੂੰ ਵਰਤਾਉਂਦੇ। ਇੱਥੋਂ ਤੱਕ ਕਿ ਆਪਣੇ ਹੱਥਾਂ ਨਾਲ ਉਨ੍ਹਾਂ ਦੇ ਮੂੰਹ ਵਿੱਚ ਬੁਰਕੀਆਂ ਵੀ ਪਾਉਂਦੇ ਸਨ। ਇਕੱਲੇ ਭਗਤ ਪੂਰਨ ਸਿੰਘ ਨੇ ਇਹ ਸੇਵਾ ਨਿਭਾਈ।

1949 ਤੋਂ 1958 ਈ: ਤੱਕ ਫੁੱਟਪਾਥਾਂ, ਰੁੱਖਾਂ



ਦੀ ਛਾਂਵੇਂ ਲਵਾਰਿਸਾਂ ਅਤੇ ਪੀੜਤ ਲੋਕਾਂ ਦੀ ਸੇਵਾ-ਸੰਭਾਲ ਕੀਤੀ। 1958 ਵਿੱਚ ਅੰਮ੍ਰਿਤਸਰ ਵਿਖੇ ਥਾਂ ਮੁੱਲ ਖ਼ਰੀਦ ਕੇ ਭਗਤ ਜੀ ਨੇ ਪਿੰਗਲਵਾੜੇ ਦੀ ਨੀਂਹ ਰੱਖੀ, ਜਿੱਥੇ ਮਾਨਸਿਕ ਅਤੇ ਲਵਾਰਿਸ ਰੋਗੀਆਂ, ਅਪਾਹਜਾਂ ਅਤੇ ਬਜ਼ੁਰਗਾਂ ਦੀ ਸੇਵਾ ਸੰਭਾਲ ਕੀਤੀ ਜਾਣ ਲੱਗ ਪਈ। ਇਹ ਆਸ਼ਰਮ ਜੋ ਕੁਝ ਕੁ ਮਰੀਜ਼ਾਂ ਨੂੰ ਲੈ ਕੇ ਭਗਤ ਪੂਰਨ ਸਿੰਘ ਜੀ ਨੇ ਬੀਜ ਰੂਪ ਵਿੱਚ ਸ਼ੁਰੂ ਕੀਤਾ, ਅੱਜ 1700 ਤੋਂ ਵੱਧ ਮਰੀਜ਼ ਜਿਨ੍ਹਾਂ ਵਿੱਚ ਬੀਬੀਆਂ, ਬੱਚੇ ਤੇ ਬੁੱਢੇ ਸ਼ਾਮਲ ਹਨ, ਲਈ ਘਰ ਵਰਗੇ ਸੁੱਖਾਂ ਦਾ ਸਾਧਨ ਬਣਿਆ ਹੋਇਆ ਹੈ।

ਗੁਰੂ ਕੀ ਨਗਰੀ ਅੰਮ੍ਰਿਤਸਰ ਵਿਖੇ ਇਹ ਪਿੰਗਲਵਾੜਾ ਬੱਸ ਸਟੈਂਡ ਦੇ ਨਜ਼ਦੀਕ ਚੱਲ ਰਿਹਾ ਹੈ। ਇਸ ਦੇ ਬਾਨੀ ਭਗਤ ਪੂਰਨ ਸਿੰਘ ਨੂੰ ਭਾਵੇਂ ਬਹੁਤ ਮੁਸ਼ਕਲਾਂ ਆਈਆਂ ਪਰ ਉਹ ਆਪਣੇ ਮਿਸ਼ਨ ਵਿੱਚ ਸਫ਼ਲ ਹੋਏ।

ਪਿੰਗਲਵਾੜੇ ਸੰਸਥਾ ਵੱਲੋਂ ਭਗਤ ਪੂਰਨ ਸਿੰਘ ਆਦਰਸ਼ ਸਕੂਲ ਮਾਨਾਂਵਾਲਾ, ਭਗਤ ਪੂਰਨ ਸਿੰਘ ਆਦਰਸ਼ ਸਕੂਲ ਬੁੱਟਰ ਕਲਾਂ ਕਾਦੀਆਂ, ਭਗਤ ਪੂਰਨ ਸਿੰਘ ਸਕੂਲ ਆਫ਼ ਸਪੈਸ਼ਲ ਐਜੂਕੇਸ਼ਨ, ਭਗਤ ਪੂਰਨ ਸਿੰਘ ਗੂੰਗੇ-ਬੋਲੇ ਬੱਚਿਆਂ ਦਾ ਸਕੂਲ ਮਾਨਾਂਵਾਲਾ, ਭਗਤ ਪੂਰਨ ਸਿੰਘ ਕਿੱਤਾ ਸਿਖਲਾਈ ਕੇਂਦਰ ਮਾਨਾਂਵਾਲਾ ਆਦਿ ਵਿਖੇ ਮੁਫ਼ਤ ਸਹੂਲਤਾਂ ਦਿੱਤੀਆਂ ਜਾਂਦੀਆਂ ਹਨ।

ਭਗਤ ਪੂਰਨ ਸਿੰਘ ਦੀਆਂ ਜੀਵਨ ਘਾਲਨਾਵਾਂ ਸੰਬੰਧੀ ਤਸਵੀਰਾਂ ਦਾ ਸੰਗ੍ਰਹਿ ਅਜਾਇਬ ਘਰ ਪਿੰਗਲਵਾੜਾ ਵਿਖੇ ਸਥਾਪਿਤ ਕੀਤਾ ਗਿਆ ਹੈ। ਭਗਤ ਪੂਰਨ ਸਿੰਘ ਜੀ ਦੇ ਜਨਮ ਸਥਾਨ ਤੇ ਪਿੰਡ ਰਾਜੇਵਾਲ ਵਿਖੇ ‘ਭਗਤ ਪੂਰਨ ਸਿੰਘ ਸਮਾਰਕ’ ਦਾ ਨਿਰਮਾਣ ਹੋ ਚੁੱਕਾ ਹੈ।

1949 ਤੋਂ 1958 ਈ: ਤੱਕ ਫੁੱਟਪਾਥਾਂ, ਰੁੱਖਾਂ


ਦੀ ਛਾਂਵੇਂ ਲਵਾਰਿਸਾਂ ਅਤੇ ਪੀੜਤ ਲੋਕਾਂ ਦੀ ਸੇਵਾ-ਸੰਭਾਲ ਕੀਤੀ। 1958 ਵਿੱਚ ਅੰਮ੍ਰਿਤਸਰ ਵਿਖੇ ਥਾਂ ਮੁੱਲ ਖ਼ਰੀਦ ਕੇ ਭਗਤ ਜੀ ਨੇ ਪਿੰਗਲਵਾੜੇ ਦੀ ਨੀਂਹ ਰੱਖੀ, ਜਿੱਥੇ ਮਾਨਸਿਕ ਅਤੇ ਲਵਾਰਿਸ ਰੋਗੀਆਂ, ਅਪਾਹਜਾਂ ਅਤੇ ਬਜ਼ੁਰਗਾਂ ਦੀ ਸੇਵਾ ਸੰਭਾਲ ਕੀਤੀ ਜਾਣ ਲੱਗ ਪਈ। ਇਹ ਆਸ਼ਰਮ ਜੋ ਕੁਝ ਕੁ ਮਰੀਜ਼ਾਂ ਨੂੰ ਲੈ ਕੇ ਭਗਤ ਪੂਰਨ ਸਿੰਘ ਜੀ ਨੇ ਬੀਜ ਰੂਪ ਵਿੱਚ ਸ਼ੁਰੂ ਕੀਤਾ, ਅੱਜ 1700 ਤੋਂ ਵੱਧ ਮਰੀਜ਼ ਜਿਨ੍ਹਾਂ ਵਿੱਚ ਔਰਤਾਂ, ਬੱਚੇ ਤੇ ਬੁੱਢੇ ਸ਼ਾਮਲ ਹਨ, ਲਈ ਘਰ ਵਰਗੇ ਸੁੱਖਾਂ ਦਾ ਸਾਧਨ ਬਣਿਆ ਹੋਇਆ ਹੈ। ਗੁਰੂ ਕੀ ਨਗਰੀ ਅੰਮ੍ਰਿਤਸਰ ਵਿਖੇ ਇਹ ਪਿੰਗਲਵਾੜਾ ਬੱਸ ਸਟੈਂਡ ਦੇ ਨਜ਼ਦੀਕ ਚੱਲ ਰਿਹਾ ਹੈ। ਇਸ ਦੇ ਬਾਨੀ ਭਗਤ ਪੂਰਨ ਸਿੰਘ ਨੂੰ ਭਾਵੇਂ ਬਹੁਤ ਮੁਸ਼ਕਲਾਂ ਆਈਆਂ ਪਰ ਉਹ ਆਪਣੇ ਮਿਸ਼ਨ ਵਿੱਚ ਸਫਲ ਹੋਏ।

ਪਿੰਗਲਵਾੜੇ ਸੰਸਥਾ ਵੱਲੋਂ ਭਗਤ ਪੂਰਨ ਸਿੰਘ ਆਦਰਸ਼ ਸਕੂਲ ਮਾਨਾਂਵਾਲਾ, ਭਗਤ ਪੂਰਨ ਸਿੰਘ ਆਦਰਸ਼ ਸਕੂਲ ਬੁੱਟਰ ਕਲਾਂ ਕਾਦੀਆਂ, ਭਗਤ ਪੂਰਨ ਸਿੰਘ ਸਕੂਲ ਆਫ਼ ਸਪੈਸ਼ਲ ਐਜੂਕੇਸ਼ਨ, ਭਗਤ ਪੂਰਨ ਸਿੰਘ ਗੂੰਗੇ-ਬੋਲੇ ਬੱਚਿਆਂ ਦਾ ਸਕੂਲ ਮਾਨਾਂਵਾਲਾ, ਭਗਤ ਪੂਰਨ ਸਿੰਘ ਕਿੱਤਾ ਸਿਖਲਾਈ ਕੇਂਦਰ ਮਾਨਾਂਵਾਲਾ ਆਦਿ ਵਿਖੇ ਮੁਫ਼ਤ ਸਹੂਲਤਾਂ ਦਿੱਤੀਆਂ ਜਾਂਦੀਆਂ ਹਨ। ਭਗਤ ਪੂਰਨ ਸਿੰਘ ਦੀਆਂ ਜੀਵਨ ਘਾਲਨਾਵਾਂ ਸੰਬੰਧੀ ਤਸਵੀਰਾਂ ਦਾ ਸੰਗ੍ਰਹਿ ਅਜਾਇਬ ਘਰ ਪਿੰਗਲਵਾੜਾ ਵਿਖੇ ਸਥਾਪਿਤ ਕੀਤਾ ਗਿਆ ਹੈ। ਭਗਤ ਪੂਰਨ ਸਿੰਘ ਜੀ ਦੇ ਜਨਮ ਸਥਾਨ ਤੇ ਪਿੰਡ ਰਾਜੇਵਾਲ ਵਿਖੇ ‘ਭਗਤ ਪੂਰਨ ਸਿੰਘ ਸਮਾਰਕ’ ਦਾ ਨਿਰਮਾਣ ਹੋ ਚੁੱਕਾ ਹੈ।

ਪਿੰਗਲਵਾੜਾ (ਅੰਮ੍ਰਿਤਸਰ) ਦੇ ਨਜ਼ਦੀਕ ’ਭਗਤ ਪੂਰਨ ਸਿੰਘ ਯਾਦਗਾਰੀ ਗੇਟ’ ਉਸਾਰਿਆ ਗਿਆ ਹੈ। ਸ੍ਰੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵਿਖੇ ’ਭਗਤ ਪੂਰਨ ਸਿੰਘ ਚੇਅਰ’ ਦੀ ਸਥਾਪਨਾ ਕੀਤੀ ਗਈ ਹੈ। ਭਾਰਤ ਸਰਕਾਰ ਵੱਲੋਂ 10 ਦਸੰਬਰ 2004 ਨੂੰ ਭਗਤ ਪੂਰਨ ਸਿੰਘ ਜੀ ਦੀ ਇੱਕ ਡਾਕ-ਟਿਕਟ ਦਿੱਲੀ ਵਿਖੇ ਰਿਲੀਜ਼ ਕੀਤੀ ਗਈ ਹੈ। ਭਗਤ ਪੂਰਨ ਸਿੰਘ ਨੇ ਬੇਸਹਾਰੇ ਅਤੇ ਅਪਾਹਜਾਂ ਤੇ ਕੋਹੜ ਦੇ ਰੋਗੀਆਂ ਦੀ ਭਲਾਈ ਲਈ ਜੋ ਉੱਦਮ ਕੀਤਾ ਉਹ ਮਦਰ ਟੈਰੇਸਾ ਦੇ ਭਲਾਈ ਦੇ ਕੰਮਾਂ ਤੋਂ ਘੱਟ ਨਹੀਂ ਹੈ।

ਭਗਤ ਪੂਰਨ ਸਿੰਘ ਨੂੰ 1981 ’ਚ ਪਦਮਸ਼ ?ਗੀ ਐਵਾਰਡ, 1990 ’ਚ ਹਾਰਮਨੀ ਐਵਾਰਡ, 1991 ’ਚ ਲੋਕ ਰਤਨ ਐਵਾਰਡ ਪ੍ਰਾਪਤ ਹੋਏ। ਭਾਈ ਘਨੱਈਆ ਐਵਾਰਡ ਕਮੇਟੀ ਵੱਲੋਂ ਪਹਿਲਾਂ ’ਭਾਈ ਘਨੱਈਆ ਐਵਾਰਡ’ ਭਗਤ ਪੂਰਨ ਸਿੰਘ ਬਾਨੀ ਪਿੰਗਲਵਾੜਾ ਨੂੰ ਸੱਚ-ਖੰਡ ਪਿਆਨਾ ਕਰਨ ਉਪਰੰਤ 4 ਅਕਤੂਬਰ 1995 ਨੂੰ ਦਿੱਤਾ ਗਿਆ ਜੋ ਡਾ. ਇੰਦਰਜੀਤ ਕੌਰ ਮੌਜੂਦਾ ਮੁਖੀ ਨੇ ਪ੍ਰਾਪਤ ਕੀਤਾ। 1984 ’ਚ ਭਾਰਤੀ ਫੌਜ ਦੇ ਸ੍ਰੀ ਦਰਬਾਰ ਸਾਹਿਬ ‘ਤੇ ਹਮਲੇ ਕਾਰਨ ਉਨ੍ਹਾਂ ਨੂੰ ਇੰਨਾ ਸਦਮਾ ਪਹੁੰਚਿਆ ਕਿ ਉਨ੍ਹਾਂ ਨੇ ਪਦਮ ਸ੍ਰੀ ਐਵਾਰਡ ਵਾਪਸ ਕਰ ਦਿੱਤਾ। ਭਗਤ ਪੂਰਨ ਸਿੰਘ ਜੀ 5 ਅਗਸਤ 1992 ਨੂੰ ਇਸ ਦੁਨੀਆ ਨੂੰ ਅਲਵਿਦਾ ਕਹਿ ਗਏ। ਭਗਤ ਪੂਰਨ ਸਿੰਘ ਭਾਵੇਂ ਸਰੀਰ ਕਰਕੇ ਦੁਨੀਆਂ ’ਚ ਨਹੀਂ ਪਰ ਲੋਕਾ ਦੇ ਦਿਲਾਂ ’ਚ ਅੱਜ ਵੀ ਵਸਦੇ ਹਨ।





## 5 ਅਗਸਤ 1992 ਬਰਸੀ 'ਤੇ ਵਿਸ਼ੇਸ਼

# ਭਗਤ ਪੂਰਨ ਸਿੰਘ ਜੀ


ਪ੍ਰਮਿੰਦਰ ਸਿੰਘ 'ਪ੍ਰਵਾਨਾ'
ਕੈਲੀਫੋਰਨੀਆ
ਯੂ.ਐਸ.ਏ.)
(510) 415-9377

ਜਿਸ ਮਨੁੱਖ ਦੇ ਮੱਥੇ ਉਤੇ ਪ੍ਰਭੂ ਦੀ ਬਖਸ਼ਿਸ਼ ਦਾ ਲੇਖ ਹੋਵੇ, ਉਹ ਪ੍ਰਭੂ ਦੀ ਸੇਵਾ ਭਗਤੀ ਵਿਚ ਲੱਗਦਾ ਹੈ। ਅੰਗ (964-965) ਜਾਂ ਭਾਈ! ਪ੍ਰਭੂ ਦਾ ਜਿਹੜਾ ਸੇਵਕ ਪ੍ਰਭੂ ਦੀ ਸੇਵਾ ਵਿਚ ਲੱਗਦਾ ਹੈ, ਉਹ ਹਰ ਥਾਂ ਪ੍ਰਭੂ ਦਾ ਹੀ ਪਸਾਰਾ ਵੇਖਦਾ ਹੈ। ਅੰਗ (982)

ਭਗਤ ਪੂਰਨ ਸਿੰਘ ਪਿੰਗਲਵਾੜਾ ਅੰਮ੍ਰਿਤਸਰ ਵਾਲੇ ਵੀ ਉਨ੍ਹਾਂ ਗੁਰਮੁਖਾਂ ਵਿਚੋਂ ਹੀ ਹੋਏ ਹਨ। ਉਨ੍ਹਾਂ ਨੇ ਆਪਣਾ ਸਾਰਾ ਜੀਵਨ ਪਿੰਗਲੇ, ਅਨਾਥਾਂ, ਬੇਸਹਰਾ ਦੀ ਨਿਰਸੁਆਰਥ ਸੇਵਾ ਵਿਚ ਲਗਾਇਆ। ਉਨ੍ਹਾਂ ਦੀਆਂ ਸੇਵਾਵਾਂ ਦੀ ਅੰਤਰਰਾਸ਼ਟਰੀ ਪੱਧਰ 'ਤੇ ਮਾਨਤਾ ਹੋਈ ਹੈ। ਦੇਸ਼ ਵਿਦੇਸ਼ ਤੋਂ ਵੀ ਪਿੰਗਲਵਾੜਾ ਅੰਮ੍ਰਿਤਸਰ ਦੀ ਸੇਵਾ ਵਿਚ ਯੋਗਦਾਨ ਪਾਇਆ ਜਾਂਦਾ ਹੈ।

ਭਗਤ ਜੀ ਦਾ ਜਨਮ 4 ਜੂਨ, 1904 ਰਾਜੇਵਾਲ (ਰਾਹੋਂ) ਜ਼ਿਲ੍ਹਾ ਲੁਧਿਆਣਾ ਵਿਚ ਮਾਤਾ ਮਹਿਤਾਬ ਕੌਰ ਅਤੇ ਪਿਤਾ ਛਿੱਬੂ ਮੱਲ ਦੇ ਘਰ ਹੋਇਆ। ਉਨ੍ਹਾਂ ਨੂੰ ਰਾਮਜੀ ਦਾਸ ਨਾਮ ਦਿੱਤਾ ਗਿਆ ਸੀ। ਪਿਤਾ ਜੀ ਸ਼ਾਹੂਕਾਰ ਸਨ। ਭਗਤ ਜੀ ਦੇ ਮਨ ਵਿਚ ਆਪਣੀ ਮਾਤਾ ਜੀ ਦੀ ਸ਼ਖਸੀਅਤ ਦਾ ਬੜਾ ਪ੍ਰਭਾਵ ਸੀ। ਜਿਸ ਨਾਲ ਆਪਜੀ ਦੇ ਮਨ ਵਿਚ ਦਯਾ ਸੇਵਾ ਭਾਵਨਾ ਉਤਪੰਨ ਹੋਈ। ਪਿਤਾ ਜੀ ਦਾ ਕਾਰੋਬਾਰ ਖਤਮ ਹੋ ਗਿਆ। ਫਿਰ ਪਿਤਾ ਜੀ ਦੀ ਮੌਤ ਤੋਂ ਬਾਅਦ ਘਰ ਵਿਚ ਘੋਰ ਗਰੀਬੀ ਛਾ ਗਈ। ਆਪ ਜੀ ਦੀ ਮਾਤਾ ਜੀ ਨੇ ਘਰੇਲੂ ਨੌਕਰ ਵਜੋਂ ਕੰਮ ਕਰਕੇ ਭਗਤ ਜੀ ਦੀ ਪੜ੍ਹਾਈ ਨੂੰ ਜਾਰੀ ਰੱਖਣ ਦੀ ਕੋਸ਼ਿਸ਼ ਕੀਤੀ। ਭਗਤ ਜੀ ਨੂੰ ਹੋਸਟਲ ਭੇਜਿਆ ਤੇ ਖਰਚਾ ਵੀ ਭੇਜਿਆ ਜਾਂਦਾ।

ਭਗਤ ਜੀ ਦਸਵੀਂ ਜਮਾਤ ਵਿਚੋਂ ਫੇਲ੍ਹ ਹੋ ਗਿਆ। ਉਨ੍ਹਾਂ ਨੂੰ ਲਾਹੌਰ ਵਾਪਸ ਲਿਆਂਦਾ ਗਿਆ, ਇਕ ਸਥਾਨਕ ਸਕੂਲ ਵਿਚ ਵੀ ਦਾਖਲ ਕਰਵਾਇਆ ਗਿਆ। ਭਗਤ ਜੀ ਦੀ ਦੁਨਿਆਵੀ ਵਿਦਿਆ ਵਿਚ ਰੁਚੀ ਨਹੀਂ ਸੀ। ਪਰ ਉਹ ਸਾਹਿਤ ਰਸੀਏ ਸਨ। ਉਹ ਦਿਆਲ ਸਿੰਘ ਲਾਇਬ੍ਰੇਰੀ ਵਿਚ ਗਿਆਨ ਪ੍ਰਾਪਤੀ ਲਈ ਘੰਟਿਆਂਬੱਧੀ ਕਿਤਾਬਾਂ ਪੜ੍ਹਦੇ ਰਹਿੰਦੇ ਸਨ। ਭਗਤ ਜੀ ਜਵਾਨ ਹੋਏ ਤਾਂ ਸਿੱਖ ਧਰਮ ਤੋਂ ਪ੍ਰਭਾਵਤ ਹੋ ਕੇ ਸਿੱਖ ਬਣ ਗਏ ਅਤੇ ਨਾਉ ਹੋ ਗਿਆ ਭਗਤ ਪੂਰਨ ਸਿੰਘ। ਉਹ ਲਾਹੌਰ ਵਿਚ ਗੁਰਦੁਆਰਾ ਡੇਹਰਾ ਸਾਹਿਬ ਜਾਂਦੇ ਸਨ। ਗੁਰਦੁਆਰਾ ਸਾਹਿਬ ਵਿਚ ਸੇਵਾ ਕਰਦੇ ਸਨ ਜਿਵੇਂ ਯਾਤਰੂਆਂ ਲਈ ਸਾਫ਼ ਪਾਣੀ ਦਾ ਪ੍ਰਬੰਧ ਕਰਨਾ, ਦੁੱਧ ਦੇਣ ਵਾਲੇ ਪਸ਼ੂਆਂ ਦੀ ਸੰਭਾਲ ਕਰਦੇ, ਲੰਗਰਾਂ ਵਿਚ ਭਾਂਡੇ ਮਾਂਜਦੇ, ਪ੍ਰਸ਼ਾਦਾ ਬਣਾਉਂਦੇ, ਲੰਗਰ ਵਰਤਾਉਂਦੇ, ਗੁਰਦੁਆਰਾ ਸਾਹਿਬ ਦਾ ਫਰਸ਼ ਸਾਫ਼ ਕਰਦੇ। ਉਹ ਲਾਹੌਰ ਦੀਆਂ ਗਲੀਆਂ ਦੀ ਵੀ ਸਫ਼ਾਈ ਕਰ ਜਾਂਦੇ। ਉਹ ਲਾਵਾਰਿਸ ਮੁਰਦਿਆਂ ਦਾ ਸਸਕਾਰ ਕਰਦੇ। ਉਹ ਬੇਸਹਾਰਿਆਂ ਦੀ ਦੇਖ ਭਾਲ ਕਰਦੇ। ਬਿਮਾਰਾਂ ਨੂੰ ਹਸਪਤਾਲ ਪਹੁੰਚਾਉਣ ਦੀ ਸੇਵਾ ਕਰਦੇ।

ਮਨੁੱਖਤਾ ਦੀ ਸੇਵਾ ਕਰਨਾ ਉਨ੍ਹਾਂ ਦੇ ਜੀਵਨ ਦਾ ਮਨੋਰਥ ਬਣ ਗਿਆ ਸੀ। ਉਨ੍ਹਾਂ ਦੀ ਸਿੱਖ ਗੁਰੂਆਂ ਦੇ ਉਪਦੇਸ਼ ਵਿਚ ਬੜੀ ਸ਼ਰਧਾ ਸੀ। ਉਹ ਇਧਰ ਉਧਰ ਘੁੰਮ ਕੇ ਵੇਖਦੇ ਕਿ ਜ਼ਖ਼ਮੀਆਂ, ਸਰੀਰਕ ਤੌਰ 'ਤੇ ਅਪਾਹਜ਼ ਲੋਕਾਂ ਨੂੰ ਲੱਭਦੇ ਅਤੇ ਹਸਪਤਾਲ ਛੱਡ ਆਉਂਦੇ। ਸੰਨ 1924 ਦੀ ਇਕ ਰਾਤ ਕੋਈ ਚਾਰ ਕੁ ਸਾਲ ਦਾ ਬੱਚਾ ਕੋੜ੍ਹ ਨਾਲ ਗ੍ਰਸਤ ਲੜਕੇ ਨੂੰ ਗੁਰਦੁਆਰਾ ਡੇਹਰਾ ਸਾਹਿਬ ਲਾਹੌਰ ਦੇ ਦਰਵਾਜ਼ੇ 'ਤੇ ਛੱਡ ਗਿਆ। ਗੁਰਦੁਆਰੇ ਦੇ ਤਤਕਾਲੀ ਮੁੱਖ ਸੇਵਾਦਾਰ ਜਥੇਦਾਰ ਅੱਛਰ ਸਿੰਘ ਜੀ ਨੇ ਬੱਚੇ ਨੂੰ ਭਗਤ ਜੀ ਦੇ ਹਵਾਲੇ ਕਰ ਦਿੱਤਾ। ਭਗਤ ਜੀ ਨੇ ਉਸ ਦਾ ਨਾਮ ਪਿਆਰਾ ਸਿੰਘ ਰੱਖਿਆ। ਖ਼ੁਦ ਉਸਦਾ ਪਾਲਣ-ਪੋਸ਼ਣ ਕਰਨ ਦਾ ਫੈਸਲਾ ਕੀਤਾ। ਇਥੋਂ ਹੀ ਪਿੰਗਲਵਾੜਾ ਸਥਾਪਤ ਕਰਨ ਦਾ ਸੰਕਲਪ ਬਣਿਆ ਹੈ।

1947 ਵਿਚ ਦੇਸ਼ ਦੀ ਵੰਡ ਦਾ ਕਹਿਰ ਟੁੱਟਾ ਤਾਂ ਭਗਤ ਜੀ ਖਾਲਸਾ ਕਾਲਜ ਅੰਮ੍ਰਿਤਸਰ ਦੇ ਸ਼ਰਨਾਰਥੀ ਕੈਂਪ ਵਿਚ ਪਹੁੰਚੇ ਜਿਸ ਵਿਚ 25000 ਤੋਂ ਵੱਧ ਸ਼ਰਨਾਰਥੀ ਸਨ ਜੋ ਗੰਭੀਰ ਰੂਪ ਵਿਚ ਜ਼ਖ਼ਮੀ ਸਨ ਅਤੇ ਆਪਾ ਸੰਭਾਲਣ ਦੇ ਯੋਗ ਨਹੀਂ ਸਨ। ਸਰਕਾਰ ਦੀ ਮਦਦ ਸਮਰਥਾ ਤੋਂ ਵੀ ਵਾਂਝੇ ਸਨ। ਭਗਤ ਜੀ ਨੇ ਆਪ ਅੱਗੇ ਹੋ ਕੇ ਜ਼ਖ਼ਮੀਆਂ ਦਾ ਇਲਾਜ ਕਰਨਾ ਸ਼ੁਰੂ ਕੀਤਾ।

1958 ਤੱਕ ਭਗਤ ਜੀ ਕੋਲ ਸੇਵਾ ਕਰਨ ਦਾ ਪੱਕਾ ਟਿਕਾਣਾ ਨਹੀਂ ਸੀ। ਉਹ ਚੀਫ਼ ਖਾਲਸਾ ਦੀਵਾਨ ਦੇ ਬਾਹਰ, ਡਾਕਘਰਾਂ, ਰੇਲਵਾ ਸਟੇਸ਼ਨਾਂ ਅਤੇ ਸਿਵਲ ਸਰਜਨ ਦੇ ਦਫ਼ਤਰਾਂ ਦੇ ਬਾਹਰ ਦਰਖਤਾਂ ਹੇਠ ਸੇਵਾਵਾਂ ਜਾਰੀ ਰੱਖਦੇ ਸਨ। ਅੰਤ 1958 ਵਿਚ 'ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੁਸਾਇਟੀ' ਦੀ ਸਥਾਪਨਾ ਕੀਤੀ। ਜਿਸ ਦਾ ਸਲਾਨਾ ਬਜਟ ਉਸ ਸਮੇਂ ਲਗਭਗ 12.5 ਮਿਲੀਅਨ ਸੀ। ਇਹ ਸੰਸਥਾ ਤਹਿਸੀਲਪੁਰਾ ਜੀ.ਟੀ. ਰੋਡ ਅੰਮ੍ਰਿਤਸਰ ਹੈ। ਸੰਸਥਾ ਦੇ ਹੋਰ ਕੇਂਦਰ ਹਨ ਜਿਵੇਂ ਕਿ ਅੰਮ੍ਰਿਤਸਰ, ਜਲੰਧਰ, ਸੰਗਰੂਰ, ਮਾਨਾਂਵਾਲਾ, ਪਲਸੌਰਾ ਅਤੇ ਗੋਇੰਦਵਾਲ ਜਿਨ੍ਹਾਂ ਵਿਚ 1200 ਦੇ ਕਰੀਬ ਲਾਵਾਰਸ ਮਰੀਜ਼ ਦਾਖਲ ਹਨ। ਉਨ੍ਹਾਂ ਦੀ ਸੇਵਾ-ਸੰਭਾਲ ਲਈ ਲੋੜੀਂਦੇ ਕਰਮਚਾਰੀ ਹਮੇਸ਼ਾ ਤਾਇਨਾਤ ਰਹਿੰਦੇ ਹਨ। ਪਿੰਗਲਵਾੜਾ ਦੀਆਂ ਮੁਢਲੀ ਡਾਕਟਰੀ ਸਹਾਇਤਾ ਦੇ ਵਾਹਨ ਜੀ.ਟੀ. ਰੋਡ 'ਤੇ ਹੁੰਦੇ ਹਾਦਸਿਆਂ ਦੇ ਪੀੜਤਾਂ ਲਈ ਹਮੇਸ਼ਾ ਤਿਆਰ ਰਹਿੰਦੇ ਹਨ। ਪਿੰਗਲਵਾੜਾ ਦਾ ਇਕ ਬਨਾਵਟੀ ਅੰਗ ਕੇਂਦਰ ਹੈ, ਜਿਥੇ ਅੰਗਹੀਣਾ ਨੂੰ ਮੁਫ਼ਤ ਬਨਾਵਟੀ ਅੰਗ ਲਗਾਏ ਜਾਂਦੇ ਹਨ। ਬੱਚਿਆਂ ਦੀ ਵਿਦਿਆ ਲਈ ਵਿਦਿਅਕ ਅਦਾਰੇ ਹਨ। ਪਿੰਗਲਵਾੜਾ ਵਿਚ ਮਰਨ ਵਾਲਿਆਂ ਦੀਆਂ ਲਾਵਾਰਸ ਲਾਸ਼ਾਂ ਨੂੰ ਸਰੀਰ ਵਿਗਿਆਨ ਪੜ੍ਹਾਉਣ ਲਈ ਸਥਾਨਕ ਮੈਡੀਕਲ ਕਾਲਜ ਭੇਜਿਆ ਜਾਂਦਾ ਹੈ।

ਭਗਤ ਜੀ ਦੇ ਸੰਪੂਰਨ ਜੀਵਨ ਦੇ ਹੋਰ ਮਹੱਤਵਪੂਰਨ ਪਹਿਲੂਆਂ ਵਿਚ ਹੈ ਕਿ ਬਚਪਨ ਵਿਚ ਉਨ੍ਹਾਂ ਦਾ ਪਰਿਵਾਰ ਗੁਜ਼ਾਰੇ ਲਈ ਪਿੰਡ-ਪਿੰਡ ਘੁੰਮਦਾ ਸੀ। ਉਹ ਪਰਿਵਾਰ ਇਸ ਸਮੇਂ ਵਿਚ ਹਿੰਦੂ ਮੰਦਰਾਂ ਅਤੇ ਗੁਰਦੁਆਰਿਆਂ ਵਿਚ ਵੀ ਠਹਿਰਦਾ ਰਿਹਾ। ਸਿੱਖ ਗੁਰੂਆਂ ਦੇ ਉਪਦੇਸ਼ ਤੋਂ ਪ੍ਰਭਾਵਤ ਹੋ ਕੇ ਸਿੱਖ ਬਣਨ ਦੀ ਚੋਣ ਕੀਤੀ ਅਤੇ ਲਾਮ ਹੋ ਗਿਆ ਪੂਰਨ ਸਿੰਘ। ਭਗਤ ਜੀ ਪੰਜਾਬੀ ਅਤੇ ਅੰਗਰੇਜ਼ੀ ਭਾਸ਼ਾ ਦੇ ਗਿਆਤਾ ਸਨ। ਉਹ ਇਕ ਸਾਹਿਤਕ ਚਿੰਤਕ ਸਨ। ਆਪ ਜੀ ਨੇ ਵਾਤਾਵਰਣ, ਪ੍ਰਦੂਸ਼ਣ, ਗਰੀਬੀ, ਬੇਰੁਜ਼ਗਾਰੀ, ਭੁਖਮਰੀ, ਅਨਪੜ੍ਹਤਾ ਜਿਹੇ ਮੁੱਦਿਆਂ ਨੂੰ ਛੋਹਿਆ ਹੈ। ਉਨ੍ਹਾਂ ਦੀਆਂ ਪ੍ਰਸਿੱਧ ਰਚਨਾਵਾਂ "ਮਨੁੱਖ ਦੀ ਸਿੱਖਿਆ", "ਸਿਰਫ਼ ਧਾਰਮਿਕਤਾ ਹੀ ਇਕ ਕੌਮ ਨੂੰ ਉਚਾ ਕਰਦੀ ਹੈ।", "ਪੌਦਾ ਜਾਂ ਨਾਸ਼", "ਰਾਹ", "ਵਧਦੀ ਆਬਾਦੀ" ਅਤੇ ਹੋਰ ਬਹੁਤ ਸਾਰੇ ਲੇਖ ਹਨ। ਆਪ ਰੱਦੀ ਕਾਗਜ਼ਾਂ ਦੇ ਇਕ ਪਾਸੇ ਲਿਖਦੇ ਤੇ ਪ੍ਰਚਾਰਦੇ ਸਨ ਕਿ ਕਾਗਜ਼ ਦੀ ਘੱਟ ਵਰਤੋਂ ਕਰੋ ਨਹੀਂ ਤਾਂ ਜ਼ਿਆਦਾ ਰੁੱਖ ਕੱਟੇ ਜਾਣਗੇ। ਆਪ ਇਕ ਲੇਖਕ, ਪ੍ਰਕਾਸ਼ਿਤ, ਵਾਤਾਵਰਣ ਪ੍ਰੇਮੀ ਅਤੇ ਪਰਉਪਕਾਰੀ ਹੋ ਨਿਬੜੇ ਸਨ।

ਆਪ ਇਕ ਪ੍ਰਪੱਕ ਵਾਤਾਵਰਣ ਪ੍ਰੇਮੀ ਅਤੇ ਦਾਰਸ਼ਿਨਕ ਸਨ। ਉਨ੍ਹਾਂ ਨੇ ਰੁਖ ਲਗਾਉਣ ਦੀ ਮੁਹਿੰਮ ਦੀ ਸ਼ੁਰੂਆਤ ਕੀਤੀ। ਵਾਤਾਵਰਣ ਦੇ ਵਿਸ਼ਿਆਂ 'ਤੇ ਭਾਸ਼ਣ ਕੀਤੇ ਅਤੇ ਸੈਮੀਨਾਰ ਦਾ ਆਯੋਜਨ ਕੀਤਾ। ਵਾਤਾਵਰਣ ਤੇ ਲਿਖਿਆ ਵੀ। ਉਨ੍ਹਾਂ ਕਈ ਤ੍ਰਿਵੈਣੀ ਦੇ ਰੁੱਖ ਲਗਾਏ ਸਨ।

ਭਗਤ ਪੂਰਨ ਸਿੰਘ ਜੀ ਨੂੰ 1991 ਵਿਚ ਨੋਬਲ ਸ਼ਾਂਤੀ ਐਵਾਰਡ ਮਿਲਿਆ ਜੋ ਉਨ੍ਹਾਂ ਨੇ ਸਾਕਾ ਨੀਲਾ ਤਾਰਾ 1984 ਦੀ ਦੁਖਦਾਈ ਘਟਨਾ ਦੇ ਰੋਸ ਵਿਚ ਵਾਪਸ ਕਰ ਦਿੱਤਾ।

ਭਗਤ ਜੀ ਇਕ ਸੰਸਥਾ ਸਨ। ਉਹ ਇਕ ਸੇਵਾ ਸਮਰਪਿਤ ਸਿੱਖ ਸਨ। ਉਹ ਪੁਰਾਤਨ ਪ੍ਰੰਪਰਾ ਦੇ ਮਿਸਾਲੀ ਸਿੱਖ ਸਨ। ਉਨ੍ਹਾਂ ਨੇ ਵਿਸ਼ਵ ਪੱਧਰ 'ਤੇ ਆਪਣੇ ਮਾਨਵਵਾਦੀ ਸੇਵਾਵਾਂ ਲਈ ਸਨਮਾਨ ਪ੍ਰਾਪਤ ਕੀਤਾ ਹੈ।

ਆਪ 5 ਅਗਸਤ, 1992 ਅੰਮ੍ਰਿਤਸਰ ਵਿਖੇ ਅਕਾਲ ਚਲਾਣਾ ਕਰ ਗਏ। ਉਹ ਗੁਰਮਤਿ ਆਸ਼ੇ ਅਨੁਸਾਰ ਨਿਰਸੁਆਰਥ ਸੇਵਾ ਲਈ ਹਮੇਸ਼ਾ ਯਾਦ ਰਹਿਣਗੇ। ਉਨ੍ਹਾਂ ਦੀ ਵਿਰਾਸਤ ਦੀ ਸੰਭਾਲ ਵਿਚ ਡਾ. ਬੀਬੀ ਇੰਦਰਜੀਤ ਕੌਰ ਜੀ ਹਨ।

# ਭਗਤ ਪੂਰਨ ਸਿੰਘ ਜੀ ਵਲੋਂ ਰਾਸ਼ਟਰਪਤੀ ਨੂੰ ਲਿਖੀ ਚਿੱਠੀ, ਪਦਮ ਸ੍ਰੀ ਦੀ ਵਾਪਸੀ

ਸੇਵਾ ਵਿਖੇ
ਰਾਸ਼ਟਰਪਤੀ ਭਾਰਤ,
ਰਾਸ਼ਟਰਪਤੀ ਭਵਨ, ਦਿੱਲੀ।

**ਵਿਸ਼ਾ: ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ 'ਤੇ ਹੋਈ ਇਨਸਾਨੀਅਤ ਤੋਂ ਗਿਰੀ ਫੌਜੀ ਕਾਰਵਾਈ ਵਿਰੁਧ ਰੋਸ ਵਜੋਂ "ਪਦਮ ਸ਼੍ਰੀ" ਐਵਾਰਡ ਦਾ ਮੋੜਿਆ ਜਾਣਾ।**


ਸ੍ਰੀ ਮਾਨ ਜੀ,

ਬੇਨਤੀ ਹੈ ਕਿ ਸ੍ਰੀ ਦਰਬਾਰ ਸਾਹਿਬ ਦੇ ਅੰਦਰ ਫੌਜ ਨੂੰ ਕਾਰਵਾਈ ਲਈ ਭੇਜਿਆ ਜਾਣਾ ਕਿੰਨੇ ਹੀ ਦੁਖਦਾਈ ਨਤੀਜੇ ਪੈਦਾ ਕਰ ਚੁੱਕਾ ਹੈ। ਉਸ ਫੌਜੀ ਕਾਰਵਾਈ ਦੇ ਨਤੀਜਿਆਂ ਤੋਂ ਸਿੱਖ ਜਗਤ ਤੜਫ ਉਠਿਆ ਹੈ। ਇਸ ਘਟਨਾ ਦਾ ਜੋ ਦੁਖਦਾਈ ਅਸਰ ਸ੍ਰੀ ਦਰਬਾਰ ਸਾਹਿਬ ਦੀ ਦਰਸ਼ਨੀ ਡਿਉਢੀ ਅਤੇ ਸ੍ਰੀ ਅਕਾਲ ਤਖਤ ਸਾਹਿਬ ਦੀ ਇਮਾਰਤ 'ਤੇ ਪਿਆ ਹੈ ਉਹ ਆਪ ਨੇ ਦੇਖ ਹੀ ਲਿਆ ਹੈ। ਫੌਜੀਆਂ ਹੱਥੋਂ ਬਹੁਤ ਘਟਨਾਵਾਂ ਅਜਿਹੀਆਂ ਵਾਪਰੀਆਂ ਹਨ ਜਿਨ੍ਹਾਂ ਦਾ ਆਪ ਜੀ ਨੂੰ ਪਤਾ ਨਹੀਂ ਹੋ ਸਕਦਾ ਜੋ ਮੈਨੂੰ ਲੋਕਾਂ ਨੇ ਸੁਣਾਈਆਂ ਹਨ ਤੇ ਮੈਂ ਉਹਨਾਂ ਦੀ ਪੜਤਾਲ ਮਿਤੀ 9 ਸਤੰਬਰ 84 ਤੱਕ ਕਰਦਾ ਰਿਹਾ ਹਾਂ। ਮੈਂ ਜਲਦੀ ਨਹੀਂ ਕੀਤੀ ਅਤੇ ਬੜੇ ਧੀਰਜ ਤੋਂ ਕੰਮ ਲਿਆ ਹੈ। ਉਹਨਾਂ ਵਿਚੋਂ ਮੈਂ ਕੁਝ ਘਟਨਾਵਾਂ ਬਿਆਨ ਕਰਦਾ ਹਾਂ:

1. ਸ੍ਰੀ ਦਰਬਾਰ ਸਾਹਿਬ ਦੇ ਇਕ ਗ੍ਰੰਥੀ ਨੂੰ ਫੌਜੀ ਸਿਪਾਹੀ ਪਰਿਵਾਰ ਸਮੇਤ ਗ੍ਰਿਫਤਾਰ ਕਰਕੇ ਲੈ ਗਏ ਅਤੇ ਉਸ ਪਰਿਵਾਰ ਨੂੰ ਉਹਨਾਂ ਨੇ ਸਾਰਾ ਦਿਨ ਭੁੱਖਾ ਪਿਆਸਾ ਰੱਖਿਆ। ਗ੍ਰੰਥੀ ਸਿੰਘ ਦੇ ਹੱਥਾਂ 'ਤੇ ਬੰਦੂਕ ਦੇ ਬੱਟ ਮਾਰ ਕੇ ਫੌਜੀਆਂ ਨੇ ਉਸ ਦੀ ਮਾਰ-ਕੁਟਾਈ ਕੀਤੀ। ਸ੍ਰੀ ਦਰਬਾਰ ਸਾਹਿਬ ਦੇ ਇਕ ਹੋਰ ਗ੍ਰੰਥੀ ਦੇ ਬੱਟ ਮਾਰੇ ਅਤੇ ਉਸ ਦੇ ਹੱਥਾਂ ਨੂੰ ਸੋਜਾਂ ਚਾੜ੍ਹੀਆਂ।

2. ਦਰਬਾਰ ਸਾਹਿਬ ਸਮੂਹ ਵਿਚ ਆਈਆਂ ਸੰਗਤਾਂ, ਇਸਤਰੀਆਂ ਮਰਦਾਂ ਤੇ ਬੱਚਿਆਂ 'ਤੇ ਇਸ ਤਰ੍ਹਾਂ ਗੋਲੀ ਚਲਾਈ ਜਾਂਦੀ ਰਹੀ ਹੈ ਜਿਸ ਤਰ੍ਹਾਂ ਜ਼ਹਰਿਲੀ ਦਵਾਈ ਦੀ ਪਿਚਕਾਰੀ ਨਾਲ ਮੱਛਰ ਮਾਰੀਦਾ ਹੈ।

3. ਜਿਹੜੇ ਯਾਤਰੂ ਸ੍ਰੀ ਦਰਬਾਰ ਸਾਹਿਬ ਤੇ ਤੇਜਾ ਸਿੰਘ ਸਮੁੰਦਰੀ ਹਾਲ ਵਿਚ ਮੰਗਲਵਾਰ ਨੂੰ 12 ਵਜੇ ਕੈਦ ਕੀਤੇ ਗਏ ਸਨ, ਉਹਨਾਂ ਨੂੰ ਪਾਣੀ ਨਾ ਦਿੱਤਾ ਗਿਆ, ਉਹਨਾਂ ਨੂੰ ਬੁੱਧਵਾਰ 30 ਘੰਟਿਆਂ ਪਿਛੋਂ ਸਿੱਖ ਫੌਜੀਆਂ ਨੇ ਪਾਣੀ ਦਿੱਤਾ। ਬੱਚਿਆਂ ਦੀਆਂ ਪਿਆਸ ਨਾਲ ਅੱਖਾਂ ਬਾਹਰ ਨਿਕਲ ਰਹੀਆਂ ਸਨ। ਬੀਬੀਆਂ ਨੇ ਪਸੀਨੇ ਪੂੰਝ ਕੇ ਬੱਚੀਆਂ ਦੇ ਮੂੰਹ ਗਿੱਲੇ ਕੀਤੇ। ਜੇ ਬੀਬੀਆਂ ਬੱਚਿਆਂ ਲਈ ਪਾਣੀ ਮੰਗਦੀਆਂ ਸਨ ਤਾਂ ਫੌਜੀ ਕਹਿੰਦੇ ਸਨ ਕਿ ਇਹ ਵੱਡੇ ਹੋ ਕੇ ਸਾਨੂੰ ਜਾਨੋਂ ਮਾਰਨਗੇ, ਇਸ ਲਈ ਅਸੀਂ ਇਹਨਾਂ ਨੂੰ ਪਾਣੀ ਕਿਉਂ ਦੇਈਏ। ਮੰਗਲਵਾਰ ਵਾਲੇ ਦਿਨ ਬੱਚਿਆਂ ਨੂੰ ਵੀ ਜਿਹੜਾ ਥੋੜ੍ਹਾ ਜਿਹਾ ਪਾਣੀ ਫੌਜੀਆਂ ਨੇ ਦਿੱਤਾ ਸੀ ਉਸ ਵਿਚ ਉਹਨਾਂ ਨੇ ਸਿਗਰਟਾਂ ਦਾ ਪਾਣੀ ਘੋਲ ਕੇ ਕਿਹਾ ਕਿ ਇਹ ਤੁਹਾਡੇ ਗੁਰੂ ਦਾ ਪ੍ਰਸ਼ਾਦ ਹੈ। ਤੇਜਾ ਸਿੰਘ ਸਮੁੰਦਰੀ ਹਾਲ ਵਿਚ ਫੌਜੀਆਂ ਨੇ ਸਿਗਰਟਾਂ ਪੀਤੀਆਂ ਅਤੇ ਸਿਗਰਟਾਂ ਦਾ ਧੂੰਆਂ ਸਿੱਖਾਂ ਵੱਲ ਛੱਡਦੇ ਰਹੇ। ਜਿਹੜਾ ਸਲੂਕ ਫੌਜੀ ਕਾਰਵਾਈ ਦੇ ਨਾਮ 'ਤੇ ਸਿੱਖਾਂ ਨਾਲ ਹੋਇਆ ਉਸ ਨੇ ਸਿੱਖ ਜਗਤ ਦੇ ਹਿਰਦਿਆਂ 'ਤੇ ਭਾਰੀ ਸੱਟ ਮਾਰੀ ਹੈ। ਦਰਬਾਰ ਸਾਹਿਬ ਵਿਚੋਂ ਫੜੇ ਯਾਤਰੂ ਜਵਾਨ ਮੁੰਡਿਆਂ ਦੇ ਹੱਥ ਉਹਨਾਂ ਦੀਆਂ ਪੱਗਾਂ ਨਾਲ ਬੰਨ੍ਹੇ ਗਏ ਅਤੇ ਉਹਨਾਂ ਦੇ ਕੇਸ ਖੋਲ੍ਹ ਕੇ ਉਹਨਾਂ ਦੀਆਂ ਅੱਖਾਂ ਦਵਾਲੇ ਲਪੇਟ ਕੇ ਉਹਨਾਂ ਨੂੰ ਗਰਮ ਫਰਸ਼ ਤੇ ਗੋਡਿਆਂ ਭਾਰ ਚੱਲਣ ਲਈ ਮਜਬੂਰ ਕਤਿਾ ਗਿਆ। ਮੁੰਡਿਆਂ ਨੂੰ ਪਿਛੋਂ ਬੰਨ੍ਹ ਕੇ ਮੱਥੇ ਵਿਚ ਗੋਲੀਆਂ ਮਾਰ ਕੇ ਮਾਰਿਆ ਗਿਆ।



4. ਪਹਿਲੀ ਜੂਨ 1984 ਨੂੰ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਉਤੇ ਸੀ. ਆਰ. ਪੀ. ਨੇ ਗੋਲੀ ਚਲਾਣੀ ਆਰੰਭ ਕਰ ਦਿੱਤੀ ਸੀ। ਪਹਿਲੀ ਜੂਨ ਫੌਜਾਂ ਦੇ ਆਉਣ ਤੋਂ ਪਹਿਲਾਂ ਸੀ. ਆਰ. ਪੀ. ਵਲੋਂ ਹਰਿਮੰਦਰ ਸਾਹਿਬ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆਂ ਬੈਠੇ ਗ੍ਰੰਥੀ ਸਿੰਘ ਨੂੰ ਗੋਲੀ ਮਾਰ ਦਿੱਤੀ ਸੀ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਨੂੰ ਗੋਲੀ ਮਾਰ ਕੇ ਜ਼ਖਮੀ ਕਰ ਦਿੱਤਾ ਸੀ। ਸਾਰੀਆਂ ਵਾਰਦਾਤਾਂ ਹੋਣ ਦੇ ਪਿਛੋਂ ਸਿੱਖ ਰੈਫਰੈਂਸ ਲਾਇਬ੍ਰੇਰੀ ਤੇ ਸਿੱਖ ਅਜਾਇਬ ਘਰ ਮਿੱਥ ਕੇ ਵੈਰ ਭਾਵਨਾ ਨਾਲ ਸਾੜ ਦਿੱਤੇ। 3 ਜੂਨ 1984 ਵਾਲੇ ਦਿਨ ਪੀਲੀਆਂ ਪੱਗਾਂ ਅਤੇ ਕ੍ਰਿਪਾਨਾਂ ਵਾਲੇ ਦੋ ਸਿੰਘ ਬਟਾਲੇ ਦੇ ਬੱਸ ਅੱਡੇ ਤੋਂ ਉਤਰੇ ਤਾਂ ਉਹਨਾਂ ਨੂੰ ਫੌਜੀਆਂ ਨੇ ਕ੍ਰਿਪਾਨਾਂ ਲਾਹੁਣ ਲਈ ਕਿਹਾ ਪਰ ਉਹਨਾਂ ਕ੍ਰਿਪਾਨਾਂ ਲਾਹੁਣ ਤੋਂ ਇਨਕਾਰ ਕਰ ਦਿੱਤਾ। ਉਸੇ ਵੇਲੇ ਫੌਜੀਆਂ ਨੇ ਉਹਨਾਂ ਨੂੰ ਗੋਲੀ ਨਾਲ ਉਡਾ ਦਿੱਤਾ। ਇਕ ਨਿਹੰਗ ਸਿੰਘ ਨੂੰ ਗੁਮਟਾਲਾ ਜੇਲ੍ਹ ਦੇ ਲਾਗੇ ਇਸ ਲਈ ਗੋਲੀ ਨਾਲ ਮਾਰ ਦਿੱਤਾ ਗਿਆ ਕਿਉਂਕਿ ਉਸ ਨੇ ਕ੍ਰਿਪਾਨ ਦੇਣ ਤੋਂ ਇਨਕਾਰ ਕੀਤਾ ਸੀ। ਇਕ ਤਿਆਰ ਬਰ ਤਿਆਰ ਸਿੰਘ ਕਿੱਤਿਆਂ (ਸ੍ਰੀ ਅੰਮ੍ਰਿਤਸਰ ਦਾ ਇਕ ਇਲਾਕਾ) ਵਿਚ ਆਪਣੇ ਮਕਾਨ ਦੀ ਛੱਤ ਦੇ ਖੜ੍ਹਾ ਸੀ। ਉਸ ਨੂੰ ਫੌਜੀਆਂ ਨੇ ਇਸ ਲਈ ਗੋਲੀ ਨਾਲ ਮਾਰ ਦਿੱਤਾ ਕਿਉਂਕਿ ਉਸ ਨੇ ਪੀਲੀ ਪੱਗ ਬੰਨ੍ਹੀ ਹੋਈ ਸੀ।

5. ਤਿੰਨ ਜੁਲਾਈ ਵਾਲੇ ਦਿਨ ਜ਼ਿਲ੍ਹਾ ਕਚਿਹਰੀ ਸ੍ਰੀ ਅੰਮ੍ਰਿਤਸਰ ਦੇ ਡਾਕਟਰ ਕਿਚਲੂ ਵਾਲੇ ਗੋਲ ਚੱਕਰ ਦੇ ਲਾਗੇ ਇਕ ਕਾਲੀ ਪੱਗ ਤੇ ਕ੍ਰਿਪਾਨ ਵਾਲਾ 25 ਕੁ ਸਾਲਾਂ ਦੀ ਉਮਰ ਦਾ ਸਿੰਘ ਜਾ ਰਿਹਾ ਸੀ ਇਸ ਪਾਸੇ ਤੋਂ ਫੌਜੀਆਂ ਦੀ ਜੀਪ ਆ ਗਈ ਉਸ ਸਿੰਘ ਨੂੰ ਹੱਥਕੜੀ ਲਾ ਕੇ ਲੈ ਗਏ, ਉਸ ਪਾਸ ਕੁਝ ਨਹੀਂ ਨਿਕਲਿਆ ਸੀ। ਜਿਸ ਵੇਲੇ ਫੌਜੀ ਸ਼੍ਰੋਮਣੀ ਗੁਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਰਦਾਰ ਗੁਰਚਰਨ ਸਿੰਘ ਟੌਹੜਾ ਨੂੰ ਤੇਜਾ ਸਿੰਘ ਸਮੁੰਦਰੀ ਹਾਲ ਵਿਚੋਂ ਗ੍ਰਿਫਤਾਰ ਕਰਨ ਗਏ ਤਾਂ ਇਕ ਫੌਜੀ ਸਿਗਰਟ ਪੀ ਰਿਹਾ ਸੀ। ...ਸਰਦਾਰ ਟੌਹੜਾ ਨੇ ਉਸ ਨੂੰ ਕਿਹਾ ਕਿ ਤੂੰ ਸਿਗਰਟ ਨਾ ਪੀ ਤਾਂ ਉਸ ਫੌਜੀ ਨੇ ਕਿਹਾ ਕਿ ਚਲ ਉਏ ਬੁੱਢੇ, ਚੁੱਪ ਕਰ ਨਹੀਂ ਤਾਂ ਗੋਲੀ ਮਾਰ ਦਿਆਂਗਾ। ਸਰਦਾਰ ਟੌਹੜਾ ਨੇ ਕਿਹਾ ਕਿ ਮੈਂ ਇਥੋਂ ਦਾ ਪ੍ਰਧਾਨ ਹਾਂ ਤਾਂ ਫੌਜੀ ਚੁੱਪ ਕਰ ਗਏ।

6. ਸ੍ਰੀ ਦਰਬਾਰ ਸਾਹਿਬ ਮੁਕਤਸਰ ਵਿਚ ਸਾਰੇ ਸੇਵਾਦਾਰ ਕੱਢ ਕੇ ਸਰੋਵਰ ਦੀ ਪਰਿਕਰਮਾ ਵਿਚ ਧੁੱਪ ਵਿਚ ਮੂਧੇ ਲੰਮੇ ਪਾਏ ਗਏ ਜਿਨ੍ਹਾਂ ਨੂੰ ਬੁਰੀ ਤਰ੍ਹਾਂ ਕੁੱਟਿਆ ਗਿਆ। ਉਹਨਾਂ ਵਿਚੋਂ ਇਕ ਮਰ ਗਿਆ। ਪਿੰਡਾਂ ਵਿਚੋਂ ਉਹ ਮੁੰਡੇ ਕੱਢ ਕੇ ਬਾਹਰ ਲਿਆਂਦੇ ਗਏ ਜਿਨ੍ਹਾਂ ਨੇ ਅੰਮ੍ਰਿਤ ਛੱਕਿਆ ਹੋਇਆ ਸੀ ਤੇ ਉਨ੍ਹਾਂ ਨੂੰ ਬਹੁਤ ਕੁੱਟਿਆ ਗਿਆ।

7. ਮੈਂ ਇਹ ਕਹਿਣ ਲਈ ਮਜਬੂਰ ਹਾਂ ਕਿ ਫੌਜ ਨੇ ਇਖਲਾਕੀ ਗਿਰਾਵਟ ਦਾ ਸਬੂਤ ਦਿੱਤਾ ਹੈ ਤੇ ਵੈਰ ਭਾਵਨਾ ਨਾਲ ਇਸ ਤਰ੍ਹਾਂ ਕਾਰਵਾਈ ਕੀਤੀ ਹੈ ਕਿ ਜਿਸ ਤਰ੍ਹਾਂ ਸਿੱਖਾਂ ਦਾ ਖੁਰਾ ਖੋਜ ਮਿਟਾ ਦੇਣਾ ਹੋਵੇ। ਫੌਜੀ ਐਕਸ਼ਨ ਤੋਂ ਪਿਛੋਂ ਪਿੰਡਾਂ ਵਿਚ ਨੌਜਵਾਨਾਂ ਨੂੰ ਤੰਗ ਕੀਤਾ ਜਾਂਦਾ ਰਿਹਾ ਹੈ। ਉਪਰੋਕਤ ਅਸਲੀਅਤ ਤੋਂ ਇਲਾਵਾ ਕੁਝ ਐਸੀਆਂ ਸ਼ਰਮਨਾਕ ਘਟਨਾਵਾਂ ਬਾਰੇ ਜਾਣਕਾਰੀ ਮਿਲੀ ਹੈ ਜਿਨ੍ਹਾਂ ਨੂੰ ਲਿਖਣ ਲਈ ਤਹਿਜ਼ੀਬ ਆਗਿਆ ਨਹੀਂ ਦਿੰਦੀ। ਮੈਂ ਅਜਿਹੇ ਹਾਲਾਤ ਦੇਖ ਸੁਣ ਕੇ ਸਰਕਾਰ ਨੂੰ ਆਪਣਾ ਰੋਸ ਪ੍ਰਗਟ ਕਰਨ ਲਈ ਆਪਣਾ "ਪਦਮ-ਸ੍ਰੀ" ਦਾ ਐਵਾਰਡ ਵਾਪਸ ਕਰਦਾ ਹਾਂ।

**ਪੂਰਨ ਸਿੰਘ, ਭਗਤ**

## ਸ਼ਹੀਦੀ ਦਿਵਸ 'ਤੇ ਵਿਸ਼ੇਸ਼

# ਅਣਖੀ ਅਤੇ ਕ੍ਰਾਂਤੀਕਾਰੀ ਯੋਧਾ ਸ਼ਹੀਦ ਊਧਮ ਸਿੰਘ



**ਦਰਸ਼ਨ ਸਿੰਘ ਪ੍ਰੀਤੀਮਾਨ**

ਸ. ਊਧਮ ਸਿੰਘ ਦਾ ਜਨਮ 26 ਦਸੰਬਰ, 1899 ਈ: ਨੂੰ ਮਾਤਾ ਨਰੈਣ ਕੌਰ ਉਰਫ ਹਰਨਾਮ ਕੌਰ ਦੀ ਕੁੱਖੋਂ, ਪਿਤਾ ਚੂਹੜ ਸਿੰਘ ਉਰਫ਼ ਟਹਿਲ ਸਿੰਘ ਦੇ ਘਰ ਸ਼ਹਿਰ ਸੁਨਾਮ, ਜ਼ਿਲ੍ਹਾ ਸੰਗਰੂਰ ਵਿਖੇ ਹੋਇਆ। ਊਧਮ ਸਿੰਘ ਦਾ ਬਚਪਨ ਦਾ ਨਾਂਅ ਸ਼ੇਰ ਸਿੰਘ ਸੀ ਅਤੇ ਉਨ੍ਹਾਂ ਦਾ ਵੱਡਾ ਭਰਾ ਸਾਧੂ ਸਿੰਘ ਸੀ। ਊਧਮ ਸਿੰਘ ਦੀ ਮਾਤਾ 1907 'ਚ ਪਿਤਾ 1913 'ਚ ਰੱਬ ਨੂੰ ਪਿਆਰੇ ਹੋ ਗਏ। ਊਧਮ ਸਿੰਘ ਦੇ ਪਿਤਾ ਦਾ ਰਿਸ਼ਤੇਦਾਰ ਚੰਚਲ ਸਿੰਘ ਨਾਮੀ ਵਿਆਕਤੀ ਜੋ ਪ੍ਰਚਾਰਕ ਜਥੇ ਨਾਲ ਸੀ। ਉਸ ਨੇ ਦੋਵੇਂ ਮਾਸੂਮ ਬੱਚਿਆਂ ਨੂੰ ਕੇਂਦਰੀ ਖ਼ਾਲਸਾ ਯਤੀਮਘਰ ਪੁਤਲੀਘਰ, ਅੰਮ੍ਰਿਤਸਰ ਵਿਖੇ ਦਾਖ਼ਲ ਕਰਵਾ ਦਿੱਤਾ। ਊਧਮ ਸਿੰਘ ਚੁਸਤੀ-ਫੁਰਤੀ ਵਾਲਾ ਹੋਣ ਕਰਕੇ ਮੁੰਡਿਆਂ 'ਚ ਮੋਹਰੀ ਬਣ ਗਿਆ ਤੇ ਤਰਖਾਣਾ ਵਾਲਾ ਕੰਮ ਵੀ ਸਿੱਖ ਗਿਆ ਪਰ ਉਹ ਵੱਧ ਕੰਮ ਇਲੈਕਟ੍ਰੀਸ਼ਨ ਦਾ ਕਰਦਾ ਸੀ। ਜਦ 1917 ਨੂੰ ਉਸ ਦੇ ਵੱਡੇ ਭਰਾ ਸਾਧੂ ਸਿੰਘ ਉਰਫ਼ ਮੁਕੰਦ ਸਿੰਘ ਉਰਫ਼ ਮੁੱਖਾ ਸਿੰਘ ਦੀ ਨਮੂਨੀਏ ਨਾਲ ਮੌਤ ਹੋ ਗਈ ਤਾਂ ਊਧਮ ਸਿੰਘ ਤੇ ਹੋਰ ਵੱਡਾ ਦੁੱਖਾਂ ਦਾ ਪਹਾੜ ਟੁੱਟ ਪਿਆ। ਛੋਟੀ ਉਮਰ 'ਚ ਵੱਡੇ ਦੁੱਖਾਂ ਦਾ ਸਾਹਮਣਾ ਕਰਦਾ ਹੋਇਆ ਵੀ ਊਧਮ ਸਿੰਘ 1918 'ਚ ਦਸਵੀਂ ਜਮਾਤ ਪਾਸ ਕਰ ਗਿਆ।

ਊਧਮ ਸਿੰਘ ਦੇ ਮਨ 'ਤੇ ਗਦਰ ਲਹਿਰ ਦਾ ਡੂੰਘਾ ਪ੍ਰਭਾਵ ਸੀ। ਵਿਸਾਖੀ ਵਾਲੇ ਦਿਨ 13 ਅਪ੍ਰੈਲ, 1919 ਨੂੰ ਅੰਮ੍ਰਿਤਸਰ ਦੇ ਜਲ੍ਹਿਆਂਵਾਲੇ ਬਾਗ਼ ਵਿਖੇ ਭਾਰਤੀ ਆਗੂ ਸੈਫ਼-ਉਦ-ਦੀਨ ਕਿਚਲੂ ਤੇ ਸੱਤਪਾਲ ਦੀ ਅਗਵਾਈ ਵਿਚ ਸ਼ਾਂਤਮਈ ਮੁਜ਼ਾਹਰਾ ਕਰ ਰਹੇ ਹਜ਼ਾਰਾਂ ਦੀ ਵੱਡੀ ਗਿਣਤੀ 'ਚ ਲੋਕ ਸਨ। ਉਸ ਮੁਜ਼ਾਹਰੇ ਵਿਚ ਕੇਂਦਰੀ ਖ਼ਾਲਸਾ ਯਤੀਮਖਾਨੇ ਵਲੋਂ ਊਧਮ ਸਿੰਘ ਤੇ ਉਸ ਦੇ ਸਾਥੀ ਪਾਣੀ ਦੀ ਸੇਵਾ ਨਿਭਾਅ ਰਹੇ ਸਨ। ਲੋਕਾਂ ਦੇ ਭਾਰੀ ਇਕੱਠ 'ਤੇ ਬਰਤਾਨਵੀ ਸਰਕਾਰ ਦੇ ਮਾਈਕਲ ਉਡਵਾਇਰ ਦੇ ਆਰਡਰ 'ਤੇ ਜਰਨਲ ਡਾਇਰ ਨੇ ਨਿਹੱਥੇ ਲੋਕਾਂ 'ਤੇ ਅੰਨ੍ਹੇਵਾਹ ਗੋਲੀਆਂ ਦਾ ਮੀਂਹ ਵਰ੍ਹਾ ਦਿੱਤਾ। ਹਫੜਾ-ਦਫੜੀ 'ਚ ਬਹੁਤ ਸਾਰੇ ਲੋਕ ਉੱਥੇ ਜੋ ਖੂਹ ਸੀ, ਉਸ ਵਿਚ ਹੇਠਾਂ-ਉੱਪਰ ਡਿਗ ਕੇ ਦਮ ਤੋੜ ਗਏ, ਕੁਝ ਗੋਲੀਆਂ ਲੱਗਣ ਨਾਲ ਮਾਰੇ ਗਏ, ਮਾਰੇ ਗਏ ਲੋਕਾਂ ਦੀ ਗਿਣਤੀ 400 ਦੇ ਨੇੜੇ ਪਹੁੰਚੀ ਅਤੇ 1200 ਦੇ ਲਗਭਗ ਜ਼ਖ਼ਮੀ ਹੋ ਗਏ। ਇਸ ਮਾੜੀ ਘਟਨਾ ਦਾ ਊਧਮ ਸਿੰਘ 'ਤੇ ਬਹੁਤ ਅਸਰ ਹੋਇਆ ਅਤੇ ਉਸ ਨੇ ਉਸੇ ਸਮੇਂ ਇਸ ਖ਼ੂਨੀ ਸਾਕੇ ਦਾ ਬਦਲਾ ਲੈਣ ਲਈ ਪ੍ਰਣ ਕਰ ਲਿਆ।

ਊਧਮ ਸਿੰਘ ਨੇ ਕੇਂਦਰੀ ਯਤੀਮਘਰ ਅੰਮ੍ਰਿਤਸਰ ਛੱਡਿਆ। ਅਨਾਥ ਘਰ ਵਾਲਿਆਂ ਨੇ ਉਸ ਲਈ ਰੇਲ ਡਰਾਈਵਰ ਦੀ ਅਪ੍ਰੈਂਟਰਸ਼ਿਪ ਦਾ ਪ੍ਰਬੰਧ ਕਰ ਦਿੱਤਾ ਤੇ ਕੁਝ ਸਮੇਂ ਬਾਅਦ ਉਸ ਨੇ ਇਹ ਨੌਕਰੀ ਵੀ ਛੱਡ ਦਿੱਤੀ। ਊਧਮ ਸਿੰਘ ਅਨੇਕਾਂ ਦੇਸ਼ਾਂ 'ਚ ਘੁੰਮਿਆ ਜਿਵੇਂ ਕੈਨੇਡਾ, ਜਰਮਨੀ, ਮੈਕਸੀਕੋ, ਇਟਲੀ, ਈਰਾਨ, ਜਾਪਾਨ, ਅਫ਼ਗਾਨਿਸਤਾਨ, ਮਲਾਇਆ, ਬਰਮਾ, ਸਿੰਗਾਪੁਰ, ਅਮਰੀਕਾ, ਸ਼ਿਕਾਗੋ, ਨਿਊਯਾਰਕ, ਫਰਾਂਸਿਸਕੋ, ਬੈਲਜੀਅਮ, ਨਾਰਵੇ, ਪੋਲੈਂਡ, ਹੰਗਰੀ, ਫਰਾਂਸ, ਸਵੀਡਨ, ਹਾਲੈਂਡ, ਇੰਗਲੈਂਡ, ਆਸਟ੍ਰੇਲੀਆ ਆਦਿ।

ਊਧਮ ਸਿੰਘ ਸੰਨ 1923 ਨੂੰ ਦੱਖਣੀ ਅਫ਼ਰੀਕਾ ਰਾਹੀਂ ਇੰਗਲੈਂਡ ਪਹੁੰਚ ਗਿਆ। ਤੁਰਦਾ-ਫਿਰਦਾ ਇਰਾਕ ਪਹੁੰਚ ਗਿਆ। ਦੋ ਸਾਲ ਪੂਰਬੀ ਅਫ਼ਰੀਕਾ ਵਿਚ ਗੁਜ਼ਾਰੇ। ਸਮੇਂ-ਸਮੇਂ 'ਤੇ ਊਧਮ ਸਿੰਘ ਗਦਰੀ ਦੇਸ਼ ਭਗਤਾਂ ਨੂੰ ਵੀ ਮਿਲਦਾ ਰਿਹਾ। ਭਗਤ ਸਿੰਘ ਦਾ ਪ੍ਰਭਾਵ ਵੀ ਕਬੂਲਿਆ ਸੰਨ 1928 'ਚ ਭਗਤ ਸਿੰਘ ਦੇ ਬੁਲਾਵੇ 'ਤੇ ਭਾਰਤ ਵੱਲ ਮੋੜੇ ਕਰ ਦਿੱਤੇ। ਜਦ ਭਗਤ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਨੇ ਲਾਹੌਰ 'ਚ ਮੀਟਿੰਗ ਕੀਤੀ ਤਾਂ ਊਧਮ ਸਿੰਘ ਨੇ ਉਸ ਮੀਟਿੰਗ 'ਚ ਭਾਗ ਲਿਆ। ਅਸਲਾ ਐਕਟ ਅਧੀਨ ਲਾਹੌਰ ਊਧਮ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਲਾਹੌਰ ਜੇਲ੍ਹ 'ਚੋਂ ਉਹ 1932 'ਚ ਰਿਹਾਅ ਹੋ ਕੇ ਬਾਹਰ ਆਇਆ। ਊਧਮ ਸਿੰਘ ਸ਼ਹੀਦ ਭਗਤ ਸਿੰਘ ਦੇ ਚਾਚਾ ਅਜੀਤ ਸਿੰਘ ਦੇ ਸੰਪਰਕ 'ਚ ਵੀ ਆਇਆ ਸੀ।

ਊਧਮ ਸਿੰਘ 1933 'ਚ ਬਰਲਿਨ (ਜਰਮਨੀ) ਤੇ ਕਈ ਦੇਸ਼ੀਂ ਹੁੰਦਾ ਹੋਇਆ ਲੰਡਨ ਪਹੁੰਚ ਗਿਆ। ਉੱਥੇ ਅਨੇਕਾਂ ਛੋਟੇ-ਛੋਟੇ ਕੰਮ ਕਰਦਾ ਰਿਹਾ, ਆਪਣੀ ਪਛਾਣ ਲੁਕਾਉਂਦਾ ਰਿਹਾ ਅਤੇ ਇਨਕਲਾਬ ਦਾ ਕੰਮ ਜਾਰੀ ਰੱਖਿਆ। ਉੱਥੇ ਉਹ ਉਦੈ ਸਿੰਘ, ਸ਼ੇਰ ਸਿੰਘ, ਫਰੇਕ ਬਰਾਜ਼ਲ, ਰਾਮ ਮੁਹੰਮਦ ਸਿੰਘ ਆਜ਼ਾਦ, ਬਾਵਾ, ਯੂ.ਐੱਸ ਸਿੱਧੂ, ਉਧਨ ਸਿੰਘ ਤੇ ਊਧਮ ਸਿੰਘ ਆਦਿ ਨਾਵਾਂ ਨਾਲ ਵਿਚਰਦਾ ਰਿਹਾ। ਭਾਰਤ ਦੀ ਆਜ਼ਾਦੀ ਲਈ ਉਸ ਨੇ 'ਆਜ਼ਾਦ ਲੀਗ' ਕਾਇਮ ਕਰਿਆ। ਆਜ਼ਾਦੀ ਗੁਲਾਟੀਆਂ ਭਾਰਤੀਆਂ ਦੇ ਲਈ ਉਸ ਨੇ ਧਨ ਵੀ ਇਕੱਠਾ ਕੀਤਾ।

ਊਧਮ ਸਿੰਘ ਨੂੰ ਸਭ ਤੋਂ ਵੱਡਾ ਪਛਤਾਵਾ ਉਸ ਸਮੇਂ ਹੋਇਆ ਜਦ ਭਾਰਤ ਦਾ ਦੁਸ਼ਮਣ ਜਨਰਲ ਡਾਇਰ ਅੰਤ ਨੂੰ ਪਾਗਲ ਹੋ ਕੇ ਮਰਿਆ ਸੀ ਤਾਂ ਊਧਮ ਸਿੰਘ ਦੇ ਦਿਲ 'ਚ ਹੀ ਰਹਿ ਗਈ ਕਿ ਜਰਨਲ ਡਾਇਰ ਦੀ ਮੌਤ ਮੇਰੇ ਹੱਥੋਂ ਕਿਉਂ ਨਾ ਹੋਈ। ਪਰ ਮਾਈਕਲ ਉਡਵਾਇਰ ਦੇ ਨੇੜੇ ਰਹਿਣ ਦਾ ਮੌਕਾ ਊਧਮ ਸਿੰਘ ਨੂੰ ਮਿਲਿਆ। ਕਈ ਵਾਰ ਉਡਵਾਇਰ ਨੂੰ ਮਾਰਨ ਦਾ ਮੌਕਾ ਵੀ ਮਿਲਿਆ ਪਰ ਉਸ ਨੇ ਇਹ ਮੌਕੇ ਹੱਥੋਂ ਇਸ ਲਈ ਲੰਘਾਏ ਕਿ ਲੋਕ ਇਸ ਤਰ੍ਹਾਂ ਸੋਚਣ ਲਈ ਮਜਬੂਰ ਹੋਣਗੇ ਕਿ ਮਾਲਕ ਦੇ ਘਰ ਖਾ ਕੇ ਨੌਕਰ ਨੇ ਨਮਕ ਹਰਾਮ ਕੀਤਾ। ਉਹ ਚਾਹੁੰਦਾ ਸੀ ਕਿ ਸੰਸਾਰ ਨੂੰ ਇਸ ਤਰ੍ਹਾਂ ਪਤਾ ਚੱਲੇ ਕਿ ਪਾਪੀ ਨੂੰ ਜਲ੍ਹਿਆਂਵਾਲੇ ਬਾਗ਼ ਦੀ ਸਜ਼ਾ ਮੌਤ ਮਿਲੀ ਹੈ। ਹੌਲੀ-ਹੌਲੀ ਸਮਾਂ ਗੁਜ਼ਰਦਾ ਗਿਆ। ਅਖ਼ੀਰ ਉਸ ਨੂੰ ਇਹ ਮੌਕਾ ਉਦੋਂ ਮਿਲਿਆ ਜਦੋਂ 13 ਮਾਰਚ, 1940 ਦਿਨ ਬੁੱਧਵਾਰ ਨੂੰ ਸ਼ਾਮ ਦੇ ਤਿੰਨ ਵਜੇ ਅਫ਼ਗਾਨਿਸਤਾਨ ਦੀ ਸਥਿਤੀ ਬਾਰੇ ਵਿਚਾਰ-ਚਰਚਾ ਲਈ 'ਈਸਟ ਇੰਡੀਆ ਐਸੋਸੀਏਸ਼ਨ' ਤੇ 'ਰੋਇਲ ਸੈਂਟਰਲ ਸੁਸਾਇਟੀ ਏਸ਼ੀਅਨ' ਦੀ ਮੀਟਿੰਗ ਕੈਕਸਟਨ ਹਾਲ 'ਚ ਰੱਖੀ ਗਈ ਸੀ। ਇਸ ਮੀਟਿੰਗ ਦੀ ਪ੍ਰਧਾਨਗੀ ਲਾਰਡ ਜੈੱਟਲੈਂਡ ਕਰ ਰਿਹਾ ਸੀ। ਇਸ ਮੀਟਿੰਗ 'ਚ ਬ੍ਰਿਗੇਡੀਅਰ ਜਰਨਲ ਸਰ ਪਰਸੀ ਸਾਇਕਸ, ਸਰ ਲੂਈਡੇਨ, ਲਾਰਡ ਲੈਮਿੰਗਟਨ ਤੇ ਸਰ ਮਾਈਕਲ ਉਡਵਾਇਰ ਸ਼ਾਮਿਲ ਸਨ। ਇਸ ਮੌਕੇ ਲਗਭਗ ਡੇਢ ਸੌ ਲੋਕ ਮੀਟਿੰਗ 'ਚ ਹਾਜ਼ਰ ਸਨ ਅਤੇ ਸੀਟਾਂ ਹਾਲ 'ਚ ਬੈਠਣ ਲਈ ਕੁੱਲ 130 ਸਨ, ਬਾਕੀ ਲੋਕ ਕੰਧਾਂ ਨਾਲ ਖੜ੍ਹੇ ਸਨ। ਊਧਮ ਸਿੰਘ ਸੱਜੇ ਪਾਸੇ ਵਾਲੀ ਪਹਿਲੀ ਕਤਾਰ ਦੇ ਬਿਲਕੁਲ ਨੇੜੇ ਹੋਰ ਲੋਕਾਂ ਵਿਚ ਖੜ੍ਹਿਆ ਸੀ। ਦੂਸਰੇ ਬੁਲਾਰਿਆਂ ਤੋਂ ਬਾਅਦ ਜਦ ਸਰ ਮਾਇਕਲ ਉਡਵਾਇਰ ਭਾਸ਼ਣ ਦੇ ਕੇ ਹਟਿਆ ਤਾਂ ਸੱਜੇ ਪਾਸੇ ਖੜ੍ਹੇ ਊਧਮ ਸਿੰਘ ਨੇ ਪਿਸਤੌਲ ਕੱਢਿਆ ਤੇ ਘੋੜਾ ਦੱਬ ਦਿੱਤਾ। ਸਰ ਮਾਈਕਲ ਉਡਵਾਇਰ ਦੇ ਦੋ ਗੋਲੀਆਂ ਛਾਤੀ 'ਚ ਲੱਗੀਆਂ ਤਾਂ ਉਹ ਥਾਏਂ ਢੇਰੀ ਹੋ ਗਿਆ। ਲਾਰਡ ਲੈਮਿੰਗਟਨ, ਲਾਰਡ ਜੈੱਟਲੈਂਡ, ਸਰ ਲੂਈਡੇਨ ਵੀ ਜ਼ਖ਼ਮੀ ਹੋ ਗਏ। ਊਧਮ ਸਿੰਘ ਭੱਜਿਆ ਨਹੀਂ ਸਗੋਂ ਮੌਕੇ 'ਤੇ ਗ੍ਰਿਫ਼ਤਾਰੀ ਦੇ ਦਿੱਤੀ। ਊਧਮ ਸਿੰਘ ਨੂੰ ਇਸ ਕੇਸ 'ਚ ਬਰਿਕਸਟਨ ਜੇਲ੍ਹ ਭੇਜ ਦਿੱਤਾ। ਮੁਕੱਦਮਾ ਚੱਲਿਆ ਤੇ ਅਖ਼ੀਰ 31 ਜੁਲਾਈ, 1940 ਨੂੰ ਪੈਂਟੋਨਵਿਲੇ ਜੇਲ੍ਹ ਲੰਡਨ ਵਿਖੇ ਫ਼ਾਂਸੀ ਦੇ ਦਿੱਤੀ। ਊਧਮ ਸਿੰਘ ਦੀਆਂ ਅਸਥੀਆਂ ਵੀ ਜੇਲ੍ਹ ਵਿਚ ਹੀ ਦਫ਼ਨਾਈਆਂ ਗਈਆਂ। ਸ਼ਹੀਦ ਊਧਮ ਸਿੰਘ ਕ੍ਰਾਂਤੀਕਾਰੀ ਯੋਧੇ ਦੀ ਕੁਰਬਾਨੀ 'ਤੇ ਅੱਜ ਸਾਰਾ ਭਾਰਤ ਮਾਣ ਮਹਿਸੂਸ ਕਰ ਰਿਹਾ ਹੈ। ਸ਼ਹੀਦ ਊਧਮ ਸਿੰਘ ਦਾ ਨਾਂਅ ਰਹਿੰਦੀ ਦੁਨੀਆ ਤੱਕ ਧਰੂ ਤਾਰੇ ਵਾਂਗ ਪੂਰੇ ਆਲਮ 'ਚ ਚਮਕਦਾ ਰਹੇਗਾ।

# ਦੇਵਾਸ 'ਚ 35 ਮੁਸਲਿਮ ਪਰਿਵਾਰਾਂ ਦੇ 190 ਲੋਕਾਂ ਨੇ ਅਪਣਾਇਆ ਹਿੰਦੂ ਧਰਮ









ਦੇਵਾਸ: ਮੱਧ ਪ੍ਰਦੇਸ਼ ਦੇ ਦੇਵਾਸ ਜ਼ਿਲ੍ਹੇ ਦੇ ਸਿਰੇ 'ਤੇ ਸਥਿਤ ਨੇਮਾਵਰ 'ਚ ਸੰਤ ਸਮਾਜ ਦੀ ਮੌਜੂਦਗੀ 'ਚ 35 ਪਰਿਵਾਰਾਂ ਦੇ 190 ਲੋਕ ਸਨਾਤਨ ਧਰਮ 'ਚ ਪਰਤ ਆਏ ਹਨ। ਘਰ ਵਾਪਸੀ ਕਰਨ ਵਾਲੇ ਸਾਰੇ ਲੋਕ ਖਾਨਾਬਦੋਸ਼ ਸਮਾਜ ਨਾਲ ਜੁੜੇ ਹੋਏ ਹਨ। ਘਰ ਪਰਤਣ ਵਾਲੇ ਲੋਕਾਂ ਦਾ ਕਹਿਣਾ ਹੈ ਕਿ ਉਨ੍ਹਾਂ ਦੇ ਪਿਉ-ਦਾਦੇ ਪਹਿਲਾਂ ਹਿੰਦੂ ਸਨ ਪਰ ਕੁਝ ਕਾਰਨਾਂ ਕਰਕੇ ਉਹ ਮੁਸਲਮਾਨ ਬਣ ਗਏ। ਇਨ੍ਹਾਂ ਵਿੱਚ ਨੇਮਾਵਰ ਤੋਂ ਇਲਾਵਾ ਜਾਮਨੇਰ ਅਤੇ ਆਸਪਾਸ ਦੇ ਕੁੱਲ 35 ਪਰਿਵਾਰਾਂ ਦੇ ਲੋਕ ਸ਼ਾਮਲ ਹਨ। ਨੇਮਾਵਰ ਵਿੱਚ ਮੁੰਡਨ, ਨਰਮਦਾ ਸਨਾਨ, ਹਵਨ, ਯਜਨੋਪਵੀਤ ਆਦਿ ਕਿਰਿਆਵਾਂ ਕਰਕੇ ਸਾਰੇ ਲੋਕ ਘਰ ਪਰਤ ਗਏ। ਦੱਸਿਆ ਜਾਂਦਾ ਹੈ ਕਿ ਕਰੀਬ ਚਾਰ ਪੀੜ੍ਹੀਆਂ ਪਹਿਲਾਂ ਇਨ੍ਹਾਂ ਲੋਕਾਂ ਦੇ ਪੂਰਵਜਾਂ ਨੇ ਹਾਲਾਤਾਂ ਕਾਰਨ ਵਿਸ਼ੇਸ਼ ਵਰਗ ਅਪਣਾ ਲਿਆ ਸੀ। ਉਸ ਦੀ ਕੁਲਦੇਵੀ ਚਾਮੁੰਡਾ ਸੀ। ਘਰਾਂ ਵਿੱਚ ਕੁਲਦੇਵੀ ਦੀ ਪੂਜਾ ਕੀਤੀ ਜਾਂਦੀ ਸੀ ਅਤੇ ਉਸੇ ਪਰੰਪਰਾ ਅਨੁਸਾਰ ਵਿਆਹ ਆਦਿ ਰਸਮਾਂ ਨਿਭਾਈਆਂ ਜਾਂਦੀਆਂ ਸਨ।

**ਸਾਰੇ ਲੋਕ ਮਦਾਰੀ ਸਮਾਜ ਨਾਲ ਸਬੰਧਤ ਹਨ :** ਘਰ ਪਰਤਣ ਵਾਲੇ ਸਾਰੇ ਲੋਕ ਨੇਮਾਵਰ ਨੇੜੇ ਜਾਮਨੇਰ ਪਿੰਡ ਦੇ ਰਹਿਣ ਵਾਲੇ ਸਨ। ਉਹ ਮਦਾਰੀ ਭਾਈਚਾਰੇ ਨਾਲ ਸਬੰਧ ਰੱਖਦਾ ਸੀ, ਜਿਸ ਦਾ ਰੁਝਾਨ ਖਾਨਾਬਦੋਸ਼ ਹੈ। ਨੇਮਾਵਰ ਵਿੱਚ ਨਰਮਦਾ ਦੇ ਕਿਨਾਰੇ ਸੰਤਾਂ ਦੀ ਸੰਗਤ ਵਿੱਚ ਸੋਮਵਾਰ ਸਵੇਰੇ ਇਹ ਪ੍ਰਕਿਰਿਆ ਪੂਰੀ ਕੀਤੀ ਗਈ।

**ਨੇਮਾਵਰ ਅਤੇ ਰਤਲਾਮ ਦੇ ਸੰਤ ਹਾਜ਼ਰ ਸਨ :** ਘਰ ਪਰਤਣ ਵਾਲਿਆਂ ਵਿੱਚ ਕਰੀਬ 55 ਪੁਰਸ਼, 50 ਔਰਤਾਂ ਅਤੇ ਬਾਕੀ ਬੱਚੇ ਸ਼ਾਮਲ ਹਨ। ਇਸ ਮੌਕੇ ਨੇਮਾਵਰ ਦੇ ਸੰਤ ਰਾਮਸਵਰੂਪ ਦਾਸ ਸ਼ਾਸਤਰੀ ਅਤੇ ਸੈਲਾਨਾ, ਰਤਲਾਮ ਦੇ ਸੰਤ ਆਨੰਦਗਿਰੀ ਮਹਾਰਾਜ ਹਾਜ਼ਰ ਸਨ। ਸਾਰਿਆਂ ਨੇ ਆਪਣੇ ਮੂਲ ਧਰਮ ਵਿੱਚ ਪਰਤ ਕੇ ਖ਼ੁਸ਼ੀ ਦਾ ਇਜ਼ਹਾਰ ਕੀਤਾ।

**ਸਾਡੇ ਖ਼ੂਨ ਵਿੱਚ ਸਨਾਤਨ ਸੰਸਕਾਰ :** ਰਾਮਸਿੰਘ (ਪਹਿਲਾਂ ਮੁਹੰਮਦ ਸ਼ਾਹ) ਨੇ ਆਪਣੇ ਧਰਮ ਵਿੱਚ ਪਰਤਣ ਦਾ ਤਜਰਬਾ ਸਾਂਝਾ ਕਰਦਿਆਂ ਕਿਹਾ ਕਿ ਭਾਵੇਂ ਸਾਡੇ ਪੁਰਖੇ ਹਾਲਾਤਾਂ ਕਾਰਨ ਇੱਕ ਵਿਸ਼ੇਸ਼ ਵਰਗ ਦੇ ਬਣ ਗਏ ਸਨ ਪਰ ਸਦੀਵੀ ਕਦਰਾਂ-ਕੀਮਤਾਂ ਸਾਡੇ ਖ਼ੂਨ ਵਿੱਚ ਵਹਿ ਰਹੀਆਂ ਹਨ। ਅੱਜ ਅਸੀਂ ਆਪਣੇ ਮੂਲ ਧਰਮ ਵਿੱਚ ਪਰਤ ਕੇ ਬਹੁਤ ਖ਼ੁਸ਼ ਹਾਂ।

**ਲੋਕ ਰਤਲਾਮ ਦੇ ਅੰਬਾ ਪਿੰਡ ਦੇ ਰਹਿਣ ਵਾਲੇ ਹਨ:** ਸੰਤ ਆਨੰਦਗਿਰੀ ਮਹਾਰਾਜ ਨੇ ਦੱਸਿਆ ਕਿ ਇਹ ਸਾਰੇ ਲੋਕ ਮੂਲ ਰੂਪ ਤੋਂ ਰਤਲਾਮ ਜ਼ਿਲ੍ਹੇ ਦੇ ਅੰਬਾ ਪਿੰਡ ਦੇ ਰਹਿਣ ਵਾਲੇ ਹਨ। ਉਸ ਦੇ ਪਿਉ-ਦਾਦੇ ਇਸੇ ਪਿੰਡ ਦੇ ਵਸਨੀਕ ਸਨ। ਉਸ ਦੇ ਪੂਰਵਜ ਲਗਭਗ ਚਾਰ ਪੀੜ੍ਹੀਆਂ ਪਹਿਲਾਂ ਧਰਮ ਪਰਿਵਰਤਨ ਕਰ ਚੁੱਕੇ ਸਨ। ਜਦੋਂ ਉਹ ਚਾਰ ਸਾਲ ਪਹਿਲਾਂ ਸਾਡੇ ਸੰਪਰਕ ਵਿੱਚ ਆਇਆ ਸੀ ਤਾਂ ਉਸ ਨੇ ਆਪਣੇ ਮੂਲ ਧਰਮ ਵਿੱਚ ਪਰਤਣ ਦੀ ਗੱਲ ਕੀਤੀ ਸੀ। ਉਦੋਂ ਤੋਂ ਇਹ ਕਾਰਵਾਈ ਚੱਲ ਰਹੀ ਸੀ। ਸੋਮਵਾਰ ਨੂੰ, ਉਹ ਰਸਮੀ ਤੌਰ 'ਤੇ ਆਪਣੇ ਧਰਮ ਵਿਚ ਵਾਪਸ ਆ ਗਿਆ ਅਤੇ ਆਪਣਾ ਨਾਮ ਕਰਵਾ ਲਿਆ। ਇਹ ਸਾਰੇ ਲੋਕ ਖਾਨਾਬਦੋਸ਼ ਮਦਾਰੀ ਭਾਈਚਾਰੇ ਨਾਲ ਸਬੰਧਤ ਹਨ।

# ਮਨੀਪੁਰ 'ਚ ਖੇਡੇ ਗਏ ਹੈਵਾਨੀਅਤ ਦੇ ਨੰਗੇ ਨਾਚ ਖਿਲਾਫ ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅਗਵਾਈ 'ਚ ਸ਼ਾਂਤਮਈ ਰੋਸ ਮੁਜ਼ਾਹਰਾ

## 1984 ਵਿੱਚ ਇਸ ਤੋਂ ਕਿਤੇ ਵੱਧ ਸਿੱਖਾਂ ਨਾਲ ਤਿੰਨ ਦਿਨ ਪੂਰੇ ਭਾਰਤ ਦੀ ਗਲੀ-ਗਲੀ 'ਚ ਹੋਇਆ ਸੀ : ਡਾ. ਪ੍ਰਿਤਪਾਲ ਸਿੰਘ

ਫਰੀਮਾਂਟ ਕੈਲੀਫੋਰਨੀਆ:- ਮਨੀਪੁਰ 'ਚ ਖੇਡੇ ਗਏ ਹੈਵਾਨੀਅਤ ਦੇ ਨੰਗੇ ਨਾਚ ਖਿਲਾਫ ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅਗਵਾਈ 'ਚ ਸ਼ਾਂਤਮਈ ਰੋਸ ਮੁਜਾਹਰਾ ਕੀਤਾ ਗਿਆ।




ਮਨੀਪੁਰ 'ਚ ਬੇਖੌਫ ਹੈਵਾਨਾਂ ਨੇ ਬੇਦਰਦੀ ਨਾਲ ਦੋ ਮਾਸੂਮ ਔਰਤਾਂ ਨੂੰ ਨਿਰਵਸਤਰ ਕਰਕੇ ਪਰੇਡ ਕਰਵਾਉਣ ਦੇ ਦ੍ਰਿਸ਼ ਸਾਹਮਣੇ ਆਉਣ ਤੋਂ ਬਾਅਦ ਪੂਰੀ ਦੁਨੀਆ ਵਿਚ ਰੋਸ ਦੀ ਲਹਿਰ ਫੈਲ ਗਈ ਹੈ। ਵੱਖ ਵੱਖ ਥਾਵਾਂ 'ਤੇ ਇਸ ਘਟਨਾ ਵਿਰੁੱਧ ਰੋਸ ਰੈਲੀਆਂ ਹੋ ਰਹੀਆਂ ਹਨ। ਸਨ ਫਰਾਂਸਿਸਕੋ ਵਿਚ ਵੀ ਮਨੀਪੁਰ ਵਿਖੇ ਵਾਪਰੀ ਇਸ ਘਟਨਾ, ਹਿੰਸਾ, ਭਾਰਤ ਸਰਕਾਰ ਦੇ ਰਵੱਈਏ ਵਿਰੁਧ ਰੋਸ ਮੁਜ਼ਾਹਰਾ ਕੀਤਾ ਗਿਆ। ਸਿੱਖ ਭਾਈਚਾਰੇ ਤੋਂ ਇਲਾਵਾ ਵੱਖ ਵੱਖ ਭਾਈਚਾਰੇ ਨਾਲ ਸਬੰਧਤ ਮੈਂਬਰਾਂ ਨੇ ਇਸ ਰੋਸ ਪ੍ਰਦਰਸ਼ਨ ਵਿਚ ਭਾਗ ਲਿਆ। ਇਸ ਰੋਸ ਪ੍ਰਦਰਸ਼ਨ ਦਾ ਮੁੱਖ ਮਕਸਦ ਵਿਸ਼ਵ ਪੱਧਰ ਉਤੇ ਮਨੀਪੁਰ ਬੇਇਨਸਾਫ਼ੀ ਦੇ ਖਿਲਾਫ਼ ਆਵਾਜ਼ ਚੁੱਕਣਾ ਸੀ ਤਾਂ ਜੋ ਭਾਰਤ ਸਰਕਾਰ ਦਾ ਘਟ ਗਿਣਤੀਆਂ ਪ੍ਰਤੀ ਰਵੱਈਆ ਸਾਹਮਣੇ ਆ ਸਕੇ।

ਜਿਥੇ ਪੂਰੇ ਵਿਸ਼ਵ ਵਿਚ ਭਾਰਤ ਦਾ ਅਕਸ਼ ਖਰਾਬ ਹੋਇਆ ਹੈ, ਉਥੇ ਭਾਰਤ ਵਿਚ ਘੱਟ ਗਿਣਤੀਆਂ ਦੀ ਸੁਰੱਖਿਆ 'ਤੇ ਵੀ ਸਵਾਲ ਖੜ੍ਹੇ ਹੋ ਰਹੇ ਹਨ ਇਸ ਬਾਰੇ 'ਸਾਡੇ ਲੋਕ' ਅਖਬਾਰ ਨਾਲ ਗੱਲਬਾਤ ਕਰਦੇ ਹੋਏ ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸਿੱਖ ਕਾਕਸ ਕਮੇਟੀ ਦੇ ਕੋਆਰਡੀਨੇਟਰ ਡਾਕਟਰ ਪ੍ਰਿਤਪਾਲ ਸਿੰਘ ਨੇ ਕਿਹਾ ਕੀ ਇਹ ਘਟਨਾ ਇਨਸਾਨੀਅਤ ਦੇ ਖਿਲਾਫ ਹੈ ਭਾਰਤ 'ਚ ਲਗਾਤਾਰ ਵਾਪਰ ਰਹੀਆਂ ਇਹ ਘਟਨਾਵਾਂ ਨਿੰਦਣਯੋਗ ਹਨ ਉਨ੍ਹਾਂ ਕਿਹਾ ਕਿ ਸਿੱਖ ਕੌਮ ਭਾਰਤ 'ਚ ਇਹ ਸਿਤਮ ਆਪਣੇ ਪਿੰਡੇ ਉਪਰ ਹੰਢਾ ਚੁੱਕੀ ਹੈ। 1984 ਵਿੱਚ ਇਸ ਤੋਂ ਕਿਤੇ ਵੱਧ ਸਿੱਖਾਂ ਨਾਲ ਤਿੰਨ ਦਿਨ ਪੂਰੇ ਭਾਰਤ ਦੀ ਗਲੀ ਗਲੀ 'ਚ ਸਿੱਖਾਂ ਨਾਲ ਇਹ ਜੁਲਮ ਸਿਤਮ ਵਾਪਰਿਆ ਸੀ। ਅਸੀਂ ਭਾਰਤ ਸਰਕਾਰ ਨੂੰ ਤਾੜਨਾ ਕਰਦੇ ਹਾਂ ਕਿ ਦੋਸ਼ੀਆ ਨੂੰ ਤੁਰੰਤ ਕਟਹਿਰੇ 'ਚ ਖੜ੍ਹਾ ਕੀਤਾ ਜਾਵੇ।







# ਜਸਟਿਨ ਟਰੂਡੋ ਨੇ ਪਤਨੀ ਸੋਫੀ ਤੋਂ 18 ਸਾਲ ਵਿਆਹ ਦੇ ਬਾਅਦ ਵੱਖ ਹੋਣ ਦਾ ਕੀਤਾ ਐਲਾਨ

## *ਇਸ ਤਰਾਂ ਹੀ ਜਸਟਿਨ ਟਰੂਡੋ ਦੇ ਮਾਤਾ ਪਿਤਾ ਨੇ ਪ੍ਰਧਾਨ ਮੰਤਰੀ ਹੁੰਦਿਆਂ 1977 'ਚ ਵੱਖ ਹੋਣ ਦਾ ਐਲਾਨ ਕੀਤਾ ਸੀ*









ਧੰਨਵਾਦ ਸਾਹਿਤ ਫੋਟੋ ਸੋਸ਼ਲ ਮੀਡੀਆ

ਓਟਾਵਾ : ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵਿਆਹ ਦੇ 18 ਸਾਲ ਬਾਅਦ ਆਪਣੀ ਪਤਨੀ ਸੋਫੀ ਤੋਂ ਵੱਖ ਹੋ ਰਹੇ ਹਨ। ਬੁੱਧਵਾਰ ਨੂੰ ਪ੍ਰਧਾਨ ਮੰਤਰੀ ਟਰੂਡੋ ਅਤੇ ਉਨ੍ਹਾਂ ਦੀ ਪਤਨੀ ਸੋਫੀ ਨੇ ਸੋਸ਼ਲ ਮੀਡੀਆ 'ਤੇ ਇਸ ਦਾ ਐਲਾਨ ਕੀਤਾ ਹੈ। ਸੋਫੀ ਗ੍ਰੇਗੋਇਰ ਟਰੂਡੋ ਇਸ ਸਮੇਂ ਆਪਣੇ ਗ੍ਰਹਿ ਸ਼ਹਿਰ ਕਿਊਬਿਕ ਵਿੱਚ ਹੈ। ਉਹ ਟੀਵੀ ਰਿਪੋਰਟਰ ਰਹਿ ਚੁੱਕੀ ਹੈ। ਸੋਫੀ ਨੇ ਲਗਾਤਾਰ ਤਿੰਨ ਚੋਣਾਂ ਦੌਰਾਨ ਪ੍ਰਚਾਰ ਵਿੱਚ ਪਤੀ ਟਰੂਡੋ ਦਾ ਸਾਥ ਦਿੱਤਾ ਸੀ। ਉਹ ਅਕਸਰ ਔਰਤਾਂ ਦੇ ਅਧਿਕਾਰਾਂ ਅਤੇ ਮਾਨਸਿਕ ਸਿਹਤ ਮੁੱਦਿਆਂ ਦੀ ਵਕਾਲਤ ਕਰਦੀ ਆਈ ਹੈ। ਪ੍ਰਧਾਨ ਮੰਤਰੀ ਜਸਟਿਨ ਟਰੂਡੋ ਅਤੇ ਸੋਫੀ ਤਿੰਨ ਬੱਚਿਆਂ ਦੇ ਮਾਤਾ-ਪਿਤਾ ਹਨ। ਟਰੂਡੋ ਪਰਿਵਾਰ ਸਾਲ 2018 'ਚ ਪਹਿਲੀ ਵਾਰ ਅਧਿਕਾਰਤ ਦੌਰੇ 'ਤੇ ਭਾਰਤ ਆਇਆ ਸੀ।

ਟਰੂਡੋ ਨੇ ਲਿਖੀ ਪੋਸਟ : ਇੰਸਟਾਗ੍ਰਾਮ 'ਤੇ ਪ੍ਰਧਾਨ ਮੰਤਰੀ ਟਰੂਡੋ ਤੋਂ ਵੱਖ ਹੋਣ ਦਾ ਐਲਾਨ ਵੀ ਕੀਤਾ ਗਿਆ। ਟਰੂਡੋ ਨੇ ਇਕ ਪੋਸਟ ਲਿਖੀ ਹੈ, ਜਿਸ ਵਿੱਚ ਉਨ੍ਹਾਂ ਨੇ ਕਈ ਗੱਲਾਂ ਕਹੀਆਂ ਹਨ। ਟਰੂਡੋ ਨੇ ਲਿਖਿਆ, 'ਸੋਫੀ ਅਤੇ ਮੈਂ ਤੁਹਾਡੇ ਨਾਲ ਸੱਚਾਈ ਸਾਂਝੀ ਕਰਨਾ ਚਾਹੁੰਦੇ ਹਾਂ ਕਿ ਬਹੁਤ ਸਾਰੀਆਂ ਤਰਕਪੂਰਨ ਅਤੇ ਮੁਸ਼ਕਿਲ ਚਰਚਾਵਾਂ ਤੋਂ ਬਾਅਦ ਸੋਫੀ ਅਤੇ ਮੈਂ ਵੱਖ ਹੋਣ ਦਾ ਫ਼ੈਸਲਾ ਕੀਤਾ ਹੈ। ਹਮੇਸ਼ਾ ਵਾਂਗ ਅਸੀਂ ਇਕ ਦੂਜੇ ਲਈ ਸਤਿਕਾਰ ਅਤੇ ਪਿਆਰ ਨਾਲ ਇਕ ਨਜ਼ਦੀਕੀ ਪਰਿਵਾਰ ਬਣ ਕੇ ਰਹਾਂਗੇ ਅਤੇ ਜੋ ਅਸੀਂ ਬਣਾਇਆ ਹੈ ਉਸ ਨੂੰ ਅੱਗੇ ਵੀ ਬਣਾਉਣਾ ਜਾਰੀ ਰੱਖਾਂਗੇ।' ਟਰੂਡੋ ਨੇ ਅੱਗੇ ਲਿਖਿਆ, 'ਬੱਚਿਆਂ ਦੀ ਬਿਹਤਰੀ ਲਈ ਅਸੀਂ ਸਾਰਿਆਂ ਨੂੰ ਬੇਨਤੀ ਕਰਦੇ ਹਾਂ ਕਿ ਉਹ ਸਾਡੀ ਅਤੇ ਉਨ੍ਹਾਂ ਦੀ ਨਿੱਜਤਾ ਦਾ ਸਨਮਾਨ ਕਰਨ।'

ਇਥੇ ਇਹ ਜਿਕਰਯੋਗ ਹੈ ਕੀ ਇਸੇ ਤਰ੍ਹਾਂ ਜਸਟਿਨ ਟਰੂਡੋ ਦੇ ਮਾਤਾ ਪਿਤਾ Pierre Trudeau and Margaret Trudeau ਨੇ ਪ੍ਰਧਾਨ ਮੰਤਰੀ ਹੁੰਦਿਆ 1977 'ਚ ਵੱਖ ਹੋਣ ਦਾ ਐਲਾਨ ਕੀਤਾ ਸੀ

# ਸ਼੍ਰੋਮਣੀ ਕਮੇਟੀ ਨੇ ਅਮਰੀਕਾ 'ਚ ਭਾਰਤੀ ਸਫ਼ੀਰ ਨੂੰ ਪੱਤਰ ਭੇਜਿਆ



ਸ੍ਰ. ਤਰਨਜੀਤ ਸਿੰਘ ਸੰਧੂ
ਭਾਰਤੀ ਰਾਜਦੂਤ



ਐਡਵੋਕੇਟ ਰਜਿੰਦਰ ਸਿੰਘ ਧਾਮੀ
ਪ੍ਰਧਾਨ, ਐਸਜੀਪੀਸੀ

ਅੰਮ੍ਰਿਤਸਰ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਅਮਰੀਕਾ ਦੀ ਨਿਊਯਾਰਕ ਪੁਲਿਸ 'ਚ ਸਿੱਖਾਂ ਨੂੰ ਦਾੜ੍ਹੀ ਰੱਖਣ ਤੋਂ ਰੋਕਣ ਵਾਲੇ ਨਿਯਮ ਵਿਰੁੱਧ ਸਖ਼ਤ ਇਤਰਾਜ਼ ਜਤਾਇਆ ਹੈ ਤੇ ਇਸ ਸਬੰਧੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਅਮਰੀਕਾ ਵਿੱਚ ਭਾਰਤ ਦੇ ਸਫ਼ੀਰ ਤਰਨਜੀਤ ਸਿੰਘ ਸੰਧੂ ਨੂੰ ਪੱਤਰ ਭੇਜਿਆ ਹੈ। ਸ਼੍ਰੋਮਣੀ ਕਮੇਟੀ ਨੇ ਇਸ ਸਬੰਧ ਵਿਚ ਕੇਂਦਰੀ ਵਿਦੇਸ਼ ਮੰਤਰੀ ਡਾ. ਐੱਸ. ਜੈਸ਼ੰਕਰ ਪਾਸੋਂ ਵੀ ਦਖ਼ਲ ਦੀ ਮੰਗ ਕੀਤੀ ਹੈ। ਅਮਰੀਕਾ 'ਚ ਭਾਰਤੀ ਰਾਜਦੂਤ ਤਰਨਜੀਤ ਸਿੰਘ ਸੰਧੂ ਨੂੰ ਲਿਖੇ ਪੱਤਰ ਵਿੱਚ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਸੁਰੱਖਿਆ ਦੇ ਨਾਂ ਹੇਠ ਅਮਰੀਕਾ ਪੁਲੀਸ ਵੱਲੋਂ ਸਿੱਖਾਂ ਨੂੰ ਦਾੜ੍ਹੀ ਰੱਖਣ ਤੋਂ ਰੋਕਣ ਦਾ ਨਿਯਮ ਤਰਕਸੰਗਤ ਨਹੀਂ ਹੈ। ਗੈਸ ਮਾਸਕ ਦੇ ਹਵਾਲੇ ਨਾਲ ਦਾੜ੍ਹੀ ਰੱਖਣ 'ਤੇ ਪਾਬੰਦੀ ਗਲਤ ਹੈ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਦਾੜ੍ਹੀ ਬੰਨ੍ਹ ਕੇ ਗੈਸ ਮਾਸਕ ਆਸਾਨੀ ਨਾਲ ਪਹਿਨਿਆ ਜਾ ਸਕਦਾ ਹੈ, ਇਸ ਦੀ ਉਦਾਹਰਨ ਭਾਰਤੀ ਫ਼ੌਜ ਵਿਚ ਸੇਵਾ ਕਰ ਰਹੇ ਸਿੱਖ ਸਿਪਾਹੀ ਹਨ ਜੋ ਦੁਨੀਆ ਦੀਆਂ ਸਿਖਰਲੀਆਂ ਫ਼ੌਜਾਂ ਵਿੱਚ ਇਕ ਹੈ। ਧਾਮੀ ਨੇ ਕਿਹਾ, "ਸਿੱਖਾਂ ਵੱਲੋਂ ਕੇਸ ਨਾ ਕੱਟਣੇ ਆਪਣੇ ਗੁਰੂ ਸਾਹਿਬਾਨ ਅਤੇ ਧਰਮ ਪ੍ਰਤੀ ਵਚਨਬੱਧਤਾ ਹੈ ਅਤੇ ਨਿਊਯਾਰਕ ਪੁਲੀਸ ਵੱਲੋਂ ਸਿੱਖ ਸਿਪਾਹੀਆਂ ਨੂੰ ਦਾੜ੍ਹੀ ਰੱਖਣ ਤੋਂ ਰੋਕਣ ਦਾ ਕਾਨੂੰਨ ਸਿੱਖਾਂ ਦੀ ਧਾਰਮਿਕ ਆਜ਼ਾਦੀ 'ਤੇ ਹਮਲਾ ਹੈ। ਅਮਰੀਕਾ ਵਰਗੇ ਲੋਕਤੰਤਰੀ ਦੇਸ਼ ਵਿੱਚ ਸਿੱਖ ਭਾਈਚਾਰੇ ਨਾਲ ਅਜਿਹਾ ਵਿਤਕਰਾ ਠੀਕ ਨਹੀਂ ਹੈ।" ਉਨ੍ਹਾਂ ਨੇ ਰਾਜਦੂਤ ਸ੍ਰੀ ਸੰਧੂ ਨੂੰ ਇਸ ਮਾਮਲੇ ਵਿਚ ਦਖ਼ਲ ਦੇ ਕੇ ਅਤੇ ਨਿਊਯਾਰਕ ਪੁਲੀਸ ਦੀ ਸਿੱਖ ਵਿਰੋਧੀ ਨੀਤੀ 'ਤੇ ਇਤਰਾਜ਼ ਪ੍ਰਗਟਾਉਣ ਦੀ ਅਪੀਲ ਕੀਤੀ ਹੈ।

# ਨਿਊਯਾਰਕ 'ਚ ਸਿੱਖ ਪੁਲਿਸ ਅਫ਼ਸਰ ਨੂੰ ਦਾੜ੍ਹੀ ਵਧਾਉਣ ਦੀ ਨਹੀਂ ਮਿਲੀ ਇਜਾਜ਼ਤ, ਐਸ.ਜੀ.ਪੀ.ਸੀ. ਵਲੋਂ ਨਿਖੇਧੀ

ਨਿਊਯਾਰਕ : ਨਿਊਯਾਰਕ ਸਟੇਟ ਪੁਲਸ ਨੂੰ ਆਪਣੇ ਇਕ ਸਿੱਖ ਅਫ਼ਸਰ ਨੂੰ ਦਾੜ੍ਹੀ ਵਧਾਉਣ ਤੋਂ ਇਨਕਾਰ ਕਰਨ ਦੇ ਦੋਸ਼ਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਨਿਊਯਾਰਕ ਦੇ ਜੇਮਸਟਾਊਨ ਵਿੱਚ ਰਹਿਣ ਵਾਲੇ ਚਰਨਜੋਤ ਸਿੰਘ ਨੇ ਮਾਰਚ 2022 'ਚ ਆਪਣੇ ਵਿਆਹ ਲਈ ਸਿਰਫ਼ ਡੇਢ ਇੰਚ ਦਾੜ੍ਹੀ ਵਧਾਉਣ ਦੀ ਇਜਾਜ਼ਤ ਮੰਗੀ ਸੀ ਪਰ ਅਧਿਕਾਰੀਆਂ ਨੇ ਪ੍ਰਵਾਨਗੀ ਦੇਣ ਤੋਂ ਸਾਫ਼ ਮਨ੍ਹਾਂ ਕਰ ਦਿੱਤਾ।

ਇੱਥੇ ਦੱਸ ਦੇਈਏ ਕਿ ਨਿਊਯਾਰਕ ਵਿਚ 2019 ਵਿਚ ਜਵਾਨਾਂ ਨੂੰ ਕਾਨੂੰਨੀ ਤੌਰ 'ਤੇ ਉਨ੍ਹਾਂ ਦੀਆਂ ਧਾਰਮਿਕ ਵਚਨਬੱਧਤਾਵਾਂ ਦਾ ਪਾਲਣ ਕਰਨ ਦੀ ਇਜਾਜ਼ਤ ਦਿੱਤੇ ਜਾਣ ਦੇ ਬਾਵਜੂਦ ਇਹ ਘਟਨਾ ਵਾਪਰੀ। ਉਸਦੀ ਯੂਨੀਅਨ, ਨਿਊਯਾਰਕ ਸਟੇਟ ਟਰੂਪਰਜ਼ ਪੁਲਸ ਬੇਨੇਵੋਲੈਂਟ ਐਸੋਸੀਏਸ਼ਨ ਦੇ ਅਨੁਸਾਰ, ਟਿਵਾਣਾ ਦੀ ਬੇਨਤੀ ਨੂੰ ਸੁਰੱਖਿਆ ਚਿੰਤਾਵਾਂ ਦੇ ਮੱਦੇਨਜ਼ਰ ਰੱਦ ਕੀਤਾ ਗਿਆ ਸੀ, ਜਿਸ ਵਿਚ ਕਿਹਾ ਗਿਆ ਸੀ ਕਿ ਦਾੜ੍ਹੀ ਵਧਾਉਣ ਨਾਲ ਗੈਸ ਮਾਸਕ ਦੀ ਵਰਤੋਂ ਕਰਦੇ ਸਮੇਂ ਉਸ ਨੂੰ ਸਮੱਸਿਆ ਹੋ ਸਕਦੀ ਹੈ। ਉਥੇ ਹੀ ਟਿਵਾਣਾ ਨੇ ਅਧਿਕਾਰੀਆਂ ਦੇ ਇਨਕਾਰ ਨੂੰ ਆਪਣੇ ਨਾਲ ਧੱਕੇਸ਼ਾਹੀ ਸਮਝ ਲਿਆ। ਯੂਨੀਅਨ ਦੇ ਪ੍ਰਧਾਨ ਚਾਰਲੀ ਮਰਫ਼ੀ ਨੇ ਕਿਹਾ ਕਿ ਹਰ ਇਕ ਸਿੱਖ ਦਸਤਾਰ ਸਜਾਉਂਦਾ ਹੈ ਅਤੇ ਅਸੀਂ ਸਾਰੇ ਧਰਮਾਂ ਦਾ ਆਦਰ ਕਰਦੇ ਹਾਂ। ਉਨ੍ਹਾਂ ਦਾਅਵਾ ਕੀਤਾ ਕਿ ਨਿਊਯਾਰਕ ਪੁਲਸ ਦੇ ਅਧਿਕਾਰੀ ਕਦੇ ਵੀ ਆਪਣੇ ਜਵਾਨਾਂ ਤੇ ਹੋਰ ਮੁਲਾਜ਼ਮਾਂ ਨਾਲ ਧਰਮ ਦੇ ਆਧਾਰ 'ਤੇ ਕੋਈ ਧੱਕੇਸ਼ਾਹੀ ਜਾਂ ਵਧੀਕੀ ਨਹੀਂ ਕਰਦੇ।




## ਨਿਊਯਾਰਕ ਪੁਲਿਸ 'ਚ ਸਿੱਖ ਨੂੰ ਦਾੜ੍ਹੀ ਵਧਾਉਣ ਤੋਂ ਰੋਕਣ ਦਾ ਵਿਰੋਧ

ਅੰਮ੍ਰਿਤਸਰ : ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਗੁਰਚਰਨ ਸਿੰਘ ਗਰੇਵਾਲ ਨੇ ਕਿਹਾ ਕਿ ਅਮਰੀਕਾ ਦੇ ਨਿਊਯਾਰਕ ਵਿਚ ਪੁਲੀਸ 'ਚ ਡਿਊਟੀ ਕਰ ਰਹੇ ਇਕ ਸਿੱਖ ਨੌਜਵਾਨ ਨੂੰ ਦਾੜ੍ਹੀ ਵਧਾਉਣ ਤੋਂ ਰੋਕਣਾ ਮੰਦਭਾਗਾ ਹੈ। ਇਹ ਸਿੱਖਾਂ ਦੀ ਧਾਰਮਿਕ ਆਜ਼ਾਦੀ 'ਤੇ ਸਿੱਧਾ ਹਮਲਾ ਹੈ, ਜਿਸ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਅਮਰੀਕਾ ਦੇ ਵਿਕਾਸ ਵਿੱਚ ਸਿੱਖਾਂ ਦਾ ਵੱਡਾ ਯੋਗਦਾਨ ਹੈ ਪਰ ਦੁੱਖ ਦੀ ਗੱਲ ਹੈ ਕਿ ਇਸ ਨੂੰ ਅੱਖੋਂ ਪਰੋਖੇ ਕਰ ਕੇ ਸਿੱਖਾਂ ਦੇ ਧਾਰਮਿਕ ਅਧਿਕਾਰਾਂ ਦੀ ਉਲੰਘਣਾ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਅਮਰੀਕਾ ਵਰਗੇ ਦੇਸ਼ ਨੂੰ ਸਿੱਖਾਂ ਦੀ ਪਛਾਣ, ਮਰਿਆਦਾ, ਰਵਾਇਤਾਂ ਅਤੇ ਪ੍ਰੰਪਰਾਵਾਂ ਬਾਰੇ ਸਮਝ ਹੋਣ ਦੇ ਬਾਵਜੂਦ ਉਸ ਦਾ ਅਜਿਹਾ ਨਿਯਮ ਹੈਰਾਨੀਜਨਕ ਹੈ। ਸਿੱਖਾਂ ਲਈ ਕੇਸਾਂ ਦਾ ਵੱਡਾ ਮਹੱਤਵ ਹੈ। ਇਨ੍ਹਾਂ ਨੂੰ ਸਿੱਖ ਜਾਨ ਤੋਂ ਵੱਧ ਪਿਆਰ ਕਰਦੇ ਹਨ। ਉਨ੍ਹਾਂ ਕਿਹਾ ਕਿ ਇਸ ਮਾਮਲੇ 'ਤੇ ਕੇਂਦਰੀ ਵਿਦੇਸ਼ ਮੰਤਰਾਲੇ ਨੂੰ ਕਾਰਵਾਈ ਕਰਨੀ ਚਾਹੀਦੀ ਹੈ ਅਤੇ ਕੂਟਨੀਤਕ ਪੱਧਰ 'ਤੇ ਅਮਰੀਕਾ ਸਰਕਾਰ ਕੋਲ ਸਿੱਖਾਂ ਦੀਆਂ ਭਾਵਨਾਵਾਂ ਦੀ ਤਰਜਮਾਨੀ ਕਰਨੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਅਮਰੀਕਾ ਵਿਚਲੀਆਂ ਸਿੱਖ ਜਥੇਬੰਦੀਆਂ ਨੂੰ ਵੀ ਇਸ ਸਬੰਧੀ ਅੱਗੇ ਆਉਣਾ ਚਾਹੀਦਾ ਹੈ।



## ਮੂਸੇਵਾਲਾ ਕਤਲ ਮਾਮਲਾ

# ਸਚਿਨ ਬਿਸ਼ਨੋਈ ਦੀ ਅਜ਼ਰਬਾਇਜਾਨ ਤੋਂ ਹਵਾਲਗੀ ਮਿਲੀ



ਨਵੀਂ ਦਿੱਲੀ : ਸਿੱਧੂ ਮੂਸੇਵਾਲਾ ਕਤਲ ਕਾਂਡ 'ਚ ਨਾਮਜ਼ਦ ਮੁਲਜ਼ਮ ਗੈਂਗਸਟਰ ਸਚਿਨ ਬਿਸ਼ਨੋਈ ਦੀ ਅਜ਼ਰਬਾਇਜਾਨ ਨੇ ਦਿੱਲੀ ਪੁਲੀਸ ਨੂੰ ਹਵਾਲਗੀ ਦੇ ਦਿੱਤੀ ਹੈ ਅਤੇ ਉਸ ਨੂੰ ਦਿੱਲੀ ਲਿਆਂਦਾ ਜਾ ਚੁੱਕਿਆ ਹੈ। ਉਸ ਨੂੰ ਅੱਜ ਇੱਥੋਂ ਦੀ ਅਦਲਾਤ 'ਚ ਪੇਸ਼ ਕਰ ਕੇ ਉਸ ਦਾ 10 ਦਿਨਾਂ ਦਾ ਰਿਮਾਂਡ ਹਾਸਲ ਕੀਤਾ ਗਿਆ ਹੈ। ਅਧਿਕਾਰੀਆਂ ਦੱਸਿਆ ਕਿ ਦਿੱਲੀ ਪੁਲੀਸ ਦੇ ਸਪੈਸ਼ਲ ਸੈੱਲ ਦੇ ਅਧਿਕਾਰੀ ਕੇਸ ਸਬੰਧੀ ਅਜ਼ਰਬਾਇਜਾਨ ਦੀ ਰਾਜਧਾਨੀ ਬਾਕੂ ਗਏ ਸਨ। ਪੁਲੀਸ ਵਿਸ਼ੇਸ਼ ਕਮਿਸ਼ਨਰ (ਸਪੈਸ਼ਲ ਸੈੱਲ) ਐੱਚਜੀਐੱਸ ਧਾਲੀਵਾਲ ਨੇ ਕਿਹਾ ਕਿ ਬਿਸ਼ਨੋਈ ਉਰਫ਼ ਸਚਿਨ ਥਾਪਨ ਨੂੰ ਬਾਕੂ ਤੋਂ ਮੰਗਲਵਾਰ ਸਵੇਰੇ ਦਿੱਲੀ ਲਿਆਂਦਾ ਗਿਆ। ਸੂਤਰਾਂ ਨੇ ਦਾਅਵਾ ਕੀਤਾ ਕਿ ਬਿਸ਼ਨੋਈ, ਮੂਸੇਵਾਲਾ ਦੀ ਹੱਤਿਆ ਦੀ ਸਾਜ਼ਿਸ਼ ਰਚਣ 'ਚ ਸ਼ਾਮਲ ਸੀ। ਉਨ੍ਹਾਂ ਦਾਅਵਾ ਕੀਤਾ ਕਿ ਕਤਲ ਦੇ ਸਮੇਂ ਉਹ ਵਿਦੇਸ਼ 'ਚ ਸੀ ਪਰ ਜਾਂਚਕਰਤਾਵਾਂ ਨੂੰ ਇਹ ਕਹਿ ਕੇ ਗੁਮਰਾਹ ਕਰਨ ਦੀ ਕੋਸ਼ਿਸ਼ ਕੀਤੀ ਗਈ ਕਿ ਉਸ ਨੇ ਮੂਸੇਵਾਲਾ ਨੂੰ ਗੋਲੀ ਮਾਰੀ ਸੀ। ਜ਼ਿਕਰਯੋਗ ਹੈ ਕਿ ਸਿੱਧੂ ਮੂਸੇਵਾਲਾ ਦੀ 29 ਮਈ 2022 ਨੂੰ ਪੰਜਾਬ ਦੇ ਮਾਨਸਾ ਜ਼ਿਲ੍ਹੇ 'ਚ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ। ਮੂਸੇਵਾਲਾ ਦੇ ਕਤਲ ਤੋਂ ਪਹਿਲਾਂ ਬਿਸ਼ਨੋਈ ਭਾਰਤ ਛੱਡ ਗਿਆ ਸੀ। ਉਹ ਪਹਿਲਾਂ ਦੱਖਣੀ ਦਿੱਲੀ ਦੇ ਸੰਗਮ ਵਿਹਾਰ ਦੇ ਪਤੇ ਨਾਲ ਤਿਲਕ ਰਾਜ ਟੁਟੇਜਾ ਦੇ ਨਾਮ 'ਤੇ ਜਾਰੀ ਕੀਤੇ ਜਾਅਲੀ ਪਾਸਪੋਰਟ 'ਤੇ ਦੁਬਈ ਗਿਆ ਸੀ। ਸੂਤਰਾਂ ਦਾਅਵਾ ਕੀਤਾ ਕਿ ਉਸਨੇ ਰੇਕੀ ਕਰਨ 'ਚ ਮਦਦ ਕੀਤੀ ਤੇ ਗੱਡੀ ਵੀ ਮੁਹੱਈਆ ਕਰਵਾਈ। ਉਸ ਨੇ ਜਾਂਚ ਨੂੰ ਗੁਮਰਾਹ ਕਰਨ ਦੀ ਕੋਸ਼ਿਸ਼ ਕੀਤੀ ਕਿਉਂਕਿ ਕਤਲ ਤੋਂ ਬਾਅਦ ਉਸ ਨੇ ਦਾਅਵਾ ਕੀਤਾ ਸੀ ਕਿ ਉਸ ਨੇ ਗਾਇਕ ਨੂੰ ਮਾਰਿਆ ਸੀ। ਜਦੋਂ ਉਹ ਦੁਬਈ 'ਚ ਸੀ ਤਾਂ ਉਸ ਨੇ ਸੋਚਿਆ ਕਿ ਭਾਰਤ ਦੇ ਯੂਏਈ ਨਾਲ ਚੰਗੇ ਸਬੰਧ ਹਨ ਇਸ ਲਈ ਉਸ ਦੀ ਉੱਥੋਂ ਹਵਾਲਗੀ ਕੀਤੀ ਜਾ ਸਕਦੀ ਹੈ। ਇਸ ਕਾਰਨ ਉਹ ਬਾਕੂ ਚਲਾ ਗਿਆ ਸੀ। ਧਾਲੀਵਾਲ ਨੇ ਦੱਸਿਆ ਕਿ ਬਿਸ਼ਨੋਈ ਨੂੰ ਮਹਾਰਾਸ਼ਟਰ ਕੰਟਰੋਲ ਆਫ਼ ਆਰਗੇਨਾਈਜ਼ਡ ਕ੍ਰਾਈਮ ਐਕਟ (ਮਕੋਕਾ) ਕੇਸ, ਮੋਹਨ ਗਾਰਡਨ ਥਾਣੇ 'ਚ ਕਤਲ ਦੀ ਕੋਸ਼ਿਸ਼ ਦੇ ਕੇਸ ਅਤੇ ਸਪੈਸ਼ਲ ਸੈੱਲ ਦੇ ਨਾਲ ਹੋਰ ਮਾਮਲਿਆਂ 'ਚ ਨਾਮਜ਼ਦ ਕੀਤਾ ਗਿਆ ਸੀ। ਗੈਂਗਸਟਰ ਲਾਰੈਂਸ ਬਿਸ਼ਨੋਈ ਦਾ ਭਰਾ ਸਚਿਨ ਬਿਸ਼ਨੋਈ ਅਤੇ ਅਨਮੋਲ ਬਿਸ਼ਨੋਈ ਮੂਸੇਵਾਲਾ ਦੇ ਕਤਲ ਤੋਂ ਪਹਿਲਾਂ ਫਰਜ਼ੀ ਪਾਸਪੋਰਟ ਵਰਤ ਕੇ ਦੇਸ਼ ਛੱਡ ਕੇ ਭੱਜ ਗਏ ਸਨ।

# ਮਨੀਪੁਰ 'ਚ ਕਾਨੂੰਨ ਵਿਵਸਥਾ ਤੇ ਸੰਵਿਧਾਨਕ ਮਸ਼ੀਨਰੀ ਫੇਲ੍ਹ ਹੋਈ: ਸੁਪਰੀਮ ਕੋਰਟ

- ਸਰਵਉੱਚ ਅਦਾਲਤ ਵੱਲੋਂ ਰਾਜ ਦੇ ਡੀਜੀਪੀ ਨੂੰ ਨਿੱਜੀ ਤੌਰ 'ਤੇ ਪੇਸ਼ ਹੋਣ ਦੇ ਹੁਕਮ
- ਪੁਲਿਸ ਦੀ ਜਾਂਚ 'ਟਾਲ-ਮਟੋਲ' ਵਾਲੀ ਤੇ 'ਲੋੜੋਂ ਵੱਧ ਸੁਸਤ ਰਫ਼ਤਾਰ' ਕਰਾਰ

ਨਵੀਂ ਦਿੱਲੀ : ਸੁਪਰੀਮ ਕੋਰਟ ਨੇ ਕਿਹਾ ਕਿ ਮਨੀਪੁਰ ਵਿੱਚ ਅਮਨ-ਕਾਨੂੰਨ ਦੀ ਵਿਵਸਥਾ ਤੇ ਸੰਵਿਧਾਨਕ ਮਸ਼ੀਨਰੀ ਪੂਰੀ ਤਰ੍ਹਾਂ ਫੇਲ੍ਹ ਹੋ ਗਈ ਹੈ। ਸਿਖਰਲੀ ਕੋਰਟ ਨੇ ਮਨੀਪੁਰ ਪੁਲੀਸ ਵੱਲੋਂ ਕੀਤੀ ਜਾਂਚ ਨੂੰ 'ਟਾਲ-ਮਟੋਲ ਵਾਲੀ' ਤੇ 'ਲੋੜੋਂ ਵੱਧ ਸੁਸਤ' ਰਫ਼ਤਾਰ ਕਰਾਰ ਦਿੱਤਾ ਹੈ। ਕੋਰਟ ਨੇ ਬੇਲਗਾਮ ਨਸਲੀ ਹਿੰਸਾ ਲਈ ਲਾਅ ਐਂਨਫੋਰਸਮੈਂਟ ਮਸ਼ੀਨਰੀ ਦੀ ਚੰਗੀ ਝਾੜ-ਝੰਬ ਕਰਦਿਆਂ ਕਿਹਾ ਕਿ ਸੂਬਾਈ ਪੁਲੀਸ ਅਮਨ-ਕਾਨੂੰਨ ਦੀ ਵਿਵਸਥਾ 'ਤੇ ਕੰਟਰੋਲ ਗੁਆ ਚੁੱਕੀ ਹੈ। ਸਰਬਉੱਚ ਅਦਾਲਤ ਨੇ ਹਦਾਇਤ ਕੀਤੀ ਕਿ ਉੱਤਰ-ਪੂਰਬੀ ਰਾਜ ਵਿੱਚ ਨਸਲੀ ਹਿੰਸਾ ਨਾਲ ਸਬੰਧਤ ਪਟੀਸ਼ਨਾਂ 'ਤੇ ਸੋਮਵਾਰ (7 ਅਗਸਤ) ਨੂੰ ਕੀਤੀ ਜਾਣ ਵਾਲੀ ਸੁਣਵਾਈ ਮੌਕੇ ਮਨੀਪੁਰ ਦੇ ਡੀਜੀਪੀ ਨਿੱਜੀ ਤੌਰ 'ਤੇ ਮੌਜੂਦ ਰਹਿਣ।

ਚੀਫ਼ ਜਸਟਿਸ ਡੀ.ਵਾਈ.ਚੰਦਰਚੂੜ ਦੀ ਅਗਵਾਈ ਵਾਲੇ ਬੈਂਚ, ਜਿਨ੍ਹਾਂ ਦੋ ਮਹਿਲਾਵਾਂ ਦੀ ਨਿਰਵਸਤਰ ਪਰੇਡ ਵਾਲੀ 4 ਮਈ ਦੀ ਵੀਡੀਓ ਨੂੰ 'ਧੁਰ ਅੰਦਰ ਤੱਕ ਪ੍ਰੇਸ਼ਾਨ ਕਰਨ ਵਾਲੀ' ਦੱਸਿਆ ਸੀ, ਨੇ ਸੂਬਾ ਸਰਕਾਰ ਨੂੰ ਕਿਹਾ ਕਿ ਉਹ ਇਸ ਘਟਨਾ ਵਾਲੇ ਦਿਨ ਅਤੇ ਹੁਣ ਤੱਕ ਇਸ ਕੇਸ ਵਿੱਚ ਦਰਜ 'ਸਿਫ਼ਰ ਐੱਫਆਈਆਰ' ਤੇ 'ਨਿਯਮਤ ਐੱਫਆਈਆਰ' ਦੀ ਤਫ਼ਸੀਲ ਸਾਂਝੀ ਕਰੇ। ਕੋਰਟ ਨੇ ਕਿਹਾ ਕਿ ਉਹ ਜਾਣਨਾ ਚਾਹੁੰਦੀ ਹੈ ਕਿ ਹੁਣ ਤੱਕ ਦਰਜ 6000 ਤੋਂ ਵੱਧ ਐੱਫਆਈਆਰ'ਜ਼ ਵਿੱਚ ਕਿੰਨੇ ਮੁਲਜ਼ਮਾਂ ਨੂੰ ਨਾਮਜ਼ਦ ਕੀਤਾ ਗਿਆ ਹੈ ਤੇ ਉਨ੍ਹਾਂ ਦੀ ਗ੍ਰਿਫ਼ਤਾਰੀ ਲਈ ਕੀ ਕਦਮ ਚੁੱਕੇ ਗਏ ਹਨ। ਬੈਂਚ ਨੇ ਜ਼ੁਬਾਨੀ ਕਲਾਮੀ ਟਿੱਪਣੀ ਕਰਦਿਆਂ ਕਿਹਾ, "ਜਾਂਚ ਇੰਨੀ ਸੁਸਤ ਹੈ ਕਿ ਐੱਫਆਈਆਰ'ਜ਼ ਬਹੁਤ ਦੇਰ ਬਾਅਦ ਦਰਜ ਕੀਤੀਆਂ ਗਈਆਂ, ਗ੍ਰਿਫ਼ਤਾਰੀਆਂ ਨਹੀਂ ਹੋਈਆਂ, ਬਿਆਨ ਦਰਜ ਨਹੀਂ ਕੀਤੇ ਗਏ.ਸੂਬੇ ਵਿੱਚ ਅਮਨ-ਕਾਨੂੰਨ ਦੀ ਵਿਵਸਥਾ ਤੇ ਸੰਵਿਧਾਨਕ ਮਸ਼ੀਨਰੀ ਪੂਰੀ ਤਰ੍ਹਾਂ ਫੇਲ੍ਹ ਹੋ ਚੁੱਕੀ ਹੈ।" ਚੀਫ਼ ਜਸਟਿਸ ਨੇ ਕਿਹਾ, "ਇਕ ਚੀਜ਼ ਤਾਂ ਸਾਫ਼ ਹੈ ਕਿ ਵੀਡੀਓ ਕੇਸ ਵਿੱਚ ਐੱਫਆਈਆਰ ਦਰਜ ਕਰਨ ਵਿਚ ਬਹੁਤ ਦੇਰੀ



ਕੀਤੀ ਗਈ।"

ਇਸ ਤੋਂ ਪਹਿਲਾਂ ਅੱਜ ਜਵਿੇਂ ਹੀ ਸੁਣਵਾਈ ਸ਼ੁਰੂ ਹੋਈ ਤਾਂ ਮਨੀਪੁਰ ਸਰਕਾਰ ਨੇ ਬੈਂਚ ਨੂੰ ਦੱਸਿਆ ਕਿ ਮਨੀਪੁਰ ਵਿੱਚ ਮਈ ਮਹੀਨੇ ਭੜਕੀ ਨਸਲੀ ਹਿੰਸਾ ਮਗਰੋਂ ਹੁਣ ਤੱਕ 6523 ਐੱਫਆਈਆਰ ਦਰਜ ਕੀਤੀਆਂ ਗਈਆਂ ਹਨ। ਕੇਂਦਰ ਤੇ ਮਨੀਪੁਰ ਸਰਕਾਰ ਵੱਲੋਂ ਪੇਸ਼ ਸੌਲੀਸਿਟਰ ਜਨਰਲ ਤੁਸ਼ਾਰ ਮਹਿਤਾ ਨੇ ਬੈਂਚ ਨੂੰ ਦੱਸਿਆ ਕਿ ਪੁਲੀਸ ਨੇ ਦੋ ਆਦਿਵਾਸੀ ਮਹਿਲਾਵਾਂ ਨੂੰ ਨਿਰਵਸਤਰ ਕਰਕੇ ਘੁਮਾਉਣ ਵਾਲੇ ਕੇਸ ਵਿੱਚ 'ਸਿਫ਼ਰ' ਐੱਫਆਈਆਰ ਦਰਜ ਕੀਤੀ ਸੀ। ਮਹਿਤਾ ਨੇ ਸੁਪਰੀਮ ਕੋਰਟ ਨੂੰ ਦੱਸਿਆ ਕਿ ਮਨੀਪੁਰ ਪੁਲੀਸ ਵੀਡੀਓ ਕੇਸ ਵਿਚ ਇਕ ਨਾਬਾਲਗ ਸਣੇ ਸੱਤ ਵਿਅਕਤੀਆਂ ਨੂੰ ਗ੍ਰਿਫ਼ਤਾਰ ਕਰ ਚੁੱਕੀ ਹੈ। ਮਹਿਤਾ ਨੇ ਬੈਂਚ ਨੂੰ ਦੱਸਿਆ ਕਿ ਇੰਜ ਲੱਗਦਾ ਹੈ ਕਿ ਮਨੀਪੁਰ ਪੁਲੀਸ ਨੇ ਵੀਡੀਓ ਸਾਹਮਣੇ ਆਉਣ ਮਗਰੋਂ ਮਹਿਲਾਵਾਂ ਦੇ ਬਿਆਨ ਦਰਜ ਕੀਤੇ ਹਨ। ਉਂਜ ਅੱਜ ਦਿਨੇ ਸਰਬਉੱਚ ਅਦਾਲਤ ਨੇ ਸੀਬੀਆਈ ਨੂੰ ਹਦਾਇਤ ਕੀਤੀ ਕਿ ਉਹ ਪੀੜਤ ਮਹਿਲਾਵਾਂ ਦੇ ਬਿਆਨ ਦਰਜ ਨਾ ਕਰੇ, ਕਿਉਂਕਿ ਇਸੇ ਕੇਸ ਨਾਲ ਸਬੰਧਤ ਹੋਰਨਾਂ ਪਟੀਸ਼ਨਾਂ 'ਤੇ ਬਾਅਦ ਦੁਪਹਿਰ ਸੁਣਵਾਈ ਕੀਤੀ ਜਾਣੀ ਹੈ।

ਬੈਂਚ, ਜਿਸ ਵਿਚ ਜਸਟਿਸ ਜੇ.ਬੀ.ਪਾਰਦੀਵਾਲਾ ਤੇ ਜਸਟਿਸ ਮਨੋਜ ਮਿਸ਼ਰਾ ਵੀ ਸ਼ਾਮਲ ਸਨ, ਨੇ ਦੋ ਮਹਿਲਾਵਾਂ ਵੱਲੋਂ ਪੇਸ਼ ਵਕੀਲ ਨਿਜ਼ਾਮ ਪਾਸ਼ਾ ਦੇ ਹਲਫ਼ਨਾਮਿਆਂ ਦਾ ਨੋਟਿਸ ਲਿਆ, ਜਿਸ ਵਿਚ ਦਾਅਵਾ ਕੀਤਾ ਗਿਆ ਸੀ ਕਿ ਸੀਬੀਆਈ ਨੇ ਪੀੜਤਾਂ ਨੂੰ ਆਪਣੇ ਬਿਆਨ ਦਰਜ ਕਰਵਾਉਣ ਲਈ ਸੱਦਿਆ ਹੈ। ਸੁਪਰੀਮ ਕੋਰਟ ਨੇ ਲੰਘੇ ਦਿਨ ਵੀਡੀਓ ਨੂੰ 'ਖੌਫਨਾਕ' ਕਰਾਰ ਦਿੱਤਾ ਸੀ। ਕੋਰਟ ਨੇ ਕਿਹਾ ਸੀ ਕਿ ਉਹ ਵੀ ਨਹੀਂ ਚਾਹੁੰਦਾ ਕਿ ਇਹ ਕੇਸ ਮਨੀਪੁਰ ਪੁਲੀਸ ਦੇ ਹਵਾਲੇ ਕੀਤਾ ਜਾਵੇ ਕਿਉਂਕਿ ਇਸੇ ਪੁਲੀਸ ਨੇ ਇਨ੍ਹਾਂ ਮਹਿਲਾਵਾਂ ਨੂੰ ਅਸਿੱਧੇ ਤੌਰ 'ਤੇ ਹਜੂਮ ਦੇ ਹਵਾਲੇ ਕੀਤਾ ਸੀ।

## 'ਮਨੀਪੁਰ ਵਿੱਚ ਫੌਰੀ ਰਾਸ਼ਟਰਪਤੀ ਰਾਜ ਲਾਗੂ ਹੋਵੇ'

ਨਵੀਂ ਦਿੱਲੀ: ਦਿੱਲੀ ਮਹਿਲਾ ਕਮਿਸ਼ਨ ਨੇ ਮਨੀਪੁਰ ਵਿੱਚ ਫੌਰੀ ਰਾਸ਼ਟਰਪਤੀ ਰਾਜ ਲਾਗੂ ਕੀਤੇ ਜਾਣ ਦੀ ਸਿਫਾਰਸ਼ ਕੀਤੀ ਹੈ। ਕਮਿਸ਼ਨ ਨੇ ਰਾਸ਼ਟਰਪਤੀ ਦਰੋਪਦੀ ਮੁਰਮੂ ਨੂੰ ਭੇਜੀ ਅੰਤਰਿਮ ਸਿਫਾਰਸ਼ਾਂ ਵਾਲੀ ਰਿਪੋਰਟ ਵਿੱਚ ਮਨੀਪੁਰ ਹਿੰਸਾ ਦੀ ਜਾਂਚ ਲਈ ਸੁਪਰੀਮ ਕੋਰਟ ਦੀ ਨਿਗਰਾਨੀ 'ਚ ਵਿਸ਼ੇਸ਼ ਜਾਂਚ ਟੀਮ ਗਠਿਤ ਕੀਤੇ ਜਾਣ ਦੀ ਮੰਗ ਵੀ ਕੀਤੀ ਹੈ। ਕਮਿਸ਼ਨ ਦੀ ਮੁਖੀ ਸਵਾਤੀ ਮਾਲੀਵਾਲ ਨੇ ਪਿਛਲੇ ਹਫ਼ਤੇ ਮਨੀਪੁਰ ਵਿੱਚ ਨਸਲੀ ਹਿੰਸਾ ਦੇ ਪੀੜਤਾਂ ਨਾਲ ਮੁਲਾਕਾਤ ਕੀਤੀ ਸੀ। ਰਿਪੋਰਟ ਵਿੱਚ ਕਿਹਾ ਗਿਆ, "ਦੋ ਭਾਈਚਾਰਿਆਂ ਵਿੱਚ ਹਿੰਸਾ ਤੇ ਧਰੁਵੀਕਰਨ ਦੀ ਹੱਦ ਨੂੰ ਦੇਖਦਿਆਂ ਭਾਰਤੀ ਸੰਵਿਧਾਨ ਦੀ ਧਾਰਾ 356 ਮੁਤਾਬਕ ਸੂਬੇ ਵਿਚ ਫੌਰੀ ਰਾਸ਼ਟਰਪਤੀ ਰਾਜ ਲਾਗੂ ਕੀਤਾ ਜਾਣਾ ਚਾਹੀਦਾ ਹੈ। ਪ੍ਰਸ਼ਾਸਨ ਦੀ ਕਾਰਵਾਈ ਨਿਰਪੱਖ ਵਿਅਕਤੀਆਂ ਵੱਲੋਂ ਚਲਾਈ ਜਾਵੇ, ਜਿਨ੍ਹਾਂ 'ਤੇ ਦੋਵਾਂ ਭਾਈਚਾਰਿਆਂ ਦੇ ਲੋਕ ਭਰੋਸਾ ਕਰ ਸਕਣ।" ਰਿਪੋਰਟ ਵਿੱਚ ਕਿਹਾ ਗਿਆ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਕੇਂਦਰੀ ਮੰਤਰੀ ਫੌਰੀ ਮਨੀਪੁਰ ਦਾ ਦੌਰਾ ਕਰਨ।

# ਅਧਿਆਪਕਾਂ ਦੇ ਨਾਂ ਅੱਗਿਓਂ 'ਕੱਚਾ' ਸ਼ਬਦ ਹਮੇਸ਼ਾ ਲਈ ਹਟਿਆ: ਭਗਵੰਤ ਮਾਨ

- *ਮੁੱਖ ਮੰਤਰੀ ਨੇ 12,710 'ਕੱਚੇ' ਅਧਿਆਪਕਾਂ ਨੂੰ 'ਪੱਕੇ' ਹੋਣ ਦੇ ਪੱਤਰ ਸੌਂਪੇ; ਹਰ ਮੁਲਾਜ਼ਮ ਦੀ ਸਮੱਸਿਆ ਹੱਲ ਕਰਨ ਦਾ ਭਰੋਸਾ ਦਿੱਤਾ*
- *3500 ਰੁਪਏ ਤਨਖਾਹ ਲੈ ਕੇ ਲੋਕਾਂ ਦੇ ਘਰਾਂ ਵਿਚ ਪੋਚੇ ਲਗਾ ਕੇ ਹੁਣ ਤੱਕ ਅਧਿਆਪਕਾਂ ਨੇ ਕੀਤਾ ਗੁਜ਼ਾਰਾ*







ਚੰਡੀਗੜ੍ਹ : ਮੁੱਖ ਮੰਤਰੀ ਭਗਵੰਤ ਮਾਨ ਨੇ ਅੱਜ ਸਿੱਖਿਆ ਵਿਭਾਗ ਅਧੀਨ ਕੰਮ ਕਰ ਰਹੇ 12,710 ਠੇਕਾ ਆਧਾਰਿਤ ਅਧਿਆਪਕਾਂ ਨੂੰ ਰੈਗੂਲਰ ਨਿਯੁਕਤੀ ਦੇ ਪੱਤਰ ਸੌਂਪ ਕੇ ਅਧਿਆਪਕ ਵਰਗ ਨਾਲ ਕੀਤਾ ਵਾਅਦਾ ਨਿਭਾਉਣ ਦਾ ਦਾਅਵਾ ਕੀਤਾ ਹੈ। ਅੱਜ ਇੱਥੇ ਇਕ ਸਮਾਗਮ ਦੌਰਾਨ ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਨੇ ਸਾਰੀਆਂ ਕਾਨੂੰਨੀ ਅਤੇ ਪ੍ਰਸ਼ਾਸਨਿਕ ਅੜਚਣਾਂ ਨੂੰ ਪਾਰ ਕਰਦਿਆਂ ਇਨ੍ਹਾਂ ਅਧਿਆਪਕਾਂ ਦੀਆਂ ਸੇਵਾਵਾਂ ਨੂੰ ਰੈਗੂਲਰ ਕਰਨ 'ਤੇ ਜ਼ੋਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਹੁਣ ਤੋਂ ਇਨ੍ਹਾਂ ਅਧਿਆਪਕਾਂ ਦੇ ਨਾਂ ਅੱਗਿਓਂ 'ਕੱਚੇ' ਸ਼ਬਦ ਹਮੇਸ਼ਾ ਲਈ ਹਟ ਜਾਵੇਗਾ। ਭਗਵੰਤ ਮਾਨ ਨੇ ਕਿਹਾ ਕਿ ਇਸ ਫੈਸਲੇ ਦਾ ਮੰਤਵ ਅਧਿਆਪਕਾਂ ਦੇ ਸੁਰੱਖਿਅਤ ਭਵਿੱਖ ਨੂੰ ਯਕੀਨੀ ਬਣਾਉਣਾ ਹੈ ਕਿਉਂਕਿ ਉਨ੍ਹਾਂ ਦਾ ਵਿਸ਼ਵਾਸ ਹੈ ਕਿ ਜੇ ਅਧਿਆਪਕਾਂ ਦਾ ਭਵਿੱਖ ਸੁਰੱਖਿਅਤ ਹੈ ਤਾਂ ਹੀ ਉਹ ਵਿਦਿਆਰਥੀਆਂ ਦੀ ਕਿਸਮਤ ਬਦਲ ਸਕਦੇ ਹਨ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਵੱਲੋਂ ਕੀਤੇ ਗਏ ਠੋਸ ਉਪਰਾਲਿਆਂ ਸਦਕਾ ਹੀ ਅੱਜ ਇਹ ਇਤਿਹਾਸਕ ਦਿਨ ਦੇਖਣ ਨੂੰ ਮਿਲ ਰਿਹਾ ਹੈ। ਮੁੱਖ ਮੰਤਰੀ ਨੇ ਕਿਹਾ ਕਿ ਹਰ ਮੁਲਾਜ਼ਮ ਦੀ ਸਮੱਸਿਆ ਦਾ ਹੱਲ ਕੀਤਾ ਜਾਵੇਗਾ, ਜਿਸ ਲਈ ਸੂਬਾ ਸਰਕਾਰ ਪਹਿਲਾਂ ਹੀ ਹਰ ਸੰਭਵ ਯਤਨ ਕਰ ਰਹੀ ਹੈ।

ਉਨ੍ਹਾਂ ਕਿਹਾ ਕਿ ਇੱਕ ਅਧਿਆਪਕ ਦਾ ਪੁੱਤ ਹੋਣ ਦੇ ਨਾਤੇ ਉਹ ਅਧਿਆਪਕਾਂ ਦੀਆਂ ਸਮੱਸਿਆਵਾਂ ਜਾਣਦੇ ਹਨ ਅਤੇ ਅਧਿਆਪਕਾਂ ਦੀਆਂ ਸਮੱਸਿਆਵਾਂ ਹੱਲ ਕਰਨਾ ਉਨ੍ਹਾਂ ਦਾ ਫ਼ਰਜ਼ ਹੈ। ਉਨ੍ਹਾਂ ਕਿਹਾ ਕਿ ਸਰਕਾਰੀ ਖਜ਼ਾਨਾ ਲੋਕਾਂ ਦਾ ਹੈ ਅਤੇ ਸਮਾਜ ਦੇ ਹਰ ਵਰਗ ਦੀ ਭਲਾਈ ਲਈ ਇਕ-ਇਕ ਪੈਸਾ ਸਮਝਦਾਰੀ ਨਾਲ ਵਰਤਿਆ ਜਾਵੇਗਾ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਸਰਕਾਰ ਸੂਬੇ ਦੇ ਸਰਬਪੱਖੀ ਵਿਕਾਸ ਅਤੇ ਲੋਕਾਂ ਦੀ ਖੁਸ਼ਹਾਲੀ ਨੂੰ ਯਕੀਨੀ ਬਣਾਉਣ ਲਈ ਹਰ ਸੰਭਵ ਯਤਨ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਅਧਿਆਪਕਾਂ ਨੂੰ ਹਰ ਸਾਲ ਪੰਜ ਫੀਸਦੀ ਤਨਖ਼ਾਹ ਵਾਧੇ ਦੇ ਨਾਲ-ਨਾਲ ਛੁੱਟੀਆਂ ਸਮੇਤ ਹੋਰ ਲਾਭ ਵੀ ਦਿੱਤੇ ਜਾਣਗੇ ਅਤੇ ਉਨ੍ਹਾਂ ਦੀ ਕਿਸੇ ਗੈਰ-ਅਧਿਆਪਨ ਕਾਰਜ ਲਈ ਡਿਊਟੀ ਨਹੀਂ ਲਗਾਈ ਜਾਵੇਗੀ।

ਉਨ੍ਹਾਂ ਕਿਹਾ ਕਿ ਸਰਕਾਰ ਜਲਦੀ ਹੀ ਸਰਕਾਰੀ ਸਕੂਲਾਂ ਵਿੱਚ ਪੜ੍ਹਦੀਆਂ ਵਿਦਿਆਰਥਣਾਂ ਲਈ ਬੱਸ ਸੇਵਾ ਸ਼ੁਰੂ ਕਰੇਗੀ ਅਤੇ ਇਸ ਲਈ 20,000 ਵਿਦਿਆਰਥੀਆਂ ਲਈ ਪਾਇਲਟ ਪ੍ਰਾਜੈਕਟ ਸ਼ੁਰੂ ਕੀਤਾ ਜਾਵੇਗਾ। ਸਿੱਖਿਆ ਮੰਤਰੀ ਹਰਜੋਤ ਬੈਂਸ ਨੇ ਵਿਭਾਗ ਵਿੱਚ ਕ੍ਰਾਂਤੀ ਦੇ ਨਵੇਂ ਦੌਰ ਦੀ ਸ਼ੁਰੂਆਤ ਕਰਨ ਲਈ ਮੁੱਖ ਮੰਤਰੀ ਦੀ ਸ਼ਲਾਘਾ ਕੀਤੀ।

## ਬਹਿਬਲ ਗੋਲੀ ਕਾਂਡ: ਅਦਾਲਤ ਵੱਲੋਂ ਮੋਗਾ ਪੁਲਿਸ ਨੂੰ ਜਿਪਸੀ ਵਾਪਸ ਦੇਣ ਤੋਂ ਇਨਕਾਰ



ਫ਼ਰੀਦਕੋਟ : ਫ਼ਰੀਦਕੋਟ ਅਦਾਲਤ ਨੇ ਬਹਿਬਲ ਗੋਲੀ ਕਾਂਡ 'ਚ ਪੁਲੀਸ ਅਧਿਕਾਰੀਆਂ ਵੱਲੋਂ ਧਰਨਾ ਦੇ ਰਹੀ ਸਿੱਖ ਸੰਗਤ ਖ਼ ?ਲਾਫ਼ ਝੂਠੀ ਗਵਾਹੀ ਲਈ ਕਥਿਤ ਖ਼ੁਦ ਗੋਲੀਆਂ ਮਾਰ ਕੇ ਤਿਆਰ ਕੀਤੀ ਸਰਕਾਰੀ ਜਿਪਸੀ ਮੋਗਾ ਪੁਲੀਸ ਨੂੰ ਵਾਪਸ ਕਰਨ ਤੋਂ ਇਨਕਾਰ ਕਰ ਦਿੱਤਾ ਹੈ। ਬਹਿਬਲ ਗੋਲੀ ਕਾਂਡ 'ਚ ਦੋ ਸਿੱਖ ਨੌਜਵਾਨਾਂ ਦੀ ਮੌਤ ਤੋਂ ਬਾਅਦ ਮੌਕੇ 'ਤੇ ਹਾਜ਼ਰ ਪੁਲੀਸ ਅਧਿਕਾਰੀਆਂ ਨੇ ਆਪਣੀ ਹੀ ਜਿਪਸੀ 'ਤੇ ਗੋਲੀਆਂ ਮਾਰ ਦਿੱਤੀਆਂ ਸਨ ਅਤੇ ਬਾਅਦ 'ਚ ਦਾਅਵਾ ਕੀਤਾ ਸੀ ਕਿ ਧਰਨਾਕਾਰੀਆਂ ਨੇ ਪੁਲੀਸ 'ਤੇ ਗੋਲੀਆਂ ਚਲਾਈਆਂ ਸਨ, ਜੋ ਜਿਪਸੀ 'ਤੇ ਲੱਗੀਆਂ। ਇਹ ਜਿਪਸੀ ਮੋਗਾ ਦੇ ਸਾਬਕਾ ਐੱਸਐੱਸਪੀ ਚਰਨਜੀਤ ਸ਼ਰਮਾ ਦੇ ਸੁਰੱਖਿਆ ਕਰਮਚਾਰੀਆਂ ਦੀ ਸੀ। ਮੋਗਾ ਪੁਲੀਸ ਨੇ ਪਟੀਸ਼ਨ ਦਾਇਰ ਕਰ ਕੇ ਚੱਲਦੇ ਮੁਕੱਦਮੇ ਤੱਕ ਜਿਪਸੀ ਦੀ ਸਪੁਰਦਦਾਰੀ ਦੇਣ ਦੀ ਮੰਗ ਕੀਤੀ ਸੀ ਪਰ ਵਿਸ਼ੇਸ਼ ਜਾਂਚ ਟੀਮ ਨੇ ਕਿਹਾ ਕਿ ਉੱਚ ਪੁਲੀਸ ਅਧਿਕਾਰੀਆਂ ਖਿਲਾਫ਼ ਸੰਗਤ 'ਤੇ ਝੂਠੇ ਕੇਸ ਬਣਾਉਣ ਦਾ ਇਹ ਸਭ ਤੋਂ ਅਹਿਮ ਸਬੂਤ ਹੈ। ਇਸ ਲਈ ਇਹ ਜਿਪਸੀ ਜਾਂਚ ਟੀਮ ਕੋਲ ਹੀ ਰਹਿਣੀ ਚਾਹੀਦੀ ਹੈ। ਅਦਾਲਤ ਨੇ ਜਿਪਸੀ ਦੀ ਸਪੁਰਦਦਾਰੀ ਦੇਣ ਤੋਂ ਇਨਕਾਰ ਕਰਦਿਆਂ ਮੋਗਾ ਪੁਲੀਸ ਦੀ ਅਰਜ਼ੀ ਖਾਰਜ ਕਰ ਦਿੱਤੀ ਹੈ। ਬਹਿਬਲ ਗੋਲੀ ਕਾਂਡ 'ਚ ਅੱਜ ਸੁਮੇਧ ਸੈਣੀ, ਪਰਮਰਾਜ ਸਿੰਘ ਉਮਰਾਨੰਗਲ ਅਤੇ ਸਾਬਕਾ ਐੱਸਐੱਸਪੀ ਚਰਨਜੀਤ ਸ਼ਰਮਾ ਨਿੱਜੀ ਤੌਰ 'ਤੇ ਪੇਸ਼ ਨਹੀਂ ਹੋਏ। ਅਦਾਲਤ ਨੇ ਇਸ ਕੇਸ ਦੀ ਅਗਲੀ ਤਰੀਕ 19 ਅਗਸਤ ਤੈਅ ਕੀਤੀ ਹੈ ਅਤੇ ਇਲਾਕਾ ਮੈਜਿਸਟਰੇਟ ਤੋਂ ਕੋਟਕਪੂਰਾ ਅਤੇ ਬਹਿਬਲ ਗੋਲੀ ਕਾਂਡ 'ਚ ਪੇਸ਼ ਹੋਏ ਚਲਾਨਾਂ ਦੀ ਮੁਕੰਮਲ ਰਿਪੋਰਟ ਵੀ ਤਲਬ ਕੀਤੀ ਹੈ।

## ਸਵ. ਸੁਰਿੰਦਰ ਛਿੰਦਾ ਦੇ ਪਰਿਵਾਰ ਨੂੰ ਮਿਲੇ ਭਗਵੰਤ ਮਾਨ, ਹਸਪਤਾਲ ਦਾ ਬਿੱਲ ਕਰਵਾਇਆ ਅੱਧਾ, ਲੋਕਾਂ ਨੂੰ ਵੀ ਮਦਦ ਦੀ ਲਾਈ ਗੁਹਾਰ



ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਸੁਰਿੰਦਰ ਛਿੰਦਾ ਦੀ ਧਰਮ ਪਤਨੀ ਜੋਗਿੰਦਰ ਕੌਰ, ਸਪੁੱਤਰ ਮਨਿੰਦਰ ਛਿੰਦਾ ਤੇ ਸਿਮਰਨ ਛਿੰਦਾ ਨਾਲ ਗੱਲਬਾਤ ਕਰਦੇ ਹੋਏ ਮੁੱਖ ਮੰਤਰੀ ਭਗਵੰਤ ਮਾਨ ਨੇ ਸੁਰਿੰਦਰ ਛਿੰਦਾ ਦੇ ਸੁਪਰ ਹਿੱਟ ਰਿਕਾਰਡ ਜਿਊਣਾ ਮੌੜ ਦਾ ਖ਼ਾਸ ਤੌਰ 'ਤੇ ਕੀਤਾ ਜ਼ਿਕਰ

ਲੁਧਿਆਣਾ : ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਮੰਗਲਵਾਰ ਨੂੰ ਲੁਧਿਆਣਾ ਵਿੱਚ ਮਰਹੂਮ ਪੰਜਾਬੀ ਲੋਕ ਗਾਇਕ ਸੁਰਿੰਦਰ ਛਿੰਦਾ ਦੇ ਘਰ ਪੁੱਜੇ। ਇੱਥੇ ਉਹ ਛਿੰਦਾ ਦੇ ਪਰਿਵਾਰ ਨੂੰ ਮਿਲੇ। ਇਸ ਦੌਰਾਨ ਸੀਐੱਮ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਜੇਕਰ ਪਰਿਵਾਰ ਨੂੰ ਕਿਸੇ ਵੀ ਤਰ੍ਹਾਂ ਦੀ ਮਦਦ ਦੀ ਲੋੜ ਹੈ ਤਾਂ ਸਰਕਾਰ ਹਰ ਸੰਭਵ ਮਦਦ ਕਰੇਗੀ।

ਪਰਿਵਾਰ ਨਾਲ ਦੁੱਖ ਵੰਡਾਉਣ ਲਈ ਮੁੱਖ ਮੰਤਰੀ ਭਗਵੰਤ ਮਾਨ ਸਤਿਗੁਰੂ ਨਗਰ ਸਥਿਤ ਉਨ੍ਹਾਂ ਦੀ ਰਿਹਾਇਸ਼ ਵਿਖੇ ਵਿਸ਼ੇਸ਼ ਤੌਰ 'ਤੇ ਪਹੁੰਚੇ ਅਤੇ ਸਵਰਗੀ ਗਾਇਕ ਸੁਰਿੰਦਰ ਛਿੰਦਾ ਨਾਲ ਬਿਤਾਏ ਪਲਾਂ ਤੇ ਗੱਲਬਾਤ ਦੀਆਂ ਆਪਣੀਆਂ ਪੁਰਾਣੀਆਂ ਯਾਦਾਂ ਨੂੰ ਸਾਂਝੀਆਂ ਕੀਤੀਆਂ। ਮੁੱਖ ਮੰਤਰੀ 4 ਵਜੇ ਦੇ ਕਰੀਬ ਪਹੁੰਚੇ ਤੇ ਲਗਪਗ 20 ਮਿੰਟ ਪਰਿਵਾਰ ਨਾਲ ਗੱਲਬਾਤ ਕਰਦੇ ਰਹੇ। ਇਸ ਦੌਰਾਨ ਸੀਐੱਮ ਭਗਵੰਤ ਮਾਨ ਨੇ ਕਿਹਾ ਕਿ ਅਸੀਂ ਪਰਿਵਾਰ ਦੇ ਨਾਲ ਹੜ੍ਹੇ ਹਾਂ 4$3 ਹਸਪਤਾਲ ਦਾ 16 ਲੱਖ ਰੁਪਏ ਦਾ ਬਿੱਲ ਬਣਿਆ ਸੀ। ਸਰਕਾਰ ਨੇ ਉਸ ਨੂੰ 8 ਲੱਖ ਰੁਪਏ ਕਰਵਾ ਦਿੱਤੇ। ਇਸ ਦੇ ਨਾਲ ਹੀ ਇੱਕ ਸਾਥੀ ਨੇ ਸੁਰਿੰਦਰ ਛਿੰਦਾ ਦੇ ਪਰਿਵਾਰ ਦੀ 5 ਲੱਖ ਰੁਪਏ ਦੀ ਮਦਦ ਕੀਤੀ ਹੈ। ਇਹ ਕੋਈ ਅਹਿਸਾਨ ਨਹੀਂ, ਪੰਜਾਬ ਦੀ ਸੇਵਾ ਕਰਨ ਵਾਲਿਆਂ ਦੀ ਮਦਦ ਕਰਨਾ ਸਾਡਾ ਫਰਜ਼ ਹੈ।

ਸੁਰਿੰਦਰ ਛਿੰਦਾ ਦੀ ਧਰਮ ਪਤਨੀ ਜੋਗਿੰਦਰ ਕੌਰ, ਸਪੁੱਤਰ ਮਨਿੰਦਰ ਛਿੰਦਾ ਤੇ ਸਿਮਰਨ ਛਿੰਦਾ ਨਾਲ ਗੱਲਬਾਤ ਕਰਦੇ ਹੋਏ ਮੁੱਖ ਮੰਤਰੀ ਭਗਵੰਤ ਮਾਨ ਨੇ ਸੁਰਿੰਦਰ ਛਿੰਦਾ ਦੇ ਸੁਪਰ ਹਿੱਟ ਰਿਕਾਰਡ ਜਿਊਣਾ ਮੌੜ ਦਾ ਖ਼ਾਸ ਤੌਰ 'ਤੇ ਜ਼ਿਕਰ ਕੀਤਾ। ਮਾਨ ਨੇ ਉਨ੍ਹਾਂ ਦੇ ਕਈ ਗੀਤਾਂ ਦੀ ਗੱਲ ਵੀ ਕੀਤੀ। ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਦੀ ਅਕਸਰ ਹੀ ਛਿੰਦਾ ਨਾਲ ਗੱਲਬਾਤ ਹੁੰਦੀ ਸੀ।ਛਿੰਦਾ ਦਾ ਡਾਇਲਾਗ ਓਏ ਛੋਟਿਆ ਕਿੱਦਾਂ ਉਨ੍ਹਾਂ ਨੂੰ ਬੇਹੱਦ ਪਸੰਦ ਸੀ। ਇਸ ਮੌਕੇ ਮਰਹੂਮ ਗਾਇਕ ਸੁਰਿੰਦਰ ਛਿੰਦਾ ਦੇ ਸ਼ਗਿਰਦ ਅਤੇ ਗਾਇਕ ਗੋਲਡੀ ਚੌਹਾਨ ਤੋਂ ਇਲਾਵਾ ਹਰਪ੍ਰੀਤ ਸਿੰਘ ਸੇਖੋਂ, ਜਰਨੈਲ ਸਿੰਘ ਤੂਰ ਤੇ ਤੇ ਸਤੀਸ਼ ਸੱਗੜ ਹਾਜ਼ਰ ਸਨ।

# ਵਿਧਾਇਕ ਜਸਵੀਰ ਰਾਜਾ ਨੇ ਕੱਚਿਆਂ ਤੋਂ ਪੱਕੇ ਕੀਤੇ ਗਏ 58 ਅਧਿਆਪਕਾਂ ਨੂੰ ਨਿਯੁਕਤੀ ਪੱਤਰ ਭੇਂਟ ਕੀਤੇ



**ਸਰਕਾਈ ਅਧਿਆਪਕਾ ਨੂੰ ਪੱਕੇ ਕਰਨ ਉਪਰੰਤ ਨਿਯੁਕਤੀ ਪੱਤਰ ਵੰਡਦੇ ਹੋਏ ਵਿਧਾਇਕ ਜਸਵੀਰ ਰਾਜਾ**

ਟਾਂਡਾ ਉੜਮੁੜ/ਜਾਜਾ, (ਰਵਿੰਦਰ ਸਿੰਘ) : ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਦੇ ਯੋਗ ਉਪਰਾਲੇ ਸਦਕਾ ਸਰਕਾਰ ਨੇ ਆਪਣੇ ਕੀਤੇ ਹੋਏ ਵਾਅਦੇ ਮੁਤਾਬਕ ਕੱਚੇ ਅਧਿਆਪਕਾਂ ਨੂੰ ਪੱਕਿਆਂ ਕੀਤਾ ਹੈ ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਆਮ ਆਦਮੀ ਪਾਰਟੀ ਦੇ ਸੂਬਾ ਉਪ ਪ੍ਰਧਾਨ ਤੇ ਹਲਕਾ ਵਿਧਾਇਕ ਟਾਂਡਾ ਜਸਵੀਰ ਸਿੰਘ ਰਾਜਾ ਨੇ ਸਰਕਾਰੀ ਸਕੂਲ ਖੱਖ ਵਿਖੇ ਹੋਏ ਇੱਕ ਸਮਾਗਮ ਦੌਰਾਨ ਕੀਤਾ। ਇਸ ਮੌਕੇ ਉਨ੍ਹਾਂ ਸਰਕਾਰ ਵੱਲੋਂ ਪੱਕੇ ਕੀਤੇ ਗਏ ਕੁੱਲ 27 ਅਧਿਆਪਕਾਂ ਨੂੰ ਨਿਯੁਕਤੀ ਪੱਤਰ ਦੇਣ ਦੇ ਨਾਲ-ਨਾਲ ਸਰਕਾਰ ਵੱਲੋਂ ਭੇਜੇ ਗਏ ਯਾਦਗਾਰੀ ਚਿੰਨ੍ਹ ਤੇ ਪ੍ਰਸ਼ੰਸ਼ਾ ਪੱਤਰ ਵੀ ਭੇਂਟ ਕੀਤੇ। ਇਸ ਮੌਕੇ ਵਿਧਾਇਕ ਜਸਵੀਰ ਸਿੰਘ ਰਾਜਾ ਨੇ ਸੰਬੋਧਨ ਕਰਦਿਆਂ ਕਿਹਾ ਕਿ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਦੀ ਯੋਗ ਅਗਵਾਈ ਅਤੇ ਸਿੱਖਿਆ ਮੰਤਰੀ ਪੰਜਾਬ ਹਰਜੋਤ ਸਿੰਘ ਬੈਂਸ ਦੇ ਯਤਨਾ ਸਦਕਾ ਪੰਜਾਬ ਵਿਚ ਕੁੱਲ 12500 ਅਧਿਆਪਕ ਪੱਕੇ ਕਰਕੇ ਅੱਜ ਉਹਨਾਂ ਨੂੰ ਨਿਯੁਕਤੀ ਪੱਤਰ ਦਿੱਤੇ ਗਏ ਹਨ ਤਾਂ ਜੋ ਉਹ ਰੁਜ਼ਗਾਰ ਪ੍ਰਾਪਤ ਕਰ ਸਕਣ। ਇਸ ਮੌਕੇ ਉਹਨਾਂ ਪੱਕੇ ਕੀਤੇ ਅਧਿਆਪਕਾਂ ਨੂੰ ਮੁਬਾਰਕਬਾਦ ਦਿੰਦੇ ਹੋਏ ਆਪਣੀ ਡਿਊਟੀ ਇਮਾਨਦਾਰੀ ਤੇ ਜਿੰਮੇਵਾਰੀ ਦੁਆਰਾ ਨਿਭਾਉਣ ਦੇ ਨਾਲ-ਨਾਲ ਸਰਕਾਰ ਵੱਲੋਂ ਸਰਕਾਰੀ ਸਕੂਲਾਂ ਵਿੱਚ ਸਿੱਖਿਆ ਦੇ ਮਿਆਰ ਨੂੰ ਉੱਚਾ ਚੁੱਕਣ ਲਈ ਕੀਤੇ ਜਾ ਰਹੇ ਯਤਨਾਂ ਵਿੱਚ ਆਪਣਾ ਯੋਗਦਾਨ ਪਾਉਣ ਦੀ ਅਪੀਲ ਕੀਤੀ, ਇਸੇ ਤਰ੍ਹਾਂ ਹੀ ਵਿਧਾਇਕ ਜਸਵੀਰ ਰਾਜਾ ਨੇ ਸਰਕਾਰੀ ਐਲੀਮੈਂਟਰੀ ਸਕੂਲ ਜਾਜਾ ਵਿਖੇ ਵੀ ਕੁਲ 31 ਅਧਿਆਪਕਾਂ ਨੂੰ ਨਿਯੁਕਤੀ ਪੱਤਰ ਦਿੰਦੇ ਹੋਏ ਸੂਬਾ ਸਰਕਾਰ ਦੀਆਂ ਲੋਕ ਉਸਾਰੂ ਨੀਤੀਆਂ ਤੋਂ ਜਾਣੂ ਕਰਵਾਇਆ। ਇਸ ਮੌਕੇ ਬਲਾਕ ਪ੍ਰਧਾਨ ਕੇਸ਼ਵ ਸਿੰਘ ਸੈਣੀ, ਡਿਪਟੀ ਡੀ.ਓ ਸੁਖਵਿੰਦਰ ਸਿੰਘ, ਬੀ.ਪੀਈ.ਓ ਬਲਾਕ-1 ਜਸਵਿੰਦਰ ਪਾਲ ਸਿੰਘ,ਬੀ.ਪੀਈ.ਓ ਬਲਾਕ-2 ਸ਼ਰੂਤੀ ਲਾਲ, ਸੀ. ਐਚ .ਟੀ ਸੁਖਵਿੰਦਰ ਕੌਰ, ਸੀ. ਐਚ.ਟੀ ਨਛੱਤਰ ਰਾਮ, ਅਵਤਾਰ ਸਿੰਘ, ਜਰਨੈਲ ਸਿੰਘ, ਰਵਿੰਦਰ ਸਿੰਘ, ਇੰਦਰਜੀਤ ਸਿੰਘ ਧਾਲੀਵਾਲ, ਨਰਿੰਦਰ ਅਰੋੜਾ, ਨਿਰਮਲਜੀਤ ਕੌਰ, ਜਸਵਿੰਦਰ ਸਿੰਘ, ਧਰਮ ਸਿੰਘ, ਸ਼ਮਸ਼ੇਰ ਸਿੰਘ, ਦਿਲਬਾਗ ਸਿੰਘ, ਹੰਕਾਰ ਸਿੰਘ ਬਲਕਾਰ ਸਿੰਘ, ਅਮਰਜੀਤ ਸਿੰਘ , ਜੰਗ ਬਹਾਦਰ, ਇੰਦਰ ਸਿੰਘ, ਗੁਰਜੀਤ ਸਿੰਘ ਰਮਨਦੀਪ ਸਿੰਘ, ਚਰਣਜੀਤ ਕੌਰ, ਗੁਰਦੀਪ ਕੌਰ, ਸੁਰਜੀਤ ਕੌਰ ,ਜਸਵੰਤ ਕੌਰ, ਜਸਵੀਰ ਕੌਰ, ਸੁਖਜੀਤ ਕੌਰ, ਜਸਵੰਤ ਸਿੰਘ, ਮਨਵਿੰਦਰ ਕੌਰ, ਰੇਨੂ ਬਾਲਾ ਆਦਿ ਵੀ ਹਾਜ਼ਰ ਸਨ।

# ਨੇਤਰਦਾਨ ਮਹਾਂ ਦਾਨ ਹੈ ਮਰਨ ਉਪਰੰਤ ਕੀਤਾ ਗਿਆ ਇਹ ਦਾਨ ਕਿਸੇ ਦੂਸਰੇ ਵਿਅਕਤੀ ਦੀ ਅੱਖਾਂ ਦੀ ਰੋਸ਼ਨੀ ਲਿਆਵੇਗਾ : ਭਾਈ ਮਸੀਤੀ



ਟਾਂਡਾ ਉੜਮੁੜ, (ਰਵਿੰਦਰ ਸਿੰਘ ਟਾਂਡਾ) : ਪਿਛਲੇ 21 ਸਾਲਾਂ ਤੋਂ ਲਗਾਤਾਰ ਨੇਤਰਦਾਨ, ਅੰਗ ਦਾਨ ਅਤੇ ਸਰੀਰ ਦਾਨ ਕਰਨ ਲਈ ਲੋਕਾਂ ਪ੍ਰੇਰਿਤ ਕਰਨ ਵਾਲੇ ਭਾਈ ਵਰਿੰਦਰ ਸਿੰਘ ਮਸੀਤੀ ਇਸ ਉਮਰ 'ਚ ਵੀ ਲੋਕਾਂ ਇਹ ਮਹਾਂ ਦਾਨ ਕਰਨ ਲਈ ਪ੍ਰੇਰਿਤ ਕਰ ਰਹੇ ਹਨ ਇਸ ਤੋਂ ਇਲਾਵਾ ਸਿਵਲ ਸਰਜਨ ਡਾਕਟਰ ਬਲਵਿੰਦਰ ਕੁਮਾਰ ਦੇ ਦਿਸ਼ਾ ਨਿਰਦੇਸ਼ਾ ਅਤੇ ਡਾਕਟਰ ਕਰਨ ਕੁਮਾਰ ਸੈਣੀ ਐਸ.ਐਮ.ਓ ਟਾਂਡਾ ਦੀ ਯੋਗ ਅਗਵਾਈ ਹੇਠ ਨੇਤਰਦਾਨ ਸੰਸਥਾ ਹੁਸ਼ਿਆਰਪੁਰ ਦੇ ਭਾਈ ਵਰਿੰਦਰ ਸਿੰਘ ਮਸੀਤੀ ਨੇਤਰਦਾਨ ਇੰਚਾਰਜ ਟਾਂਡਾ ਦੀ ਪ੍ਰੇਰਨਾ ਸਦਕਾ ਲੋਕਾਂ ਵੱਲੋਂ ਨੇਤਰਦਾਨ ਦੇ ਫਾਰਮ ਭਰੇ ਜਾ ਰਹੇ ਹਨ ਅਤੇ ਇਨ੍ਹਾਂ ਸਾਰਿਆਂ ਦੀ ਮਿਹਨਤ ਸਦਕਾ ਰਾਜਿੰਦਰ ਕੁਮਾਰੀ ਵੱਲੋ ਨੇਤਰਦਾਨ ਦਾ ਫਾਰਮ ਭਰਿਆ ਗਿਆ। ਇਸ ਲਈ ਉਸ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨ ਪੱਤਰ ਦੇ ਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਡਾਕਟਰ ਕਰਨ ਕੁਮਾਰ ਸੈਣੀ ਨੇ ਦੱਸਿਆ ਕਿ ਨੇਤਰਦਾਨ ਇੱਕ ਮਹਾਂ ਦਾਨ ਹੈ, ਜੋ ਕਿ ਕਿਸੇ ਵਿਆਕਤੀ ਦੇ ਮਰਨ ਉਪਰੰਤ ਦੋ ਵਿਆਕਤੀਆ ਦੀ ਜਿੰਦਗੀ ਵਿੱਚ ਰੋਸ਼ਨੀ ਲਿਆ ਸਕਦਾ ਹੈ। ਇਸ ਲਈ ਸਾਨੂੰ ਨੇਤਰਦਾਨ ਲਈ ਲੋਕਾਂ ਨੂੰ ਵੱਧ ਤੋਂ ਵੱਧ ਪ੍ਰੇਰਿਤ ਕਰਨਾ ਚਾਹੀਦਾ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਡਾ. ਬਲਜੀਤ ਕੌਰ, ਡਾ. ਵਰੁਣ ਨਾਇਰ, ਅਵਤਾਰ ਸਿੰਘ ਬੀ.ਈ.ਈ. ਜਸਵਿੰਦਰ ਕੁਮਾਰ ਅਪਥਾਲਮਿਕ ਅਫਸਰ, ਗੁਰਜੀਤ ਸਿੰਘ ਅਤੇ ਰਾਜਿੰਦਰ ਸਿੰਘ ਹਾਜ਼ਰ ਸਨ।

# ਐਮ ਐਸ ਕੇ ਬੋਡਿੰਗ ਸਕੂਲ ਕੋਟਲੀ ਜੰਡ ਨੇ ਕਰਵਾਏ ਮੁਕਾਬਲੇ









ਟਾਂਡਾ ਉੜਮੁੜ, (ਰਵਿੰਦਰ ਸਿੰਘ ਟਾਂਡਾ) ਇਲਾਕੇ ਦੀ ਨਾਮਵਰ ਵਿੱਦਿਅਕ ਸੰਸਥਾ ਐਮ ਐਸ ਕੇ ਡੇ ਬੋਰਡਿੰਗ ਸੀ ਬੀ ਐੱਸ ਈ ਸੰਕੈਂਡਰੀ ਸਕੂਲ, ਕੋਟਲੀ ਜੰਡ ਵਿਖੇ ਸਕੂਲ ਦੇ ਪ੍ਰਧਾਨ ਸਰਦਾਰ ਸੁਖਵਿੰਦਰ ਸਿੰਘ ਅਰੋੜਾ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸਕੂਲ ਵਿੱਚ ਵਿਦਿਆਰਥੀਆਂ ਨੂੰ ਸਮੇਂ ਦਾ ਹਾਣੀ ਬਣਾਉਣ ਲਈ 'ਨੋ ਫਾਇਰ ਨੋ ਫਲੇਮ' ਨਾਮੀ ਪ੍ਰਤੀਯੋਗਤਾ ਕਰਵਾਈ ਗਈ। ਪ੍ਰਿੰਸੀਪਲ ਪਰਵਿੰਦਰ ਕੌਰ ਦੀ ਰਹਿਨੁਮਾਈ ਹੇਠ ਬੱਚਿਆ ਨੇ ਇਸ ਪ੍ਰਤੀਯੋਗਤਾ ਵਿੱਚ ਵੱਧ ਚੜ੍ਹ ਕੇ ਹਿੱਸਾ ਲਿਆ ਅਤੇ ਆਪਣੇ ਹੁਨਰ ਦਾ ਲੋਹਾ ਮਨਵਾਇਆ। ਇਸ ਮੁਕਾਬਲੇ ਵਿੱਚ ਵਿਦਿਆਰਥੀਆਂ ਨੇ ਮਿੱਥੇ ਸਮੇਂ ਵਿੱਚ ਅੱਗ ਤੋਂ ਬਿਨਾਂ ਬਣਨ ਵਾਲੇ ਕੋਈ ਖਾਣ ਵਾਲੀ ਕੋਈ ਵਸਤੂ ਤਿਆਰ ਕਰਨੀ ਸੀ, ਜਿਸ ਵਿੱਚ ਵਿਦਿਆਰਥੀ ਦਾ ਸ਼ਾਨਦਾਰ ਪ੍ਰਦਰਸ਼ਨ ਰਿਹਾ। ਦਿੱਤੇ ਗਏ ਸਮੇਂ ਅਨੁਸਾਰ ਬੱਚਿਆਂ ਨੇ ਅਲੱਗ- ਅਲੱਗ ਕਿਸਮ ਦੀਆਂ ਖਾਣ ਵਾਲੀਆਂ ਵਸਤੂਆਂ ਤਿਆਰ ਕੀਤੀਆਂ। ਇਸ ਮੁਕਾਬਲੇ ਵਿੱਚ ਵਰਿੰਦਰ ਕੌਰ ਨੇ ਪਹਿਲਾ ਸਥਾਨ, ਰਾਜਵੀਰ ਕੌਰ ਨੇ ਦੂਜਾ ਸਥਾਨ ਅਤੇ ਦਿਲਪ੍ਰੀਤ ਵਰਮਾ ਨੇ ਤੀਸਰਾ ਸਥਾਨ ਹਾਸਲ ਕੀਤਾ। ਇਸ ਮੌਕੇ ਵਿਦਿਆਰਥੀਆਂ ਨੂੰ ਉਤਸ਼ਾਹਿਤ ਕਰਨ ਲਈ ਸਕੂਲ ਦੇ ਪ੍ਰਿੰਸੀਪਲ ਪਰਵਿੰਦਰ ਕੌਰ ਦੁਆਰਾ ਸਨਮਾਨਿਤ ਵੀ ਕੀਤਾ ਗਿਆ ਅਤੇ ਅੱਗੋਂ ਤੋਂ ਹੋਰ ਵਧੀਆ ਕਾਰਗੁਜ਼ਾਰੀ ਕਰਨ ਲਈ ਵਿਦਿਆਰਥੀਆਂ ਨੂੰ ਪ੍ਰੇਰਿਆ। ਇਸ ਮੌਕੇ ਸਕੂਲ ਸਟਾਰ ਵਿੱਚ ਨਰਿੰਦਰ ਕੌਰ, ਪਰਦੀਪ ਸਿੰਘ, ਮਨਮੋਹਨ ਸਿੰਘ, ਗੁਰਸ਼ਰਨ ਕੌਰ, ਰਜਿੰਦਰ ਕੌਰ, ਆਗਿਆ ਕੌਰ, ਪ੍ਰਭਜੋਤ ਕੌਰ, ਗੁਰਪ੍ਰੀਤ ਕੌਰ, ਸੁਖਵਿੰਦਰ ਕੌਰ, ਜੋਬਨਪ੍ਰੀਤ ਕੌਰ ਅਤੇ ਸਿਮਰਨਜੀਤ ਕੌਰ ਸ਼ਾਮਲ ਸਨ।

# ਜੋ ਕੌਮਾਂ ਆਪਣੇ ਸੱਭਿਆਚਾਰਕ ਵਿਰਸੇ ਨੂੰ ਭੁਲਾ ਦਿੰਦਿਆਂ ਹਨ ਉਹ ਲੁਪਤ ਹੋ ਜਾਂਦੀਆਂ ਹਨ: ਅਰੋੜਾ







ਟਾਂਡਾ ਉੜਮੁੜ, (ਰਵਿੰਦਰ ਸਿੰਘ ਟਾਂਡਾ): ਇਲਾਕੇ ਦੀ ਨਾਮਵਰ ਵਿੱਦਿਅਕ ਸੰਸਥਾ ਐਮ ਐਸ ਕੇ ਡੇ ਬੋਡਿੰਗ ਸੀ ਬੀ ਐੱਸ ਈ ਸੈਕੰਡਰੀ ਸਕੂਲ, ਕੋਟਲੀ ਜੰਡ ਵਿਖੇ ਸਕੂਲ ਦੇ ਪ੍ਰਧਾਨ ਸੁਖਵਿੰਦਰ ਸਿੰਘ ਅਰੋੜਾ ਦੀ ਸਰਪ੍ਰਸਤੀ ਹੇਠ ਸਕੂਲ ਵਿੱਚ ਤੀਜ ਦਾ ਤਿਉਹਾਰ ਮਨਾਇਆ ਗਿਆ। ਪ੍ਰਿੰਸੀਪਲ ਪਰਵਿੰਦਰ ਕੌਰ ਦੀ ਦੇਖ ਰੇਖ ਹੇਠ ਅਯੋਜਿਤ ਇਸ ਪ੍ਰੋਗਰਾਮ ਵਿੱਚ ਨੰਬਰਦਾਰ ਜਗਜੀਵਨ ਜੱਗੀ ਸਿਟੀ ਪ੍ਰਧਾਨ ਟਾਂਡਾ, ਸਮਾਜ ਸੇਵੀ ਗੁਰਦੀਪ ਸਿੰਘ ਹੈਪੀ (ਕੋਰ ਕਮੇਟੀ ਮੈਂਬਰ ਆਮ ਆਦਮੀ ਪਾਰਟੀ) ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਏ। ਸਾਵਣ ਦੇ ਮਹੀਨੇ ਮਨਾਏ ਜਾਂਦੇ ਤੀਆਂ ਦੇ ਤਿਉਹਾਰ ਨੂੰ ਸਕੂਲ ਦੀਆਂ ਵਿਦਿਆਰਥਣਾਂ ਨੇ ਬੜੇ ਹੀ ਸੁਚੱਜੇ ਢੰਗ ਨਾਲ ਮਨਾਇਆ। ਇਸ ਮੌਕੇ ਸਕੂਲ ਵਿਦਿਆਰਥੀਆਂ ਵੱਲੋਂ ਜਿੱਥੇ ਸ਼ਾਨਦਾਰ ਪੰਜਾਬੀ ਸਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ ਗਿਆ। ਉੱਥੇ ਵਿਦਿਆਰਥਣਾ ਦੁਆਰਾ ਪੀਂਘਾਂ ਵੀ ਪਾਈਆਂ ਗਈਆਂ। ਪੰਜਾਬ ਦੇ ਅਮੀਰ ਵਿਰਸੇ ਨਾਲ ਵਿਦਿਆਰਥਣਾਂ ਨੂੰ ਜੋੜਨ ਲਈ ਸਕੂਲ ਪ੍ਰਬੰਧਕ ਕਮੇਟੀ ਵੱਲੋਂ ਵਿਸ਼ੇਸ਼ ਉਪਰਾਲੇ ਕੀਤੇ ਗਏ ਸਨ। ਇਸ ਪ੍ਰੋਗਰਾਮ ਵਿੱਚ ਪੁਰਾਤਨ ਪੰਜਾਬ ਦੀ ਝਲਕ ਨੂੰ ਪੇਸ਼ ਕੀਤਾ ਗਿਆ ਅਤੇ ਜਿਸ ਵਿੱਚ ਵਿਦਿਆਰਥੀਆਂ ਨੇ ਪੂਰੇ ਜੋਸ਼ ਨਾਲ ਭਾਗ ਲਿਆ। ਵਿਦਿਆਰਥਣਾਂ ਦੁਆਰਾ ਗਿੱਧਾ ਪਾਕੇ ਆਪਣੀ ਖ਼ੁਸ਼ੀ ਨੂੰ ਜਾਹਿਰ ਕੀਤਾ ਗਿਆ। ਇਸ ਮੌਕੇ ਪੰਜਾਬੀ ਵਿਰਸੇ ਨਾਲ ਸੰਬੰਧਤ ਸਵਾਲ-ਜਵਾਬ ਪ੍ਰਤਿਯੋਗਤਾ ਕਰਵਾਈ ਗਈ , ਜਿਸ ਵਿੱਚ ਗੁਰਲੀਨ ਕੌਰ (ਦਸਵੀਂ ਜਮਾਤ ਸਾਰੇ ਸਵਾਲਾਂ ਦਾ ਜਵਾਬ ਦੇ ਕੇ ਮਿਸ ਤੀਜ ਬਣੀ ਅਤੇ ਮੌਕੇ ਤੇ ਹੀ ਸਕੂਲ ਪ੍ਰਧਾਨ ਸੁਖਵਿੰਦਰ ਸਿੰਘ ਅਰੋੜਾ ਅਤੇ ਵਿਸ਼ੇਸ਼ ਮਹਿਮਾਨ ਜਗਜੀਵਨ ਜੱਗੀ, ਗੁਰਦੀਪ ਸਿੰਘ ਹੈਪੀ, ਅਵਤਾਰ ਸਿੰਘ ਤਾਰੀ, ਸਤੀਸ ਜੋੜਾ ਨੇ ਮਿਸ ਤੀਜ ਨੂੰ ਸਨਮਾਨਿਤ ਕੀਤਾ । ਇਸ ਮੌਕੇ ਸਕੂਲ ਦੇ ਪ੍ਰਧਾਨ ਸਰਦਾਰ ਸੁਖਵਿੰਦਰ ਸਿੰਘ ਅਰੋੜਾ ਨੇ ਆਪਣੇ ਸੰਬੋਧਨ ਵਿਚ ਕਿਹਾ, ਆਪਣੇ ਲੁਪਤ ਹੋ ਰਹੇ ਵਿਰਸੇ ਨੂੰ ਬਚਾਉਣ ਲਈ ਇਹ ਬਹੁਤ ਵੱਡਾ ਉਪਰਾਲਾ ਹੈ, ਕਿਉਂਕਿ ਅੱਜ ਦੇ ਤਕਨੀਕੀ ਯੁੱਗ ਵਿੱਚ ਸਾਡਾ ਵਿਰਸਾ ਕਿਤੇ ਨਾ ਕਿਤੇ ਲੁਪਤ ਹੁੰਦਾ ਜਾ ਰਿਹਾ ਹੈ। ਨਾਲ ਹੀ ਉਹਨਾਂ ਨੇ ਵਾਇਦਾ ਕੀਤਾ ਕਿ ਉਹ ਆਪਣੇ ਸਕੂਲ ਵਿੱਚ ਵਿਦਿਆਰਥੀਆਂ ਨੂੰ ਆਪਣੇ ਸੱਭਿਆਚਾਰ ਨਾਲ ਜੋੜਣ ਦੇ ਉਪਰਾਲੇ ਕਰਦੇ ਰਹਿਣਗੇ। ਵਿਸ਼ੇਸ਼ ਮਹਿਮਾਨ ਜਗਜੀਵਨ ਜੱਗੀ ਅਤੇ ਗੁਰਦੀਪ ਸਿੰਘ ਹੈਪੀ ਨੇ ਆਪਣੇ ਸੰਬੋਧਨ ਵਿਚ ਬੱਚਿਆਂ ਵੱਲੋ ਪੇਸ਼ ਕੀਤੇ ਗਏ ਪ੍ਰੋਗਰਾਮ ਦੀ ਭਰਪੂਰ ਪ੍ਰਸੰਸਾ ਕੀਤੀ। ਉਹਨਾਂ ਕਿਹਾ ਕਿ ਅਜਿਹੇ ਪ੍ਰੋਗਰਾਮ ਚਾਹੀਦੇ ਹਨ ਤਾਂ ਜੋ ਅਲੋਪ ਹੋ ਰਹੇ ਪੰਜਾਬੀ ਵਿਰਸੇ ਨੂੰ ਸੰਭਾਲਿਆ ਜਾ ਸਕੇ। ਸਕੂਲ ਸਟਾਫ ਅਤੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ। ਇਸ ਮੌਕੇ ਪ੍ਰਿੰਸੀਪਲ ਪਰਵਿੰਦਰ ਕੌਰ ਨੇ ਵਿਦਿਆਰਥਣਾਂ ਨੂੰ ਤੀਜ ਦੇ ਤਿਉਹਾਰ ਦੀਆਂ ਵਧਾਈਆਂ ਦਿੱਤੀਆਂ ਅਤੇ ਤੀਜ ਦੇ ਤਿਉਹਾਰ ਦੀ ਮਹੱਤਵਪੂਰਨ ਜਾਣਕਾਰੀ ਵੀ ਦਿੱਤੀ। ਇਸ ਮੌਕੇ ਸਕੂਲ ਸਟਾਫ਼ ਵਿੱਚ ਨਰਿੰਦਰ ਕੌਰ, ਪਰਦੀਪ ਸਿੰਘ, ਮਨਮੋਹਨ ਸਿੰਘ, ਗੁਰਸ਼ਰਨ ਕੌਰ, ਰਜਿੰਦਰ ਕੌਰ, ਆਗਿਆ ਕੌਰ, ਗੁਰਪ੍ਰੀਤ ਕੌਰ, ਸੁਖਵਿੰਦਰ ਕੌਰ, ਜੋਬਨਪ੍ਰੀਤ ਕੌਰ, ਅਤੇ ਸਿਮਰਨਜੀਤ ਕੌਰ ਅਤੇ ਸਮਾਜ ਸੇਵੀ ਰਣਜੀਤ ਗਣਪਤੀ ਸ਼ਾਮਲ ਸਨ।

# ਮਨੀਪੁਰ: ਬੀਰੇਨ ਸਿੰਘ ਦਾ ਜਾਣਾ ਜ਼ਰੂਰੀ

**ਰਾਜੇਸ਼ ਰਾਮਚੰਦਰਨ**



"ਤੁਹਾਨੂੰ ਮੰਦਰ ਦੇ ਵਿਹੜੇ ਵਿਚ ਬੰਨ੍ਹ ਲਿਆ ਜਾਵੇਗਾ ਤੇ ਫਿਰ ਸਾੜ ਦਿੱਤਾ ਜਾਵੇਗਾ!" ਕੇਰਲ ਵਿਚ ਮੁਸਲਿਮ ਲੀਗ ਦੇ ਕਾਰਕੁਨਾਂ ਦਾ ਇਹ ਨਾਅਰਾ ਮਨੀਪੁਰ ਹਿੰਸਾ ਦੇ ਸਿੱਧੇ ਅਸਰ ਦਾ ਸਿੱਟਾ ਹੈ। ਯਕੀਨਨ, ਇਸ ਤੋਂ ਇਹ ਪਤਾ ਲੱਗਦਾ ਹੈ ਕਿ ਕੇਰਲ ਕਿਸ ਹੱਦ ਤੱਕ ਫ਼ਿਰਕੂ ਮਾਹੌਲ ਵਿਚ ਤਬਦੀਲ ਹੋ ਗਿਆ ਹੈ ਅਤੇ ਇਸ ਦੀ ਘੱਟਗਿਣਤੀਆਂ-ਕੇਂਦਰਿਤ ਸਿਆਸਤ ਨੇ ਕਿਹੜੀ ਦਿਸ਼ਾ ਲੈ ਲਈ ਹੈ ਪਰ ਇਸ ਤੋਂ ਵਧੇਰੇ ਅਹਿਮ ਇਹ ਗੱਲ ਹੈ ਕਿ ਮਨੀਪੁਰ ਵਿਚ ਹੋਈਆਂ ਮੌਤਾਂ ਅਤੇ ਜਬਰ ਜਨਾਹ ਦਾ ਕੌਮੀ ਮਾਨਸਿਕਤਾ ਉਤੇ ਪੱਕਾ ਅਸਰ ਪਿਆ ਹੈ। ਚੰਡੀਗੜ੍ਹ, ਤਿਰੂਵਨੰਤਪੁਰਮ ਅਤੇ ਸਾਰੇ ਦੇਸ਼ ਵਿਚ ਹੀ ਈਸਾਈ ਭਾਈਚਾਰਾ ਆਪਣੇ ਧਾਰਮਿਕ ਆਗੂਆਂ ਦੀ ਅਗਵਾਈ ਹੇਠ ਮਨੀਪੁਰ ਹਿੰਸਾ ਖ਼ਿਲਾਫ਼ ਰੋਸ ਮੁਜ਼ਾਹਰੇ ਕਰ ਰਿਹਾ ਹੈ। ਮੁਸਲਿਮ ਲੀਗ ਦੇ ਕੁਝ ਵਰਕਰ ਇਸ ਸਭ ਕਾਸੇ ਲਈ ਕੇਰਲ ਦੇ ਬੇਕਸੂਰ ਹਿੰਦੂਆਂ ਤੋਂ ਬਦਲਾ ਲੈਣਾ ਚਾਹੁੰਦੇ ਹਨ ਜਿਨ੍ਹਾਂ ਨੂੰ ਭਾਵੇਂ ਬਾਅਦ ਵਿਚ ਪਾਰਟੀ ਵਿਚੋਂ ਕੱਢ ਦਿੱਤਾ ਗਿਆ ਅਤੇ ਪੁਲੀਸ ਨੇ ਉਨ੍ਹਾਂ ਨੂੰ ਗ੍ਰਿਫ਼ਤਾਰ ਵੀ ਕਰ ਲਿਆ।

ਕੀ ਮਨੀਪੁਰ ਦੀ ਐਨ ਬੀਰੇਨ ਸਿੰਘ ਸਰਕਾਰ ਅਸਲ ਵਿਚ ਇਹੋ ਕੁਝ ਚਾਹੁੰਦੀ ਹੈ? ਕੀ ਇਹ ਧਰੁਵੀਕਰਨ ਕਿਸੇ ਸੋਚੀ-ਸਮਝੀ ਯੋਜਨਾ ਦਾ ਸਿੱਟਾ ਹੈ? ਜਾਂ ਫਿਰ ਇਹ ਮਹਿਜ਼ ਡਬਲ-ਇੰਜਣ ਦੀ ਨਾਕਾਬਲੀਅਤ ਅਤੇ ਬਦਇੰਤਜ਼ਾਮੀ ਦਾ ਮਾਮਲਾ ਹੈ? ਜੋ ਵੀ ਹੋਵੇ, ਮਨੀਪੁਰ ਵਿਚਲੀ ਭਾਜਪਾ ਸਰਕਾਰ ਸੱਤਾ ਵਿਚ ਰਹਿਣ ਦਾ ਹਰ ਅਖ਼ਤਿਆਰ ਗੁਆ ਚੁੱਕੀ ਹੈ? ਬੀਰੇਨ ਸਿੰਘ ਨੂੰ ਅਹੁਦੇ ਤੋਂ ਅਸਤੀਫ਼ਾ ਦੇਣਾ ਚਾਹੀਦਾ ਹੈ ਜਾਂ ਉਨ੍ਹਾਂ ਨੂੰ ਛੇਤੀ ਤੋਂ ਛੇਤੀ ਬਦਲ ਦਿੱਤਾ ਜਾਣਾ ਚਾਹੀਦਾ ਹੈ। ਕੇਂਦਰ ਸਰਕਾਰ ਬੀਰੇਨ ਸਿੰਘ ਦੇ ਸੱਤਾ ਵਿਚ ਬਣੇ ਰਹਿਣ ਨੂੰ ਜਿੰਨਾ ਜ਼ਿਆਦਾ ਸਮਾਂ ਤਰਕਸੰਗਤ ਬਣਾਉਣ ਦੀ ਕੋਸ਼ਿਸ਼ ਕਰੇਗੀ, ਖ਼ਾਸਕਰ ਲੋਕ ਸਭਾ ਚੋਣਾਂ ਤੋਂ ਪਹਿਲਾਂ, ਓਨਾ ਹੀ ਧਰੁਵੀਕਰਨ ਦਾ ਤਰਕ ਮਜ਼ਬੂਤ ਹੁੰਦਾ ਜਾਵੇਗਾ ਪਰ ਦੁੱਖ ਦੀ ਗੱਲ ਹੈ ਕਿ ਕੇਂਦਰ ਸਰਕਾਰ ਨਾ ਸਿਰਫ਼ ਮੈਤੇਈ-ਕੁਕੀ ਵੰਡ ਨੂੰ ਹੀ ਵਾਜਬ ਬਣਾ ਰਹੀ ਹੈ ਸਗੋਂ ਉਹ ਹਿੰਦੂ-ਈਸਾਈ ਟਕਰਾਅ ਨੂੰ ਵੀ ਜਾਇਜ਼ ਬਣਾ ਰਹੀ ਹੈ; ਇਉਂ ਈਸਾਈ ਬਹੁਗਿਣਤੀ ਵਾਲੇ ਪੱਛਮੀ ਮੁਲਕਾਂ ਦੇ ਤਾਅਨੇ-ਮਿਹਣੇ ਸਹੇੜ ਰਹੀ ਹੈ।

ਉੱਤਰ-ਪੂਰਬ ਦੀ ਨਸਲੀ ਸਿਆਸਤ ਦਾ ਕੋਈ ਵੀ ਜਾਣਕਾਰ ਇਹ ਗੱਲ ਜਾਣਦਾ ਹੈ ਕਿ ਮਨੀਪੁਰ ਵਿਚਲਾ ਟਕਰਾਅ ਫ਼ਿਰਕੂ ਨਹੀਂ, ਨਸਲੀ ਹੈ; ਭਾਵੇਂ ਕੁਕੀ ਭਾਈਚਾਰੇ ਦੇ ਲੋਕ ਈਸਾਈ ਹਨ ਤੇ ਮੈਤੇਈ ਭਾਈਚਾਰੇ ਦੇ ਲੋਕ ਮੁੱਖ ਤੌਰ 'ਤੇ ਹਿੰਦੂ। ਲੜ ਰਹੀਆਂ ਧਿਰਾਂ ਦਾ ਟਕਰਾਅ ਆਪਣੀਆਂ ਮੁੱਢਲੀਆਂ ਪਛਾਣਾਂ ਮੈਤੇਈ ਤੇ ਕੁਕੀ ਲਈ ਅਤੇ ਜ਼ਮੀਨ ਲਈ ਹੈ। ਕੁਕੀ ਅਨੁਸੂਚਿਤ ਕਬੀਲੇ ਵਿਚ ਆਉਂਦੇ ਹੋਣ ਕਾਰਨ ਨੌਕਰੀਆਂ ਤੇ ਸਿੱਖਿਆ ਵਿਚ ਰਾਖਵਾਂਕਰਨ ਅਤੇ ਹੋਰ ਕਈ ਲਾਭ ਹਾਸਲ ਕਰਦੇ ਹਨ ਜੋ ਮੈਤੇਈ ਭਾਈਚਾਰੇ ਨੂੰ ਹਾਸਲ ਨਹੀਂ। ਨਾਲ ਹੀ ਕੁਕੀ ਭਾਈਚਾਰਾ ਮੈਤੇਈਆਂ ਨੂੰ ਆਪਣੀ ਭਰਵੀਂ ਪਹਾੜੀ ਜ਼ਮੀਨ ਤੋਂ ਵੀ ਲਾਂਭੇ ਰੱਖਣ ਦੇ ਸਮਰੱਥ ਹੈ। ਇਹ ਹਿੰਸਾ ਭੜਕਣ ਦਾ ਕਾਰਨ ਅਦਾਲਤ ਵੱਲੋਂ ਮੈਤੇਈ ਭਾਈਚਾਰੇ ਦੇ ਹੱਕ ਵਿਚ ਦਿੱਤੇ ਇਕ ਫ਼ੈਸਲੇ ਖ਼ਿਲਾਫ਼ ਕੁਕੀਆਂ ਵੱਲੋਂ ਕੀਤਾ ਗਿਆ ਮਾਰਚ ਬਣਿਆ। ਇਸ ਤੋਂ ਬਾਅਦ ਸੂਬੇ ਵਿਚ ਭਿਆਨਕ ਹਿੰਸਾ ਅਤੇ ਜਿਨਸੀ ਹਮਲਿਆਂ ਦੀਆਂ ਘਟਨਾਵਾਂ ਵਾਪਰੀਆਂ ਜਿਨ੍ਹਾਂ ਵਿਚ ਉਹ ਘਟਨਾ ਵੀ ਸ਼ਾਮਲ ਹੈ ਜਿਸ ਦੀਆਂ ਵੀਡੀਓ ਕਲਿਪਾਂ ਹੁਣ ਵਾਇਰਲ ਹੋਈਆਂ ਹਨ।

ਸੂਬੇ ਵਿਚ 300 ਸ਼ਰਨਾਰਥੀ ਕੈਂਪਾਂ ਵਿਚ ਹਜ਼ਾਰਾਂ ਲੋਕ ਠਹਿਰੇ ਹੋਏ ਹਨ ਜਿਨ੍ਹਾਂ ਵਿਚੋਂ ਬਹੁਤੇ ਭਾਵੇਂ ਕੁਕੀ ਹਨ ਪਰ ਕੁਝ ਕੁ ਮੈਤੇਈ ਵੀ ਹਨ। ਇਹੋ ਉਹ ਪ੍ਰਸੰਗ ਹੈ ਜਿਸ ਨੂੰ ਸਿਆਸਤਦਾਨਾਂ ਨੇ ਬਾਕੀ ਮੁਲਕ ਦੀ ਆਸਾਨ ਖ਼ਪਤ ਲਈ ਫ਼ਿਰਕੂ ਬਣਾ ਦਿੱਤਾ ਹੈ। ਸਿਆਸੀ ਸੌਖ ਦੀ ਖ਼ਾਤਰ ਮੁੱਢਲੀਆਂ ਪਛਾਣਾਂ ਦੇ ਉਤੇ ਹਿੰਦੂ-ਈਸਾਈ ਦੀਆਂ ਦੋਇਮ ਪਛਾਣਾਂ ਨੂੰ ਠੋਸ ਦਿੱਤਾ ਗਿਆ ਹੈ। ਇਹ ਭਾਜਪਾ ਦੇ ਪ੍ਰਭਾਵ ਵਾਲੇ ਖੇਤਰਾਂ ਵਿਚ ਉਸ ਲਈ ਸਿਆਸੀ ਤੌਰ 'ਤੇ ਲਾਹੇਵੰਦ ਹੈ ਜਿਥੇ 'ਹਿੰਦੂ ਖ਼ਤਰੇ ਮੇਂ ਹੈਂ' ਦਾ ਤਰਕ ਕੰਮ ਕਰਦਾ ਹੈ ਪਰ ਇਹ ਧਰੁਵੀਕਰਨ ਵਿਰੋਧੀ ਧਿਰ ਨੂੰ ਜ਼ਿਆਦਾ ਰਾਸ ਆਉਂਦਾ ਹੈ। ਇਸ ਨੇ ਉਨ੍ਹਾਂ ਥਾਵਾਂ ਉਤੇ ਈਸਾਈ ਭਾਈਚਾਰੇ ਨੂੰ ਫ਼ੈਸਲਾਕੁਨ ਢੰਗ ਨਾਲ ਭਾਜਪਾ ਦੇ ਖ਼ਿਲਾਫ਼ ਕਰ ਦਿੱਤਾ ਹੈ ਜਿਥੇ ਪਾਰਟੀ ਇਸ ਭਾਈਚਾਰੇ ਨੂੰ ਲੁਭਾਉਣ ਦੀ ਕੋਸ਼ਿਸ਼ ਕਰ ਰਹੀ ਸੀ, ਮਿਸਾਲ ਵਜੋਂ ਕੇਰਲ।

ਦੂਜੇ ਪਾਸੇ ਕੇਰਲ ਵਿਚ ਮੁਸਲਮਾਨਾਂ ਨੂੰ ਹਿੰਦੂਆਂ ਖ਼ਿਲਾਫ਼ ਖੜ੍ਹੇ ਕਰਨਾ ਲੰਮੇ ਸਮੇਂ ਲਈ ਚੰਗਾ ਨਹੀਂ ਹੋਵੇਗਾ ਸਗੋਂ ਇਸ ਨਾਲ ਤਾਂ ਵਿਰੋਧੀ ਪਾਰਟੀਆਂ ਦੀ ਫ਼ਿਰਕੂ ਮਿਲੀਭਗਤ ਹੀ ਸਾਬਤ ਹੁੰਦੀ ਹੈ ਜਿਨ੍ਹਾਂ ਨੇ ਉਸ ਸੂਬੇ ਵਿਚ ਸਿਰੇ ਦੀ ਫ਼ਿਰਕੂ ਨਫ਼ਰਤ ਨੂੰ ਖੁੱਲ੍ਹ ਦਿੱਤੀ ਜਿਸ ਨੇ ਕਦੇ ਵੀ ਭਾਜਪਾ ਜਾਂ ਸੰਘ ਪਰਿਵਾਰ ਦੇ ਕਿਸੇ ਸੰਸਦ ਮੈਂਬਰ ਨੂੰ ਨਹੀਂ ਜਿਤਾਇਆ (ਇਥੋਂ ਤੱਕ ਕਿ ਕੇਰਲ ਵਿਧਾਨ ਸਭਾ ਵਿਚ ਵੀ ਸਾਰੇ ਇਤਿਹਾਸ ਦੌਰਾਨ ਸਿਰਫ਼ ਇਕ ਭਾਜਪਾ ਵਿਧਾਇਕ ਚੁਣਿਆ ਗਿਆ ਹੈ)। ਇਸ ਲਈ ਅਖੌਤੀ ਧਰਮ ਨਿਰਪੱਖ ਪਾਰਟੀਆਂ ਲਈ ਫ਼ਿਰਕੂ ਪੱਤਾ ਖੇਡਣ ਵਾਸਤੇ ਭਾਜਪਾ ਦੀ ਮੌਜੂਦਗੀ ਜਾਂ ਸੰਘ ਪਰਿਵਾਰ ਦਾ ਸਿਆਸੀ ਪ੍ਰਭਾਵ ਕੋਈ ਅਗਾਊਂ ਸ਼ਰਤ ਨਹੀਂ ਹੈ। ਉਹ ਖ਼ੁਦ ਪਹਿਲਾਂ ਅਜਿਹਾ ਕਰ ਕੇ ਸੰਘ ਪਰਿਵਾਰ ਵੱਲੋਂ ਘੱਟਗਿਣਤੀਆਂ ਨੂੰ ਖ਼ੁਸ਼ ਕਰਨ ਵਾਲੀ ਸਿਆਸਤ ਦੇ ਲਾਏ ਜਾਂਦੇ ਦੋਸ਼ਾਂ ਨੂੰ ਵਾਜਬ ਬਣਾਉਂਦੇ ਹਨ।

ਇਸ ਦੇ ਬਾਵਜੂਦ ਮੈਤੇਈ-ਕੁਕੀ ਟਕਰਾਅ ਨੂੰ ਦਿੱਤਾ ਗਿਆ ਫ਼ਿਰਕੂ ਰੂਪ ਲਾਜ਼ਮੀ ਤੌਰ 'ਤੇ ਪ੍ਰਸ਼ਾਸਨ ਦੀ ਨਾਕਾਮੀ ਦਾ ਮਾਮਲਾ ਹੈ। ਵੇਲੇ ਸਿਰ ਪ੍ਰਸ਼ਾਸਕੀ ਤੇ ਪੁਲੀਸ ਕਾਰਵਾਈ ਕਰ ਕੇ ਝੜਪਾਂ ਨੂੰ ਟਾਲਿਆ ਜਾ ਸਕਦਾ ਸੀ ਪਰ ਬੀਰੇਨ ਸਿੰਘ ਸਰਕਾਰ ਨੇ ਟਕਰਾਅ ਦਾ ਵੱਧ ਤੋਂ ਵੱਧ ਲਾਹਾ ਲੈਣ ਦੀ ਕੋਸ਼ਿਸ਼ ਕੀਤੀ। ਸਿੱਟੇ ਵਜੋਂ ਇਹ ਮਾਮਲਾ ਆਪਣੇ ਤਰ੍ਹਾਂ ਦੇ ਸਭ ਤੋਂ ਭਿਆਨਕ ਸਕੈਂਡਲ ਦਾ ਰੂਪ ਧਾਰ ਗਿਆ। ਹੁਣ ਉਨ੍ਹਾਂ ਸਾਰੇ ਲੋਕਾਂ ਨੂੰ ਤਲਾਸ਼ ਕਰਨ ਦੀ ਕੋਸ਼ਿਸ਼ ਜਿਨ੍ਹਾਂ ਨੇ ਘਿਨਾਉਣੇ ਜੁਰਮ ਦੀਆਂ ਵੀਡੀਓ ਕਲਿਪ ਅੱਗੇ ਫੈਲਾਇਆ, ਕੇਂਦਰ ਸਰਕਾਰ ਦੀ ਨਮੋਸ਼ੀ ਦਾ ਕਾਰਨ ਬਣ ਰਹੀ ਹੈ। ਇਹ ਤਾਂ ਸੰਦੇਸ਼ਵਾਹਕ ਨੂੰ ਗੋਲੀ ਮਾਰਨ ਵਾਲੀ ਇਕ ਹੋਰ ਕੋਸ਼ਿਸ਼ ਹੈ ਅਤੇ ਇਸ ਤਰ੍ਹਾਂ ਵਿਰੋਧੀ ਧਿਰ ਨੇ ਠੀਕ ਹੀ ਇਸ ਮਾਮਲੇ ਨੂੰ ਸਿਆਸੀ ਮੁੱਦਾ ਬਣਾਇਆ ਹੈ। ਜੇ ਇਹ ਸਮੂਹਿਕ ਜਬਰ ਜਨਾਹ ਸਿਆਸੀ ਮੁੱਦਾ ਨਹੀਂ ਹੈ ਤਾਂ ਹੋਰ ਕੀ ਹੈ?

ਇਸ ਪ੍ਰਸੰਗ ਵਿਚ ਮਨੀਪੁਰ ਦੇ ਗੁਆਂਢੀ ਉੱਤਰ-ਪੂਰਬੀ ਸੂਬੇ ਦਾ ਮਾਮਲਾ ਚੇਤੇ ਕਰਾਉਣ ਦੀ ਜ਼ਰੂਰਤ ਹੈ: ਜਦੋਂ 2005 ਦੌਰਾਨ ਮੇਘਾਲਿਆ ਵਿਚ ਦੋ ਵਿਰੋਧੀ ਗਰੁੱਪ ਇਕ-ਦੂਜੇ ਨਾਲ ਲੜ ਰਹੇ ਸਨ ਅਤੇ ਇਕ ਨੌਜਵਾਨ ਆਈਏਐੱਸ ਅਫਸਰ ਨੇ ਸਵੈ-ਇੱਛਕ ਢੰਗ ਨਾਲ ਖ਼ੁਦ ਨੂੰ ਜ਼ਿਲ੍ਹਾ ਪ੍ਰਸ਼ਾਸਨ ਦੀ ਅਗਵਾਈ ਕਰਨ ਵਾਸਤੇ ਪੇਸ਼ ਕੀਤਾ ਤਾਂ ਕਿ ਉਹ ਹਾਲਾਤ ਆਮ ਵਰਗੇ ਬਣਾ ਸਕੇ। ਇਸ ਆਈਏਐੱਸ ਅਫਸਰ ਨੇ ਹਾਰਵਰਡ ਕੈਨੇਡੀ ਸਕੂਲ ਵਿਚ ਆਪਣੀ ਮਾਸਟਰ ਡਿਗਰੀ ਵਾਸਤੇ ਪੇਸ਼ ਲੇਖ ਵਿਚ ਇਸ ਸਬੰਧੀ ਜਾਣਕਾਰੀ ਦਿੱਤੀ ਹੈ, "ਭਾਰਤ ਦੇ ਬਹੁਤ ਹੀ ਗੜਬੜਜ਼ਦਾ ਅਤੇ ਹਿੰਸਾ ਦੇ ਸ਼ਿਕਾਰ ਇਲਾਕੇ ਵਿਚ ਚਿਰਸਥਾਈ ਅਮਨ ਕਾਇਮ ਕਰਨਾ ਮੇਰੇ ਕਰੀਅਰ ਦੀ ਅਹਿਮ ਪ੍ਰਾਪਤੀ ਹੈ। ਮੈਂ (ਹਿੰਸਾ ਦੇ ਕੇਂਦਰ ਵਾਲੇ ਜ਼ਿਲ੍ਹੇ ਵਿਚ) ਜ਼ਿਲ੍ਹਾ ਮੈਜਿਸਟਰੇਟ ਵਜੋਂ ਤਾਇਨਾਤੀ ਲਈ ਖ਼ੁਦ ਨੂੰ ਪੇਸ਼ ਕੀਤਾ, ਜਦੋਂ ਮੇਘਾਲਿਆ ਵੱਖ ਵੱਖ ਕਬਾਇਲੀ ਭਾਈਚਾਰਿਆਂ ਦਰਮਿਆਨ ਲੰਮੇ ਸਮੇਂ ਤੋਂ ਚੱਲੀ ਆ ਰਹੀ ਸਮਾਜਿਕ ਅਸ਼ਾਂਤੀ ਅਤੇ ਨਸਲੀ ਟਕਰਾਅ ਦਾ ਸ਼ਿਕਾਰ ਸੀ।

ਇਹ ਅਫਸਰ ਇਸ ਕਾਰਨ ਅਮਨ ਬਹਾਲ ਕਰ ਸਕਿਆ ਕਿਉਂਕਿ ਉਹ ਨਿਰਪੱਖ ਸਾਲਸ ਵਜੋਂ ਕੰਮ ਕਰ ਰਿਹਾ ਸੀ ਅਤੇ ਉਹ ਆਪਸ ਵਿਚ ਲੜ ਰਹੇ ਕਿਸੇ ਕਬੀਲੇ ਨਾਲ ਸਬੰਧਿਤ ਨਹੀਂ ਸੀ। ਸਾਡੇ ਸੰਸਥਾਪਕ ਆਗੂਆਂ ਦਾ ਸਿਰਜਿਆ ਪ੍ਰਸ਼ਾਸਨ ਦਾ ਇਹ ਜ਼ਰੂਰੀ ਸੰਦ ਮਨੀਪੁਰ ਵਿਚ ਲਾਪਤਾ ਹੈ। ਕੁੱਲ ਹਿੰਦ ਸੇਵਾਵਾਂ (ਏਆਈਐੱਸ) ਦੇ ਅਫਸਰਾਂ ਦਾ ਮੰਤਵ ਪਹਿਲਾਂ ਆਪਣੇ ਕੇਡਰ ਜਾਂ ਸੂਬੇ ਦੀ ਸੇਵਾ ਕਰਨਾ ਹੁੰਦਾ ਹੈ ਨਾ ਕਿ ਦਿੱਲੀ ਜਾਂ ਹੋਰ ਕਿਤੇ ਵਧੀਆ ਟਿਕਾਣੇ ਤਲਾਸ਼ਣਾ। ਜਦੋਂ ਹਾਲਾਤ ਬੇਕਾਬੂ ਹੋ ਰਹੇ ਹਨ ਤਾਂ ਮਨੀਪੁਰ ਕੇਡਰ ਦੇ ਏਆਈਐੱਸ ਅਫਸਰਾਂ ਦੇ ਇਕ ਵੱਡੇ ਹਿੱਸੇ ਦੀ ਭਾਰੀ ਲੋੜ ਮਹਿਸੂਸ ਹੋ ਰਹੀ ਹੈ। ਪ੍ਰਸ਼ਾਸਕੀ ਤੇ ਸਿਆਸੀ ਵਿਤਕਰੇਬਾਜ਼ੀ ਅੰਨ੍ਹੀ ਬਗ਼ਾਵਤ ਦਾ ਸਭ ਤੋਂ ਵੱਡਾ ਕਾਰਨ ਹੈ। ਜਦੋਂ ਜਨਤਾ ਦੇ ਇਕ ਵੱਡੇ ਹਿੱਸੇ ਨੂੰ ਇਹ ਭਰੋਸਾ ਹੋ ਜਾਵੇ ਕਿ ਉਸ ਨੂੰ ਪੱਖਪਾਤੀ ਸਿਸਟਮ ਤੋਂ ਨਿਆਂ ਨਹੀਂ ਮਿਲੇਗਾ ਤਾਂ ਉਸ ਨੂੰ ਹਥਿਆਰ ਚੁੱਕਣ, ਲੜਨ ਤੇ ਮਰ-ਮਿਟਣ ਵਿਚ ਕੋਈ ਝਿਜਕ ਨਹੀਂ ਹੋਵੇਗੀ।

ਏਆਈਐੱਸ ਅਫਸਰਾਂ ਤੋਂ ਅਮਨ ਤੇ ਟਕਰਾਅ ਦੌਰਾਨ ਨਿਰਪੱਖ ਢੰਗ ਨਾਲ ਕੰਮ ਕਰਨ ਦੀ ਉਮੀਦ ਕੀਤੀ ਜਾਂਦੀ ਹੈ। ਪੁਲੀਸ ਅਸਲ੍ਹਾਖ਼ਾਨਿਆਂ ਉਤੇ ਹਮਲੇ ਉਦੋਂ ਹੀ ਹੋ ਸਕਦੇ ਹਨ ਜਦੋਂ ਪਤਾ ਹੋਵੇ ਕਿ ਉਨ੍ਹਾਂ ਖ਼ਿਲਾਫ਼ ਇਸ ਲਈ ਕੋਈ ਕਾਰਵਾਈ ਨਹੀਂ ਹੋਵੇਗੀ ਅਤੇ ਲੁੱਟੇ ਗਏ ਹਥਿਆਰ ਬਾਗ਼ੀਆਂ ਕੋਲ ਹੋਣ ਤੋਂ ਸਥਾਨਕ ਪੁਲੀਸ ਦੀ ਉਨ੍ਹਾਂ ਨਾਲ ਮਿਲੀਭੁਗਤ ਸਾਫ਼ ਤੌਰ 'ਤੇ ਸਾਬਤ ਹੋ ਜਾਂਦੀ ਹੈ। ਮੁੜ ਇਹ ਸਵਾਲ ਪੈਦਾ ਹੁੰਦਾ ਹੈ: ਮਨੀਪੁਰ ਕੇਡਰ ਦੇ ਉਹ ਆਈਪੀਐੱਸ ਅਫਸਰ ਕਿਥੇ ਹਨ ਜਿਨ੍ਹਾਂ ਨੇ ਅਨੁਸ਼ਾਸਨ ਵਿਚ ਆਈ ਇਸ ਲਾਸਾਨੀ ਗਿਰਾਵਟ ਨੂੰ ਰੋਕਣਾ ਚਾਹੀਦਾ ਸੀ? ਜਿਹੜੇ ਲੋਕ ਚੰਗੇ ਪ੍ਰਸ਼ਾਸਨ ਦੇ ਦਾਅਵੇ ਕਰਦੇ ਹਨ, ਉਨ੍ਹਾਂ ਨੂੰ ਸਮਝਣਾ ਚਾਹੀਦਾ ਹੈ ਕਿ ਮਨੀਪੁਰ ਵਿਚ ਤਾਂ ਸਰਕਾਰ ਦੇ ਬੁਨਿਆਦੀ ਸੰਦ ਨਿਰਪੱਖ ਅਫਸਰ ਹੀ ਲਾਪਤਾ ਹਨ। ਚੰਗੇ ਸ਼ਾਸਨ ਲਈ ਬੀਰੇਨ ਸਿੰਘ ਨੂੰ ਜਾਣ ਦੇਣਾ ਚਾਹੀਦਾ ਹੈ।

# ਮਨੀਪੁਰ ਵਿੱਚ ਵਾਪਰੀ ਅਣਮਨੁੱਖੀ ਘਟਨਾ ਨੇ ਦੇਸ਼ ਨੂੰ ਸ਼ਰਮਸਾਰ ਕੀਤਾ : ਵਿਧਾਇਕ ਜਸਵੀਰ ਰਾਜਾ

ਟਾਂਡਾ ਉੜਮੁੜ, (ਰਵਿੰਦਰ ਸਿੰਘ ਟਾਂਡਾ) : ਮਨੀਪੁਰ ਵਿੱਚ ਵਾਪਰੀ ਅਨਮਨੁੱਖੀ ਘਟਨਾ ਅਤਿ ਨਿੰਦਨ ਯੋਗ ਹੈ ਅਤੇ ਇਸ ਨਾਲ ਪੂਰਾ ਦੇਸ਼ ਸ਼ਰਮਸਾਰ ਹੋਇਆ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਆਮ ਆਦਮੀ ਪਾਰਟੀ ਦੇ ਸੂਬਾ ਉਪ ਪ੍ਰਧਾਨ ਅਤੇ ਹਲਕਾ ਵਿਧਾਇਕ ਟਾਂਡਾ ਜਸਵੀਰ ਸਿੰਘ ਰਾਜਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਉਨ੍ਹਾਂ ਇਸ ਮਨੁੱਖੀ ਘਟਨਾ ਦੀ ਨਿਖੇਧੀ ਕਰਦਿਆਂ ਕਿਹਾ ਕਿ ਇਸ ਘਟਨਾ ਨਾਲ ਭਾਜਪਾ ਦਾ ਅਸਲੀ ਚਿਹਰਾ ਬੇਨਕਾਬ ਹੋ ਗਿਆ ਹੋਇਆ ਹੈ। ਉਹਨਾਂ ਇਸ ਘਟਨਾ ਨੂੰ ਦੇਸ਼ ਤੇ ਕਲੰਕ ਕਰਾਰ ਦਿੰਦਿਆਂ ਕਿਹਾ ਕਿ ਅਜਿਹੇ ਦੋਸ਼ੀਆਂ ਨੂੰ ਮਿਸਾਲੀ ਸਜ਼ਾ ਦੇਣੀ ਚਾਹੀਦੀ ਹੈ ਤਾਂ ਜੋ ਦੇਸ਼ ਵਿੱਚ ਅਜਿਹੀ ਘਿਨਾਉਣੀ ਹਰਕਤ ਕਰਨ ਦੀ ਕੋਈ ਜੁਰਤ ਨਾ ਕਰੇ। ਉਨ੍ਹਾਂ ਕਿਹਾ ਕਿ ਬੇਟੀ ਬਚਾਓ ਦਾ ਨਾਅਰਾ ਲਾਉਣ ਵਾਲੀ ਭਾਜਪਾ ਸਰਕਾਰ ਨੇ ਹੁਣ ਚੁੱਪ ਕਿਉਂ ਧਾਰੀ ਹੋਈ ਹੈ। ਉਨ੍ਹਾਂ ਰਾਸ਼ਟਰਪਤੀ ਤੋਂ ਮੰਗ ਕੀਤੀ ਹੈ ਕਿ ਮਨੀਪੁਰ ਦੀ ਭਾਜਪਾ ਸਰਕਾਰ ਨੂੰ ਬਰਖਾਸਤ ਕਰਕੇ ਉੱਥੇ ਰਾਸ਼ਟਰਪਤੀ ਰਾਜ ਲਾਗੂ ਕੀਤਾ ਜਾਵੇ ਵਿਧਾਇਕ ਜਸਬੀਰ ਰਾਜਾ ਨੇ ਹੋਰ ਕਿਹਾ ਕਿ ਕਿਹਾ ਕਿ ਦੇਸ਼ ਦੇ ਗ੍ਰਹਿ ਮੰਤਰੀ ਨੂੰ ਇਸ ਸਾਰੇ ਕਾਂਡ ਦੀ ਜੁੰਮੇਵਾਰੀ ਲੈਂਦੇ ਹੋਏ ਆਪਣੇ ਅਹੁਦੇ ਤੋਂ ਅਸਤੀਫਾ ਦੇਣਾ ਚਾਹੀਦਾ ਹੈ ਉਹਨਾਂ ਨੇ ਹੋਰ ਕਿਹਾ ਕਿ ਜਿਸ ਢੰਗ ਨਾਲ ਇਸ ਸਾਰੇ ਕਾਂਡ ਨੂੰ ਆਮ ਜਨਤਾ ਤੋਂ ਲੁਕੋ ਕੇ ਰੱਖਿਆ ਗਿਆ ਉਸ ਲਈ ਇਸ ਕਾਂਡ ਨਾਲ ਸੰਬੰਧਿਤ ਸਾਰੇ ਅਧਿਕਾਰੀਆਂ ਨੂੰ ਵੀ ਬਣਦੀ ਸਜ਼ਾ ਮਿਲਣੀ ਚਾਹੀਦੀ ਹੈ। ਇਸ ਮੌਕੇ ਜ਼ਿਲ੍ਹਾ ਪ੍ਰਧਾਨ ਯੂਥ ਚੌਧਰੀ ਰਾਜਵਿੰਦਰ ਸਿੰਘ ਰਾਜਾ, ਬਲਾਕ ਪ੍ਰਧਾਨ ਕੇਸ਼ਵ ਸੈਣੀ, ਸਿਟੀ ਪ੍ਰਧਾਨ ਨੰਬਰਦਾਰ ਜਗਜੀਵਨ ਜੱਗੀ, ਕੋਰ ਕਮੇਟੀ ਮੈਂਬਰ ਸੁਖਵਿੰਦਰ ਸਿੰਘ ਅਰੋੜਾ, ਬੇਟ ਖੇਤਰ ਇੰਚਾਰਜ ਰਜਿੰਦਰ ਸਿੰਘ ਮਾਰਸ਼ਲ ਕੌਂਸਲਰ ਸੁਰਿੰਦਰਜੀਤ ਸਿੰਘ ਬਿੱਲੂ, ਪ੍ਰਿੰਸ ਸਲੇਮਪੁਰ, ਲਖਵਿੰਦਰ ਸਿੰਘ ਸੇਠੀ, ਗੁਰਸ਼ਮਿੰਦਰ ਸਿੰਘ ਰੰਮੀ, ਅਵਤਾਰ ਤਾਰੀ, ਸੇਵਾ ਸਿੰਘ, ਗੁਰਮੀਤ ਬਿੱਟੂ, ਰਾਜਨ ਸੋਂਧੀ, ਸਰਪੰਚ ਗੁਰਮਿੰਦਰ ਸਿੰਘ ਗੋਲਡੀ, ਨੰਬਰਦਾਰ ਇਕਬਾਲ ਸਿੰਘ ਸਾਬੀ, ਪ੍ਰੇਮ ਜੈਨ, ਰਸ਼ਪਾਲ ਸਿੰਘ, ਕੁਲਦੀਪ ਸਿੰਘ ਮਿੰਟੂ, ਹਰਜੀਤ ਭਾਟੀਆ, ਤਰਸੇਮ ਸਿੰਘ, ਮਾਸਟਰ ਕੁਲਵੰਤ ਸਿੰਘ ਜਹੂਰਾ, ਮਨੀਪਾਲ ਸਿੰਘ,ਪਾਲਾ ਕੇਸ਼ਪੁਰੀਆ ਆਦਿ ਵੀ ਮੌਜੂਦ ਸਨ।



ਵਿਧਾਇਕ ਟਾਂਡਾ ਜਸਵੀਰ ਸਿੰਘ ਰਾਜਾ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਨਾਲ ਹਨ ਹੋਰ ਪਾਰਟੀ ਆਗੂ ਅਤੇ ਵਰਕਰ

# ਹੜ੍ਹਾਂ ਦੀ ਮੁੱਖ ਵਜ੍ਹਾ ਹੈ ਆਲਮੀ ਤਪਸ਼ ਤੇ ਮਨੁੱਖੀ ਲਾਲਸਾਵਾਂ

-ਕਰਮ ਬਰਸਟ



ਭਾਰਤ ਵਿਚ ਕਿਸੇ ਇਕ ਜਾਂ ਬਹੁਤੇ ਸੂਬਿਆਂ ਵਿਚ ਹਰ ਸਾਲ ਹੜ੍ਹ ਆਉਣੇ ਇਕ ਆਮ ਵਰਤਾਰਾ ਬਣ ਚੁੱਕਿਆ ਹੈ। ਇਸ ਵਾਰ ਕਈ ਦਹਾਕਿਆਂ ਬਾਅਦ ਉੱਤਰੀ ਭਾਰਤ ਹੜ੍ਹਾਂ ਦੀ ਮਾਰ ਹੇਠ ਆਇਆ ਹੈ। ਮੌਸਮ ਵਿਭਾਗ ਦੇ ਮਾਹਰਾਂ ਅਨੁਸਾਰ ਇਹ ਹੜ੍ਹ ਵਾਤਾਵਰਨ ਸਬੰਧੀ ਤਬਦੀਲੀਆਂ ਦਾ ਨਤੀਜਾ ਹਨ। ਇਹ ਇਕ ਅਧੂਰੀ ਸੱਚਾਈ ਹੈ। ਅਸਲ ਵਿਚ ਮਨੁੱਖ ਨੇ ਪਹਾੜਾਂ, ਜੰਗਲਾਂ ਅਤੇ ਨਦੀਆਂ-ਨਾਲ਼ਿਆਂ ਦੇ ਕੁਦਰਤੀ ਵਹਿਣਾਂ ਨਾਲ ਛੇੜ-ਛਾੜ ਕਰ ਕੇ ਜੋ ਗ਼ਲਤੀਆਂ ਕੀਤੀਆਂ ਹਨ, ਉਨ੍ਹਾਂ ਨੂੰ ਅੱਖੋਂ-ਪਰੋਖੇ ਨਹੀਂ ਕੀਤਾ ਜਾ ਸਕਦਾ।

ਕੁਝ ਦਹਾਕੇ ਪਹਿਲਾਂ ਉੱਘੇ ਵਾਤਾਵਰਨ ਪ੍ਰੇਮੀ ਸਵਰਗੀ ਸੁੰਦਰ ਲਾਲ ਬਹੁਗੁਣਾ ਨੇ ਦਰਖ਼ਤਾਂ ਨੂੰ ਬਚਾਉਣ ਲਈ 'ਚਿਪਕੋ ਅੰਦੋਲਨ' ਚਲਾਇਆ ਸੀ ਅਤੇ ਟੀਹਰੀ ਡੈਮ ਬਣਨ ਦਾ ਡਟਵਾਂ ਵਿਰੋਧ ਕੀਤਾ ਸੀ ਪਰ ਹਾਕਮਾਂ ਅਤੇ ਪ੍ਰਸ਼ਾਸਨ ਨੇ ਡੈਮਾਂ ਦੀ ਉਸਾਰੀ ਵਿਚ ਲੱਗੇ ਕਾਰਪੋਰੇਟਾਂ ਦੇ ਹਿੱਤਾਂ ਦੀ ਪੂਰਤੀ ਲਈ 'ਵਿਕਾਸ' ਦੇ ਵਿਨਾਸ਼ਮਈ ਮਾਡਲ ਨੂੰ ਲਾਗੂ ਕਰਨਾ ਜਾਰੀ ਰੱਖਿਆ। ਜੇ ਬਹੁਗੁਣਾ ਦੀ ਗੱਲ ਮੰਨ ਲਈ ਹੁੰਦੀ ਤਾਂ ਜ਼ੋਸ਼ੀਮੱਠ ਸ਼ਹਿਰ ਦੀ ਤਬਾਹੀ ਨਾ ਹੁੰਦੀ। ਕੁੱਲੂ-ਮਨਾਲੀ-ਮਨੀਕਰਨ ਵਰਗੇ ਟੂਰਿਸਟ ਸਥਾਨਾਂ ਨੂੰ ਬਰਬਾਦੀ ਦਾ ਮੂੰਹ ਨਾ ਦੇਖਣਾ ਪੈਂਦਾ। ਉੱਤਰਾਖੰਡ, ਹਿਮਾਚਲ ਅਤੇ ਪੰਜਾਬ ਦੇ ਦੱਖਣੀ-ਪੂਰਬੀ ਇਲਾਕਿਆਂ 'ਚ ਹੜ੍ਹਾਂ ਨੇ ਜੋ ਤਬਾਹੀ ਮਚਾਈ ਹੈ, ਉਹ ਮੌਸਮੀ ਤਬਦੀਲੀਆਂ ਤੋਂ ਵੱਧ ਕੇ ਮਨੁੱਖ ਵੱਲੋਂ ਕੁਦਰਤ ਨਾਲ ਕੀਤੇ ਖਿਲਵਾੜ ਦਾ ਨਤੀਜਾ ਵੱਧ ਲੱਗਦਾ ਹੈ। ਮਾਹਰਾਂ ਦਾ ਮੰਨਣਾ ਹੈ ਕਿ ਤੀਬਰ ਸ਼ਹਿਰੀਕਰਨ ਨਾਲ ਆਉਣ ਵਾਲੇ ਸਾਲਾਂ ਵਿਚ ਵਿਗਾੜ ਦੇ ਇਨ੍ਹਾਂ ਰੁਝਾਨਾਂ ਵਿਚ ਹੋਰ ਵਾਧਾ ਹੋਣ ਦੀ ਸੰਭਾਵਨਾ ਹੈ। ਗੰਭੀਰ ਹੜ੍ਹਾਂ ਦੀਆਂ ਘਟਨਾਵਾਂ ਦਾ ਮੁੱਖ ਕਾਰਨ ਮਨੁੱਖੀ ਅਤੇ ਮੌਸਮੀ ਦਖ਼ਲਅੰਦਾਜ਼ੀ ਹੈ। ਤਾਜ਼ਾ ਖੋਜਾਂ ਦਰਸਾਉਂਦੀਆਂ ਹਨ ਕਿ ਜਲਵਾਯੂ ਪਰਿਵਰਤਨ ਗ੍ਰੀਨ ਹਾਊਸ ਗੈਸਾਂ ਦੇ ਨਿਕਾਸ ਨੂੰ ਤੀਬਰ ਕਰਦਾ ਹੈ ਜੋ ਵਾਤਾਵਰਨ ਨੂੰ ਗਰਮ ਕਰਦੀਆਂ ਹਨ। ਤਾਪਮਾਨ ਵਿਚ ਆ ਰਹੀ ਹਰ ਡਿਗਰੀ ਸੈਲਸੀਅਸ ਤਪਸ਼ ਨਾਲ 7% ਜ਼ਿਆਦਾ ਨਮੀ ਹੋ ਸਕਦੀ ਹੈ। ਵਾਤਾਵਰਨ ਜਿੰਨਾ ਨਿੱਘਾ ਹੁੰਦਾ ਹੈ, ਓਨੀ ਹੀ ਇਹ ਜ਼ਿਆਦਾ ਨਮੀ ਰੱਖ ਸਕਦਾ ਹੈ। ਸਾਧਾਰਨ ਸ਼ਬਦਾਂ ਵਿਚ ਕਹਿਣਾ ਹੋਵੇ ਤਾਂ ਇਹ ਇਕ ਸਪੰਜ ਵਾਂਗ ਕੰਮ ਕਰਦਾ ਹੈ। ਇਹ ਉਦੋਂ ਤਕ ਪਾਣੀ ਨੂੰ ਸੋਖਦਾ ਰਹਿੰਦਾ ਹੈ ਜਦੋਂ ਤਕ ਇਹ ਹੋਰ ਨਹੀਂ ਰੱਖ ਸਕਦਾ। ਫਿਰ ਅਚਾਨਕ ਹੀ ਸਾਰਾ ਪਾਣੀ ਇਕਦਮ ਇਕੱਠੇ ਹੀ ਛੱਡ ਦਿੰਦਾ ਹੈ। ਬੱਦਲਾਂ ਦਾ ਫਟਣਾ ਇਹੋ ਜਿਹੀ ਹੀ ਪ੍ਰਕਿਰਿਆ ਹੈ। ਇਸ ਤਰ੍ਹਾਂ ਵਾਤਾਵਰਨ ਦੇ ਗਰਮ ਹੋ ਜਾਣ ਕਾਰਨ ਬਹੁਤ ਜ਼ਿਆਦਾ ਬਾਰਿਸ਼ ਹੁੰਦੀ ਹੈ। ਇਸ ਵਕਤ ਭਾਰਤ ਦੇ 80 ਫ਼ੀਸਦੀ ਜ਼ਿਲ੍ਹੇ ਜਲਵਾਯੂ ਤਬਦੀਲੀ ਦੀਆਂ ਘਟਨਾਵਾਂ ਲਈ ਅਤਿ ਨਾਜ਼ੁਕ ਹੋਣਗੇ।

ਇਸ ਤਰ੍ਹਾਂ ਦੀਆਂ ਪੇਸ਼ੇਨਗੋਈਆਂ ਦੇ ਬਾਵਜੂਦ ਅਤੇ ਵਿਨਾਸ਼ਕਾਰੀ ਤਬਦੀਲੀਆਂ ਦੇ ਹੁੰਦਿਆਂ ਜਲਵਾਯੂ ਪਰਿਵਰਤਨ ਅਤੇ ਮੌਨਸੂਨ ਵਿਚਕਾਰ ਸਬੰਧ ਦੀ ਪੁਸ਼ਟੀ ਕਰਨ ਵਾਲੀ ਵਿਸਥਾਰੀ ਖੋਜ ਦੀ ਘਾਟ ਜਾਪਦੀ ਹੈ। ਜਦੋਂ ਭਾਰੀ ਵਰਖਾ ਤੇ ਹੜ੍ਹਾਂ ਲਈ ਜਲਵਾਯੂ ਪਰਿਵਰਤਨ ਨੂੰ ਜ਼ਿੰਮੇਵਾਰ ਠਹਿਰਾਉਣ ਦੀ ਗੱਲ ਆਉਂਦੀ ਹੈ ਤਾਂ ਸਾਡੇ ਵਿਗਿਆਨੀਆਂ ਵਿਚ ਆਤਮ-ਵਿਸ਼ਵਾਸ ਦੀ ਘਾਟ ਰੜਕਦੀ ਹੈ। ਕਾਰਨ ਇਹ ਹੈ ਕਿ ਸਾਡੇ ਮਾਡਲ ਅਜੇ ਤਕ ਜਲਵਾਯੂ ਤਾਪਮਾਨ ਨੂੰ ਬਿਹਤਰ ਢੰਗ ਨਾਲ ਪ੍ਰਦਰਸ਼ਿਤ ਨਹੀਂ ਕਰ ਪਾ ਰਹੇ। ਭਾਰਤ ਵਿਚ ਵਿਸ਼ੇਸ਼ ਤੌਰ 'ਤੇ ਮੌਨਸੂਨ ਪ੍ਰਣਾਲੀ ਨੂੰ ਸਮਝਣਾ ਔਖਾ ਹੈ ਅਤੇ ਇਸ ਤਰ੍ਹਾਂ ਭਾਰੀ ਬਾਰਿਸ਼ ਦੀਆਂ ਘਟਨਾਵਾਂ ਬਾਰੇ ਬਹੁਤ ਅਧਿਐਨ ਦੀ ਘਾਟ ਪਾਈ ਜਾ ਰਹੀ ਹੈ। ਅਸੀਂ ਤਾਪਮਾਨ ਦੀ ਬਜਾਏ ਜਲਵਾਯੂ ਪਰਿਵਰਤਨ ਲਈ ਗਰਮ ਪੌਣਾਂ/ਲੂਆਂ ਨੂੰ ਜ਼ਿੰਮੇਵਾਰ ਠਹਿਰਾਉਣ ਵਿਚ ਵਧੇਰੇ ਵਿਸ਼ਵਾਸ ਰੱਖਦੇ ਹਾਂ। ਭਾਰਤ ਦੀ 60% ਤੋਂ ਵੱਧ ਖੇਤੀ ਮੌਨਸੂਨ 'ਤੇ ਨਿਰਭਰ ਹੈ। ਇਸ ਲਈ ਬਾਰਿਸ਼ਾਂ ਵਿਚ ਘਾਟ ਜਾਂ ਵਾਧ ਸਾਡੇ ਦੇਸ਼ ਦੀ ਖੇਤੀ ਆਰਥਿਕਤਾ 'ਤੇ ਬੁਰਾ ਪ੍ਰਭਾਵ ਪਾ ਦਿੰਦੀ ਹੈ। ਪੰਜਾਬ ਵੱਲ ਧਿਆਨ ਮਾਰਿਆ ਜਾਵੇ ਤਾਂ ਕਿਹਾ ਜਾ ਸਕਦਾ ਹੈ ਕਿ ਇੱਥੇ ਸਾਉਣ ਦੀ ਝੜੀ ਵਾਲੇ ਲਗਾਤਾਰ ਮੀਂਹ ਪੈਣ ਦੀ ਬਜਾਏ ਥੋੜ੍ਹ-ਚਿਰੇ ਅਚਾਨਕ ਭਾਰੀ ਮੀਂਹ ਪਏ ਹਨ। ਪਾਣੀ ਨੂੰ ਧਰਤੀ ਵਿਚ ਸਮਾਉਣ ਦਾ ਮੌਕਾ ਹੀ ਨਹੀਂ ਮਿਲਿਆ। ਇਸ ਲਈ ਪਾਣੀ ਹੜ੍ਹ ਬਣ ਕੇ ਵਗ ਤੁਰਿਆ ਅਤੇ ਜਾਨੀ ਨੁਕਸਾਨ ਸਮੇਤ ਫ਼ਸਲਾਂ ਅਤੇ ਘਰ-ਬਾਰਾਂ ਦੀ ਤਬਾਹੀ ਦਾ ਕਾਰਨ ਬਣ ਗਿਆ। ਅਚਾਨਕ ਹੋਈ ਭਾਰੀ ਬਾਰਿਸ਼ ਕਾਰਨ ਪੰਜਾਬ ਵਿਚ ਸਤਲੁਜ, ਬਿਆਸ, ਰਾਵੀ ਅਤੇ ਘੱਗਰ ਸਮੇਤ ਕਈ ਦਰਿਆਵਾਂ ਦਾ ਪਾਣੀ ਬੰਨ੍ਹ ਤੋੜ ਕੇ ਵਹਿ ਤੁਰਿਆ। ਮਿਸਾਲ ਵਜੋਂ ਸਤਲੁਜ ਦੇ ਓਵਰਫਲੋ ਹੋਣ ਕਾਰਨ ਪੰਜਾਬ ਪੁਲਿਸ ਅਕੈਡਮੀ ਫਿਲੌਰ ਵਿਚ ਪਾਣੀ ਦਾਖ਼ਲ ਹੋ ਗਿਆ ਅਤੇ ਕਈ ਪਿੰਡਾਂ ਨੂੰ ਖ਼ਾਲੀ ਕਰਵਾਉਣਾ ਪਿਆ। ਜਲੰਧਰ, ਕਪੂਰਥਲਾ, ਹੁਸ਼ਿਆਰਪੁਰ ਅਤੇ ਨਵਾਂਸ਼ਹਿਰ ਜ਼ਿਲ੍ਹਿਆਂ ਵਿਚ ਸਤਲੁਜ, ਬਿਆਸ ਅਤੇ ਇਸ ਦੀਆਂ ਸਹਾਇਕ ਬਰਸਾਤੀ ਨਦੀਆਂ ਦੇ ਬੰਨ੍ਹਾਂ 'ਤੇ ਸਥਿਤ ਪਿੰਡਾਂ, ਜਰਨੈਲੀ ਅਤੇ ਲਿੰਕ ਸੜਕਾਂ ਵਿਚ ਪਾਣੀ ਜਮ ?ਹਾ ਹੋਣ ਦੀਆਂ ਕਈ ਘਟਨਾਵਾਂ ਵਾਪਰ ਗਈਆਂ। ਇਸੇ ਤਰ੍ਹਾਂ ਪਟਿਆਲਾ ਜ਼ਿਲ੍ਹੇ ਵਿਚ ਘੱਗਰ ਦਰਿਆ ਦੇ ਓਵਰਫਲੋ ਹੋਣ ਕਾਰਨ ਕਈ ਪਿੰਡ ਪਾਣੀ ਵਿਚ ਡੁੱਬ ਗਏ। ਤਿੰਨ ਦਿਨਾਂ 'ਚ ਹੋਈ ਰਿਕਾਰਡ ਬਰਸਾਤ ਨੇ ਨਾਲੀਆਂ ਅਤੇ ਸਾਈਫਨਾਂ ਦੇ ਮੂੰਹ ਬੰਦ ਕਰ ਦਿੱਤੇ ਤੇ ਸਥਾਨਕ ਹੜ੍ਹਾਂ ਦਾ ਕਾਰਨ ਬਣ ਗਈ। ਕਈ ਸ਼ਹਿਰਾਂ 'ਚ ਮਾੜੀ ਯੋਜਨਾਬੰਦੀ ਦੇ ਸਿੱਟੇ ਵਜੋਂ ਤੇਜ਼ ਗਤੀ ਦੇ ਸੀਵਰਾਂ ਦੀ ਅਣਹੋਂਦ ਕਾਰਨ ਪਾਣੀ ਘਰਾਂ 'ਚ ਦਾਖ਼ਲ ਹੋਣ ਨਾਲ ਹੜ੍ਹ ਵਰਗੀ ਸਥਿਤੀ ਦਾ ਸਾਹਮਣਾ ਕਰਨਾ ਪਿਆ। ਇਸ ਤਰ੍ਹਾਂ ਪਟਿਆਲਾ, ਲੁਧਿਆਣਾ, ਜਲੰਧਰ, ਬਠਿੰਡਾ ਅਤੇ ਅੰਮ੍ਰਿਤਸਰ ਸਮੇਤ ਸਾਰੇ ਵੱਡੇ ਸ਼ਹਿਰ ਪ੍ਰਭਾਵਿਤ ਹੋਏ। ਸਾਡੇ ਸ਼ਹਿਰ ਬਰਸਾਤੀ ਪਾਣੀ ਦੇ ਨਿਕਾਸ ਲਈ ਸੈਨੇਟਰੀ ਸੀਵਰੇਜ ਪ੍ਰਣਾਲੀਆਂ 'ਤੇ ਨਿਰਭਰ ਹਨ ਤੇ ਜਦੋਂ ਇੰਨੀ ਭਾਰੀ ਬਾਰਿਸ਼ ਹੋਈ, ਸੈਨੇਟਰੀ ਸੀਵਰਜ਼ ਪਾਣੀ ਨੂੰ ਸੰਭਾਲਣ ਦੇ ਯੋਗ ਨਹੀਂ ਸਨ ਜਿਸ ਕਾਰਨ ਹੜ੍ਹ ਵਰਗੀ ਸਥਿਤੀ ਪੈਦਾ ਹੋ ਗਈ ਸੀ।

ਵੱਡੀ ਨਦੀ ਦੇ ਓਵਰਫਲੋ ਹੋਣ ਕਾਰਨ ਜਿੱਥੇ ਪਟਿਆਲਾ ਸ਼ਹਿਰ ਦੇ ਕੁਝ ਹਿੱਸਿਆਂ ਵਿਚ ਹੜ੍ਹਾਂ ਦਾ ਸਾਹਮਣਾ ਕਰਨਾ ਪਿਆ, ਉੱਥੇ ਹੀ ਮੁਹਾਲੀ ਜ਼ਿਲ੍ਹੇ ਵਿਚ ਘੱਗਰ ਦਰਿਆ ਦਾ ਪਾਣੀ ਘਰਾਂ ਵਿਚ ਦਾਖ਼ਲ ਹੋ ਗਿਆ। ਇਹ ਵੀ ਚਿੰਤਾ ਦਾ ਵਿਸ਼ਾ ਹੈ ਕਿ ਡੈਮਾਂ ਦੇ ਨਿਰਮਾਣ ਹੋਣ ਤੋਂ ਬਾਅਦ ਵੀ ਦਰਿਆਵਾਂ ਨੂੰ ਖ਼ਤਰਾ ਕਿਉਂ ਪੈਦਾ ਹੁੰਦਾ ਰਹਿੰਦਾ ਹੈ। ਡੈਮਾਂ ਦੇ ਨਿਯਮਤ ਰੱਖ-ਰਖਾਅ ਅਤੇ ਦੇਖਭਾਲ ਲਈ ਉੱਚਿਤ ਧਿਆਨ ਅਤੇ ਫੰਡਾਂ ਦੀ ਲੋੜ ਹੁੰਦੀ ਹੈ। ਪਰ ਹਰ ਵਾਰ ਇਹੀ ਦੱਸਿਆ ਜਾਂਦਾ ਹੈ ਕਿ ਡਰੇਨੇਜ ਮਹਿਕਮੇ ਕੋਲ ਕੋਈ ਫੰਡ ਹੀ ਨਹੀਂ ਹਨ। ਡਰੇਨੇਜ ਕਦੇ ਵੀ ਸਾਡੀਆਂ ਸਰਕਾਰਾਂ ਦੀ ਤਰਜੀਹ ਸੂਚੀ ਵਿਚ ਨਹੀਂ ਆਉਂਦਾ। ਨਦੀਆਂ -ਨਾਲ਼ਿਆਂ ਦੀ ਅੰਨ੍ਹੇਵਾਹ ਖ਼ੁਦਾਈ ਵੀ ਸਮੱਸਿਆਵਾਂ ਨੂੰ ਵਧਾ ਰਹੀ ਹੈ। ਰੇਤ ਦੀ ਖ਼ੁਦਾਈ ਕਰਨ ਵਾਲੇ ਬੰਨ੍ਹਾਂ ਦੇ ਨੇੜੇ ਕਿਨਾਰਿਆਂ 'ਤੇ ਖ਼ੁਦਾਈ ਕਰਦੇ ਹਨ ਜਿਸ ਨਾਲ ਬੰਨ੍ਹ ਕਮਜ਼ੋਰ ਹੋ ਜਾਂਦੇ ਹਨ। ਬਾਰਿਸ਼ਾਂ ਦੌਰਾਨ ਇਹ ਧੁੱਸੀਆਂ ਟੁੱਟ ਜਾਂਦੀਆਂ ਹਨ ਅਤੇ ਆਲੇ-ਦੁਆਲੇ ਦੇ ਖੇਤਰ ਵਿਚ ਪਾਣੀ ਭਰ ਜਾਂਦਾ ਹੈ। ਚੰਡੀਗੜ੍ਹ ਦੇ ਆਲੇ-ਦੁਆਲੇ ਖਰੜ, ਮੁਹਾਲੀ, ਜ਼ੀਰਕਪੁਰ, ਬਨੂੜ ਅਤੇ ਡੇਰਾਬੱਸੀ ਵਰਗੇ ਨਵੇਂ ਉੱਭਰੇ ਉਪ ਨਗਰ ਜੋ ਕਿ ਪ੍ਰਾਪਰਟੀ ਦੇ ਨਵੇਂ ਨਾਜ਼ੁਕ ਬਿੰਦੂ/ਹੌਟ ਸਪੌਟ ਹਨ, ਹੜ੍ਹਾਂ ਦੌਰਾਨ ਸਭ ਤੋਂ ਵੱਧ ਪ੍ਰਭਾਵਿਤ ਹੁੰਦੇ ਹਨ। ਤੇਜ਼ੀ ਨਾਲ ਵਿਕਾਸ ਕਰ ਰਹੇ ਸ਼ਹਿਰੀਕਰਨ ਦੀਆਂ ਆਪਣੀਆਂ ਕਮੀਆਂ ਤੇ ਖ਼ਾਮੀਆਂ ਹਨ। ਪ੍ਰਾਪਰਟੀ ਦੇ ਹੌਟ ਸਪੌਟ ਬਣ ਜਾਣ ਕਰਕੇ ਭੂ-ਮਾਫ਼ੀਆ ਵਧਦੀ ਆਬਾਦੀ ਦੇ ਅਨੁਕੂਲ ਹੋਣ ਲਈ ਹਰ ਇੰਚ ਵਿਚ ਉਸਾਰੀਆਂ ਕਰ ਰਿਹਾ ਹੈ ਅਤੇ ਸਹੀ ਡਰੇਨੇਜ ਅਤੇ ਸੀਵਰੇਜ ਸਿਸਟਮ ਲਈ ਕੋਈ ਜਗ ?ਹਾ ਨਹੀਂ ਛੱਡੀ ਜਾ ਰਹੀ। ਅਜਿਹੀਆਂ ਅੰਨ੍ਹੇਵਾਹ ਉਸਾਰੀਆਂ ਕਾਰਨ ਅਜਿਹੇ ਖੇਤਰ ਵਿਚ ਪਾਣੀ ਦੇ ਕੁਦਰਤੀ ਵਹਾਅ ਵਿਚ ਅਕਸਰ ਵਿਘਨ ਪੈਂਦਾ ਹੈ। ਹਾਲ ਹੀ ਵਿਚ ਆਏ ਹੜ੍ਹਾਂ ਦੌਰਾਨ ਖਰੜ ਦੇ ਪੰਚਵਟੀ ਇਨਕਲੇਵ ਵਿਚ ਇਕ ਡਰੇਨ ਦੇ ਕੰਢੇ ਬਣੇ ਇਕ ਘਰ ਦੇ ਰੁੜ੍ਹ ਜਾਣ ਕਰ ਕੇ ਬਾਕੀ ਲੋਕਾਂ ਅੰਦਰ ਵੀ ਬੇਚੈਨੀ ਫੈਲ ਗਈ ਸੀ।

ਆਲਮੀ ਤਪਸ਼ ਦੇ ਵਧ ਜਾਣ ਕਾਰਨ ਆਉਣ ਵਾਲੇ ਸਾਲਾਂ ਵਿਚ ਹੋਰ ਬੇਮਿਸਾਲ ਬਾਰਿਸ਼ ਹੋਣ ਨੂੰ ਦੇਖਦੇ ਹੋਏ ਮਾਹਰਾਂ ਨੇ ਕਿਹਾ ਕਿ ਸਰਕਾਰ ਨੂੰ ਪਹਿਲਾਂ ਤੋਂ ਹੀ ਤਿਆਰੀ ਕਰਨ ਦੀ ਲੋੜ ਹੈ। ਸ਼ਹਿਰਾਂ ਲਈ ਤੀਬਰ ਵਾਟਰ ਸੀਵਰੇਜ ਹੋਣਾ ਲਾਜ਼ਮੀ ਬਣਾਇਆ ਜਾਣਾ ਚਾਹੀਦਾ ਹੈ ਜੋ ਬਰਸਾਤ ਦੇ ਪਾਣੀ ਨੂੰ ਤੁਰੰਤ ਬਾਹਰ ਕੱਢ ਦਿੰਦਾ ਹੈ। ਅੱਜ ਹਾਲਤ ਇਹ ਹੈ ਕਿ ਹੁਣ ਤਕ ਸਿਰਫ਼ 10 ਪ੍ਰਤੀਸ਼ਤ ਸ਼ਹਿਰਾਂ ਵਿਚ ਹੀ ਪਾਣੀ ਦੀ ਤੀਬਰ ਨਿਕਾਸੀ ਹੈ। ਪੰਜਾਬ ਦੇ ਬਹੁਤੇ ਖੇਤਰਾਂ ਵਿਚ ਸੀਵਰੇਜ ਸਿਸਟਮ ਦਾ ਬੁਰਾ ਹਾਲ ਹੈ ਅਤੇ ਬਰਸਾਤੀ ਪਾਣੀ ਵਿਚ ਚਿੱਕੜ ਅਤੇ ਗਾਦ ਆਉਣ ਨਾਲ ਸੀਵਰਾਂ ਦੀ ਸਮਰੱਥਾ ਬਹੁਤ ਜ਼ਿਆਦਾ ਘਟ ਜਾਂਦੀ ਹੈ ਅਤੇ ਹੜ੍ਹ ਦਾ ਪਾਣੀ ਸੜਕਾਂ ਅਤੇ ਘਰਾਂ ਵਿਚ ਦਾਖ਼ਲ ਹੋ ਜਾਂਦਾ ਹੈ। ਪੰਜਾਬ ਨੇ ਚੰਡੀਗੜ੍ਹ ਤੋਂ ਸਿੱਖਣਾ ਹੈ, ਜਿੱਥੇ ਦੋ-ਤਿੰਨ ਘੰਟਿਆਂ ਵਿਚ ਮੀਂਹ ਦਾ ਸਾਰਾ ਪਾਣੀ ਨਿਕਲ ਜਾਂਦਾ ਹੈ। ਇਹ ਸਿਰਫ਼ ਸਹੀ ਯੋਜਨਾਬੰਦੀ ਕਰਕੇ ਹੀ ਸੰਭਵ ਹੋਇਆ ਹੈ। ਜਦੋਂ ਸਰਕਾਰ ਰਾਹਤ ਅਤੇ ਬਚਾਅ ਕਾਰਜਾਂ 'ਤੇ ਕਰੋੜਾਂ ਰੁਪਏ ਖ਼ਰਚ ਕਰ ਸਕਦੀ ਹੈ ਤਾਂ ਉਸ ਨੂੰ ਪਹਿਲਾਂ ਇਸ ਰਕਮ ਨੂੰ ਸਹੀ ਨਿਕਾਸੀ 'ਤੇ ਖ਼ਰਚ ਕਰਨਾ ਚਾਹੀਦਾ ਹੈ ਅਤੇ ਮੌਜੂਦਾ ਹੜ੍ਹ ਦੀ ਸਥਿਤੀ ਨੂੰ ਦੁਬਾਰਾ ਵਾਪਰਨ ਤੋਂ ਰੋਕਣ ਲਈ ਉਪਰਾਲੇ ਕਰਨੇ ਚਾਹੀਦੇ ਹਨ।

# 'ਜਹਾਜ਼ 'ਚ ਬੁਰੇ ਵਤੀਰੇ' ਦੀ ਹੱਦ ਪਾਰ, ਹੁਣ 'ਮਹਿਲਾ ਡਾਕਟਰ ਦਾ ਸੈਕਸ ਸ਼ੋਸ਼ਣ'


ਕੁਝ ਸਮਾਂ ਪਹਿਲਾਂ ਤੱਕ ਸਹੂਲਤ ਤੇ ਸਨਮਾਨ ਦੀ ਨਜ਼ਰ ਤੋਂ ਬੱਸਾਂ-ਰੇਲਗੱਡੀਆਂ ਦੀ ਤੁਲਨਾ 'ਚ ਜਹਾਜ਼ ਯਾਤਰਾ ਨੂੰ ਵੱਧ ਸੁਰੱਖਿਅਤ ਮੰਨਿਆ ਜਾਂਦਾ ਸੀ। ਇਨ੍ਹਾਂ 'ਚ ਸਿੱਖਿਅਤ ਅਤੇ ਸੱਭਿਅਕ ਸਮਝੇ ਜਾਣ ਵਾਲੇ ਲੋਕਾਂ ਦੇ ਯਾਤਰਾ ਕਰਨ ਦੇ ਕਾਰਨ ਯਾਤਰੀਆਂ ਨੂੰ ਕੋਈ ਖਤਰਾ ਨਹੀਂ ਹੁੰਦਾ ਸੀ, ਪਰ ਹੁਣ ਹਾਲਾਤ ਬਦਲ ਰਹੇ ਹਨ। ਹੋਰ ਅਪਰਾਧਾਂ ਦੇ ਇਲਾਵਾ ਹੁਣ ਤਾਂ ਜਹਾਜ਼ਾਂ 'ਚ ਮਹਿਲਾ ਯਾਤਰੀਆਂ ਦੇ ਸੈਕਸ ਸ਼ੋਸ਼ਣ ਵਰਗੀਆਂ ਘਟਨਾਵਾਂ ਵੀ ਹੋਣ ਲੱਗੀਆਂ ਹਨ।

ਇਸ ਦੀ ਤਾਜ਼ਾ ਮਿਸਾਲ 26 ਜੁਲਾਈ ਨੂੰ ਦੇਖਣ ਨੂੰ ਮਿਲੀ, ਜਦ ਦਿੱਲੀ ਤੋਂ ਮੁੰਬਈ ਜਾ ਰਹੇ ਜਹਾਜ਼ 'ਚ 24 ਸਾਲਾ ਇਕ ਮਹਿਲਾ ਡਾਕਟਰ ਦਾ ਸੈਕਸ ਸ਼ੋਸ਼ਣ ਕਰਨ ਦੇ ਦੋਸ਼ 'ਚ ਉਸ ਦੀ ਨਾਲ ਵਾਲੀ ਸੀਟ 'ਤੇ ਬੈਠੇ ਇਕ ਪ੍ਰੋਫੈਸਰ ਨੂੰ ਗ੍ਰਿਫਤਾਰ ਕੀਤਾ ਗਿਆ।

ਮਹਿਲਾ ਡਾਕਟਰ ਅਨੁਸਾਰ ਮੁੰਬਈ ਹਵਾਈ ਅੱਡੇ 'ਤੇ ਜਹਾਜ਼ ਦੇ ਉਤਰਨ ਤੋਂ ਕੁਝ ਸਮਾਂ ਪਹਿਲਾਂ ਦੋਸ਼ੀ ਪ੍ਰੋਫੈਸਰ ਨੇ ਉਨ੍ਹਾਂ ਨੂੰ ਗਲਤ ਢੰਗ ਨਾਲ ਛੂਹਿਆ। ਇਸ ਪਿੱਛੋਂ ਦੋਵਾਂ 'ਚ ਬਹਿਸ ਹੋਣ 'ਤੇ ਮਹਿਲਾ ਡਾਕਟਰ ਨੇ ਚਾਲਕ ਦਲ ਦੇ ਮੈਂਬਰਾਂ ਨੂੰ ਸੂਚਿਤ ਕੀਤਾ, ਜਿਨ੍ਹਾਂ ਨੇ ਆ ਕੇ ਦੋਵਾਂ ਨੂੰ ਸ਼ਾਂਤ ਕੀਤਾ। ਜਹਾਜ਼ 'ਚੋਂ ਉਤਰ ਕੇ ਪੀੜਤਾ ਵੱਲੋਂ ਸਹਾਰ ਥਾਣੇ 'ਚ ਸ਼ਿਕਾਇਤ ਦਰਜ ਕਰਵਾਉਣ ਪਿੱਛੋਂ ਪ੍ਰੋਫੈਸਰ ਨੂੰ ਗ੍ਰਿਫਤਾਰ ਕਰ ਲਿਆ ਗਿਆ।

ਜੇ ਪੜ੍ਹੇ-ਲਿਖੇ ਲੋਕ ਹੀ ਅਜਿਹਾ ਕਰਨ ਲੱਗਣਗੇ ਤਾਂ ਕੀ ਹੁਣ ਜਹਾਜ਼ਾਂ 'ਚ ਵੀ ਰੇਲਗੱਡੀਆਂ ਅਤੇ ਬੱਸਾਂ ਵਾਂਗ ਮਹਿਲਾਵਾਂ ਲਈ ਵੱਖਰੀਆਂ ਸੀਟਾਂ ਦੀ ਵਿਵਸਥਾ ਕਰਨੀ ਪਵੇਗੀ, ਜੋ ਸੰਭਵ ਨਹੀਂ। ਹੁਣ ਤਾਂ ਰੇਲਗੱਡੀਆਂ 'ਚ ਵੀ ਮਹਿੰਗੇ ਦਰਜੇ ਦੀਆਂ ਟਿਕਟਾਂ ਵਾਲੇ ਡੱਬੇ 'ਚ ਮਹਿਲਾਵਾਂ ਅਤੇ ਮਰਦਾਂ ਦੀਆਂ ਸੀਟਾਂ ਵੱਖ ਨਹੀਂ ਹੁੰਦੀਆਂ ਅਤੇ ਸਭ ਇਕੱਠੇ ਹੀ ਬੈਠਦੇ ਹਨ।

ਜਹਾਜ਼ ਕੰਪਨੀਆਂ ਜਹਾਜ਼ਾਂ ਤੋਂ ਬਾਹਰ ਸੁਰੱਖਿਆ ਦੇ ਨਾਂ 'ਤੇ ਸਖਤ ਕਦਮ ਉਠਾਉਂਦੀਆਂ ਹਨ। ਜਿਵੇਂ ਕਿ 27 ਜੁਲਾਈ ਨੂੰ ਬੈਂਗਲੁਰੂ ਹਵਾਈ ਅੱਡੇ 'ਤੇ ਕਰਨਾਟਕ ਦੇ ਰਾਜਪਾਲ ਥਾਵਰ ਚੰਦ ਗਹਿਲੋਤ ਨੂੰ ਇਕ ਮਿੰਟ ਦੇਰ ਨਾਲ ਪਹੁੰਚਣ ਕਾਰਨ ਜਹਾਜ਼ 'ਚ ਸਵਾਰ ਹੋਣ ਤੋਂ ਰੋਕ ਦਿੱਤਾ ਗਿਆ, ਹਾਲਾਂਕਿ ਬਾਅਦ 'ਚ ਕੰਪਨੀ ਨੂੰ ਮੁਆਫੀ ਮੰਗਣੀ ਪਈ ਪਰ ਜਹਾਜ਼ਾਂ ਦੇ ਅੰਦਰ ਸੁਰੱਖਿਆ ਪ੍ਰਬੰਧ ਹੁਣ ਨਾਮਾਤਰ ਹੀ ਰਹਿ ਗਏ ਹਨ ਜੋ ਹੇਠਲੀਆਂ ਘਟਨਾਵਾਂ ਤੋਂ ਸਪੱਸ਼ਟ ਹੈ :



- 10 ਅਪ੍ਰੈਲ, 2023 ਨੂੰ ਦਿੱਲੀ ਤੋਂ ਲੰਡਨ ਜਾ ਰਹੀ 'ਏਅਰ ਇੰਡੀਆ' ਦੀ ਉਡਾਣ 'ਚ ਇਕ ਯਾਤਰੀ ਨੇ ਜਹਾਜ਼ ਦੇ ਉਡਾਣ ਭਰਦਿਆਂ ਹੀ 2 ਕੈਬਿਨ ਕਰੂ ਮੈਂਬਰਾਂ ਨਾਲ ਬਦਸਲੂਕੀ ਕੀਤੀ ਅਤੇ ਉਨ੍ਹਾਂ ਨੂੰ ਕੁੱਟਿਆ।
- 7 ਅਪ੍ਰੈਲ, 2023 ਨੂੰ ਦਿੱਲੀ ਤੋਂ ਬੈਂਗਲੁਰੂ ਜਾ ਰਹੇ 'ਇੰਡੀਗੋ' ਦੇ ਇਕ ਜਹਾਜ਼ 'ਚ ਨਸ਼ੇ 'ਚ ਧੁੱਤ ਯਾਤਰੀ ਨੇ ਜਹਾਜ਼ ਦੇ ਐਮਰਜੈਂਸੀ ਗੇਟ ਦੀ ਕੁੰਡੀ ਖੋਲ੍ਹਣ ਦੀ ਕੋਸ਼ਿਸ਼ ਕੀਤੀ।
- 23 ਮਾਰਚ, 2023 ਨੂੰ 'ਇੰਡੀਗੋ' ਦੀ ਦੁਬਈ-ਮੁੰਬਈ ਉਡਾਣ 'ਚ 2 ਯਾਤਰੀਆਂ ਨੇ ਜਹਾਜ਼ 'ਚ ਸਹਿ-ਯਾਤਰੀਆਂ ਨਾਲ ਬਦਸਲੂਕੀ ਕੀਤੀ ਅਤੇ ਕਰੂ ਮੈਂਬਰਾਂ ਦੇ ਮਨ੍ਹਾ ਕਰਨ ਦੇ ਬਾਵਜੂਦ ਸ਼ਰਾਬ ਪੀਂਦੇ ਰਹੇ।
- 16 ਦਸੰਬਰ, 2022 ਨੂੰ ਇਸਤਾਂਬੁਲ ਤੋਂ ਦਿੱਲੀ ਆ ਰਹੇ 'ਇੰਡੀਗੋ' ਦੇ ਜਹਾਜ਼ 'ਚ ਇਕ ਯਾਤਰੀ ਦਾ ਏਅਰ ਹੋਸਟੈੱਸ ਵੱਲੋਂ ਪਰੋਸੇ ਜਾਣ ਵਾਲੇ ਭੋਜਨ ਨੂੰ ਲੈ ਕੇ ਵਿਵਾਦ ਹੋ ਗਿਆ। ਯਾਤਰੀ ਦੇ ਤੇਜ਼ ਆਵਾਜ਼ 'ਚ ਚੀਕਣ 'ਤੇ ਏਅਰ ਹੋਸਟੈੱਸ ਨੇ ਉਸ ਨੂੰ ਚੁੱਪ ਰਹਿਣ ਅਤੇ ਗੱਲ ਕਰਨ ਦੇ ਲਹਿਜ਼ੇ 'ਤੇ ਧਿਆਨ ਦੇਣ ਨੂੰ ਕਿਹਾ ਤਾਂ ਬਹਿਸ ਹੋ ਗਈ।

ਯਾਤਰੀ ਦੇ ਇਹ ਕਹਿਣ 'ਤੇ ਕਿ "ਤੂੰ ਨੌਕਰ ਹੈਂ", ਏਅਰ ਹੋਸਟੈੱਸ ਵੀ ਭੜਕ ਗਈ ਅਤੇ ਬੋਲੀ, "ਹਾਂ, ਮੈਂ ਇਕ ਮੁਲਾਜ਼ਮ ਹਾਂ ਪਰ ਤੁਹਾਡੀ ਨੌਕਰ ਨਹੀਂ ਹਾਂ। ਤੁਸੀਂ ਚਾਲਕ ਦਲ ਦੇ ਮੈਂਬਰ ਨਾਲ ਇਸ ਤਰ੍ਹਾਂ ਗੱਲ ਨਹੀਂ ਕਰ ਸਕਦੇ।"

- 26 ਨਵੰਬਰ, 2022 ਨੂੰ ਨਿਊਯਾਰਕ ਤੋਂ ਦਿੱਲੀ ਆ ਰਹੇ ਜਹਾਜ਼ 'ਚ 70 ਸਾਲਾ ਬਜ਼ੁਰਗ ਮਹਿਲਾ ਯਾਤਰੀ 'ਤੇ ਨਸ਼ੇ 'ਚ ਧੁੱਤ ਇਕ ਯਾਤਰੀ ਨੇ ਪਿਸ਼ਾਬ ਕਰ ਦਿੱਤਾ ਜਿਸ ਨਾਲ ਮਹਿਲਾ ਦੇ ਕੱਪੜੇ, ਜੁੱਤੀ ਅਤੇ ਬੈਗ ਵੀ ਭਿੱਜ ਗਏ।

ਇਸ ਤਰ੍ਹਾਂ ਦੀਆਂ ਘਟਨਾਵਾਂ ਨੂੰ ਦੇਖਦੇ ਹੋਏ ਜਹਾਜ਼ ਕੰਪਨੀਆਂ ਨੂੰ ਜਹਾਜ਼ਾਂ ਦੇ ਅੰਦਰ ਸੁਰੱਖਿਆ ਵਿਵਸਥਾ ਪ੍ਰਭਾਵਸ਼ਾਲੀ ਬਣਾਉਣ ਦੀ ਤੁਰੰਤ ਲੋੜ ਹੈ। ਇਸ ਲਈ ਜਿੱਥੇ ਜਹਾਜ਼ ਦੇ ਹਵਾਈ ਅੱਡੇ 'ਤੇ ਉਤਰਦੇ ਹੀ ਦੰਗਾਕਾਰੀ ਯਾਤਰੀਆਂ ਨੂੰ ਪੁਲਸ ਦੇ ਹਵਾਲੇ ਕਰਨ ਦੀ ਲੋੜ ਹੈ, ਉੱਥੇ ਹੀ ਅਜਿਹੇ ਯਾਤਰੀਆਂ ਨੂੰ 'ਨੋ ਫਲਾਇਰ' ਸੂਚੀ 'ਚ ਪਾ ਕੇ ਲੰਬੀ ਮਿਆਦ ਲਈ ਉਨ੍ਹਾਂ ਦੇ ਜਹਾਜ਼ ਯਾਤਰਾ ਕਰਨ 'ਤੇ ਰੋਕ ਲਾਉਣੀ ਚਾਹੀਦੀ ਹੈ।

ਅਜੇ ਜਹਾਜ਼ ਕੰਪਨੀਆਂ ਥੋੜ੍ਹੀ ਜਿਹੀ ਮਿਆਦ ਲਈ ਹੀ ਆਪਣੇ ਜਹਾਜ਼ਾਂ 'ਚ ਅਜਿਹੇ ਯਾਤਰੀਆਂ ਦੇ ਯਾਤਰਾ ਕਰਨ 'ਤੇ ਰੋਕ ਲਾਉਂਦੀਆਂ ਹਨ ਪਰ ਇਹ ਰੋਕ ਸਾਰੀਆਂ ਕੰਪਨੀਆਂ ਦੇ ਜਹਾਜ਼ਾਂ 'ਚ ਕੀਤੀ ਜਾਣ ਵਾਲੀ ਯਾਤਰਾ 'ਤੇ ਲਾਈ ਜਾਣੀ ਚਾਹੀਦੀ ਹੈ।

# ‘ਸਮਾਨਤਾ ਨਾਗਰਿਕ ਕੋਡ’ ਮੋਦੀ ਸਰਕਾਰ ਦੀ ਮਨਸ਼ਾ ਵਿੱਚ ਖਦਸ਼ਾ



ਸ. ਦਲਵਿੰਦਰ ਸਿੰਘ ਘੁੰਮਣ
alvindersinghghuman@gmail.com




ਭਾਰਤ ਵਿੱਚ ਇਕ ਨਵੇ ਵਿਵਾਦਤ ਕਾਨੂੰਨ ਨੂੰ ਮਾਨਤਾ ਦੇਣ ਦੇ ਪ੍ਰਸਤਾਵ ਤੇ ਬਹਿਸ ਛੇੜ ਕੇ 2024 ਦੀਆਂ ਦੀਆਂ ਪਾਰਲੀਮਾਨੀ ਚੋਣਾ ਜਿੱਤਣ ਦਾ ਪੱਤਾ ਖੇਡਣ ਦੀ ਕੋਸ਼ਿਸ ਤਾਂ ਨਹੀ ਕੀਤੀ ਜਾ ਰਹੀ ? ਜਦੋਂ ਤੋਂ ਭਾਰਤ ਦੇ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਨੇ ਆਪਣੇ ਖਾਸ ਅਜੰਡੇ ਤੇ ਪਹਿਰੇਦਾਰੀ ਕਰਦੇ ਹੋਏ ਕਈ ਜਨਤਕ ਸਭਾਵਾਂ ਵਿੱਚ ‘ਸਮਾਨਤਾ ਨਾਗਰਿਕ ਕੋਡ’ (Uniform Civil Code ) ਲਿਆਉਣ ਦੀ ਗੱਲ ਕੀਤੀ ਹੈ ਉਦੋਂ ਤੋਂ ਭਾਰਤ ਵਿੱਚ ਘੱਟਗਿਣਤੀਆਂ ਦੇ ਨਾਲ ਨਾਲ ਹਿੰਦੂ ਵਰਗ ਦੇ ਛੋਟੇ ਛੋਟੇ ਕਬੀਲੇ ਵੀ ਇਸ ਤੋ ਨਾਬਰ ਹੋਏ ਵਿਖਾਈ ਦਿੰਦੇ ਹਨ। ਸਰਕਾਰ ਪੱਖੀ ਮੀਡੀਏ ਨੇ ਇਸ ਨੂੰ ਵੱਡੀ ਬਹਿਸ ਬਣਾ ਕੇ ‘ਲੋਕਾਂ ਦੇ ਹਿੱਤ’ ਵਿੱਚ ਹੋਣ ਦੀਆਂ ਤਰਕ ਦਲੀਲਾਂ ਘੜੀਆਂ ਹਨ। ਯੂਨੀਫਾਰਮ ਸਿਵਲ ਕੋਡ ਵਿੱਚ ਜਾਇਦਾਦ ਦੀ ਪ੍ਰਾਪਤੀ, ਵਿਆਹ, ਤਲਾਕ ਅਤੇ ਗੋਦ ਲੈਣ ਆਦਿ ਬਾਰੇ ਸਾਰਿਆਂ ਲਈ ਇਕਸਾਰ ਕਾਨੂੰਨ ਬਣਾਇਆ ਜਾਣਾ ਹੈ। ਸੰਵਿਧਾਨ ਦੀ ਧਾਰਾ 44 ਇਸ ਗੱਲ ਤੇ ਸਭ ਲੋਕਾ ਉਪਰ ਇਕ ਸਮਾਨਤਾ ਦਾ ਕਾਨੂੰਨ ਬਣਾਉਣ ਦਾ ਸਰਕਾਰ ਕੋਲ ਹੱਕ ਹੈ ਜਿਸ ਉਪਰ ਪਹਿਲਾਂ ਵੀ ਵਿਵਾਦ ਰੂਪੀ ਵਿਖਿਆਣਾਂ ਦੀ ਸੂਰੂ ਕਰਨ ਦੀਆਂ ਕੋਸ਼ਿਸਾਂ ਹੁੰਦੀਆ ਰਹੀਆਂ ਹਨ। ਅੰਗਰੇਜ਼ਾਂ ਨੇ ਆਪਣੀ ਰਾਜ਼ ਸੱਤਾ ਨੂੰ ਵਿਵਾਦਤ ਹੋਣ ਤੋ ਨਿਰਲੇਪ ਕਰਦੇ ਹੋਏ ਹਿੰਦੂ ਕੋਰਡ ਬਿੱਲ ਅਤੇ ਮੁਸਲਿਮ ਪਰਸਨਲ ਲਾਅ ਬੋਰਡ ਬਣਾਏ। ਜਿਸ ਨਾਲ ਭਾਰਤ ਦੇ ਦੋ ਵੱਡੇ ਧਰਮਾਂ ਨੂੰ ਆਪਣੋ ਆਪਣੀ ਵਿਆਖਿਆ ਮਿਲ ਗਈ।

ਭਾਰਤ ਦੇ ਲਾਅ ਕਮਿਸ਼ਨ (LCI) ਦੁਆਰਾ ਸੁਝਾਉ, ਰਾਏ ਦੇਣ ਦੀ ਗੱਲ ਕਹੀ ਜਾ ਰਹੀ ਹੈ। ਪਰ ਵੱਡੀ ਗੱਲ ਇਹ ਹੈ ਕਿ ਕਿਸੇ ਵੀ ਤਰਾਂ ਦਾ ਖਰੜਾ ਜਾਰੀ ਨਹੀ ਕੀਤਾ ਗਿਆ। ਜਿਸ ਦੀਆਂ ਮੱਧਾਂ ਨੂੰ ਘੋਖਿਆ ਜਾ ਸਕੇ। ਜੋਂ ਬਹੁਵਰਗੀ ਕਮੇਟੀ ਬਣਾਕੇ ਇਸ ਦੇ ਦੂਰਅੰਦੇਸ਼ੀ ਪ੍ਰਭਾਵਾਂ ਨੂੰ ਦੀ ਸਮੀਖਿਆ ਕਰ ਸਕੇ। ਸੰਭਾਵੀ ਕਾਨੂੰਨ ਬਨਣ ਦੇ ਰੂਪ ਵਿੱਚ ਦੇਸ਼ ਦੇ ਸਮੂਹ ਵਰਗਾਂ, ਧਰਮਾਂ, ਕਬੀਲਿਆਂ ਤੇ ਕੀ ਅਸਰ ਪੈਣ ਦੀ ਸੰਭਾਵਨਾ ਹੈ। ਬਹੁਤਾਤ ਇਸਲਾਮਿਕ ਦੇਸ਼ਾਂ ਵਿੱਚ ਇਹ ਕਾਨੂੰਨ ਲਾਗੂ ਹਨ ਜੋ ਵਾਜਿਬ ਹਨ ਕਿਉਕਿ ਮੁਸਲਮਾਨਾਂ ਦੀ ਧਾਰਮਿਕ ਸ਼ਰਾ ਦਾ ਆਪਣਾ ਕੋਡ ਕੰਡਕਟ ਹੈ। ਮੁਜੱਫਰ ਨਗਰ ਵਿੱਚ ਜਮੀਅਤ ਉਲੇਮਾਂ-ਏ-ਹਿੰਦ ਨੇ ਇਕ ‘ਬਾਰਕੋਰਡ’ ਜਾਰੀ ਕੀਤਾ ਹੈ ਜਿਸ ਉਪਰ ਜਾ ਕੇ ਮੁਸਲਮਾਨ ਆਪਣੀ ਯੂਨੀਫਾਰਮ ਸਿਵਲ ਕੋਰਡ ਪ੍ਰਤੀ ਰਾਏ ਦੇ ਸਕਦੇ ਹਨ। ਅਮਰੀਕਾ ਵਿੱਚ ਲਾਗੂ ਇਹ ਕਾਨੂੰਨ ਦੇਸ਼ ਦੇ ਫੈਡਰਲ ਢਾਂਚਾ ਵਿੱਚ ਕਿਸੇ ਦੀ ਵਿਆਕਤੀਗਤ ਅਜ਼ਾਦੀ ਅਤੇ ਮਾਨਤਾਵਾ ਦੇ ਵਿਰੋਧ ਵਿਚ ਨਹੀ ਖੜਾ ਹੁੰਦਾ। ਪੂਰਨ ਅਧਿਕਾਰਾਂ ਵਾਲਾ ਸੰਵਿਧਾਨਕ ਸਿਸਟਮ ਹੈ।

ਭਾਰਤ ਵਿੱਚ ਧਰਮ ਦੀ ਆਜ਼ਾਦੀ ਭਾਰਤ ਦੇ ਸੰਵਿਧਾਨ ਦੇ ਆਰਟੀਕਲ 25-28 ਦੁਆਰਾ ਗਰੰਟੀਸ਼ੁਦਾ ਇੱਕ ਮੌਲਿਕ ਅਧਿਕਾਰ ਹੈ। ਆਧੁਨਿਕ ਭਾਰਤ 1947 ਵਿੱਚ ਹੋਂਦ ਵਿੱਚ ਆਇਆ। ਭਾਰਤੀ ਸੰਵਿਧਾਨ ਦੇ ਇਕ ਪ੍ਰਸਤਾਵ ਨੂੰ 1976 ਵਿੱਚ ਇਸ ਲਈ ਸੋਧਿਆ ਗਿਆ ਕਿ ਭਾਰਤ ਇੱਕ ਧਰਮ ਨਿਰਪੱਖ ਰਾਜ ਹੈ। ਭਾਰਤ ਦੀ ਸੁਪਰੀਮ ਕੋਰਟ ਨੇ ਵੀ ਇਹੀ ਫੈਸਲਾ ਸੁਣਾਇਆ ਸੀ। ਉਹ ਸਪਸ਼ਟ ਤੌਰ ’ਤੇ ਇਹ ਦੱਸਣਾ ਬਣਦਾ ਹੈ ਕਿ ਪਹਿਲਾਂ ਧਾਰਾ 25 ਤੋਂ 28 ਦੇ ਅਧੀਨ ਕੀ ਸ਼ਾਮਲ ਸੀ। ਭਾਰਤ ਦੇ ਹਰ ਨਾਗਰਿਕ ਨੂੰ ਸ਼ਾਂਤੀਪੂਰਵਕ ਆਪਣੇ ਧਰਮ ਦਾ ਅਭਿਆਸ ਅਤੇ ਪ੍ਰਚਾਰ ਕਰਨ ਦਾ ਅਧਿਕਾਰ ਹੈ। ਹਾਲਾਂਕਿ ਧਾਰਮਿਕ ਅਸਹਿਣਸ਼ੀਲਤਾ ਦੀਆਂ ਘਟਨਾਵਾਂ ਦਾ ਲਗਾਤਾਰ ਪ੍ਰਚਲਣ ਹੈ। ਜਿਨ੍ਹਾਂ ਦੇ ਨਤੀਜੇ ਵਜੋਂ ਦੰਗੇ, ਕਤਲੇਆਮ, ਹਿੰਸਾ, ਡਰ ਦਾ ਮਾਹੌਲ ਪੈਦਾ ਹੁੰਦਾ ਰਿਹਾ ਹੈ। ਖਾਸ ਤੌਰ ਤੇ 1984 ਵਿੱਚ ਦਿੱਲੀ ਵਿੱਚ ਸਿੱਖ ਵਿਰੋਧੀ ਕਤਲੇਆਮ, 1990 ਵਿੱਚ ਕਸ਼ਮੀਰ ਤੋਂ ਕਸ਼ਮੀਰੀ ਹਿੰਦੂਆਂ ਦਾ ਕੂਚ ਹੋਣਾ, 2002 ਵਿੱਚ ਗੁਜਰਾਤ ਵਿੱਚ ਮੁਸਲਮਾਨਾਂ ਦਾ ਕਤਲੇਆਮ, 2008 ਵਿੱਚ ਓਡੀਸ਼ਾ ਵਿੱਚ ਈਸਾਈ ਵਿਰੋਧੀ ਦੰਗੇ। ਜਾਂ ਹੁਣ 2023 ਵਿੱਚ ਭਾਰਤ ਦੀ ਮਨੀਪੁਰ ਸਟੇਟ ਵਿੱਚ ਦੁਬਾਰਾ ਇਸਾਈਆਂ ਦਾ ਕਤਲੇਆਮ ਕੀਤਾ ਜਾ ਰਿਹਾ ਹੈ। ਔਰਤਾਂ ਨਾਲ ਸਮੂਹਿਕ ਬਲਾਤਕਾਰ ਪੁਲਿਸ ਦੀ ਹਜ਼ੂਰੀ ਵਿੱਚ ਹੋ ਰਹੇ ਹਨ। ਦਿੱਲੀ ਵਿੱਚ 1984 ਦੇ ਸਿੱਖ ਵਿਰੋਧੀ ਕਤਲੇਆਮ ਦੇ ਕੁਝ ਦੋਸ਼ੀਆਂ ਨੂੰ ਵਿਆਪਕ ਪਹਿਚਾਣ ਅਤੇ ਵਿਰੋਧ ਦੇ ਬਾਵਜੂਦ ਨਿਆਂ ਦੇ ਘੇਰੇ ਵਿੱਚ ਨਹੀਂ ਲਿਆਂਦਾ ਗਿਆ। ਜੇ ਉਪਰ ਦਿੱਤੀਆਂ ਘਟਨਾਵਾਂ, ਇਨਸਾਫ ਤੱਕ ਨਹੀ ਪਹੁੰਚ ਸਕੀਆਂ ਤਾਂ ਕੀ ਇਹ ਨਵੇ ਕਾਨੂੰਨ ਬਨਣ ਨਾਲ ਇਨਸਾਫ ਮਿਲਣ ਦੀ ਆਸ ਹੋਰ ਧੁੰਦਲੀ ਨਹੀ ਹੋਵੇਗੀ ? ਕਿਤੇ ਇਹ ਕਾਨੂੰਨ ਦੀ ਵਿਵਸਥਾ ਇਸ ਤਰਾਂ ਨਾਲ ਨਾ ਘੜੀ ਜਾਵੇ ਕਿ ਆਹਿਸਤਾ ਆਹਿਸਤਾ ਛੋਟੇ ਸੱਭ ਧਰਮਾਂ ਦੀ ਹੋਂਦ ਹੀ ਖਤਮ ਹੋ ਜਾਵੇ ?

ਇਸ ਕਾਨੂੰਨ ਦਾ ਸ਼੍ਰੋਮਣੀ ਗੁਰੂਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ. ਹਰਜਿੰਦਰ ਸਿੰਘ ਧਾਮੀ ਅਤੇ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਦੋ ਸਾਬਕਾ ਪ੍ਰਧਾਨ ਪਰਮਜੀਤ ਸਿੰਘ ਸਰਨਾ, ਮਨਜੀਤ ਸਿੰਘ ਜੀਕੇ ਸਮੇਤ ਆਮ ਆਦਮੀ ਦੀ ਪੰਜਾਬ ਸਰਕਾਰ, ਕਾਂਗਰਸ, ਅਕਾਲੀ ਦਲ ਬਾਦਲ, ਅਕਾਲੀ ਦਲ ਅੰਮ੍ਰਿਤਸਰ ਸਮੇਤ ਸਿੱਖ ਸੰਗਠਨਾ ਨੇ ਇਸ ਦਾ ਡੱਟ ਕੇ ਵਿਰੋਧ ਕੀਤਾ ਹੈ। ਭਾਵੇ ਕਿ ਇਸ ਦੀ ਹਮਾਇਤ ਵਿੱਚ ਭਾਜਪਾ ਦੇ ਰਾਜਨੀਤੀਕ ਭਾਈਵਾਲਾਂ, ਹਿੰਦੂ ਸੰਗਠਨਾਂ, ਬਹੁਜਨ ਸਮਾਜ ਪਾਰਟੀ ਦੀ ਮੁੱਖੀ ਮਾਇਆਵਤੀ ਆਦਿ ਨੇ ਇਸ ਕਾਨੂੰਨ ਬਣਾਉਣ ਦੇ ਹੱਕ ਵਿੱਚ ਹਨ। ਮੌਜ਼ੂਦਾ ਦਿੱਲੀ ਗੁਰੂਦਵਾਰਾ ਪ੍ਰਬੰਧਕ ਕਮੇਟੀ ਨੇ ਖਰੜਾ ਵੇਖੇ ਬਿਨਾ ਇਸ ਉਪਰ ਕੋਈ ਫੈਸਲਾ ਨਾ ਲੈਣ ਦੀ ਗੱਲ ਕਹੀ ਹੈ। ਕੁਝ ਲੋਕਾਂ ਅਤੇ ਸੰਗਠਣਾ ਦੀ ਬਹੁਤ ਪ ?ਬੱਲ ਰਾਏ ਹੈ ਕਿ ਇਸ ਕਾਨੂੰਨ ਨਾਲ ਦੇਸ਼ ਦੇ ਟੁੱਟਣ ਦੇ ਆਸਾਰ ਵੀ ਬਣ ਸਕਦੇ ਹਨ। ਆਲ ਇਡਿਆ ਮੁਸਲਿਮ ਪਰਸਨਲ ਲਾਅ ਬੋਰਡ ਦੇ ਵਫਦ ਨੇ ਅਕਾਲ ਤਖਤ ਸਾਹਿਬ ਦੇ ਜਥੈਦਾਰ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਹੁਰਾਂ ਨਾਲ ਮੁਲਾਕਾਤ ਕਰਕੇ ਇਸ ਬਿੱਲ ਦੇ ਪੂਰਨ ਤੌਰ ਤੇ ਵਿਰੋਧ ਦੀ ਰਣਨੀਤੀ ਬਣਾਉਣ ਲਈ ਸਹਿਮਤੀ ਕੀਤੀ ਹੈ।

ਸਿੱਖ ਕੇਵਲ ਪੰਜਾਬ ਵਿੱਚ ਬਹੁਗਿਣਤੀ ਵਿੱਚ ਆਉਦੇ ਹਨ ਜਿਨ੍ਹਾਂ ਦੀ ਅਬਾਦੀ ਇਕ ਕਰੋੜ ਸੱਠ ਲੱਖ ਦੇ ਕਰੀਬ ਹੈ। ਪੂਰੇ ਭਾਰਤ ਵਿੱਚ ਸਿੱਖਾਂ ਦੀ ਗਿਣਤੀ ਦੋ ਕਰੋੜ ਚਾਲੀ ਲੱਖ ਦੇ ਕਰੀਬ ਹੈ। ਇਸ ਵਿੱਚ ਵਿਦੇਸਾਂ ਵਿਚਲੀ ਵੱਸੋ ਨੂੰ ਬਾਹਰ ਰੱਖਿਆ ਹੈ। ਸਿੱਖਾਂ ਦਾ ਗੁਰੂ ਕਾਲ ਤੋਂ ‘ਸਮਾਨਤਾ ਨਾਗਰਿਕ ਕੋਡ’ ਲਾਗੂ ਹੈ ਜੋ ਖਿੱਤੇ ਦੇ ਨਾਲ ਨਾਲ ਪਹਿਰਾਵਾ, ਭਾਸ਼ਾ, ਨਾਂ, ਜਨਮ-ਮਰਨ ਦੀਆਂ ਆਪਣੀਆਂ ਪ੍ਰੰਪਰਾਵਾਂ ਹਨ। ਸਿੱਖ ਧਰਮ ਦੀ ਧਾਰਮਿਕ ਵਿਲੱਖਣਤਾ ਉਪਰ ਕੋਈ ਸਵਿਧਾਨਿਕ ਕੋਰਡ-ਕੰਡਕਟ ਲਾਉਣ ਦਾ ਸਵਾਲ ਹੀ ਪੈਦਾ ਨਹੀ ਹੁੰਦਾ। ਸੋ ਇਹ ਕਾਨੂੰਨ ਬਨਣ ਦੀ ਸੂਰਤ ਵਿੱਚ ਵੱਡੇ ਬਖੇੜੇ ਦਾ ਕਾਰਣ ਬਣੇਗਾ।

ਹਰ ਭਾਰਤੀ ਦੇ ਧਰਮ ਦੇ ਅਕੀਦੇ, ਮਰਿਆਦਾਵਾਂ ਅਤੇ ਸਮਾਜਿਕ ਰਹੁ ਰੀਤਾਂ, ਪ੍ਰੰਪਰਾਵਾਂ ਨੂੰ ਇੱਕ ਤਾਰੀਕੇ ਦੀ ਜੀਵਨ-ਜਾਚ ਦੇ ਰਾਸ਼ਟਰਵਾਦ ਦੇ ਜੂਲੇ ਨਾਲ ਬੰਨਣ ਦੀ ਕੋਸਿਸ਼ ਹੈ। ਦੇਸ ਨੂੰ ਮਜਬੂਤ ਕਰਨ ਲਈ ਬੇ-ਤਰਕੇ ਅਧਾਰ ਬਣਾਏ ਜਾ ਰਹੇ ਹਨ। ਸਰਕਾਰਾਂ ਦੇ ਅਚਾਰ-ਵਿਹਾਰ ਹੀ ਦੇਸ਼ ਦੀ ਅਖੰਡਤਾ ਲਈ ਖਤਰਾ ਹਨ ਜੋ ਕੇਵਲ ਸਤਾ ਪ੍ਰਾਪਤੀ ਲਈ ਘੱਟ ਗਿਣਤੀਆਂ ਤੇ ਜ਼ਬਰ ਕਰਨ ਉਪਰੰਤ ਉਠੀ ਰੋਸ ਲਹਿਰ ਨੂੰ ਦੇਸ ਦਾ ਖਤਰਾ ਦੱਸਦੇ ਹਨ। ਪਿਛਲੇ 75 ਸਾਲਾਂ ਵਿੱਚ ਦੇਸ਼ ਦੀ ਅਖੰਡਤਾ ਨੂੰ ਕੋਈ ਖਤਰਾ ਨਹੀ ਹੋਇਆ ਤਾਂ ਫਿਰ ਇਹ ਕਾਨੂੰਨ ਕਿਸ ਮਨਸ਼ਾ ਦਾ ਅਧਾਰ ਹਨ। ਸਰਕਾਰ ਨੂੰ ਵਿਆਕਤੀਗਤ ਅਜ਼ਾਦੀ ਦੇ ਵਿਰੋਧ ਵਿੱਚ ਨਹੀ ਜਾਣਾ ਚਾਹਿਦਾ ਹੈ ਜਦੋ ਕਿ ਮੋਦੀ ਸਰਕਾਰ ਦਾ 2014 ਤੋ ਲੈ ਹੁਣ 2023 ਤੱਕ ਦਾ ਸਿਆਸੀ ਕਾਲ ਘੱਟਗਿਣਤੀਆਂ ਪ੍ਰਤੀ ਵਿਤਕਰੇ ਭਰਿਆ ਸਾਬਤ ਹੋਇਆ ਹੈ। ਵਿਦੇਸ਼ੀ ਮੀਡੀਆ ਆਏ ਦਿਨ ਵਕਤੀ ਸਰਕਾਰ ਦੀ ਘੋਰ ਅਲੋਚਨਾ ਕਰ ਰਿਹਾ ਹੈ। ਡਾਕੂਮੈਟਰੀਆਂ ਬਣ ਰਹੀਆਂ ਹਨ, ਦੁਨਿਆਂ ਦੀਆਂ ਵੱਡੀਆਂ ਅਖਬਾਰਾਂ ਦੇ ਸੰਪਾਦਕੀ ਲੇਖ ਛੱਪ ਰਹੇ ਹਨ।

ਭਾਰਤੀ ਸੰਸਦ ਵਿੱਚ ਵੀ ਜੋ ਮਾਹੋਲ ਸਿਰਜਿਆ ਜਾ ਰਿਹਾ ਹੈ ਜਿਵੇਂ ਇਹ ਦੇਸ਼ ਕੇਵਲ ਇਕ ਬਹੁਗਿਣਤੀ ਕੌਮ ਦਾ ਹੋਵੇ। ਭਾਰਤੀ ਸਰਕਾਰ ਨੂੰ ਇਸ ਕਾਨੂੰਨ ਨੂੰ ਸਭ ਧਿਰਾਂ ਦੀ ਰਾਏ ਤੋ ਬਿਨਾਂ ਕੋਈ ਸਹਿਮਤੀ ਨਹੀ ਬਣਾਉਣੀ ਚਾਹਿਦਾ। 2024 ਵਿੱਚ ਪਾਰਲੀਮਾਨੀ ਇਲੈਕਸ਼ਨ ਨੂੰ ਸਾਹਮਣੇ ਰੱਖ ਕੇ ਬਣਾਏ ਕਾਨੂੰਨ ਦੇਸ਼ ਦੀ ਲੋਕਤੰਤਰੀ ਪ ?ਣਾਲ਼ੀ ਲਈ ਖਤਰਾ ਸਾਬਤ ਹੋ ਸਕਦੇ ਹਨ।

# ਮਨੁੱਖੀ .ਗਲਤੀਆਂ ਦਾ ਨਤੀਜਾ ਹੈ ਪੌਣ-ਪਾਣੀ ’ਚ ਤਬਦੀਲੀ

ਵਾਤਾਵਰਨ ਨਾਲ ਛੇੜਖਾਨੀ ਤੇ ਪੌਣ-ਪਾਣੀ ਦੀ ਤਬਦੀਲੀ ਕਾਰਨ ਸਾਡੀ ਧਰਤੀ ਤੇ ਸਮੁੱਚੀ ਮਨੁੱਖਤਾ ਨੂੰ ਇਸ ਵੇਲੇ ਅਨੇਕ ਕਿਸਮ ਦੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਹ ਇਕ ਅਜਿਹਾ ਆਲਮੀ ਮਸਲਾ ਹੈ, ਜਿਸ ਦਾ ਹੱਲ ਸਾਨੂੰ ਸਭਨਾਂ ਨੂੰ ਇੱਕਜੁਟਤਾ ਨਾਲ ਹੀ ਲੱਭਣਾ ਪੈਣਾ ਹੈ। ਜੀ-20 ਦੇਸ਼ਾਂ ਨੇ ਹੁਣ ਚੇਨਈ ’ਚ ਆਪਣੀ ਤਾਜ਼ਾ ਮੀਟਿੰ.ਗ ਦੌਰਾਨ ਅਜਿਹੇ ਸਿਧਾਂਤ ਅਪਣਾਉਣ ਦੀ ਗੱਲ ਕੀਤੀ ਹੈ ਜਿਸ ਨਾਲ ਮਹਾਸਾਗਰ ਦੂਸ਼ਿਤ ਨਾ ਹੋਣ ਤੇ ਸਮੁੰਦਰਾਂ ਦੀ ਵਰਤੋਂ ਅਜਿਹੇ ਟਿਕਾਊ ਢੰਗ ਨਾਲ ਕੀਤੀ ਜਾਵੇ ਜਿਸ ਦਾ ਕੋਈ ਵੀ ਮਾੜਾ ਅਸਰ ਸਮੁੱਚੀ ਧਰਤੀ ਦੇ ਪੌਣ-ਪਾਣੀ ’ਤੇ ਨਾ ਪਵੇ।

ਇਹ ਸਿਧਾਂਤ ਸਾਰੇ ਦੇਸ਼ਾਂ ਵੱਲੋਂ ਆਪਣੀ ਮਰਜ਼ੀ ਅਨੁਸਾਰ ਹੀ ਲਾਗੂ ਕੀਤੇ ਜਾਣੇ ਹਨ ਤੇ ਕਿਸੇ ਵੀ ਦੇਸ਼ ’ਤੇ ਇਨ੍ਹਾਂ ਨੂੰ ਲਾਗੂ ਕਰਨ ਲਈ ਜ਼ੋਰ ਨਹੀਂ ਪਾਇਆ ਜਾਵੇਗਾ। ਪਲਾਸਟਿਕ ਕਚਰਾ ਤੇ ਹੋਰ ਨਾ-ਗਲਣਯੋਗ ਕੂੜਾ-ਕਰਕਟ ਦਰਿਆਵਾਂ ’ਚ ਲਗਾਤਾਰ ਸੁੱਟਿਆ ਜਾ ਰਿਹਾ ਹੈ। ਦਰਿਆਵਾਂ ਨੇ ਅੰਤ ਨੂੰ ਸਮੁੰਦਰਾਂ ’ਚ ਜਾ ਕੇ ਡਿੱਗਣਾ ਹੁੰਦਾ ਹੈ। ਇੰਝ ਸਾਰਾ ਅਜਿਹਾ ਕੂੜਾ ਦੁਨੀਆ ਭਰ ਦੇ ਸਮੁੰਦਰਾਂ ’ਚ ਇਕੱਠਾ ਹੋ ਰਿਹਾ ਹੈ। ਉਸ ਕਾਰਨ ਨਾ ਸਿਰਫ਼ ਪਾਣੀ ਦੇ ਜੀਵ-ਜੰਤੂਆਂ ਦੀਆਂ ਨਸਲਾਂ ਨੂੰ ਖ਼ਤਰਾ ਪੈਦਾ ਹੋ ਗਿਆ ਹੈ, ਉੱਥੇ ਸਮੁੰਦਰੀ ਪਾਣੀਆਂ ਦੇ ਵਾਸ਼ਪੀਕਰਨ ’ਤੇ ਮਾੜਾ ਅਸਰ ਪਿਆ ਹੈ।

ਉਸ ਨਾਲ ਵਰਖਾ ਰੁੱਤ ’ਚ ਤਬਦੀਲੀ ਆ ਗਈ ਹੈ ਅਤੇ ਮੌਸਮ ਤੱਕ ਬਦਲ ਗਏ ਹਨ। ਵਾਤਾਵਰਨ ਨਾਲ ਛੇੜਖਾਨੀ ਵਧਣ ਕਾਰਣ ਆਲਮੀ ਤਪਸ਼ ਵੀ ਵਧਦੀ ਜਾ ਰਹੀ ਹੈ। ਇਸ ਤੋਂ ਇਲਾਵਾ ਦੁਨੀਆ ਦੇ ਬਹੁਤ ਸਾਰੇ ਸ਼ਹਿਰਾਂ ਤੇ ਹੋਰ ਇਲਾਕਿਆਂ ਦੇ ਤੇਜ਼ੀ ਨਾਲ ਸਮੁੰਦਰੀ ਪਾਣੀ ਦੀ ਲਪੇਟ ’ਚ ਆ ਕੇ ਡੁੱਬਣ ਦਾ ਖ਼ਤਰਾ ਪੈਦਾ ਹੋ ਗਿਆ ਹੈ।



ਅਮਰੀਕੀ ਸੂਬੇ ਨਿਊ ਜਰਸੀ ਦੀ ਸੰਸਥਾ ‘ਕਲਾਈਮੇਟ ਸੈਂਟਰਲ’ ਨੇ ਪੰਜ ਵਰ੍ਹੇ ਪਹਿਲਾਂ ਆਪਣੀ ਰਿਪੋਰਟ ’ਚ ਇਹ ਭਵਿੱਖਬਾਣੀ ਕਰ ਦਿੱਤੀ ਸੀ ਕਿ ਕੇਂਦਰੀ ਕੇਰਲ ਦੇ ਕੁਝ ਹਿੱਸੇ 2050 ਤੱਕ ਸਮੁੰਦਰੀ ਸਤ ?ਹਾ ਦੀ ਜ਼ਦ ’ਚ ਆ ਜਾਣਗੇ ਕਿਉਂਕਿ ਤਦ ਤੱਕ ਸਮੁੰਦਰ ਦੀ ਸਤ ?ਹਾ 1 ਮੀਟਰ ਉਤਾਂਹ ਉੱਠ ਚੁੱਕੀ ਹੋਵੇਗੀ।

ਅਰਬਾਂ-ਖਰਬਾਂ ਟਨ ਵਾਧੂ ਠੋਸ ਕੂੜਾ ਪਾਣੀ ’ਚ ਲਗਾਤਾਰ ਡਿੱਗਣ ਕਾਰਨ ਸਮੁੰਦਰੀ ਸਤ ?ਹਾ ਦਾ ਉਤਾਂਹ ਉੱਠਣਾ ਸੁਭਾਵਕ ਹੈ। ਜੇ ਠੋਸ ਕੂੜਾ ਸੁੱਟਣ ਦਾ ਇਹ ਅੰਤਰਰਾਸ਼ਟਰੀ ਰੁਝਾਨ ਇੰਝ ਹੀ ਜਾਰੀ ਰਿਹਾ ਤਾਂ ਉਹ ਦਿਨ ਦੂਰ ਨਹੀਂ ਜਦੋਂ ਮਨੁੱਖ ਦੇ ਰਹਿਣ ਜੋਗੀ ਸਮੁੱਚੀ ਧਰਤੀ ਹੀ ਸਮੁੰਦਰਾਂ ਅਧੀਨ ਆ ਜਾਵੇਗੀ। ਇਹ ਨਾ ਤਾਂ ਕੋਈ ਅਤਿਕਥਨੀ ਹੈ ਅਤੇ ਨਾ ਹੀ ਅਜਿਹਾ ਹੋਣਾ ਅਸੰਭਵ ਹੈ। ਧਰਤੀ ਦਾ 71 ਫ਼ੀਸਦੀ ਭਾਗ ਤਾਂ ਪਹਿਲਾਂ ਹੀ ਸਮੁੰਦਰੀ ਪਾਣੀਆਂ ਅਧੀਨ ਹੈ, ਇੰਝ ਬਾਕੀ ਦਾ 29 ਫ਼ੀਸਦੀ ਹਿੱਸਾ ਸਮੁੰਦਰੀ ਛੱਲਾਂ ਦੀ ਮਾਰ ਹੇਠ ਆਉਣਾ ਕੋਈ ਅਲੋਕਾਰੀ ਵਰਤਾਰਾ ਵੀ ਨਹੀਂ ਹੋਵੇਗਾ ਸਗੋਂ ਕੁਦਰਤ ਲਈ ਤਾਂ ਸਹਿਜ-ਸੁਭਾਵਕ ਪ੍ਰਕਿਰਿਆ ਹੀ ਹੋਵੇਗੀ।

ਅਜਿਹੇ ਹਾਲਾਤ ’ਚ ਸਾਨੂੰ ਇਸ ਧਰਤੀ ਦੇ ਇਕੱਲੇ-ਇਕੱਲੇ ਬਸ਼ਰ ਨੂੰ ਹੁਣੇ ਤੋਂ ਸਾਵਧਾਨ ਹੋਣਾ ਹੋਵੇਗਾ ਤਾਂਹੀਂਓਂ ਅਸੀਂ ਆਉਣ ਵਾਲੀਆਂ ਨਸਲਾਂ ਨੂੰ ਬਚਾਉਣ ਦੇ ਉਪਰਾਲਿਆਂ ’ਚ ਆਪਣਾ ਕੋਈ ਯੋਗਦਾਨ ਪਾ ਸਕਾਂਗੇ। ਪੰਜਾਬ, ਹਰਿਆਣਾ, ਹਿਮਾਚਲ ਪ੍ਰਦੇਸ਼, ਜੰਮੂ-ਕਸ਼ਮੀਰ ਸਮੇਤ ਭਾਰਤ ਦੇ ਬਹੁਤੇ ਸੂਬੇ ਖੇਤੀ ਪ੍ਰਧਾਨ ਹਨ। ਮੀਂਹਾਂ ’ਚ ਗੜਬੜੀ ਕਾਰਨ ਕਿਸਾਨਾਂ ਨੂੰ ਵੀ ਵੱਡੀਆਂ ਮੁਸੀਬਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਇਸ ਵਾਰ ਕਸ਼ਮੀਰ ਅਤੇ ਹਿਮਾਚਲ ’ਚ ਸੇਬਾਂ ਦੀ ਫ਼ਸਲ ਨੂੰ ਭਾਰੀ ਵਰਖਾ ਨੇ ਬਰਬਾਦ ਕਰ ਕੇ ਰੱਖ ਦਿੱਤਾ ਹੈ। ਇਸ ਨਾਲ ਇਸ ਖਿੱਤੇ ਦਾ ਕਾਰੋਬਾਰੀ ਤਵਾਜ਼ਨ ਵੀ ਹਿੱਲ ਗਿਆ ਹੈ। ਭਾਰੀ ਮੀਂਹ ਤੋਂ ਬਾਅਦ ਆਏ ਹੜ੍ਹਾਂ ਨੇ ਐਤਕੀਂ ਪੰਜਾਬ ’ਚ ਝੋਨੇ ਦੀ ਫ਼ਸਲ ਨੂੰ ਵੱਡੇ ਪੱਧਰ ’ਤੇ ਪ੍ਰਭਾਵਿਤ ਕੀਤਾ ਹੈ। ਇੰਝ ਪੌਣ-ਪਾਣੀ ਦੀ ਤਬਦੀਲੀ ਅਰਥਚਾਰੇ ’ਤੇ ਵੀ ਅਸਰ-ਅੰਦਾਜ਼ ਹੋ ਰਹੀ ਹੈ।

# ਸ਼੍ਰੋਮਣੀ ਅਕਾਲੀ ਦਲ ਬਾਦਲ ਲਈ ਖ਼ਤਰੇ ਦੀ ਘੰਟੀ :

# ਬਗਾਬਤੀ ਸੁਰਾਂ ਉਠਣ ਲੱਗੀਆਂ



ਉਜਾਗਰ ਸਿੰਘ
ਸਾਬਕਾ ਜਿਲ੍ਹਾ ਲੋਕ
ਸੰਪਰਕ ਅਧਿਕਾਰੀ
94178 13072
ujagarsingh48@yahoo.com







**ਇਸਤਰੀ ਅਕਾਲੀ ਦਲ ਦੇ ਟਕਸਾਲੀ ਨੇਤਾਵਾਂ ਨੂੰ ਅਣਡਿਠ ਕਰਕੇ ਇਕ ਆਂਗਨਵਾੜੀ ਨੇਤਾ ਨੂੰ ਪਾਰਟੀ ਵਿੱਚ ਸ਼ਾਮਲ ਕਰਦਿਆਂ ਹੀ ਇਸਤਰੀ ਅਕਾਲੀ ਦਲ ਦੀ ਪ੍ਰਧਾਨ ਬਣਾ ਦਿੱਤਾ ਹੈ। ਇਸਤਰੀ ਅਕਾਲੀ ਦਲ ਦੀਆਂ ਟਕਸਾਲੀ ਨੇਤਾਵਾਂ ਵਿੱਚ ਘੁਸਰ ਮੁਸਰ ਹੋਣਾ ਕੁਦਰਤੀ ਹੈ। ਸ਼੍ਰੋਮਣੀ ਅਕਾਲੀ ਦਲ ਬਾਦਲ ਲਈ ਖ਼ਤਰੇ ਦੀ ਘੰਟੀ ਵੱਜ ਗਈ ਹੈ ਕਿਉਂਕਿ ਪਾਰਟੀ ਵਿੱਚ ਬਗਾਬਤੀ ਸੁਰਾਂ ਉਠਣ ਲੱਗੀਆਂ ਹਨ। ਤਾਜਾ ਘਟਨਾਕਰਮ ਅਨੁਸਾਰ ਇਸਤਰੀ ਅਕਾਲੀ ਦਲ ਦੀਆਂ 25 ਟਕਸਾਲੀ ਆਗੂਆਂ ਨੇ ਸਾਂਝੇ ਤੌਰ ਤੇ ਆਪਣੇ ਅਸਤੀਫ਼ੇ ਪਾਰਟੀ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਭੇਜਕੇ ਅਕਾਲੀ ਦਲ ਲਈ ਗੰਭੀਰ ਸੰਕਟ ਖੜ੍ਹਾ ਕਰ ਦਿੱਤਾ ਹੈ।**

ਸ਼੍ਰੋਮਣੀ ਅਕਾਲੀ ਦਲ ਬਾਦਲ ਆਪਣੀ ਖੁਸੀ ਜ਼ਮੀਨ ਨੂੰ ਮੁੜ ਪ੍ਰਾਪਤ ਕਰਨ ਦੀ ਥਾਂ ਅਕਾਲੀ ਦਲ ਦੇ ਕੇਡਰ ਵਿੱਚ ਅਨਿਸਚਤਤਾ ਦਾ ਮਾਹੌਲ ਪੈਦਾ ਕਰ ਰਿਹਾ ਹੈ। ਸੁਖਬੀਰ ਸਿੰਘ ਬਾਦਲ ਨੂੰ ਅਕਾਲੀ ਦਲ ਨਾਲੋਂ ਨਰਾਜ਼ ਹੋ ਕੇ ਹੋਰ ਪਾਰਟੀਆਂ ਵਿੱਚ ਗਏ ਨੇਤਾਵਾਂ ਨੂੰ ਵਾਪਸ ਮੁੱਖ ਧਾਰਾ ਵਿੱਚ ਲਿਆਉਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ, ਉਹ ਤਾਂ ਸਗੋਂ ਜਿਹੜੇ ਨੇਤਾ ਪਾਰਟੀ ਵਿੱਚ ਪਹਿਲਾਂ ਹੀ ਅਸੰਤੁਸ਼ਟ ਬੈਠੇ ਹਨ, ਉਨ੍ਹਾਂ ਨੂੰ ਹੋਰ ਨਰਾਜ਼ ਕਰਨ ਦੀ ਕੋਈ ਕਸਰ ਨਹੀਂ ਛੱਡ ਰਿਹਾ। ਇਸਤਰੀ ਅਕਾਲੀ ਦਲ ਦੇ ਟਕਸਾਲੀ ਨੇਤਾਵਾਂ ਨੂੰ ਅਣਡਿਠ ਕਰਕੇ ਇਕ ਆਂਗਨਵਾੜੀ ਨੇਤਾ ਨੂੰ ਪਾਰਟੀ ਵਿੱਚ ਸ਼ਾਮਲ ਕਰਦਿਆਂ ਹੀ ਇਸਤਰੀ ਅਕਾਲੀ ਦਲ ਦੀ ਪ੍ਰਧਾਨ ਬਣਾ ਦਿੱਤਾ ਹੈ। ਇਸਤਰੀ ਅਕਾਲੀ ਦਲ ਦੀਆਂ ਟਕਸਾਲੀ ਨੇਤਾਵਾਂ ਵਿੱਚ ਘੁਸਰ ਮੁਸਰ ਹੋਣਾ ਕੁਦਰਤੀ ਹੈ। ਸ਼੍ਰੋਮਣੀ ਅਕਾਲੀ ਦਲ ਬਾਦਲ ਲਈ ਖ਼ਤਰੇ ਦੀ ਘੰਟੀ ਵੱਜ ਗਈ ਹੈ ਕਿਉਂਕਿ ਪਾਰਟੀ ਵਿੱਚ ਬਗਾਬਤੀ ਸੁਰਾਂ ਉਠਣ ਲੱਗੀਆਂ ਹਨ। ਤਾਜਾ ਘਟਨਾਕਰਮ ਅਨੁਸਾਰ ਇਸਤਰੀ ਅਕਾਲੀ ਦਲ ਦੀਆਂ 25 ਟਕਸਾਲੀ ਆਗੂਆਂ ਨੇ ਸਾਂਝੇ ਤੌਰ ਤੇ ਆਪਣੇ ਅਸਤੀਫ਼ੇ ਪਾਰਟੀ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਭੇਜਕੇ ਅਕਾਲੀ ਦਲ ਲਈ ਗੰਭੀਰ ਸੰਕਟ ਖੜ੍ਹਾ ਕਰ ਦਿੱਤਾ ਹੈ। ਸੁਖਬੀਰ ਸਿੰਘ ਬਾਦਲ ਵੱਲੋਂ ਅਕਾਲੀ ਦਲ ਦੇ ਕਮਜ਼ੋਰ ਹੋ ਜਾਣ ਤੋਂ ਬਾਅਦ ਦੂਜੀਆਂ ਪਾਰਟੀਆਂ ਦੇ ਅਜਿਹੇ ਨੇਤਾ ਤੇ ਵਰਕਰ ਸ਼ਾਮਲ ਕੀਤੇ ਜਾ ਰਹੇ ਹਨ, ਜਿਹੜੇ ਅਕਾਲੀ ਦਲ ਦੀ ਵਿਚਾਰਧਾਰਾ ਬਾਰੇ ਅਣਜਾਣ ਹਨ। ਇਸ ਕਰਕੇ ਟਕਸਾਲੀ ਨੇਤਾਵਾਂ ਅਤੇ ਵਰਕਰਾਂ ਨੂੰ ਘੁਟਨ ਮਹਿਸੂਸ ਹੋਣ ਲੱਗ ਪਈ ਹੈ। ਟਕਸਾਲੀਆਂ ਨੂੰ ਆਪਣਾ ਸਿਆਸੀ ਕੈਰੀਅਰ ਖ਼ਤਮ ਹੁੰਦਾ ਦਿਸ ਰਿਹਾ ਹੈ। ਦਿਨ-ਬਦਿਨ ਅਕਾਲੀ ਦਲ ਨੂੰ ਖ਼ੋਰਾ ਲੱਗ ਰਿਹਾ ਹੈ। ਬੀਬੀ ਹਰਗੋਬਿੰਦ ਕੌਰ ਜੋ ਲੰਬੇ ਸਮੇਂ ਤੋਂ ਖੱਬੇ ਪੱਖੀ ਪਾਰਟੀਆਂ ਨਾਲ ਜੁੜੇ ਹੋਏ ਹਨ ਅਤੇ ਪੰਜਾਬ ਦੀਆਂ ਆਂਗਨਵਾੜੀ ਮਹਿਲਾਵਾਂ ਦੇ ਪ੍ਰਧਾਨ ਵਜੋਂ ਕਾਰਜਸ਼ੀਲ ਹਨ, ਉਸ ਨੂੰ ਚੰਡੀਗੜ੍ਹ ਵਿਖੇ ਆਂਗਨਵਾੜੀ ਮਹਿਲਾਵਾਂ ਦੀ ਇਕ ਮੀਟਿੰਗ ਕਰਕੇ ਸੁਖਬੀਰ ਸਿੰਘ ਬਾਦਲ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਨੇ ਸ਼੍ਰੋਮਣੀ ਅਕਾਲੀ ਦਲ ਵਿੱਚ ਸ਼ਾਮਲ ਕਰ ਲਿਆ। ਇਥੇ ਹੀ ਬਸ ਨਹੀਂ ਸਗੋਂ ਉਸ ਨੂੰ ਸ਼੍ਰੋਮਣੀ ਅਕਾਲੀ ਦਲ ਦੇ ਇਸਤਰੀ ਵਿੰਗ ਦੀ ਪ੍ਰਧਾਨ ਬਣਾ ਦਿੱਤਾ ਗਿਆ ਹੈ। ਬੀਬੀ ਹਰਗੋਬਿੰਦ ਕੌਰ ਨੂੰ ਇਸਤਰੀ ਅਕਾਲੀ ਦਲ ਦੇ ਇਸਤਰੀ ਵਿੰਗ ਦੀ ਪ੍ਰਧਾਨ ਬਣਾਉਣ ਨਾਲ ਇਸਤਰੀ ਅਕਾਲੀ ਦਲ ਦੀਆਂ ਟਕਸਾਲੀ ਆਗੂਆਂ ਵਿੱਚ ਨਿਰਾਸ਼ਾ ਪੈਦਾ ਹੋ ਗਈ। ਉਨ੍ਹਾਂ ਤੁਰੰਤ ਮੋਹਾਲੀ ਦੇ ਅੰਬ ਸਾਹਿਬ ਗੁਰਦੁਆਰਾ ਸਾਹਿਬ ਵਿੱਚ ਬੀਬੀ ਪਰਮਜੀਤ ਕੌਰ ਲਾਂਡਰਾਂ ਮੈਂਬਰ ਸ਼ ?ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੋਹਾਲੀ ਦੀ ਪ੍ਰਧਾਨਗੀ ਵਿੱਚ ਇੱਕ ਐਮਰਜੈਂਸੀ ਮੀਟਿੰਗ ਕੀਤੀ, ਜਿਸ ਵਿੱਚ ਸ਼੍ਰੋਮਣੀ ਅਕਾਲੀ ਦਲ ਦੇ ਇਸਤਰੀ ਵਿੰਗ ਦੀਆਂ ਸੀਨੀਅਰ ਟਕਸਾਲੀ ਵਰਤਮਾਨ ਅਤੇ ਸਾਬਕਾ ਸਟੇਟ ਪ੍ਰਧਾਨ, ਜਿਲ੍ਹਾ ਪ੍ਰਧਾਨ ਅਤੇ ਵਿਧਾਨਕਾਰ 25 ਬੀਬੀਆਂ ਸ਼ਾਮਲ ਹੋਈਆਂ। ਉਨ੍ਹਾਂ ਨੇ ਆਪਣੇ ਸਮੂਹਿਕ ਅਸਤੀਫ਼ੇ ਸੁਖਬੀਰ ਸਿੰਘ ਬਾਦਲ ਨੂੰ ਭੇਜਦਿਆਂ ਕਿਹਾ ਹੈ ਕਿ ਉਹ ਨਵੇਂ ਆਗੂਆਂ ਦੇ ਪਾਰਟੀ ਵਿੱਚ ਸ਼ਾਮਲ ਹੋਣ ਦਾ ਸਵਾਗਤ ਕਰਦੀਆਂ ਹਨ ਪ੍ਰੰਤੂ ਨਵੇਂ ਆਗੂ ਨੂੰ ਟਕਸਾਲੀ ਬੀਬੀਆਂ ਤੋਂ ਅੱਗੇ ਪ੍ਰਧਾਨਗੀ ਦੀ ਕੁਰਸੀ 'ਤੇ ਬਿਠਾਉਣ ਦੇ ਵਿਰੁੱਧ ਹਾਂ। ਉਨ੍ਹਾਂ ਇਹ ਵੀ ਕਿਹਾ ਕਿ ਪਿਛਲੇ ਲੰਬੇ ਸਮੇਂ ਤੋਂ ਅਕਾਲੀ ਦਲ ਦੀ ਵਿਚਾਰਧਾਰਾ ਅਤੇ ਪਰੰਪਰਾ ਤੋਂ ਉਲਟ ਕੰਮ ਹੋ ਰਿਹਾ ਹੈ। ਬੀਬੀ ਹਰਗੋਬਿੰਦ ਕੌਰ ਦਾ ਪਾਰਟੀ ਦੀ ਵਿਚਾਰਧਾਰਾ ਨਾਲ ਕੋਈ ਦੂਰ ਦਾ ਵੀ ਸੰਬੰਧ ਨਹੀਂ। ਇਸ ਤੋਂ ਪਹਿਲਾਂ ਵੀ ਪਾਰਟੀ ਵਿੱਚ ਅਜਿਹੀਆਂ ਗ਼ਲਤੀਆਂ ਹੋਈਆਂ ਹਨ, ਜਿਸ ਕਰਕੇ ਪਾਰਟੀ ਵਿੱਚ ਨਮੋਸ਼ੀ ਪੈਦਾ ਹੁੰਦੀ ਰਹੀ ਅਤੇ ਖੋਰਾ ਲਗਦਾ ਆ ਰਿਹਾ ਹੈ। ਬੀਬੀ ਹਰਗੋਬਿੰਦ ਕੌਰ ਦੇ ਪ੍ਰਧਾਨ ਬਣਨ ਨਾਲ ਅਕਾਲੀ ਦਲ ਬਾਦਲ ਵਿੱਚ ਪਹਿਲਾਂ ਹੀ ਚਲ ਰਿਹਾ ਅਸੰਤੋਸ਼ ਹੋਰ ਵੱਧ ਜਾਵੇਗਾ। ਪਾਰਟੀ ਦੇ ਸੀਨੀਅਰ ਨੇਤਾਵਾਂ ਵਿੱਚ ਘੁਸਰ ਮੁਸਰ ਸ਼ੁਰੂ ਹੋ ਗਈ ਹੈ। ਉਹ ਇਸਤਰੀਆਂ ਦੀ ਇਸ ਬਗਾਬਤ ਨੂੰ ਪਾਰਟੀ ਲਈ ਘਾਤਕ ਸਮਝ ਰਹੇ ਹਨ, ਕਿਉਂਕਿ ਜਿਸ ਪਾਰਟੀ ਦੀਆਂ ਇਸਤਰੀਆਂ ਨਿਰਾਸ਼ਾ ਦੇ ਆਲਮ ਵਿੱਚ ਹੋਣਗੀਆਂ ਉਹ ਪਾਰਟੀ ਸਥਿਰ ਨਹੀਂ ਹੋ ਸਕਦੀ। ਇਸਤਰੀਆਂ ਪੰਜਾਬ ਦੀ ਕੁਲ ਵਸੋਂ ਦਾ ਅੱਧਾ ਹਿੱਸਾ ਹਨ। ਜੇਕਰ ਇਸਤਰੀਆਂ ਪਾਰਟੀ ਤੋਂ ਦੂਰ ਹੋ ਗਈਆਂ ਅਕਾਲੀ ਦਲ ਲਈ ਸਿਆਸਤ ਵਿੱਚ ਸਫਲਤਾ ਪ੍ਰਾਪਤ ਕਰਨੀ ਮੁਸ਼ਕਲ ਹੋ ਜਾਵੇਗੀ ਕਿਉਂਕਿ ਅਕਾਲੀ ਦਲ ਬਾਦਲ ਵਿੱਚ ਇਸਤਰੀਆਂ ਦੀ ਗਿਣਤੀ ਪਹਿਲਾਂ ਹੀ ਘੱਟ ਹੈ। ਅਕਾਲੀ ਦਲ ਬਾਦਲ ਤਾਂ ਪਹਿਲਾਂ ਹੀ ਲੋਕਾਂ ਤੋਂ ਦੂਰ ਹੋ ਚੁੱਕਿਆ ਹੈ। 2022 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਪ੍ਰਮੁਖ ਸਿਆਸੀ ਪਾਰਟੀ ਕਹਾਉਣ ਵਾਲਾ ਸ਼੍ਰੋਮਣੀ ਅਕਾਲੀ ਦਲ ਵਿਧਾਨ ਸਭਾ ਦੀਆਂ ਸਿਰਫ ਤਿੰਨ ਸੀਟਾਂ ਹੀ ਜਿੱਤ ਸਕਿਆ ਹੈ।

ਪਰਕਾਸ਼ ਸਿੰਘ ਬਾਦਲ ਦੇ ਸਵਰਗਵਾਸ ਹੋ ਜਾਣ ਤੋਂ ਬਾਅਦ ਤਾਂ ਪਾਰਟੀ ਵਿੱਚ ਮੌਕਾਪ੍ਰਸਤ ਅਤੇ ਚਾਪਲੂਸ ਭਾਰੂ ਪੈ ਗਏ ਹਨ, ਜਿਸ ਕਰਕੇ ਪਾਰਟੀ ਵਿੱਚ ਨਿਘਾਰ ਆ ਗਿਆ ਹੈ। ਸੁਖਬੀਰ ਸਿੰਘ ਬਾਦਲ ਦੀਆਂ ਆਪ ਹੁਦਰੀਆਂ ਨੀਤੀਆਂ ਅਤੇ ਚਾਪਲੂਸਾਂ ਦੇ ਘੇਰੇ ਵਿੱਚ ਰਹਿਣ ਕਰਕੇ ਨੇਤਾ ਅਤੇ ਵਰਕਰ ਪਾਰਟੀ ਤੋਂ ਪੈਰ ਪਿਛੇ ਖਿਚਣ ਲੱਗ ਗਏ ਹਨ। ਸੁਖਬੀਰ ਸਿੰਘ ਬਾਦਲ ਹਰ ਫ਼ੈਸਲਾ ਪਾਰਟੀ ਦੇ ਨੇਤਾਵਾਂ ਨੂੰ ਭਰੋਸੇ ਵਿੱਚ ਲੈਣ ਦੀ ਥਾਂ ਮਨਮਾਨੀਆਂ ਕਰ ਰਹੇ ਹਨ। ਪੰਥਕ ਪਾਰਟੀ ਦਾ ਮੁੱਖੀ ਪਹਿਲੀ ਵਾਰ ਪੰਥਕ ਦਿਖ ਅਤੇ ਪੰਥਕ ਸੋਚ ਤੋਂ ਕੋਹਾਂ ਦੂਰ ਹੈ। ਉਹ ਪਾਰਟੀ ਨੂੰ ਇਕ ਪ੍ਰਾਈਵੇਟ ਵਿਓਪਾਰਕ ਅਦਾਰੇ ਦੀ ਤਰ੍ਹਾਂ ਚਲਾ ਰਹੇ ਹਨ। ਜਦੋਂ ਤੋਂ ਸੁਖਬੀਰ ਸਿੰਘ ਬਾਦਲ ਪਰਕਾਸ਼ ਸਿੰਘ ਬਾਦਲ ਦੀ ਵਜ਼ਾਰਤ ਵਿੱਚ ਉਪ ਮੁੱਖ ਮੰਤਰੀ ਸ਼ਾਮਲ ਹੋਏ ਸਨ, ਉਦੋਂ ਤੋਂ ਹੀ ਪਾਰਟੀ ਗੰਭੀਰ ਸੰਕਟ ਵਿੱਚ ਜਾਣ ਲੱਗ ਪਈ ਸੀ। ਸਤੰਬਰ 2015 ਵਿੱਚ ਸ਼੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਵੱਲੋਂ ਡੇਰਾ ਸੱਚਾ ਸੌਦਾ ਦੇ ਮੁੱਖੀ ਗੁਰਮੀਤ ਰਾਮ ਰਹੀਮ ਸਿੰਘ ਨੂੰ ਮਾਫੀ ਦੇਣ ਤੋਂ ਬਾਅਦ ਅਕਾਲੀ ਦਲ ਬਾਦਲ ਵਿੱਚ ਖਲਬਲੀ ਮੱਚ ਗਈ ਸੀ। ਉਸ ਸਮੇਂ ਅਕਾਲੀ ਦਲ ਦਾ ਵੱਡੇ ਪੱਧਰ 'ਤੇ ਵਿਰੋਧ ਹੋਇਆ ਸੀ ਕਿਉਂਕਿ ਪੰਜਾਬ ਦੇ ਲੋਕ ਅਕਾਲ ਤਖ਼ਤ ਦੇ ਇਸ ਫ਼ੈਸਲੇ ਪਿਛੇ ਅਕਾਲੀ ਦਲ ਬਾਦਲ ਦੇ ਪ੍ਰਧਾਨ ਦਾ ਹੱਥ ਸਮਝਦੇ ਸਨ। ਇਸ ਫ਼ੈਸਲੇ ਨੂੰ ਜਾਇਜ਼ ਠਹਿਰਾਉਣ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਅਖ਼ਬਾਰਾਂ ਵਿੱਚ ਇਸ਼ਤਿਹਾਰ ਵੀ ਦਿੱਤੇ ਗਏ ਸਨ। ਅਕਾਲੀ ਨੇਤਾਵਾਂ ਦਾ ਇਕ ਮਹੀਨਾ ਪਿੰਡਾਂ ਵਿੱਚ ਵੜਨਾ ਅਸੰਭਵ ਹੋ ਗਿਆ ਸੀ। ਭਾਵੇਂ ਬਾਅਦ ਵਿੱਚ ਉਹ ਫ਼ੈਸਲਾ ਵਾਪਸ ਲੈ ਲਿਆ ਸੀ ਪ੍ਰੰਤੂ ਉਸ ਤੋਂ ਬਾਅਦ ਅਕਾਲੀ ਦਲ ਦਾ ਅਕਸ ਖ਼ਰਾਬ ਹੋ ਕੇ ਗਿਰਦਾ ਹੀ ਗਿਆ ਸੀ। ਅਕਾਲੀ ਦਲ ਦੇ ਵਰਕਰ ਪਾਰਟੀ ਤੋਂ ਖਫਾ ਹੋ ਕੇ ਦੂਰ ਹੋ ਗਏ ਸਨ। ਉਸ ਤੋਂ ਬਾਅਦ ਲਗਾਤਾਰ ਅਕਾਲੀ ਲੀਡਰਸ਼ਿਪ ਵੱਲੋਂ ਗ਼ਲਤੀਆਂ ਤੇ ਗ਼ਲਤੀਆਂ ਹੋ ਰਹੀਆਂ ਹਨ। ਇਸੇ ਸਿਲਸਲੇ ਵਿੱਚ ਸ਼ਰੋਮਣੀ ਅਕਾਲੀ ਦਲ ਬਾਦਲ ਦੇ ਸਿਤਾਰੇ ਪਿਛਲੇ 4 ਸਾਲਾਂ ਤੋਂ ਗਰਦਸ਼ ਵਿੱਚ ਹਨ। 2019 ਵਿੱਚ ਮਾਝੇ ਦੇ ਜਰਨੈਲ ਕਹੇ ਜਾਂਦੇ ਜਥੇਦਾਰ ਰਣਜੀਤ ਸਿੰਘ ਬ੍ਰਹਮਪੁਰਾ ਸੀਨੀਅਰ ਉਪ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਨੂੰ ਪਾਰਟੀ ਵਿਰੋਧੀ ਸਰਗਰਮੀਆਂ ਦਾ ਨਾਮ ਦੇ ਕੇ ਅਕਾਲੀ ਦਲ ਵਿੱਚੋਂ ਕੱਢ ਦਿੱਤਾ ਗਿਆ ਸੀ। ਉਸ ਤੋਂ ਬਾਅਦ ਅਕਤੂਬਰ 2019 ਵਿੱਚ ਅਕਾਲੀ ਦਲ ਦੇ ਸਕੱਤਰ ਜਨਰਲ ਸੁਖਦੇਵ ਸਿੰਘ ਢੀਂਡਸਾ ਅਕਾਲੀ ਦਲ ਛੱਡ ਗਏ। ਨਵੰਬਰ 2022 ਵਿੱਚ ਪਾਰਟੀ ਵਿਰੋਧੀ ਕਾਰਵਾਈਆਂ ਕਰਕੇ ਬੀਬੀ ਜਾਗੀਰ ਕੌਰ ਸਾਬਕਾ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਅਕਾਲੀ ਦਲ ਬਾਦਲ ਵਿੱਚੋਂ ਕੱਢ ਦਿੱਤਾ ਗਿਆ। ਸ਼ਰੋਮਣੀ ਅਕਾਲੀ ਦਲ ਦੇ ਟਕਸਾਲੀ ਦਿਗਜ਼ ਨੇਤਾਵਾਂ ਜਿਨ੍ਹਾਂ ਵਿੱਚ ਜਥੇਦਾਰ ਮੋਹਣ ਸਿੰਘ ਤੁੜ, ਜਥੇਦਾਰ ਗੁਰਚਰਨ ਸਿੰਘ ਟੌਹੜਾ, ਜਥੇਦਾਰ ਜਗਦੇਵ ਸਿੰਘ ਤਲਵੰਡੀ, ਕੈਪਟਨ ਕੰਵਲਜੀਤ ਸਿੰਘ, ਜਸਦੇਵ ਸਿੰਘ ਸੰਧੂ, ਸੁਰਜਨ ਸਿੰਘ ਠੇਕੇਦਾਰ ਅਤੇ ਧੰਨਾ ਸਿੰਘ ਗੁਲਸ਼ਨ ਦੇ ਪਰਿਵਾਰਾਂ ਨੂੰ ਬਾਦਲ ਪਰਿਵਾਰ ਨੇ ਅਣਡਿਠ ਕੀਤਾ ਤੇ ਫਿਰ ਨਿਰਾਸ਼ਾ ਵਿੱਚ ਉਹ ਪਰਿਵਾਰ ਅਕਾਲੀ ਦਲ ਤੋਂ ਅਸਤੀਫ਼ੇ ਦੇ ਗਏ। ਮਾਸਟਰ ਤਾਰਾ ਸਿੰਘ ਦੇ ਪਰਿਵਾਰ ਨੂੰ ਪਾਰਟੀ ਵਿੱਚ ਅਣਡਿਠ ਕੀਤਾ ਜਾ ਰਿਹਾ ਹੈ। ਇਸ ਕਰਕੇ ਸ਼ ?ਰੋਮਣੀ ਅਕਾਲੀ ਦਲ ਨੂੰ ਲਗਾਤਾਰ ਖ਼ੋਰਾ ਲਗਦਾ ਰਿਹਾ ਜੋ ਅਜੇ ਤੱਕ ਵੀ ਜ਼ਾਰੀ ਹੈ। ਸੁਖਬੀਰ ਸਿੰਘ ਬਾਦਲ ਦੀਆਂ ਨੀਤੀਆਂ ਅਤੇ ਉਨ੍ਹਾਂ ਦੀ ਕਾਰਜਸ਼ੈਲੀ ਤੋਂ ਅਕਾਲੀ ਨੇਤਾ ਅਤੇ ਵਰਕਰ ਨਾਖ਼ੁਸ਼ ਹਨ।

ਸ਼੍ਰੋਮਣੀ ਅਕਾਲੀ ਦਲ ਸਿੱਖ ਜਗਤ ਦੀ ਸਿਰਮੌਰ ਸੰਸਥਾ ਹੈ। ਅਕਾਲੀ ਦਲ ਦਾ ਇਤਿਹਾਸ ਜਦੋਂਜਹਿਦ ਅਤੇ ਕੁਰਬਾਨੀਆਂ ਨਾਲ ਸਿੰਜਿਆ ਹੋਇਆ ਹੈ। ਇਸ ਪਾਰਟੀ ਨੂੰ ਝੁਜਾਰੂਆਂ ਦੀ ਪ੍ਰਤੀਨਿਧ ਪਾਰਟੀ ਕਿਹਾ ਜਾਂਦਾ ਹੈ। ਦੇਸ਼ ਦੀ ਆਜ਼ਾਦੀ ਵਿੱਚ ਇਸ ਪਾਰਟੀ ਦੇ ਪਰਵਾਨਿਆਂ ਨੇ ਸ਼ਹੀਦੀਆਂ ਪ੍ਰਾਪਤ ਕੀਤੀਆਂ। ਸ਼ਹੀਦੀਆਂ ਪ੍ਰਾਪਤ ਕਰਨ ਵਾਲਿਆਂ ਵਿੱਚ ਬੀਬੀ ਗੁਲਾਬ ਕੌਰ ਵਰਗੀਆਂ ਵੀਰਾਂਗਣਾ ਵੀ ਸਨ। ਭਾਵ ਅਕਾਲੀ ਵਿੱਚ ਬੀਬੀਆਂ ਦਾ ਯੋਗਦਾਨ ਹਮੇਸ਼ਾ ਮਹੱਤਵਪੂਰਨ ਰਿਹਾ ਹੈ। 1920 ਵਿੱਚ ਅਕਾਲੀ ਦਲ ਗੁਰਦੁਆਰਿਆਂ ਦੀ ਸੇਵਾ ਸੰਭਾਲ ਲਈ ਹੋਂਦ ਵਿੱਚ ਆਇਆ ਸੀ। ਪ੍ਰੰਤੂ ਬਾਅਦ ਵਿੱਚ ਇਸ ਨੂੰ ਰਾਜਨੀਤਕ ਪਾਰਟੀ ਬਣਾਇਆ ਗਿਆ। ਅਕਾਲੀ ਦਲ ਨੂੰ ਪੰਜਾਬ ਦੇ ਹਿੱਤਾਂ ਦੀ ਰਾਖੀ ਕਰਨ ਲਈ ਅਨੇਕ ਵਾਰ ਧਰਨੇ ਅਤੇ ਅੰਦੋਲਨ ਕਰਨੇ ਪਏ। ਇਥੋਂ ਤੱਕ ਕਿ ਪੰਜਾਬੀ ਸੂਬਾ ਵੀ ਸ਼ਰੋਮਣੀ ਅਕਾਲੀ ਦਲ ਦੀ ਲੰਬੀ ਜਦੋਂਜਹਿਦ ਤੋਂ ਬਾਅਦ ਬਣਿਆਂ ਸੀ। ਭਾਵੇਂ ਪੰਜਾਬ ਵਿੱਚ ਬਹੁਤਾ ਸਮਾਂ ਕਾਂਗਰਸ ਪਾਰਟੀ ਰਾਜ ਕਰਦੀ ਰਹੀ ਪ੍ਰੰਤੂ ਅਕਾਲੀ ਦਲ ਦਾ ਯੋਗਦਾਨ ਵੀ ਘੱਟ ਨਹੀਂ ਸੀ। ਪਰਕਾਸ਼ ਸਿੰਘ ਬਾਦਲ ਪੰਜ ਵਾਰ ਪੰਜਾਬ ਦੇ ਮੁੱਖ ਮੰਤਰੀ ਬਣੇ। ਅਕਾਲੀ ਦਲ ਨੂੰ ਸਿਆਸੀ ਤਾਕਤ ਵਿੱਚ ਲਿਆਉਣ ਲਈ ਇਸਤਰੀਆਂ ਦੇ ਯੋਗਦਾਨ ਨੂੰ ਅਣਡਿਠ ਨਹੀਂ ਕੀਤਾ ਜਾ ਸਕਦਾ। ਪੰਜਾਬ ਦੀ ਆਬਾਦੀ ਦਾ ਅੱਧਾ ਹਿੱਸਾ ਇਸਤਰੀਆਂ ਹਨ। ਜੇਕਰ ਇਹ ਅੱਧਾ ਹਿੱਸਾ ਕਿਸੇ ਸਿਆਸੀ ਪਾਰਟੀ ਤੋਂ ਮੁੱਖ ਮੋੜ ਲੈਣ ਤਾਂ ਉਸ ਪਾਰਟੀ ਦਾ ਅਸਤਿਤਵ ਖ਼ਤਰੇ ਵਿੱਚ ਪੈ ਸਕਦਾ ਹੈ। ਇਸਤਰੀਆਂ ਦੀ ਬਗਾਬਤ ਤੋਂ ਬਾਅਦ ਵੇਖੋ ਅਕਾਲੀ ਦਲ ਦਾ ਭਵਿਖ ਕੌਣ ਤਹਿ ਕਰੇਗਾ।



# ਧਰਮਿੰਦਰ ਨਾਲ ਕਿਉਂ ਨਹੀਂ ਰਹਿੰਦੀ ਹੇਮਾ ਮਾਲਿਨੀ ?



ਨਵੀਂ ਦਿੱਲੀ– ਹੇਮਾ ਮਾਲਿਨੀ ਧਰਮਿੰਦਰ ਨਾਲ ਆਪਣੇ ਵਿਆਹ ’ਚ ਖੁਸ਼ ਹੈ ਪਰ ਉਸ ਦੇ ਮਾਤਾ-ਪਿਤਾ ਨੂੰ ਸ਼ੁਰੂ ’ਚ ’ਸ਼ੋਲੇ’ ਅਦਾਕਾਰਾ ਧਰਮਿੰਦਰ ਨਾਲ ਹੇਮਾ ਦਾ ਰਿਸ਼ਤਾ ਮਨਜ਼ੂਰ ਨਹੀਂ ਸੀ ਕਿਉਂਕਿ ਉਹ ਪ੍ਰਕਾਸ਼ ਕੌਰ ਨਾਲ ਪਹਿਲਾਂ ਹੀ ਵਿਆਹੇ ਹੋਏ ਸਨ। ਧਰਮਿੰਦਰ ਨਾਲ ਵਿਆਹ ਦੇ 43 ਸਾਲ ਬਾਅਦ ਵੀ ਹੇਮਾ ਮਾਲਿਨੀ ਨੂੰ ਉਸ ਵਿਰੁੱਧ ਕੋਈ ਸ਼ਿਕਾਇਤ ਨਹੀਂ ਹੈ, ਜਿਸ ਨੇ ਪ੍ਰਕਾਸ਼ ਕੌਰ ਨੂੰ ਤਲਾਕ ਦਿੱਤੇ ਬਿਨਾਂ ਡਰੀਮ ਗਰਲ ਨਾਲ ਵਿਆਹ ਕਰ ਲਿਆ ਸੀ। ਧਰਮਿੰਦਰ ਫਿਲਹਾਲ ਆਪਣੀ ਪਹਿਲੀ ਪਤਨੀ ਅਤੇ ਪਰਿਵਾਰ ਨਾਲ ਰਹਿ ਰਹੇ ਹਨ।

’ਲਹਿਰੀਨ’ ਨੂੰ ਦਿੱਤੇ ਇੰਟਰਵਿਊ ’ਚ ਹੇਮਾ ਮਾਲਿਨੀ ਨੇ ਧਰਮਿੰਦਰ ਨਾਲ ਆਪਣੇ ਰਿਸ਼ਤੇ ਬਾਰੇ ਗੱਲ ਕੀਤੀ ਅਤੇ ਦੱਸਿਆ ਕਿ ਉਹ ਉਨ੍ਹਾਂ ਤੋਂ ਦੂਰ ਕਿਉਂ ਰਹਿੰਦੀ ਹੈ। ਉਹ ਕਹਿੰਦੀ ਹੈ, ’ਇਹ ਕੋਈ ਨਹੀਂ ਚਾਹੁੰਦਾ, ਇਹ ਆਪਣੇ ਆਪ ਹੁੰਦਾ ਹੈ ਅਤੇ ਜੋ ਹੁੰਦਾ ਹੈ ਤੁਹਾਨੂੰ ਸਵੀਕਾਰ ਕਰਨਾ ਪੈਂਦਾ ਹੈ। ਨਹੀਂ ਤਾਂ, ਕੋਈ ਮਹਿਸੂਸ ਨਹੀਂ ਕਰ ਸਕੇਗਾ ਕਿ ਕੋਈ ਆਪਣੀ ਜ਼ਿੰਦਗੀ ਕਿਵੇਂ ਜੀਣਾ ਚਾਹੁੰਦਾ ਹੈ. ਆਮ ਪਰਿਵਾਰ ਵਾਂਗ ਹਰ ਔਰਤ ਪਤੀ ਅਤੇ ਬੱਚੇ ਚਾਹੁੰਦੀ ਹੈ, ਪਰ ਕਿਤੇ ਨਾ ਕਿਤੇ ਚੀਜ਼ਾਂ ਉਮੀਦ ਮੁਤਾਬਕ ਨਹੀਂ ਹੁੰਦੀਆਂ।’

74 ਸਾਲਾ ਹੇਮਾ ਮਾਲਿਨੀ ਅੱਗੇ ਕਹਿੰਦੀ ਹੈ, ’ਮੈਨੂੰ ਇਸ ਦਾ ਬੁਰਾ ਨਹੀਂ ਲੱਗਦਾ। ਮੈਂ ਆਪਣੇ ਆਪ ਵਿੱਚ ਖੁਸ਼ ਹਾਂ। ਮੇਰੇ ਦੋ ਬੱਚੇ ਹਨ, ਜਿਨ੍ਹਾਂ ਨੂੰ ਮੈਂ ਚੰਗੀ ਤਰ੍ਹਾਂ ਪਾਲਿਆ ਹੈ। ਬੇਸ਼ੱਕ, ਧਰਮਿੰਦਰ ਹਮੇਸ਼ਾ ਉੱਥੇ ਸੀ। ਬਹੁਤ ਸਾਰੇ ਨਹੀਂ ਜਾਣਦੇ, ਪਰ ਹੇਮਾ ਦੀ ਮਾਂ ਜਯਾ ਚੱਕਰਵਰਤੀ ਨੇ ਆਪਣੀ ਧੀ ਨੂੰ ਜਤਿੰਦਰ ਨਾਲ ਵਿਆਹ ਕਰਨ ਲਈ ਕਾਫੀ ਮਨਾਇਆ ਸੀ, ਜਿਸ ਦਾ ਜ਼ਿਕਰ ਹੇਮਾ ਮਾਲਿਨੀ ਨੇ ਆਪਣੀ ਜੀਵਨੀ ’ਹੇਮਾ ਮਾਲਿਨੀ: ਬਿਓਂਡ ਦ ਡਰੀਮ ਗਰਲ’ ਵਿੱਚ ਕੀਤਾ ਹੈ।

ਹੇਮਾ ਅਤੇ ਜਤਿੰਦਰ ਦਾ ਪਰਿਵਾਰ ਆਪਣੇ ਗੁਪਤ ਵਿਆਹ ਲਈ ਚੇਨਈ ਪਹੁੰਚ ਗਿਆ ਸੀ, ਪਰ ਇਹ ਖਬਰ ਸਥਾਨਕ ਅਖਬਾਰ ਵਿੱਚ ਲੀਕ ਹੋ ਗਈ ਅਤੇ ਪ੍ਰਕਾਸ਼ਤ ਹੋ ਗਈ। ਹੈਰਾਨ ਹੋਏ ਧਰਮਿੰਦਰ ਜੀਤੇਂਦਰ ਦੀ ਪ੍ਰੇਮਿਕਾ ਸ਼ੋਭਾ (ਹੁਣ ਪਤਨੀ) ਨਾਲ ਚੇਨਈ ਪਹੁੰਚ ਗਏ। ਦੋਵਾਂ ਦਾ ਆਹਮੋ-ਸਾਹਮਣਾ ਹੋਇਆ ਅਤੇ ਵਿਆਹ ਰੱਦ ਹੋ ਗਿਆ।

ਹੇਮਾ ਅਤੇ ਧਰਮਿੰਦਰ ਨੇ ਬਹੁਤ ਵਿਰੋਧ ਦੇ ਬਾਵਜੂਦ 2 ਮਈ 1980 ਨੂੰ ਵਿਆਹ ਕਰਵਾ ਲਿਆ। ਅੱਜ ਇਸ ਜੋੜੇ ਦੀਆਂ ਦੋ ਧੀਆਂ ਹਨ। 87 ਸਾਲਾ ਧਰਮਿੰਦਰ ਦੇ ਪਹਿਲੀ ਪਤਨੀ ਪ੍ਰਕਾਸ਼ ਕੌਰ ਤੋਂ 4 ਬੱਚੇ ਹਨ।



# ਪ੍ਰਵਾਸੀ ਪੰਜਾਬੀਆਂ ਦੇ ਜੀਵਨ ’ਤੇ ਝਾਤ ਪਾਉਂਦੀ ਮਨੋਰੰਜਨ ਭਰਪੂਰ ਫ਼ਿਲਮ ‘ਮੁੰਡਾ ਸਾਊਥਹਾਲ ਦਾ’

**ਜਿੰਦ ਜਵੰਦਾ**



ਪੰਜਾਬੀ ਫ਼ਿਲਮ ‘ਮੁੰਡਾ ਸਾਊਥਹਾਲ ਦਾ’ ਇੱਕ ਖ਼ੂਬਸੂਰਤ ਤੇ ਦਿਲਚਸਪ ਵਿਸ਼ੇ ’ਤੇ ਬਣੀ ਮਨੋਰੰਜਨ ਭਰਪੂਰ ਡਰਾਮਾ ਫ਼ਿਲਮ ਹੈ। ਇਹ ਫ਼ਿਲਮ ਅਜੋਕੀ ਪੀੜੀ ਅਤੇ ਸਮਾਜ ਦੀ ਕਹਾਣੀ ਹੈ, ਜੋ ਖ਼ੂਬਸੂਰਤ ਤਰੀਕੇ ਨਾਲ ਕਈ ਮੁੱਦਿਆਂ ’ਤੇ ਵਿਅੰਗਮਈ ਅੰਦਾਜ਼ ਵਿੱਚ ਕਟਾਕਸ਼ ਕਰਦੀ ਹੈ। ਪੰਜਾਬੀ ਫ਼ਿਲਮ “ਲਾਈਏ ਜੇ ਯਾਰੀਆ” ਜ਼ਰੀਏ ਬਤੌਰ ਨਿਰਦੇਸ਼ਕ ਆਪਣੀ ਸ਼ੁਰੂਆਤ ਕਰਨ ਵਾਲੇ ਨਾਮਵਾਰ ਮਿਊਜ਼ਿਕ ਵੀਡੀਓ ਡਾਇਰੈਕਟਰ ਸੁੱਖ ਸੰਘੇੜਾ ਦੀ ਬਤੌਰ ਫਿਲਮ ਨਿਰਦੇਸ਼ਕ-ਲੇਖਕ ਇਹ ਦੂਜੀ ਪੰਜਾਬੀ ਫਿਲਮ ਹੈ। ਇਸ ਫਿਲਮ ਜਰੀਏ ਚਰਚਿਤ ਨੌਜਵਾਨ ਗਾਇਕ ਅਰਮਾਨ ਬੇਦਿਲ ਵੀ ਬਤੌਰ ਹੀਰੋ ਫ਼ਿਲਮ ਇੰਡਸਟਰੀ ਵਿੱਚ ਪਲੇਠਾ ਕਦਮ ਰੱਖਣ ਜਾ ਰਹੇ ਹਨ। ਨਾਮਵਾਰ ਮਾਡਲ ਪ੍ਰੀਤ ਔਜਲਾ ਦੀ ਵੀ ਇਹ ਪਹਿਲੀ ਫ਼ਿਲਮ ਹੋਵੇਗੀ। ਹੈ। “ਟੈਨ ਪਲੱਸ ਵੰਨ ਕਰੇਸ਼ਨ, “ਫ਼ਿਲਮ ਮੈਜਿਕ”ਅਤੇ ਪਿੰਕ ਪੋਨੀ ਪ੍ਰੋਡਕਸ਼ਨ” ਦੇ ਬੈਨਰ ਹੇਠ ਬਣੀ ਅਤੇ 4 ਅਗਸਤ ਨੂੰ ਦੁਨੀਆਂ ਭਰ ਵਿੱਚ ਰਿਲੀਜ ਹੋਣ ਜਾ ਰਹੀ ਹੈ ਇਸ ਫ਼ਿਲਮ ਵਿੱਚ ਤੰਨੂ ਗਰੇਵਾਲ, ਪਾਕਿਸਤਾਨੀ ਨਾਮਵਰ ਅਦਾਕਾਰ ਇਫਤਿਆਰ ਠਾਕੁਰ, ਗਾਇਕ ਸਰਬਜੀਤ ਚੀਮਾ, ਗੋਲਡਬੁਆਏ, ਗੁਰਪ੍ਰੀਤ ਭੰਗੂ, ਮਲਕੀਅਤ ਰੌਣੀ ਅਤੇ ਪ੍ਰੀਤੋ ਸਮੇਤ ਕਈ ਚਰਚਿਤ ਅਦਾਕਾਰ ਨਜ਼ਰ ਆਉਣਗੇ। ਫ਼ਿਲਮ ਦੇ ਨਿਰਦੇਸ਼ਕ ਸੁੱਖ ਸੰਘੇੜਾ ਮੁਤਾਬਕ ਦਰਜਨਾਂ ਨਾਮੀ ਕਲਾਕਾਰਾਂ ਦੇ ਸੈਂਕੜੇ ਮਿਊਜ਼ਿਕ ਵੀਡੀਓ ਸ਼ੂਟ ਕਰਨ ਤੋਂ ਬਾਅਦ ਉਹਨਾਂ ਦਾ ਅਗਲਾ ਸੁਪਨਾ ਫ਼ਿਲਮ ਨਿਰਦੇਸ਼ਨ ਵੱਲ ਆਓਂਣਾ ਸੀ, ਜੋ ਹੁਣ ਇਸ ਫ਼ਿਲਮ ਨਾਲ ਪੂਰਾ ਹੋਣ ਜਾ ਰਿਹਾ ਹੈ। ਇਸ ਫ਼ਿਲਮ ਦੀ ਕਹਾਣੀ ਤੇ ਸਕਰੀਨਪਲੇ ਵੀ ਉਹਨਾਂ ਨੇ ਖੁਦ ਹੀ ਲਿਖਿਆ ਹੈ। ਇਸ ਫ਼ਿਲਮ ਵਿੱਚ ਇੱਕ ਵੱਖਰੇ ਕਿਸਮ ਦੀ ਪ੍ਰੇਮ ਕਹਾਣੀ ਦੇ ਨਾਲ ਨਾਲ ਵਿਦੇਸ਼ਾਂ ਵਿੱਚ ਰਹਿੰਦੇ ਪਰਿਵਾਰਾਂ ਦੀ ਜ਼ਿੰਦਗੀ, ਵਿਦੇਸ਼ਾਂ ਵਿੱਚ ਪੱਕੇ ਹੋਣ ਲਈ ਵਰਤੇ ਜਾਂਦੇ ਹੱਥਕੰਡਿਆਂ ਦੀ ਕਹਾਣੀ ਬਿਆਨ ਕਰਦੀ ਹੈ। ਕੈਮਰਾਮੈਨ ਸੈਮ ਮੱਲੀ ਵੱਲੋਂ ਕੈਮਰੇ ਚ ਕੈਦ ਕੀਤੇ ਗਏ ਖ਼ੂਬਸੂਰਤ ਦ੍ਰਿਸ਼ ਵੱਡੀ ਸਕਰੀਨ ‘ਤੇ ਇੱਕ ਵੱਖਰਾ ਹੀ ਨਜ਼ਾਰਾ ਪੇਸ਼ ਕਰਨਗੇ। ਇਹ ਫ਼ਿਲਮ ਸਾਊਥਾਲ ਵਿੱਚ ਰਹਿੰਦੇ ਇੱਕ ਨੌਜਵਾਨ ਵਿਦਿਆਰਥੀ ਦੀ ਜ਼ਿੰਦਗੀ ਦੁਆਲੇ ਘੁੰਮਦੀ ਹੋਈ ਜਿੰਦਗੀ ਦੇ ਵੱਖ ਵੱਖ ਰੰਗਾਂ ਦੀ ਬਾਤ ਪਾਉਂਦੀ ਹੈ। ਆਪਣੀ ਗਾਇਕੀ ਨਾਲ ਹਰਦਿਲ ਅਜ਼ੀਜ਼ ਬਣੇ ਗਾਇਕ ਅਰਮਾਨ ਬੇਦਿਲ ਮੁਤਾਬਕ ਇਹ ਫ਼ਿਲਮ ਉਸਦੀ ਜ਼ਿੰਦਗੀ ਦਾ ਟਰਨਿੰਗ ਪੁਆਇੰਟ ਸਾਬਤ ਹੋਵੇਗੀ। ਇਸ ਫ਼ਿਲਮ ਵਿੱਚ ਉਸਨੇ ਅਰਜੁਨ ਨਾਂ ਦੇ ਉਸ ਨੌਜਵਾਨ ਦੀ ਮੁੱਖ ਭੂਮਿਕਾ ਨਿਭਾਈ ਹੈ ਜੋ ਸਾਊਥਹਾਲ ਵਿੱਚ ਪੜਾਈ ਕਰ ਰਿਹਾ ਹੈ ਅਤੇ ਫੁੱਟਬਾਲ ਦਾ ਖਿਡਾਰੀ ਹੈ। ਉਸਦਾ ਮਕਸਦ ਫੁੱਟਬਾਲ ਦੇ ਵੱਡੇ ਮੈਚਾਂ ਵਿੱਚ ਹਿੱਸਾ ਲੈਣਾ ਹੈ। ਓਸਦੀ ਜ਼ਿੰਦਗੀ ਵਿੱਚ ਉਸ ਵੇਲੇ ਬਦਲਾਅ ਆਉਂਦਾ ਹੈ ਜਦੋਂ ਅਚਾਨਕ ਉਸਦੀ ਮੁਲਾਕਾਤ ਫਿਲਮ ਦੀ ਨਾਇਕਾ ਰਾਵੀ ਨਾਲ ਹੁੰਦੀ ਹੈ। ਅਰਜੁਨ ਰਾਵੀ ਨਾਲ ਮੁਹੱਬਤ ਕਰਨ ਲੱਗਦਾ ਹੈ ਪਰ ਇਹ ਮੁਹੱਬਤ ਉਸਦੀ ਜ਼ਿੰਦਗੀ ਨੂੰ ਇੱਕ ਵੱਖਰੀ ਦੁਨੀਆ ਵਿੱਚ ਲੈ ਜਾਂਦੀ ਹੈ। ਰਾਵੀ ਦਾ ਅਰਜਨ ਨੂੰ ਅਚਾਨਕ ਛੱਡਣਾ ਫ਼ਿਲਮ ਵਿੱਚ ਵੱਡਾ ਮੋੜ ਲੈ ਕੇ ਆਉਂਦਾ ਹੈ। ਅਰਮਾਨ ਮੁਤਾਬਕ ਦਰਸ਼ਕਾਂ ਨੂੰ ਇਹ ਕਿਰਦਾਰ ਬੇਹੱਦ ਪਸੰਦ ਆਵੇਗਾ। ਗਿੱਪੀ ਗਰੇਵਾਲ ਦੀ ਫ਼ਿਲਮ “ਯਾਰ ਮੇਰਾ ਤਿੱਤਲੀਆਂ ਵਰਗਾ” ਜ਼ਰੀਏ ਚਰਚਾ ਵਿੱਚ ਆਈ ਤੰਨੂ ਗਰੇਵਾਲ ਇਸ ਫ਼ਿਲਮ ਵਿੱਚ ਰਾਵੀ ਦੇ ਕਿਰਦਾਰ ਵਿੱਚ ਨਜ਼ਰ ਆਵੇਗੀ। ਰਾਵੀ ਫ਼ਿਲਮ ਵਿੱਚ ਉਹਨਾਂ ਕੁੜੀਆਂ ਦੀ ਗੱਲ ਕਰੇਗੀ ਜਿਨ੍ਹਾਂ ਨੂੰ ਪਰਿਵਾਰ ਦੇ ਦਬਾਅ ਕਾਰਨ ਕਈ ਅਜਿਹੇ ਫੈਸਲੇ ਕਰਨੇ ਪੈਂਦੇ ਹਨ ਜੋ ਉਹਨਾਂ ਲਈ ਜ਼ਿੰਦਗੀ ਨੂੰ ਨਰਕ ਬਣਾ ਦਿੰਦੇ ਹਨ। ਕੱਚੇ- ਪੱਕੇ ਵਿਆਹਾਂ ਅਤੇ ਇਮੀਗੇਸ਼ਨ ਲਈ ਰਿਸ਼ਤਿਆਂ ਦੇ ਹੋ ਰਹੇ ਘਾਣ ਦੀ ਗੱਲ ਕਰਦੀ ਇਸ ਫ਼ਿਲਮ ਜ਼ਰੀਏ ਉਸਨੇ ਪਹਿਲੀ ਵਾਰ ਇਸ ਕਿਸਮ ਦਾ ਦਮਦਾਰ ਤੇ ਪ੍ਰਭਾਵਸ਼ਾਲੀ ਕਿਰਦਾਰ ਨਿਭਾਇਆ ਹੈ। ਇਸ ਫ਼ਿਲਮ ਦੀ ਕਹਾਣੀ ਦੇ ਨਾਲ ਨਾਲ ਇਸ ਦਾ ਮਿਊਜ਼ਿਕ ਵੀ ਦਰਸ਼ਕਾਂ ਦਾ ਦਿਲ ਜਿੱਤਣ ਵਾਲਾ ਹੈ। ਫ਼ਿਲਮ ਦੇ ਗੀਤ ਹਰਮਨਜੀਤ, ਰਾਜ ਰਣਜੋਧ, ਨਵੀਂ ਫਿਰੋਜਪੁਰੀਆ ਤੇ ਕਪਤਾਨ ਨੇ ਲਿਖੇ ਹਨ। ਇਹਨਾਂ ਗੀਤਾਂ ਨੂੰ ਆਵਾਜ਼ ਪ੍ਰੇਮ ਢਿੱਲੋਂ, ਅਰਮਾਨ ਬੇਦਿਲ, ਕਪਤਾਨ ਅਤੇ ਰਾਜ ਰਣਜੋਧ ਨੇ ਦਿੱਤੀ ਹੈ। ਫ਼ਿਲਮ ਦਾ ਸੰਗੀਤ ਗੋਲਡ ਬੁਆਏ, ਰਾਜ ਰਣਜੋਧ, ਗੌਰਵ ਦੇਵ, ਕਾਰਤਿਵ ਦੇਵ ਤੇ ਓਪੀਆਈ ਮਿਊਜਿਕ ਨੇ ਤਿਆਰ ਕੀਤਾ ਹੈ। ਆਮ ਫਿਲਮਾਂ ਨਾਲੋਂ ਬਿਲਕੁਲ ਵੱਖਰੇ ਕਿਸਮ ਦੀ ਇਹ ਫ਼ਿਲਮ ਦਰਸ਼ਕਾਂ ਦੀ ਕਸਵੱਟੀ ’ਤੇ ਖਰਾ ਉਤਰੇਗੀ ਇਹ ਗੱਲ ਫ਼ਿਲਮ ਦੇ ਟ੍ਰੇਲਰ ਨੇ ਸਾਬਤ ਕਰ ਦਿੱਤੀ ਹੈ।

**9779591482**

# ਗਾਇਕ ਰਵੀ ਗਿੱਲ ਦਾ ਗੀਤ ‘ਫੋਕ ਟੱਚ ਨੀਂਦ’ ਰਿਲੀਜ਼

ਬਹੁਤ ਈ ਖ਼ੂਬਸੂਰਤ ਅਵਾਜ ਦੇ ਮਾਲਕ, ਨੌਜਵਾਨ ਗਾਇਕ ਰਵੀ ਗਿੱਲ ਦਾ ਬਹੁਤ ਈ ਖ਼ੂਬਸੂਰਤ ਗੀਤ ਫੋਕ ਟੱਚ ‘ਨੀਂਦ’ ਪੂਰੀ ਦੁਨੀਆ ਵਿੱਚ ਰਿਲੀਜ ਕੀਤਾ ਗਿਆ ਹੈ। ਇਸ ਗੀਤ ਨੂੰ ਆਪਣੀ ਖ਼ੂਬਸੂਰਤ ਕਲਮ ਰਾਹੀ ਧਰਮਜੀਤ ਸੰਧੂ ਨੇ ਸ਼ਿੰਗਾਰਿਆ ਏ। ਇਸ ਗੀਤ ਦਾ ਸੰਗੀਤ ਰੋਹਿਤ ਰਿਆਜ ਨੇ ਬਹੁਤ ਮਿਹਨਤ ਨਾਲ ਤਿਆਰ ਕੀਤਾ।

ਛਿੰਦਾ ਧਾਲੀਵਾਲ ਕੁਰਾਈ ਵਾਲਾ ਨੇ ਜਾਣਕਾਰੀ ਦਿੰਦਿਆ ਦੱਸਿਆ ਇਸ ਗੀਤ ਨੂੰ ਤਿਆਰ ਕਰਨ ਲਈ ਸਾਰੀ ਟੀਮ ਨੇ ਬਹੁਤ ਮਿਹਨਤ ਕੀਤੀ ਆ, ਇਸ ਲਈ ਇਹ ਗੀਤ ਪੰਜਾਬੀਆ ਦੀ ਪਹਿਲੀ ਪਸੰਦ ਹੋਵੇਗਾ। ਇਸ ਗੀਤ ਵਿੱਚ ਨਾਮਵਰ ਅਦਾਕਾਰਾ ਨੇ ਕੰਮ ਕੀਤਾ ਜਿੰਨਾ ਵਿੱਚੋ ਪ੍ਰਮੁੱਖ ਹਨ ਕੀਰਤੀ, ਲਵਪ੍ਰੀਤ ਸਿੰਘ, ਛਿੰਦਾ ਧਾਲੀਵਾਲ, ਪਰਮ ਸਿੱਧੂ, ਹੈਰੀ ਸਿੰਘ, ਪੰਮੀ ਜੱਸਲ।

ਇਸ ਗੀਤ ਦਾ ਵੀਡੀਓ ਖੁਸ਼ਕਰਨ ਸਿੰਘ, ਸੁਖਚੈਨ ਚੈਨਾ, ਰਾਹੁਲ ਚੌਹਾਨ, ਅਡੀਟਰ ਪਵਨਪ੍ਰੀਤ ਨੇ ਵੱਖ ਵੱਖ ਖ਼ੂਬਸੂਰਤ ਲੁਕੇਸ਼ਨਾ ਤੇ ਬਹੁਤ ਮਿਹਨਤ ਨਾਲ ਤਿਆਰ ਕੀਤਾ ਹੈ।

**ਛਿੰਦਾ ਧਾਲੀਵਾਲ ਕੁਰਾਈ ਵਾਲਾ**

75082-54006



# ਘਰੇਲੂ ਆਰਥਿਕਤਾ 'ਚ ਪਾਵੇ ਜਾਨ ਗ੍ਰਹਿ ਵਿਗਿਆਨ



ਸਾਡੇ ਰੋਜ਼ਾਨਾ ਜੀਵਨ 'ਚ ਹਰ ਮਨੁੱਖ ਦਾ ਵਾਹ-ਵਾਸਤਾ ਗ੍ਰਹਿ ਵਿਗਿਆਨ ਨਾਲ ਰਹਿੰਦਾ ਹੀ ਹੈ। ਸਮਾਜ 'ਚ ਜਾਂ ਸਾਡੇ ਸਿੱਖਿਆ ਖੇਤਰ ਦੀ ਗ਼ਲਤ ਧਾਰਨਾ ਹੈ ਕਿ ਇਹ ਵਿਸ਼ਾ ਸਿਰਫ਼ ਲੜਕੀਆਂ/ਇਸਤਰੀਆਂ ਦਾ ਵਿਸ਼ਾ ਹੈ ਜਦੋਂਕਿ ਪੁਰਖਾਂ ਲਈ ਵੀ ਬੇਹੱਦ ਜ਼ਰੂਰੀ ਵਿਸ਼ਾ ਹੈ। ਸ਼ਾਇਦ ਇਸੇ ਗ਼ਲਤ ਧਾਰਨਾ ਕਰਕੇ ਸਕੂਲਾਂ, ਕਾਲਜਾਂ ਤੇ ਯੂਨੀਵਰਸਿਟੀਆਂ ਦੇ ਵਿਦਿਆਰਥੀ ਗ੍ਰਹਿ ਵਿਗਿਆਨ (ਹੋਮ ਸਾਇੰਸ) ਵਿਸ਼ੇ ਨੂੰ ਘੱਟ ਹੀ ਚੁਣਦੇ ਹਨ ਤੇ ਮੁੰਡੇ ਤਾਂ ਇਹ ਵਿਸ਼ਾ ਚੁਣਦੇ ਹੀ ਨਹੀਂ। ਦੱਸਣਾ ਬਣਦਾ ਹੈ ਕਿ ਗ੍ਰਹਿ ਵਿਗਿਆਨ ਹਰ ਵਿਅਕਤੀ ਦੀ ਰੋਜ਼ਮਰ੍ਹਾ ਜ਼ਿੰਦਗੀ ਨੂੰ ਉੱਤਮ ਤਰੀਕੇ ਨਾਲ ਜਿਊਣ 'ਚ ਅਹਿਮ ਰੋਲ ਅਦਾ ਕਰਦਾ ਹੈ। ਅੱਜ-ਕੱਲ੍ਹ ਬਾਜ਼ਾਰ ਦਾ ਬੋਲਬਾਲਾ ਕਰਕੇ ਅਸੀਂ ਬਾਜ਼ਾਰ 'ਚ ਸਰਮਾਇਆ ਖ਼ਰਚ ਕੇ ਮੂਲ ਲੋੜਾਂ ਪੂਰੀਆਂ ਕਰ ਰਹੇ ਹਾਂ। ਸਿਹਤ, ਖਾਣ-ਪੀਣ, ਪਹਿਨਣ, ਰਹਿਣ ਅਤੇ ਵਰਤੋਂ ਸਬੰਧੀ ਹਰ ਚੀਜ਼ ਅਸੀਂ ਘਰ ਪੈਦਾ ਨਹੀਂ ਕਰਦੇ ਕਿਉਂਕਿ ਸਾਡੇ ਕੋਲ ਘਰੇਲੂ ਚੀਜ਼ਾਂ ਬਣਾਉਣ, ਸੰਵਾਰਨ ਤੇ ਪੈਦਾ ਕਰਨ ਦਾ ਹੁਨਰ ਹੀ ਨਹੀਂ ਹੈ। ਪੁਰਾਣੇ ਸਮਿਆਂ 'ਚ ਸਾਡੇ ਪੁਰਖੇ ਸਿਰਫ਼ ਰਸੋਈ ਦੀਆਂ ਲੋੜਾਂ ਦੀ ਪੂਰਤੀ ਹੀ ਘਰਾਂ 'ਚ ਨਹੀਂ ਕਰਦੇ ਸਨ ਸਗੋਂ ਬੜੇ ਸੁੰਦਰ, ਗੁੰਝਲਦਾਰ ਅਤੇ ਵਿਰਾਸਤੀ ਵਸਤਾਂ ਵੀ ਖੱਡੀਆਂ 'ਤੇ ਜਾਂ ਹੱਥਾਂ ਨਾਲ ਬੁਣ ਕੇ ਘਰੇਲੂ, ਵਿਆਹਾਂ ਅਤੇ ਸਾਹਿਆਂ ਦੀਆਂ ਰਵਾਇਤਾਂ ਪੂਰੀਆਂ ਕਰ ਲੈਂਦੇ ਸਨ, ਜਿਸ ਨਾਲ ਬੇਸ਼ੁਮਾਰ ਸਰਮਾਇਆ ਬਚ ਜਾਂਦਾ ਸੀ। ਗ੍ਰਹਿ ਵਿਗਿਆਨ ਹੁਨਰ ਪੈਦਾ ਕਰਨ ਵਾਲਾ ਵਿਸ਼ਾ ਹੈ, ਜਿਸ ਨੂੰ ਅਸੀਂ ਹੁਣ ਅਪਣਾ ਹੀ ਨਹੀਂ ਰਹੇ।



**ਵਿਜੈ ਗਰਗ ਰਿਟਾਇਰਡ ਪ੍ਰਿੰਸੀਪਲ ਐਜੂਕੇਸ਼ਨਲ ਕਾਲਮਨਿਸਟ ਮਲੋਟ**

**ਟੈਕਸਟਾਇਲ ਸਾਇੰਸ :** ਜੇ ਵਿਅਕਤੀ ਨੂੰ ਗ੍ਰਹਿ ਵਿਗਿਆਨ ਦੀ ਸਿਖਲਾਈ ਪ੍ਰਾਪਤ ਹੋਵੇ ਤਾਂ ਬਹੁਤ ਸਾਰੇ ਕੱਪੜੇ, ਵਸਤਾਂ ਦੇ ਡਿਜ਼ਾਈਨ ਬਾਜ਼ਾਰੋਂ ਖ਼ਰੀਦਣੇ ਹੀ ਨਾ ਪੈਣ ਅਤੇ ਘਰ ਹੀ ਤਿਆਰ ਹੋ ਜਾਣ। ਗ੍ਰਹਿ ਵਿਗਿਆਨ ਦੇ ਇਸ ਅੰਗ ਰਾਹੀਂ ਸਾਨੂੰ ਕੱਪੜਿਆਂ ਦੀ ਸਹੀ ਗੁਣਵੱਤਾ ਦੀ ਪਛਾਣ, ਡਰਾਈ ਕਲੀਨਿੰਗ, ਡਰਾਇੰਗ, ਪ੍ਰਿੰਟਿੰਗ, ਕੰਪਿਊਟਰ ਨਾਲ ਡਿਜ਼ਾਈਨਿੰਗ ਆਦਿ ਦੀ ਪੇਸ਼ੇਵਾਰਨਾ ਮੁਹਾਰਤ ਹਾਸਿਲ ਹੁੰਦੀ ਹੈ। ਇਹ ਹੁਨਰ ਪੁਰਾਣੇ ਸਮੇਂ 'ਚ ਹਰ ਘਰ ਦੀ ਔਰਤ ਕੋਲੋਂ ਪੀੜ੍ਹੀ-ਦਰ-ਪੀੜ੍ਹੀ ਅੱਗੇ ਤੁਰਦਾ ਸੀ। ਅੱਜ ਦੇ ਦੌਰ 'ਚ ਜੇ ਹਰ ਘਰ-ਪਰਿਵਾਰ 'ਚ ਇਕ ਔਰਤ ਇਹ ਹੁਨਰ ਰੱਖਦੀ ਹੋਵੇ ਤਾਂ ਲੱਖਾਂ ਰੁਪਏ ਸਾਲਾਨਾ ਬੱਚਤ ਹੋ ਸਕਦੀ ਹੈ।

**ਪਰਿਵਾਰਕ ਸਰੋਤ ਪ੍ਰਬੰਧਨ :** ਗ੍ਰਹਿ ਵਿਗਿਆਨ ਸਾਨੂੰ ਇਸ ਗੱਲੋਂ ਵੀ ਸਮਰੱਥ ਬਣਾਉਂਦਾ ਹੈ ਕਿ ਅਸੀਂ ਘੱਟ ਸਾਧਨਾਂ, ਘੱਟ ਸਰਮਾਏ ਨਾਲ ਆਪਣੇ ਪੱਧਰ 'ਤੇ ਕਿਵੇਂ ਘਰਾਂ ਨੂੰ ਸੰਵਾਰਨਾ, ਊਰਜਾ ਦੀ ਬੱਚਤ ਤੇ ਪੈਦਾਵਰ, ਬਿਜਲਈ ਵਸਤਾਂ ਦੀ ਸਾਂਭ, ਘਰਾਂ ਦੇ ਅੰਦਰੂਨੀ ਤੇ ਬਾਹਰੀ ਡਿਜ਼ਾਈਨ ਤਿਆਰ ਕਰਨੇ, ਬਗ਼ੀਚੀ ਡਿਜ਼ਾਈਨ, ਫਰਨੀਚਰ ਦੀ ਸਾਂਭ-ਸੰਭਾਲ, ਸਾਫ਼-ਸਫ਼ਾਈ, ਪਰਿਵਾਰ, ਬੱਚਿਆਂ ਤੇ ਬਜ਼ੁਰਗਾਂ ਦੀ ਸਾਂਭ-ਸੰਭਾਲ ਕਿਸ ਤਰ੍ਹਾਂ ਕਰਨੀ ਹੈ। ਆਮ ਤੌਰ 'ਤੇ ਆਪਾਂ ਇਸ ਸਭ ਕੁਝ ਦਾ ਪ੍ਰਬੰਧ ਕਰਨ ਲਈ ਕਿੰਨੇ ਲੋਕਾਂ ਦੀ ਮਦਦ ਲੈਂਦੇ ਹਾਂ ਤੇ ਅੰਦਾਜ਼ਾ ਲਾਓ ਕਿ ਸਾਲਾਨਾ ਕਿੰਨਾ ਸਰਮਾਇਆ ਖ਼ਰਚ ਕਰਦੇ ਹਾਂ।

**ਸੰਚਾਰ ਪ੍ਰਬੰਧਨ :** ਸਾਡੇ ਸਮਾਜ 'ਚ ਤਰਕ ਅਤੇ ਵਿਗਿਆਨ ਦੇ ਗਿਆਨ ਦੀ ਬੜੀ ਕਮੀ ਹੈ। ਇਹ ਕਮੀ ਹੋਣ ਕਰਕੇ ਅਸੀਂ ਕਿੰਨੀ ਕੁਰੀਤੀਆਂ, ਧਾਰਨਾਵਾਂ ਤੇ ਝੂਠੀਆਂ ਉਦਾਹਰਨਾਂ 'ਚ ਫਸੇ ਹੋਏ ਹਾਂ। ਇਹ ਸਮਾਜਿਕ ਲੋੜ ਹੈ ਕਿ ਹਰ ਮਨੁੱਖ ਤਰਕ, ਵਿਗਿਆਨ ਤੇ ਕੁਦਰਤ ਦੇ ਨਿਯਮਾਂ ਮੁਤਾਬਿਕ ਸੋਚੇ। ਇਹ ਵਿਸ਼ਾ ਹਰ ਮਨੁੱਖ ਨੂੰ ਤਰਕ ਨਾਲ ਸੋਚਣਾ, ਸਮਝਣਾ ਤੇ ਸਮਝਾਉਣਾ ਸਿਖਾਉਂਦਾ ਹੈ। ਅਸੀਂ ਆਮ ਹੀ ਗੱਲਾਂ ਕਰਦੇ ਹਾਂ ਕਿ ਜੋ ਕੁਝ ਕਿਤਾਬਾਂ 'ਚ ਪੜ੍ਹਦੇ ਹਾਂ, ਉਹ ਲਾਗੂ ਨਹੀਂ ਹੋ ਰਿਹਾ। ਇਹ ਵਿਸ਼ਾ ਤੁਹਾਨੂੰ ਇਸ ਕਾਬਿਲ ਬਣਾਉਂਦਾ ਹੈ ਕਿ ਕਿਵੇਂ ਕਿਤਾਬਾਂ 'ਚੋਂ ਪ੍ਰਾਪਤ ਸਾਰਥਿਕ ਜਾਣਕਾਰੀ ਨੂੰ ਕਲਾਸ ਰੂਮ ਦੀਆਂ ਕੰਧਾਂ ਤੋਂ ਬਾਹਰ ਆਪਣੇ ਘਰਾਂ ਤੇ ਸਮਾਜ 'ਚ ਲਾਗੂ ਕਰਨਾ ਹੈ।

**ਮਨੋਵਿਗਿਆਨ ਤੇ ਪਰਿਵਾਰਕ ਅਧਿਐਨ :** ਮਨੁੱਖ ਦਾ ਖ਼ੁਦ 'ਤੇ ਕਾਬੂ, ਅੰਦਰੂਨੀ ਤਰਕ ਤੇ ਸਮਝਦਾਰ ਹੋਣਾ ਬਹੁਤ ਜ਼ਰੂਰੀ ਹੈ। ਇਸ ਲਈ ਇਹ ਵਿਸ਼ਾ ਮਨੁੱਖੀ ਜੀਵਨ ਦੇ ਵੱਖ-ਵੱਖ ਪੜਾਵਾਂ 'ਤੇ ਵਿਚਰਨਾ, ਸਮਝਣਾ ਆਦਿ ਸਿਖਾਉਂਦਾ ਹੈ। ਜੇ ਹਰ ਮਨੁੱਖ ਆਪਣੇ ਆਪ 'ਚ ਮਨ ਦਾ ਡਾਕਟਰ ਤੇ ਕਾਊਂਸਲਰ ਹੋਵੇ ਤਾਂ ਉਸ ਨੂੰ ਮਨੋਵਿਗਿਆਨੀਆਂ ਦੀ ਲੋੜ ਨਾ ਪਵੇ ਤੇ ਨਾ ਹੀ ਨਿੱਜ ਨੂੰ ਕਿਸੇ ਕੋਲ ਫਰੋਲਣਾ ਪਵੇ। ਮਾਨਸਿਕਤਾ ਦੀ ਕਮਜ਼ੋਰੀ ਕਿੰਨੀਆਂ ਬਿਮਾਰੀਆਂ ਦੀ ਜੜ੍ਹ ਹੈ ਤੇ ਮਾਨਸਿਕਤਾ ਦੀ ਤੰਦਰੁਸਤੀ ਕਿੰਨੀਆਂ ਮੁਸ਼ਕਲਾਂ ਦਾ ਹੱਲ ਹੈ। ਇਹ ਵਿਸ਼ਾ ਸਿਰਫ਼ ਮਾਨਸਿਕ ਬਿਮਾਰੀਆਂ ਨੂੰ ਸਮਝਣਾ ਜਾਂ ਹੱਲ ਕਰਨਾ ਹੀ ਨਹੀਂ ਸਿਖਾਉਂਦਾ ਸਗੋਂ ਹਰ ਬੰਦੇ ਨੂੰ ਪੌਣਾ ਡਾਕਟਰ ਵੀ ਬਣਾ ਦਿੰਦਾ ਹੈ। ਜੇ ਹਰ ਮਨੁੱਖ ਖ਼ੁਦ ਦੇ ਅਤੇ ਪਰਿਵਾਰ ਦੇ ਵਿਕਾਸ ਲਈ ਇਸ ਵਿਸ਼ੇ ਦੀ ਸਮਝ ਰੱਖੇ ਤਾਂ ਅਸੀਂ ਕਿੰਨੇ ਤੰਦਰੁਸਤ ਰਹਿ ਸਕਦੇ ਹਾਂ ਤੇ ਕਿੰਨਾ ਸਰਮਾਇਆ ਬਚਾ ਸਕਦੇ ਹਾਂ।

**ਲਾਜ਼ਮੀ ਵਿਸ਼ੇ ਵਜੋਂ ਜਾਵੇ ਪੜ੍ਹਾਇਆ :** ਇਹ ਵਿਸ਼ਾ ਜਿੱਥੇ ਸਾਡੇ ਕੀਮਤੀ ਧਨ ਦੀ ਵੱਡੇ ਪੱਧਰ 'ਤੇ ਬੱਚਤ ਕਰਦਾ ਹੈ, ਉੱਥੇ ਸਾਡੇ ਤਨ ਅਤੇ ਮਨ ਨੂੰ ਵੀ ਤੰਦਰੁਸਤ ਰੱਖਦਾ ਹੈ। ਫਿਰ ਕਿਉਂ ਅਸੀਂ ਇਹ ਵਿਸ਼ਾ ਵਿਸਾਰਿਆ ਹੋਇਆ ਹੈ? ਇਹ ਉੱਤਮ ਸਮਾਜ ਸੁਧਾਰਕ, ਬੌਧਿਕ, ਹੁਨਰਮੰਦੀ ਪੈਦਾ ਕਰਨ ਵਾਲਾ ਅਤੇ ਆਰਥਿਕਤਾ ਮਜ਼ਬੂਤ ਕਰਨ ਵਾਲਾ ਵਿਸ਼ਾ ਹੈ। ਇਸ ਲਈ ਚਾਹੀਦਾ ਹੈ ਕਿ ਇਹ ਵਿਸ਼ਾ ਸਕੂਲੀ ਸਿੱਖਿਆ ਤੋਂ ਲੈ ਕੇ ਉੱਚ ਸਿੱਖਿਆ ਤਕ ਲਾਜ਼ਮੀ ਵਿਸ਼ੇ ਵਜੋਂ ਪੜ੍ਹਾਇਆ ਜਾਵੇ। ਆਓ! ਵਿਸ਼ਾ ਗ੍ਰਹਿ ਵਿਗਿਆਨ ਅਪਣਾ ਕੇ ਕੀਮਤੀ ਸਰਮਾਇਆ ਬਚਾਈਏ, ਬਾਜ਼ਾਰ ਵਿੱਚੋਂ ਬੇਲੋੜੀ ਖ਼ਰੀਦੋ-ਫਰੋਖਤ ਤੋਂ ਬਚੀਏ, ਹੁਨਰ ਪੈਦਾ ਕਰੀਏ ਤੇ ਖ਼ੁਦ ਨੂੰ ਉੱਤਮ ਮਨੁੱਖ ਬਣਾਈਏ।

**ਕਮਾ ਸਕਦੇ ਹਾਂ ਪੈਸਾ :** ਅੱਜ-ਕੱਲ੍ਹ ਪੌਸ਼ਟਿਕਤਾ ਦੀ ਆੜ ਹੇਠ ਬਹੁਤ ਸਾਰੀਆਂ ਕੰਪਨੀਆਂ ਸੋਹਣੀ ਪੈਕਿੰਗ ਕਰ ਕੇ ਪ੍ਰੋਡਕਟ ਵੇਚ ਰਹੀਆਂ ਹਨ। ਲੋਕਾਂ ਨੇ ਵੀ ਪੌਸ਼ਟਿਕਤਾ ਨੂੰ ਮੁੱਖ ਲੋੜ ਦੇ ਤੌਰ 'ਤੇ ਸਵੀਕਾਰ ਵੀ ਕਰ ਲਿਆ ਹੈ, ਫਿਰ ਕਿਉਂ ਨਾ ਅਸੀਂ ਪੌਸ਼ਟਿਕ ਚੀਜ਼ਾਂ ਘਰ ਹੀ ਪੈਦਾ ਕਰੀਏ। ਗ੍ਰਹਿ ਵਿਗਿਆਨ ਦੇ ਹੁਨਰਾਂ ਰਾਹੀਂ ਰਸੋਈ 'ਚ ਵਰਤੋਂ ਆਉਣ ਵਾਲਾ ਸਾਰਾ ਸਾਮਾਨ ਆਦਿ ਘਰ ਪੈਦਾ ਕਰੀਏ, ਪ੍ਰੋਸੈਸਿੰਗ ਸਿੱਖੀਏ, ਜਿਸ ਨਾਲ ਸਾਡਾ ਸਰਮਾਇਆ ਤਾਂ ਬਚੇਗਾ ਹੀ ਅਤੇ ਨਾਲ-ਨਾਲ ਹੁਨਰ ਸਦਕਾ ਪ੍ਰੋਡਕਟ ਪੈਦਾ/ਪ੍ਰੋਸੈਸ/ਪੈਕਿੰਗ ਕਰ ਕੇ ਅਸੀਂ ਪੈਸਾ/ਸਰਮਾਇਆ ਕਮਾ ਸਕਦੇ ਹਾਂ।

# ਟੱਪਰੀਵਾਸ ਪਰਿਵਾਰ ਦੇ ਮੁੰਡੇ ਨੂੰ ਪੜ੍ਹਾ-ਲਿਖਾ ਕੇ ਮੈਂ ਉਸ ਦੇ ਪੈਰਾਂ 'ਤੇ ਖੜ੍ਹਾ ਕੀਤਾ

**ਡਾ. ਧਰਮਪਾਲ ਸਾਹਿਲ**

ਅੱਖਾਂ ਖ਼ੁਸ਼ੀ ਨਾਲ ਭਿੱਜੀਆਂ ਹੋਈਆਂ ਹਨ। ਸੂਬੇਦਾਰ ਮੇਜਰ ਆਨਰੇਰੀ ਕੈਪਟਨ ਬਲਬੀਰ ਸਿੰਘ ਤੇਤੀ ਸਾਲ ਫ਼ੌਜ ਵਿਚ ਸ਼ਾਨਦਾਰ, ਬੇਦਾਗ਼ ਸੇਵਾ ਕਰ ਕੇ ਘਰ ਪਰਤਿਆ ਹੈ। ਸੰਨ 1984-85 ਵਿਚ ਸਰਕਾਰੀ ਹਾਈ ਸਕੂਲ, ਮਨਸੂਰਪੁਰ ਵਿਖੇ ਪੰਜਵੀਂ ਜਮਾਤ ਵਿਚ ਬਲਾਕ 'ਚੋਂ ਫਸਟ ਆਇਆ ਬਲਬੀਰ ਸਿੰਘ ਮੇਰੀ ਛੇਵੀਂ ਜਮਾਤ ਦਾ ਵਿਦਿਆਰਥੀ ਸੀ। ਉਸ ਦੇ ਪਿਤਾ ਨੇ ਹਫ਼ਤੇ ਕੁ ਮਗਰੋਂ ਉਸ ਦੀ ਪੜ੍ਹਾਈ ਛੁਡਾ ਕੇ ਮੁਕੇਰੀਆਂ ਵਿਖੇ ਖਰਾਦ ਦਾ ਕੰਮ ਸਿੱਖਣ ਲਾ ਦਿੱਤਾ ਸੀ। ਕਲਮ-ਕਿਤਾਬ ਫੜਨ ਵਾਲੇ ਬਲਬੀਰ ਦੇ ਮਲੂਕ ਹੱਥ ਲੋਹੇ ਤੇ ਅੱਗ ਨਾਲ ਸਿੱਝਣਗੇ, ਇਹ ਮੇਰੇ ਤੋਂ ਸਹਿਣ ਨਹੀਂ ਸੀ ਹੋਇਆ। ਉਸ ਦੇ ਜਮਾਤੀਆਂ ਤੋਂ ਉਸ ਦੀ ਖੋਜ ਕਰਾਈ। ਪਤਾ ਲੱਗਾ ਕਿ ਟੱਪਰਵਾਸ ਪਰਿਵਾਰ ਨੇ ਇਹ ਪਿੰਡ ਛੱਡ ਕੇ ਦੂਰ ਨੰਗਲ ਬਿਹਾਲਾਂ ਵਿਖੇ ਡੇਰੇ ਲਾ ਲਏ ਹਨ। ਉਸ ਦੇ ਪਿਤਾ ਨਾਲ ਮੁਲਾਕਾਤ ਕਰ ਕੇ ਉਸ ਨੂੰ ਮੁੜ ਸਕੂਲੇ ਭੇਜਣ ਦੀ ਗੁਜ਼ਾਰਿਸ਼ ਕੀਤੀ।

ਅਨਪੜ੍ਹ ਪਿਤਾ ਲਈ ਬਲਬੀਰ ਦੀਆਂ ਪੰਜ ਜਮਾਤਾਂ ਹੀ ਕਿਸੇ ਆਲਿਮ ਫ਼ਾਜ਼ਿਲ ਤੋਂ ਘੱਟ ਨਹੀਂ ਸਨ। ਬਹੁਤ ਪੜ੍ਹ ਗਿਆ ਜੀ ਬਲਬੀਰ। ਸਾਡੇ ਨੀ ਖਾਨਦਾਨ ਵਿਚ ਕੋਈ ਇੰਨਾ ਪੜ੍ਹ ?ਹਿਆ। ਖਰਾਦ ਦਾ ਕੰਮ ਸਿੱਖ ਲਵੇਗਾ ਤਾਂ ਰੋਟੀ ਕਮਾਉਣ ਜੋਗਾ ਹੋ ਜਾਵੇਗਾ। ਮੇਰੇ 'ਤੇ ਹੋਰ ਟੱਬਰ ਦੀ ਜ਼ਿੰਮੇਵਾਰੀ ਵੀ ਹੈ ਜੀ। ਅੜੀਅਲ ਪਿਤਾ ਨੂੰ ਮਨਾਉਣ ਲਈ ਸਾਰੀ ਅਕਲ ਵਰਤਣੀ ਪਈ ਸੀ। ਫਿਰ ਕਿਤੇ ਜਾ ਕੇ ਬਲਬੀਰ ਦੇ ਪਿਤਾ ਦੀਆਂ ਫੀਸ, ਵਰਦੀ, ਬੂਟ, ਕਿਤਾਬਾਂ-ਕਾਪੀਆਂ, ਸਾਈਕਲ ਆਦਿ ਮੁਹੱਈਆ ਕਰਾਉਣ ਦੀ ਹਰ ਸ਼ਰਤ ਮੰਨ ਕੇ ਉਸ ਨੂੰ ਘੱਟੋ-ਘੱਟ ਦਸਵੀਂ ਕਰਾਉਣ ਲਈ ਆਪਣੇ ਕੁਲੀਗਜ਼ ਦੀ ਮਦਦ ਨਾਲ ਮਨਾ ਲਿਆ ਸੀ। ਦਸਵੀਂ ਪਾਸ ਕਰਾਉਣ ਦਾ ਵਚਨ ਲੈ ਕੇ ਬਲਬੀਰ ਨੂੰ ਖਰਾਦ ਦੇ ਕੰਮ ਤੋਂ ਮੁੜ ਸਕੂਲੇ ਲਿਆਂਦਾ ਸੀ। ਉਸ ਦੇ ਸਕੂਲ ਆਉਣ ਨਾਲ ਮੈਂ ਸੁੱਖ ਦਾ ਸਾਹ ਲਿਆ ਸੀ।

ਮੈਂ ਜਦੋਂ ਦਾਖ਼ਲਾ ਖ਼ਾਰਜ ਰਜਿਸਟਰ 'ਤੇ ਬਲਬੀਰ ਦਾ ਪ੍ਰਾਇਮਰੀ ਸਕੂਲ ਤੋਂ ਜਾਰੀ ਸਰਟੀਫਿਕੇਟ ਮੁਤਾਬਕ ਰਿਕਾਰਡ ਚੜ੍ਹਾ ਰਿਹਾ ਸੀ, ਉਸ ਦੀ ਜਨਮ ਤਰੀਕ ਵੇਖ ਕੇ ਮੈਂ ਹੈਰਾਨ ਰਹਿ ਗਿਆ ਸੀ। ਸਰਟੀਫਿਕੇਟ 'ਤੇ ਦਰਜ ਜਨਮ ਤਰੀਕ ਅਨੁਸਾਰ ਉਸ ਦੀ ਉਮਰ ਅਸਲ ਤੋਂ ਪੰਜ-ਛੇ ਸਾਲ ਵੱਧ ਬਣਦੀ ਸੀ। ਸ਼ਾਇਦ ਸਕੂਲੇ ਦਾਖ਼ਲੇ ਸਮੇਂ ਬਲਬੀਰ ਦੀ ਉਮਰ ਅੱਟੇ-ਸੱਟੇ ਨਾਲ ਹੀ ਲਿਖਾ ਦਿੱਤੀ ਗਈ ਸੀ। ਸਰਕਾਰੀ ਨੌਕਰੀ ਵਿਚ ਭਰਤੀ ਅਤੇ ਰਿਟਾਇਰਮੈਂਟ ਸਮੇਂ ਉਸ ਦਾ ਨੁਕਸਾਨ ਸਾਫ਼ ਨਜ਼ਰ ਆ ਰਿਹਾ ਸੀ। ਜਨਮ ਤਰੀਕ ਬਦਲਵਾਉਣ ਦਾ ਤਰੀਕਾ ਬਹੁਤ ਪੇਚੀਦਾ ਤੇ ਪਰੇਸ਼ਾਨੀ ਵਾਲਾ ਸੀ। ਦਸਵੀਂ ਦਾ ਦਾਖ਼ਲਾ ਭੇਜਣ ਤੋਂ ਪਹਿਲਾਂ ਇਹ ਜਨਮ ਤਰੀਕ ਠੀਕ ਕਰਾਉਣ ਲਈ ਕਈ ਪਾਪੜ ਬੇਲਣੇ ਪਏ ਸਨ। ਟੱਪਰਵਾਸੀ ਹੋਣ ਕਰਕੇ ਬਲਬੀਰ ਦੇ ਜਨਮ ਸਬੰਧੀ ਰਿਕਾਰਡ ਉਪਲਬਧ ਨਹੀਂ ਸੀ ਹੁੰਦਾ। ਇਹ ਕੰਮ ਵੀ ਕਿਸੇ ਨਾ ਕਿਸੇ ਤਰ੍ਹਾਂ ਸਿਰੇ ਚੜ੍ਹਾਅ ਕੇ ਉਸ ਨੂੰ ਉਸ ਦੀ ਅਸਲ ਉਮਰ ਦੇ ਮੇਚ ਲਿਆਂਦਾ ਸੀ। ਸਾਊ, ਲਾਇਕ, ਮਿਹਨਤੀ, ਆਗਿਆਕਾਰੀ ਬਲਬੀਰ ਪੜ੍ਹਾਈ, ਖੇਡਾਂ ਤੇ ਕਲਚਰਲ ਗਤੀਵਿਧੀਆਂ ਵਿਚ ਅੱਵਲ ਰਹਿ ਕੇ ਬਹੁਤ ਚੰਗੇ ਨੰਬਰਾਂ ਨਾਲ ਦਸਵੀਂ ਕਰ ਗਿਆ ਸੀ। ਖੇਡਾਂ ਵਿਚ ਭਾਗ ਲੈਣ ਅਤੇ ਸਰੀਰਕ ਮਿਹਨਤ ਕਰਨ ਕਰਕੇ ਕੱਦ-ਕਾਠ ਚੰਗਾ ਨਿਕਲ ਆਇਆ ਸੀ। ਪੜ੍ਹਾਈ ਦੌਰਾਨ ਉਸ ਨੇ ਕਦੇ ਵੀ ਕਿਸੇ ਅਧਿਆਪਕ ਨੂੰ ਸ਼ਿਕਾਇਤ ਦਾ ਕਦੇ ਕੋਈ ਮੌਕਾ ਨਹੀਂ ਸੀ ਦਿੱਤਾ। ਮੈਂ ਬਲਬੀਰ ਦੇ ਪਿਤਾ ਨੂੰ ਦਿੱਤਾ ਵਚਨ ਪੁਗਾ ਦਿੱਤਾ ਸੀ। ਮਾਸਟਰ ਜੀ ਹੁਣ ਅੱਗੇ ਵੀ ਤੁਸੀਂ ਹੀ ਦੇਖਣਾ, ਕਹਿ ਕੇ ਬਲਬੀਰ ਦੇ ਪਿਤਾ ਨੇ ਅਗਲੇਰੀ ਜ਼ਿੰਮੇਵਾਰੀ ਵੀ ਮੇਰੇ ਸਿਰ 'ਤੇ ਹੀ ਪਾ ਦਿੱਤੀ ਸੀ।

ਮੈਂ ਬਲਬੀਰ ਨੂੰ ਫ਼ੌਜ ਵਿਚ ਭਰਤੀ ਹੋਣ ਲਈ ਤੋਰ ਦਿੱਤਾ। ਪੜ੍ਹਾਈ ਵਿਚ ਤੇਜ਼ ਹੋਣ ਕਰਕੇ ਉਹ ਲਿਖਤੀ ਤੇ ਸਰੀਰਕ ਟੈਸਟ ਆਸਾਨੀ ਨਾਲ ਪਾਸ ਕਰ ਗਿਆ ਸੀ। ਰੰਗਰੂਟੀ ਪੂਰੀ ਹੋਣ 'ਤੇ





ਨੌਕਰੀ ਦੇ ਨਾਲੋ-ਨਾਲ ਪ੍ਰਾਈਵੇਟ ਪੜ੍ਹਾਈ ਜਾਰੀ ਰਖਵਾਈ। ਪਲੱਸ ਟੂ, ਬੀਏ, ਐੱਮਏ, ਬੀਐੱਡ ਸਭ ਫ਼ੌਜ 'ਚ ਰਹਿ ਕੇ ਪੜ੍ਹ ਗਿਆ। ਬੀਐੱਡ ਕਰ ਕੇ ਐਜੂਕੇਸ਼ਨ ਕੋਰ ਚੁਣ ਲਈ ਅਤੇ ਨਵੇਂ ਰੰਗਰੂਟਾਂ ਤੋਂ ਲੈ ਕੇ ਅਫ਼ਸਰਾਂ ਨੂੰ ਟਰੇਨਿੰਗ ਦੇਣ ਲੱਗ ਪਿਆ। ਸਰਕਾਰ ਵੱਲੋਂ ਉਸ ਨੂੰ ਕਈ ਮੁਲਕਾਂ ਵਿਚ ਟਰੇਨਿੰਗ ਲੈਣ ਲਈ ਭੇਜਿਆ ਗਿਆ। ਉਹ ਤੇਤੀ ਸਾਲ ਮੇਰੇ ਨਾਲ ਹਰ ਦੁੱਖ-ਸੁੱਖ ਦੀ ਘੜੀ ਵਿਚ ਅੰਗ-ਸੰਗ ਰਿਹਾ। ਘਰ ਦੇ ਵਿਆਹ ਲਈ ਕਾਹਲੇ ਪਏ ਤਾਂ ਉਸ ਨੂੰ ਪਹਿਲਾਂ ਆਪਣਾ ਪੱਕਾ ਥਾਂ-ਟਿਕਾਣਾ ਬਣਾਉਣ ਲਈ ਪ੍ਰੇਰਿਤ ਕੀਤਾ। ਨੰਗਲ ਬਿਹਾਲਾਂ ਹੀ ਜਗ ?ਹਾ ਖ਼ਰੀਦ ਕੇ ਉਸ ਨੇ ਗੁਜ਼ਾਰੇ ਲਾਇਕ ਆਪਣਾ ਘਰ ਬਣਾ ਲਿਆ। ਪਰਿਵਾਰ ਨੂੰ ਟੱਪਰਵਾਸ ਤੋਂ ਹਮੇਸ਼ਾ ਲਈ ਛੁਟਕਾਰਾ ਮਿਲ ਗਿਆ। ਜਿਸ ਸਾਲ ਬਲਬੀਰ ਨੇ ਦਸਵੀਂ ਪਾਸ ਕੀਤੀ ਸੀ, ਮੇਰੀ ਵੀ ਉਸ ਸਾਲ ਸਾਇੰਸ ਮਾਸਟਰ ਤੋਂ ਕੈਮਿਸਟਰੀ ਲੈਕਚਰਾਰ ਵਜੋਂ ਪਦਉੱਨਤੀ ਹੋ ਗਈ ਸੀ। ਮੈਂ ਵੀ ਮਨਸੂਰਪੁਰ ਤੋਂ ਤਲਵਾੜਾ ਸੀਨੀਅਰ ਸੈਕੰਡਰੀ ਸਕੂਲ ਸ਼ਿਫਟ ਕਰ ਗਿਆ ਸੀ। ਆਪਣਾ ਘਰ ਬਣਾਉਣ, ਸ਼ਾਦੀ ਗੱਲ ਕੀ, ਹਰ ਪੜਾਅ 'ਤੇ ਬਲਬੀਰ ਮੇਰਾ ਮਸ਼ਵਰਾ ਜ਼ਰੂਰ ਲੈਂਦਾ। ਜਿੱਥੇ ਵੀ ਪੋਸਟਿੰਗ ਹੁੰਦੀ, ਜ਼ਰੂਰ ਖ਼ਬਰ ਦਿੰਦਾ। ਕਾਰਗਿਲ ਜੰਗ ਦੌਰਾਨ ਇਨ੍ਹਾਂ ਦੀ ਯੂਨਿਟ ਵੀ ਜੰਗ ਵਾਲੇ ਇਲਾਕੇ ਵਿਚ ਗਈ ਤਾਂ ਸਾਡੇ ਵੀ ਸਾਹ ਸੂਤਰੇ ਰਹੇ। ਬਲਬੀਰ ਤੇ ਉਸ ਦੇ ਸਾਥੀਆਂ ਦੀ ਸਲਾਮਤੀ ਲਈ ਮਨੋਂ ਦੁਆ ਨਿਕਲਦੀ ਰਹੀ। ਜਦੋਂ ਬਲਬੀਰ ਦੀ ਪੋਸਟਿੰਗ ਐੱਨਟੀਸੀ (ਨੈਸ਼ਨਲ ਟਰੇਨਿੰਗ ਸੈਂਟਰ) ਦਿੱਲੀ ਵਿਖੇ ਹੋਈ ਤਾਂ ਉਸ ਨੇ ਸਾਨੂੰ ਪਰਿਵਾਰ ਸਮੇਤ ਐੱਨਟੀਸੀ ਤੇ ਦਿੱਲੀ ਘੁਮਾਉਣ ਲਈ ਸੱਦਾ ਭੇਜਿਆ ਪਰ ਘਰੇਲੂ ਹਾਲਾਤ ਨੇ ਇਜਾਜ਼ਤ ਨਾ ਦਿੱਤੀ। ਰਿਟਾਇਰਮੈਂਟ ਤੋਂ ਸਾਲ ਕੁ ਭਰ ਪਹਿਲਾਂ ਬਲਬੀਰ ਨੇ ਫੋਨ 'ਤੇ ਕਈ ਖ਼ੁਸ਼ਖ਼ਬਰੀਆਂ ਇਕੱਠੀਆਂ ਸੁਣਾਈਆਂ। ਸੁਣ ਕੇ ਮਨ ਬਾਗੋਬਾਗ ਹੋ ਗਿਆ ਸੀ। ਪਹਿਲੀ, ਤਰੱਕੀ ਲੈ ਕੇ ਸੂਬੇਦਾਰ ਮੇਜਰ ਬਣਨ ਦੀ। ਦੂਸਰੀ, ਤਨਖ਼ਾਹ ਇਕ ਲੱਖ ਤੋਂ ਉੱਪਰ ਟੱਪ ਜਾਣ ਦੀ ਤੇ ਤੀਸਰੀ, ਦਸ ਲੱਖ ਵਾਲੀ ਕਾਰ ਖ਼ਰੀਦਣ ਦੀ। ਚੌਥੀ, ਇਕ ਬੇਟੇ ਦੇ ਵਿਦੇਸ਼ ਚਲੇ ਜਾਣ ਦੀ। ਪੰਜਵੀਂ, ਰਿਟਾਇਰਮੈਂਟ ਸਮੇਂ ਆਨਰੇਰੀ ਕੈਪਟਨ ਤਰੱਕੀ ਮਿਲਣ ਦੀ। ਇੱਕੋ ਵਾਰੀ ਇੰਨੀਆਂ ਖ਼ੁਸ਼ਖ਼ਬਰੀਆਂ ਸੁਣ ਕੇ ਜਿੱਥੇ ਮੇਰਾ ਸੀਨਾ ਮਾਣ ਨਾਲ ਚੌੜਾ ਹੋਇਆ ਸੀ, ਉੱਥੇ ਹੀ ਭਾਵੁਕ ਹੁੰਦਿਆਂ ਅੱਖਾਂ ਵੀ ਨਮ ਹੋ ਗਈਆਂ ਸਨ। ਇਹ ਖ਼ੁਸ਼ੀ ਮੈਂ ਆਪਣੇ ਪਰਿਵਾਰ ਤੇ ਸਾਰੇ ਕਰੀਬੀ ਮਿੱਤਰਾਂ ਨਾਲ ਵੀ ਸਾਂਝੀ ਕੀਤੀ ਸੀ।

ਅੱਜ ਮੈਂ ਆਪਣੇ ਪਰਿਵਾਰ ਨਾਲ ਬਲਬੀਰ ਦੀ ਨਵੀਂ ਕੋਠੀ ਦੇ ਗੇਟ 'ਤੇ ਉਸ ਦੇ ਸਵਾਗਤ ਲਈ ਖੜ੍ਹਾ ਹਾਂ। ਉਹ ਬਾਜੇ-ਗਾਜੇ ਨਾਲ ਰਿਸ਼ਤੇਦਾਰਾਂ ਤੇ ਪਿੰਡ ਵਾਲਿਆਂ ਨਾਲ ਫੀਤਾ ਕੱਟ ਕੇ ਆਪਣੇ ਘਰ ਵਿਚ ਪ੍ਰਵੇਸ਼ ਕਰਦਾ ਹੈ। ਸਭ ਤੋਂ ਪਹਿਲਾਂ ਮੇਰੇ ਪੈਰੀਂ ਹੱਥ ਲਾ ਕੇ ਗਲੇ ਲੱਗਦਾ ਹੈ। ਇਕ ਵਾਰ ਫਿਰ ਦਿਲ ਖ਼ੁਸ਼ੀ ਨਾਲ ਭਰ ਜਾਂਦਾ ਹੈ ਅਤੇ ਅੱਖਾਂ 'ਚੋਂ ਖ਼ੁਸ਼ੀ ਦੇ ਅੱਥਰੂ ਡੁਲ੍ਹਕ ਪੈਂਦੇ ਹਨ। ਉਸ ਦੀ ਕੋਠੀ ਦੇ ਗੇਟ 'ਤੇ ਕਾਲੇ ਪੱਥਰ ਦੀ ਵੱਡੀ ਸਾਰੀ ਪਲੇਟ 'ਤੇ ਉੱਕਰਿਆ 'ਸੂਬੇਦਾਰ ਮੇਜਰ ਆਨਰੇਰੀ ਕੈਪਟਨ ਬਲਬੀਰ ਸਿੰਘ' ਹਰੇਕ ਲੰਘਣ ਵਾਲੇ ਦਾ ਧਿਆਨ ਆਪਣੇ ਵੱਲ ਖਿੱਚਦਾ ਹੈ। ਬਲਬੀਰ ਦੀ ਜ਼ਿੰਦਗੀ ਦੀ ਨਵੀਂ ਪਾਰੀ ਲਈ ਫਿਰ ਤੋਂ ਦਿਲ 'ਚੋਂ ਦੁਆਵਾਂ ਦੀ ਵਾਛੜ ਹੋਣ ਲੱਗਦੀ ਹੈ। ਮੈਨੂੰ ਖ਼ੁਸ਼ੀ ਹੈ ਕਿ ਮੇਰੇ ਮਾਤਾ-ਪਿਤਾ ਨੂੰ ਮੇਰੀ ਰਿਟਾਇਰਮੈਂਟ ਦੇਖਣੀ ਨਸੀਬ ਨਹੀਂ ਸੀ ਹੋਈ ਤੇ ਆਪਣੇ ਪ੍ਰੋਫੈਸਰ ਬੇਟੇ ਦੀ ਰਿਟਾਇਰਮੈਂਟ ਵੀ ਮੈਨੂੰ ਵੇਖਣੀ ਨਸੀਬ ਹੋਵੇਗੀ ਜਾਂ ਨਹੀਂ, ਪਤਾ ਨਹੀਂ ਪਰ ਮੈਂ ਕਿੰਨਾ ਖ਼ੁਸ਼ਕਿਸਮਤ ਹਾਂ ਕਿ ਮੈਂ ਆਪਣੇ ਵਿਦਿਆਰਥੀ ਬੇਟੇ ਬਲਬੀਰ ਦੀ ਰਿਟਾਇਰਮੈਂਟ ਦਾ ਸੁੱਖ ਮਾਣ ਲਿਆ ਹੈ।




# ਪਾਣੀ ਵਾਰ ਬੰਨੇ ਦੀਏ ਮਾਏ

ਕੁਲਦੀਪ ਸਿੰਘ ਸਾਹਿਲ



**ਪਾਣੀ ਵਾਰ ਬੰਨੇ ਦੀਏ ਮਾਏ**
**ਬੰਨਾ ਤੇਰਾ ਬਾਹਰ ਖੜ੍ਹਾ।**

ਜਦੋਂ ਲਾੜਾ ਨਵੀਂ ਵਿਆਹੀ ਵਹੁਟੀ ਨੂੰ ਵਿਆਹ ਕੇ ਘਰ ਲੈ ਕੇ ਆਉਂਦਾ ਸੀ ਤਾਂ ਉਸ ਦੀ ਮਾਂ ਦੋਵਾਂ ਦੇ ਸਿਰ ਤੋਂ ਪਾਣੀ ਵਾਰ ਕੇ ਪੀਂਦੀ ਸੀ ਤੇ ਉੱਥੇ ਮੌਜੂਦ ਔਰਤਾਂ ਵੱਲੋਂ ਉਪਰੋਕਤ ਗੀਤ ਗਾਇਆ ਜਾਂਦਾ ਸੀ। ਇਹ ਰੀਤੀ ਰਿਵਾਜ ਮਾਂ ਵੱਲੋਂ ਉਨ੍ਹਾਂ ਦੇ ਦੁੱਖ ਤਕਲੀਫ਼ਾਂ ਨੂੰ ਆਪਣੇ ਸਿਰ ਲੈਣ ਅਤੇ ਉਨ੍ਹਾਂ ਦੀ ਖੁਸ਼ਹਾਲੀ ਲਈ ਕੀਤਾ ਜਾਂਦਾ ਸੀ ਅਤੇ ਪਿੰਡ ਦੀਆਂ ਔਰਤਾ ਵੱਲੋਂ ਇਹੋ ਜਿਹੇ ਗੀਤ ਗਾਏ ਜਾਂਦੇ ਸਨ। ਵਕਤ ਦੇ ਨਾਲ ਨਾਲ ਬਹੁਤ ਕੁਝ ਬਦਲ ਚੁੱਕਾ ਹੈ। ਇਹੋ ਜਿਹੇ ਗੀਤ, ਸਿੱਠਣੀਆਂ ਅਤੇ ਮੋਹ ਭਰਿਆ ਵਿਆਹਾਂ ਦਾ ਚਾਅ ਹੌਲੀ ਹੌਲੀ ਅਲੋਪ ਹੁੰਦਾ ਜਾ ਰਿਹਾ ਹੈ।

ਅੱਜਕੱਲ੍ਹ ਵਿਆਹ ਸਮਾਗਮ ਮੈਰਿਜ ਪੈਲੇਸਾਂ ਵਿੱਚ ਹੋਣ ਦਾ ਰੁਝਾਨ ਪੈਦਾ ਹੋ ਗਿਆ ਹੈ ਜਿੱਥੇ ਵਿਆਹ ਸਿਰਫ਼ ਤਿੰਨ ਚਾਰ ਘੰਟਿਆਂ ਵਿੱਚ ਹੀ ਨਿੱਬੜ ਜਾਂਦਾ ਹੈ। ਅਜੋਕੇ ਸਮੇਂ ਵਿੱਚ ਵਿਆਹ ਨਾਲ ਜੁੜੀਆਂ ਕਈ ਰਸਮਾਂ ਘੱਟ ਸਮੇਂ ਦੀ ਭੇਟ ਚੜ੍ਹਨ ਕਾਰਨ ਅਲੋਪ ਹੋ ਗਈਆਂ ਹਨ। ਹੁਣ ਬਰਾਤ ਬਹੁਤ ਥੋੜ੍ਹਾ ਸਮਾਂ ਠਹਿਰਦੀ ਹੈ। ਭਾਂਤ-ਭਾਂਤ ਦੇ ਮਹਿੰਗੇ ਸਵਾਦਲੇ ਪਕਵਾਨ ਪਰੋਸੇ ਜਾਂਦੇ ਹਨ, ਪਰ ਪਹਿਲਾਂ ਵਾਂਗ ਕੜਾਹੇ ਵਿੱਚ ਵੱਟੇ ਆਪਸੀ ਭਾਈਚਾਰਕ ਸਾਂਝ ਅਤੇ ਪਿਆਰ ਦੇ ਲੱਡੂ ਸਾਡੇ ਤੋਂ ਕੋਹਾਂ ਦੂਰ ਚਲੇ ਗਏ ਹਨ। ਅਜਿਹੇ ਮੌਕੇ 'ਤੇ ਅਕਸਰ ਸਾਦਗੀ ਭਰੇ ਪੁਰਾਣੇ ਵਿਆਹਾਂ ਦੀ ਯਾਦ ਆਉਣਾ ਸੁਭਾਵਿਕ ਹੈ।

ਜੇਕਰ 1970 ਤੋਂ ਪਹਿਲਾਂ ਦੀ ਗੱਲ ਕਰੀਏ ਤਾਂ ਉਨ੍ਹਾਂ ਸਮਿਆਂ ਵਿੱਚ ਵਿਆਹ ਤੋਂ ਪਹਿਲਾਂ ਮੰਗਣਾ ਕਰਨ ਦਾ ਰਿਵਾਜ ਹੁੰਦਾ ਸੀ, ਜਿਸ ਦੀਆਂ ਰੌਣਕਾਂ ਦੋ ਤਿੰਨ ਦਿਨਾਂ ਤੱਕ ਰਹਿੰਦੀਆਂ। ਕੁੜੀ ਦੇ ਪਰਿਵਾਰ ਵਾਲੇ ਮੁੰਡੇ ਦੇ ਘਰ ਸ਼ਗਨ ਲੈ ਕੇ ਜਾਂਦੇ ਸੀ। ਕੁੜੀ ਪਰਿਵਾਰ ਦਾ ਮੁਖੀ ਮੁੰਡੇ ਨੂੰ ਹਲਦੀ-ਚੌਲਾਂ ਦਾ ਤਿਲਕ ਲਗਾ ਕੇ, ਇੱਕ ਚਾਂਦੀ ਦਾ ਰੁਪਈਆ ਝੋਲੀ ਪਾ ਕੇ ਗੁੜ ਦੀ ਰੋੜੀ ਮੁੰਡੇ ਦੇ ਮੂੰਹ 'ਚ ਪਾ ਕੇ ਸ਼ਗਨ ਕਰਦਾ ਸੀ। ਇਸ ਮੌਕੇ ਪਿੰਡ ਦੇ ਲੋਕ, ਰਿਸ਼ਤੇਦਾਰ ਇਕੱਠੇ ਹੋਏ ਹੁੰਦੇ। ਔਰਤਾਂ ਵੱਲੋਂ ਸ਼ਗਨਾਂ ਦੇ ਗੀਤ ਤੇ ਦੋਹੇ ਗਾਏ ਜਾਂਦੇ ਸਨ। ਪਤਾਸੇ ਦਿੱਤੇ ਜਾਂਦੇ ਸਨ।

ਰਿਸ਼ਤਾ ਹੋਣ ਸਮੇਂ ਮੁੰਡੇ-ਕੁੜੀਆਂ ਇੱਕ-ਦੂਜੇ ਨੂੰ ਨਹੀਂ ਸੀ ਵੇਖਦੇ। ਜਿਹੋ ਜਿਹਾ ਮਾਪੇ ਵਰ ਲੱਭ ਦਿੰਦੇ ਸੀ, ਉਹੀ ਪ੍ਰਵਾਨ ਹੁੰਦਾ ਸੀ। ਉਸ ਵੇਲੇ ਫੋਟੋਗ੍ਰਾਫੀ ਦਾ ਦੌਰ ਵੀ ਨਹੀਂ ਸੀ ਆਇਆ। ਵਿਆਹ ਤੋਂ ਸਵਾ ਮਹੀਨਾ ਪਹਿਲਾਂ ਵਿਚੋਲੇ ਰਾਹੀਂ ਵਿਆਹ ਦੀ ਚਿੱਠੀ ਭੇਜੀ ਜਾਂਦੀ ਜਿਸ ਉਪਰੰਤ ਦੋਵੇਂ ਪਾਸੇ ਵਿਆਹ ਦੀਆਂ ਤਿਆਰੀਆਂ ਸ਼ੁਰੂ ਹੋ ਜਾਂਦੀਆਂ। ਪਿੰਡ ਦਾ ਰਾਜਾ (ਨਾਈ) ਵਿਆਹ ਦੀ ਚਿੱਠੀ ਲੈ ਕੇ ਸਾਕ-ਸ਼ਰੀਕੇ ਵਿੱਚ ਜਾਂਦਾ। ਪਰਿਵਾਰ ਦੇ ਨਵੇਂ ਕੱਪੜੇ ਸਿਉਣ ਲਈ ਘਰੇਂ ਦਰਜ਼ੀ ਬਿਠਾਇਆ ਜਾਂਦਾ, ਜੋ ਸਾਰੇ ਪਰਿਵਾਰ ਤੇ ਸ਼ਰੀਕੇ ਵਾਲਿਆਂ ਦੇ ਨਵੇਂ ਕੱਪੜੇ ਸਿਊਂਦਾ ਸੀ। ਸੱਤ ਦਿਨ ਪਹਿਲਾਂ ਹੀ ਹਲਵਾਈ ਆਪਣੀਆਂ ਭੱਠੀਆਂ ਤੇ ਕੜਾਹੇ ਖੁਰਚਣੇ ਲੈ ਕੇ ਵਿਆਹ ਵਾਲੇ ਘਰੇ ਰੌਣਕਾਂ ਲਗਾ ਲੈਂਦਾ ਸੀ। ਕੱਚੇ ਘਰਾ 'ਚ ਪਾਂਡੂ ਮਿੱਟੀ ਦੀ ਤਲੀ ਫੇਰ ਕੇ ਕੰਧਾਂ-ਕਧੋਲੀਆਂ 'ਤੇ ਤੋਤੇ, ਮੋਰ ਘੁੱਗੀਆਂ ਦੇ ਚਿੱਤਰ ਬਣਾਉਣ ਦਾ ਰਿਵਾਜ ਹੁੰਦਾ ਸੀ।

ਵਿਆਹ ਵਾਲੇ ਦਿਨ ਘਰ 'ਚ ਰੰਗ-ਬਿਰੰਗੇ ਕਾਗਜ਼ ਦੀਆਂ ਝੰਡੀਆਂ ਜੋੜ ਕੇ ਬਣਾਈਆਂ ਹੋਈਆਂ ਲੜੀਆਂ ਬੰਨ੍ਹੀਆਂ ਜਾਂਦੀਆਂ। ਜਿਉਂ-ਜਿਉਂ ਵਿਆਹ ਦੇ ਦਿਨ ਨੇੜੇ ਆਉਂਦੇ ਮੇਲ-ਗੇਲ ਦੇ ਪੈਣ-ਬੈਠਣ ਨੂੰ ਪਿੰਡ ਵਿੱਚੋਂ ਘਰੋਂ-ਘਰੀਂ ਮੰਜੇ-ਬਿਸਤਰੇ ਇਕੱਠੇ ਕੀਤੇ ਜਾਂਦੇ। ਵਿਆਹ ਤੋਂ ਮਹਿਨਾ ਪਹਿਲਾਂ ਹੀ ਔਰਤਾਂ ਵੱਲੋਂ ਸ਼ਗਨਾਂ ਦੇ ਗੀਤ, ਘੋੜੀਆਂ, ਸੁਹਾਗ ਗਾਏ ਜਾਂਦੇ ਸਨ। ਵਿਆਹਾਂ ਵਿੱਚ ਨਿਉਂਦੇ ਦੀ ਰਸਮ ਅਹਿਮ ਹੁੰਦੀ ਸੀ। ਵਿਆਹ ਸਮਾਗਮ ਸਮੇਂ ਰਿਸ਼ਤੇਦਾਰ ਤੇ ਪਰਿਵਾਰ ਦੇ ਨੇੜਲੇ ਮਿੱਤਰ ਆਪਣੀ ਪਹੁੰਚ ਮੁਤਾਬਕ ਪੈਸੇ ਆਦਿ ਦੀ ਮਦਦ ਕਰਦੇ ਸਨ ਜੋਂ ਕੁਝ ਰਕਮ ਵਧਾ ਕੇ ਅਗਲਿਆਂ ਦੇ ਵਿਆਹ ਵਿੱਚ ਵਾਪਸ ਕਰ ਦਿੰਦੇ ਸਨ।

ਵਿਆਹ ਵਿੱਚ ਨਾਨਕਿਆਂ ਦੀ ਪੂਰੀ ਬੱਲੇ-ਬੱਲੇ ਹੁੰਦੀ ਸੀ। ਪਿੰਡ ਦੀ ਜੂਹ ਅੰਦਰ ਵੜਦਿਆਂ ਹੀ ਨਾਨਕਾ-ਮੇਲ ਸ਼ਗਨਾਂ ਦੇ ਗੀਤ ਅਤੇ ਦੋਹੇ ਲਾਉਂਦਾ ਵਿਆਹ ਵਾਲਿਆਂ ਦੇ ਘਰ ਤੱਕ ਆਉਂਦਾ:

ਕਿੱਥੇ ਗਈਆਂ ਲਾੜਿਆ ਤੇਰੀਆਂ ਦਾਦਕੀਆਂ
ਖਾਧੇ ਸੀ ਮਾਂਹ, ਜੰਮੇ ਸੀ ਕਾਂ।
ਕਾਂ-ਕਾਂ ਕਰਦੀਆਂ ਵੇ ਤੇਰੀਆਂ ਦਾਦਕੀਆਂ।

ਘਰ ਆਉਣ 'ਤੇ ਲਾਗੀ ਤੇਲ ਚੋਂਦਾ ਤੇ ਝੋਲੀ ਲੱਡੂ ਤੇ ਸ਼ਗਨ ਪਾ ਕੇ ਨਾਨਕਿਆਂ ਨੂੰ ਜੀ ਆਇਆਂ ਕਿਹਾ ਜਾਂਦਾ ਅਤੇ ਦਾਦਕੀਆਂ ਵੱਲੋਂ ਵੀ ਗੀਤ ਗਾਇਆ ਜਾਂਦਾ: ਕਿੱਥੇ ਗਈਆਂ
**ਲਾੜਿਆ ਵੇ ਤੇਰੀਆਂ ਨਾਨਕੀਆਂ।**
**ਖਾਣਗੀਆਂ ਲੱਡੂ, ਜੰਮਣਗੀਆਂ ਡੱਡੂ।**
**ਟੋਭੇ ਨਾਵਹਣ ਆਈਆਂ ਵੇ**
**ਲਾੜਿਆ ਤੇਰੀਆਂ ਨਾਨਕੀਆਂ।**

'ਛੱਕ' ਪੂਰਨ ਕਰ ਕੇ ਨਾਨਕਿਆਂ ਦੀ ਵਿਆਹ ਵਿੱਚ ਪੂਰੀ ਚਹਿਲ-ਪਹਿਲ ਹੁੰਦੀ। ਰਾਤ ਨੂੰ ਨਾਨਕਾ ਪਰਿਵਾਰ ਦੀਆਂ ਮੇਲਣਾਂ ਵੱਲੋਂ ਘੱਗਰੇ ਪਾ ਕੇ ਸਾਰੇ ਪਿੰਡ ਵਿੱਚ ਜਾਗੋ ਕੱਢੀ ਜਾਂਦੀ। ਦੇਰ ਰਾਤ ਤੱਕ ਗਿੱਧਾ ਪੈਂਦਾ ਰਹਿੰਦਾ। ਜਦੋਂ ਨਾਨਕਿਆਂ ਵੱਲੋਂ ਛੱਜ ਕੁੱਟਿਆ ਜਾਂਦਾ ਤਾਂ ਫਿਰ ਕਿਤੇ ਜਾ ਕੇ ਗਿੱਧੇ ਦੀ ਸਮਾਪਤੀ ਕੀਤੀ ਜਾਂਦੀ। ਵਿਆਂਦੜ ਦੇ ਚਿਹਰੇ 'ਤੇ ਨਿਖਾਰ ਅਤੇ ਖ਼ੂਬਸੂਰਤੀ ਲਿਆਉਣ ਲਈ ਵਟਣਾ ਲਾਉਣ ਦਾ ਰਿਵਾਜ ਸੀ। ਭੈਣਾਂ ਆਪਣੇ ਵੀਰ ਦੇ ਮੱਥੇ 'ਤੇ ਸਿਹਰਾ ਤੇ ਕਲਗੀ ਸਜਾ ਕੇ ਸ਼ਗਨਾਂ ਦੇ ਗੀਤ ਤੇ ਘੋੜੀਆਂ ਗਾਉਂਦੀਆਂ। ਉਨ੍ਹਾਂ ਸਮਿਆਂ ਵਿੱਚ ਬਰਾਤ ਊਠਾਂ, ਘੋੜੀਆਂ ਤੇ ਗੱਡਿਆਂ 'ਤੇ ਜਾਂਦੀ ਸੀ। ਲਾੜਾ ਰੱਥ ਗੱਡੀ 'ਤੇ ਜਾਂਦਾ ਸੀ। 1970 ਤੋਂ ਬਾਅਦ ਬਰਾਤ ਟਰੈਕਟਰ, ਟਰੱਕ, ਬੱਸਾਂ ਅਤੇ ਫਿਰ ਕਾਰਾਂ 'ਤੇ ਜਾਣੀ ਸ਼ੁਰੂ ਹੋਈ। ਉਦੋਂ ਔਰਤਾਂ ਦੇ ਬਰਾਤ ਜਾਣ ਦਾ ਰਿਵਾਜ ਨਹੀਂ ਸੀ ਹੁੰਦਾ, ਸਿਰਫ਼ ਮਰਦ ਹੀ ਬਰਾਤ ਜਾਂਦੇ। ਔਰਤਾਂ ਘਰੇ ਹੀ ਗਿੱਧਾ-ਬੋਲੀਆ ਪਾ ਕੇ ਵਿਆਹ ਦੀ ਖ਼ੁਸ਼ੀ ਦੇ ਸ਼ਗਨ ਮਨਾਉਂਦੀਆਂ। ਕੁੜੀ ਵਾਲਿਆਂ ਦੇ ਘਰ ਬਰਾਤ ਢੁਕਣ ਉਤੇ ਔਰਤਾਂ ਵੱਲੋਂ ਸ਼ਗਨਾਂ ਦਾ ਗੀਤ ਗਾਇਆ ਜਾਂਦਾ ਸੀ:

*** ਲਾੜਾ ਕੱਲੜਾ ਕਿਉਂ ਆਇਆ ਵੇ ਅੱਜ ਦੀ ਘੜੀ।**
**ਨਾਲ ਬੇਬੇ ਨੂੰ ਨਾ ਲਿਆਇਆ ਵੇ ਅੱਜ ਦੀ ਘੜੀ।**
*** ਖੜ੍ਹਾ ਵੇ ਖਲੋਤਾ ਤੇਰਾ ਲੱਕ ਥੱਕ ਜੂ।**
**ਨਾਲ ਭੈਣਾਂ ਨੂੰ ਖੜ੍ਹਾ ਲੈ ਵੇ ਅੜੋਕਣ ਲੱਗ ਜੂ।**

ਬਰਾਤ ਦਾ ਠਹਿਰਾਉ ਪਿੰਡ ਦੀ ਧਰਮਸ਼ਾਲਾ ਵਿੱਚ ਹੁੰਦਾ ਸੀ ਜਿੱਥੇ ਬਰਾਤੀਆਂ ਦੇ ਪੈਣ-ਬੈਠਣ ਲਈ ਮੰਜੇ ਬਿਸਤਰੇ ਲਗਾਏ ਹੁੰਦੇ। ਬਰਾਤ ਦੇ ਖਾਣ-ਪੀਣ ਦਾ ਸਾਰਾ ਪ੍ਰਬੰਧ ਕੀਤਾ ਹੁੰਦਾ। ਸਵੇਰੇ ਧਰਮਸ਼ਾਲਾ ਵਿੱਚ ਹੀ ਚਾਹ ਲਿਆ ਕੇ ਪਿੱਤਲ ਦੇ ਵੱਡੇ ਗਲਾਸਾਂ ਵਿੱਚ ਚਾਹ ਵਰਤਾਈ ਜਾਂਦੀ ਅਤੇ ਲਫਾਫੀਆਂ ਵਿੱਚ ਬਦਾਨਾ-ਭੁਜੀਆ ਦਿੱਤਾ ਜਾਂਦਾ। ਉਦੋਂ ਪੱਥਰ ਦੇ ਰਿਕਾਰਡ ਹੁੰਦੇ ਸੀ ਜੋ ਚਾਬੀ ਵਾਲੀ ਮਸ਼ੀਨ ਨਾਲ ਚੱਲਦੇ ਸੀ। ਬਰਾਤ ਆਪਣੇ ਨਾਲ ਬੀਨ ਵਾਲਾਂ ਬਾਜ਼ਾ ਨਾਲ ਲੈ ਕੇ ਜਾਂਦੀ ਸੀ। ਉਨ੍ਹਾਂ ਸਮਿਆਂ ਵਿੱਚ ਮਜ਼ਾਕ ਦਾ ਕੋਈ ਗੁੱਸਾ ਨਹੀਂ ਸੀ ਕਰਦਾ। ਰੋਟੀ ਖਾਣ ਬੈਠੀ ਬਰਾਤ ਨੂੰ ਮੇਲਣਾਂ ਦੋਹੇ ਲਾਉਂਦੀਆਂ, ਸਿੱਠਣੀਆਂ ਸੁਣਾਉਂਦੀਆਂ ਤੇ ਹਾਸਾ ਮਜ਼ਾਕ ਕਰਦੀਆਂ:

ਜਾਂਞੀਓ ਮਾਂਜੀਓ, ਕਿਹੜੇ ਵੇਲੇ ਹੋਏ ਨੇ।
ਖਾ-ਖਾ ਕੇ ਰੱਜੇ ਨਾ, ਢਿੱਡ ਨੇ ਕਿ ਟੋਏ ਨੇ।
ਨਿੱਕੇ-ਨਿੱਕੇ ਮੂੰਹ ਨੇ, ਢਿੱਡ ਨੇ ਕਿ ਖੂਹ ਨੇ।
ਖਾ ਰਹੇ ਹੋ ਤਾਂ ਉੱਠੋ ਸਹੀ।

ਇਸ ਮੌਕੇ ਸਾਦਾ ਭੋਜਨ ਕਣਕ ਦੀ ਰੋਟੀ, ਚੌਲ, ਦਾਲ-ਸਬਜ਼ੀ, ਬੂੰਦੀ, ਸ਼ੱਕਰ-ਦੇਸੀ ਖੰਡ ਤੇ ਦੇਸੀ ਘਿਉ ਆਦਿ ਹੇਠਾਂ ਬੈਠ ਕੇ ਹੀ ਵਰਤਾਇਆ ਜਾਂਦਾ ਸੀ। ਜਿਸ ਬਰਾਤੀ ਦੀ ਉਸ ਪਿੰਡ ਵਿੱਚ ਕੋਈ ਕੁੜੀ ਵਿਆਹੀ ਹੁੰਦੀ, ਉਸ ਘਰ ਸਬੰਧਤ ਬਰਾਤੀ 'ਪੱਤਲ' ਦੇਣ ਜ਼ਰੂਰ ਜਾਂਦਾ। ਰਾਤ ਦੀ ਰੋਟੀ ਵੇਲੇ ਬਿਜਲੀ ਦਾ ਖ਼ਾਸ ਪ੍ਰਬੰਧ ਨਾ ਹੋਣ ਕਰ ਕੇ 'ਗੈਸ ਵਾਲੀਆਂ ਲਾਈਟਾਂ' ਨਾਲ ਚਾਨਣ ਕੀਤਾ ਜਾਂਦਾ। ਬਰਾਤ ਦੇ ਸੌਣ ਦਾ ਇੰਤਜ਼ਾਮ ਵੀ ਧਰਮਸ਼ਾਲਾ ਵਿੱਚ ਹੀ ਕੀਤਾ ਜਾਂਦਾ। ਆਨੰਦ ਕਾਰਜ ਦੀ ਰਸਮ ਸਵੇਰੇ ਚਾਰ ਵਜੇ ਕੀਤੀ ਜਾਂਦੀ ਸੀ। ਅਹਿਮ ਰਿਸ਼ਤੇਦਾਰ ਲਾੜੀ ਦੇ ਘਰ ਜਾਂਦੇ ਜਿੱਥੇ ਆਨੰਦ ਕਾਰਜਾਂ ਜਾਂ ਫੇਰਿਆਂ ਦੀ ਰਸਮ ਨੂੰ ਮਰਿਆਦਾ ਨਾਲ ਸੰਪੂਰਨ ਕੀਤਾ ਜਾਂਦਾ। ਲਾੜੀ ਦੀਆਂ ਸਖੀਆਂ ਵੱਲੋਂ ਸਿੱਖਿਆ ਪੜ੍ਹੀ ਜਾਂਦੀ। ਦੁਪਹਿਰ ਦੀ ਰੋਟੀ ਤੋਂ ਬਾਅਦ ਢਲਦੇ ਪਰਛਾਵੇਂ ਬਰਾਤ ਨੂੰ ਚਾਹ ਪਿਆਈ ਜਾਂਦੀ ਤੇ ਡੋਲੀ ਲੈ ਕੇ ਬਰਾਤ ਦੀ ਵਿਦਾਇਗੀ ਹੋ ਜਾਂਦੀ। ਜਦੋਂ ਲਾੜਾ ਨਵੀਂ ਵਿਆਹੀ ਵਹੁਟੀ ਨੂੰ ਲੈ ਕੇ ਘਰ ਪਹੁੰਚਦਾ ਸੀ ਤਾਂ ਉੱਥੇ ਗੀਤ ਗਾਇਆ ਜਾਂਦਾ ਸੀ:

**ਅੰਦਰੋਂ ਨਿਕਲ ਬੰਨੇ ਦੀਏ ਮਾਏਂ**
**ਬੰਨਾ ਤੇਰਾ ਬਾਹਰ ਖੜ੍ਹਾ ।**
**ਪਾਣੀ ਵਾਰ ਬੰਨੇ ਦੀਏ ਮਾਏਂ**
**ਬੰਨਾ ਤੇਰਾ ਬਾਹਰ ਖੜ੍ਹਾ।**
**ਸੁੱਖਾਂ ਸੁੱਖਦੀ ਨੂੰ ਇਹ ਦਿਨ ਆਏ**
**ਬੰਨਾ ਤੇਰਾ ਬਾਹਰ ਖੜ੍ਹਾ।**

ਦਾਜ ਵਿੱਚ ਮਾਪਿਆਂ ਵੱਲੋਂ ਲੜਕੀ ਨੂੰ ਇੱਕ ਲੱਕੜ ਦਾ ਵੱਡਾ ਸੰਦੂਕ ਤੇ ਪਲੰਘ ਦਿੱਤਾ ਜਾਂਦਾ ਸੀ। 1970ਵਿਆਂ ਦੇ ਦਹਾਕੇ ਵਿੱਚ ਲਾੜੇ ਨੂੰ ਸਾਈਕਲ, ਰੇਡੀਓ, ਘੜੀ ਆਦਿ ਦੇਣ ਦਾ ਰਿਵਾਜ ਵੀ ਬਹੁਤ ਸੀ। ਉਨ੍ਹਾਂ ਸਮਿਆਂ ਵਿੱਚ ਵਿਆਹ ਤੋਂ ਬਾਅਦ ਵਿਆਹ ਵਾਲੀ ਕੁੜੀ ਸਹੁਰੇ ਇੱਕ ਰਾਤ ਰਹਿ ਕੇ ਅਗਲੇ ਦਿਨ ਵਾਪਸ ਪੇਕੇ ਆ ਜਾਂਦੀ ਸੀ। ਦੋ-ਤਿੰਨ ਸਾਲ ਬਾਅਦ ਮੁਕਲਾਵਾ ਦਿੱਤਾ ਜਾਂਦਾ ਸੀ। ਮੁਕਲਾਵਾ ਲੈਣ ਸਮੇਂ ਪਰਿਵਾਰ ਦੇ ਅਹਿਮ ਰਿਸ਼ਤੇਦਾਰ ਵਿਆਹ ਵਾਲੇ ਮੁੰਡੇ ਦੇ ਨਾਲ ਜਾਂਦੇ ਸੀ। ਜ਼ਿਕਰਯੋਗ ਹੈ ਕਿ ਪਹਿਲਾਂ ਵਿਆਹ ਨਿਆਣੀ ਉਮਰੇ ਕਰ ਦਿੱਤੇ ਜਾਂਦੇ ਸੀ ਤੇ ਕੁੜੀ ਦੇ ਮੁਟਿਆਰ ਹੋਣ ਉੱਤੇ ਮੁਕਲਾਵਾ ਦਿੱਤਾ ਜਾਂਦਾ ਸੀ ਤਾਂਕਿ ਉਹ ਸਹੁਰੇ-ਘਰ ਦੇ ਕੰਮਾਂ ਕਾਰਾਂ ਨੂੰ ਸਾਂਭ ਸਕੇ ਕਿਉਂਕਿ ਉਨ੍ਹਾਂ ਸਮਿਆਂ ਵਿੱਚ ਸਾਂਝੇ ਪਰਿਵਾਰ ਹੁੰਦੇ ਸਨ। ਜ਼ਮੀਨਾਂ ਘੱਟ ਹੁੰਦੀਆਂ ਸਨ ਤੇ ਪਰਿਵਾਰ ਵੱਡੇ ਹੁੰਦੇ ਸਨ।

ਪਹਿਲਾਂ ਲੋਕਾਂ ਕੋਲ ਸਮਾਂ ਸੀ, ਆਪਸੀ ਸਾਂਝ ਸੀ, ਪੈਸੇ ਨਾਲੋਂ ਰਿਸ਼ਤਿਆਂ ਦੀ ਵਧੇਰੇ ਅਹਿਮੀਅਤ ਸੀ। ਸਾਦਾ ਜੀਵਨ ਸੀ, ਖ਼ਰਚੇ ਘੱਟ ਤੇ ਆਪਸੀ ਪਿਆਰ ਵੱਧ ਸੀ। ਅੱਜ ਸਮਾਂ ਬਹੁਤ ਬਦਲ ਗਿਆ ਹੈ। ਕਿਸੇ ਕੋਲ ਸਮਾਂ ਨਹੀਂ ਹੈ। ਜਿਹੜਾ ਵਿਆਹ ਦਾ ਚਾਅ ਮਹੀਨਿਆਂ ਤੱਕ ਰਹਿੰਦਾ ਸੀ, ਉਹ ਤਿੰਨ ਘੰਟਿਆਂ ਵਿੱਚ ਸਮਾ ਗਿਆ ਹੈ। ਪੁਰਾਣਾ ਵਕਤ ਵਾਪਸ ਤਾਂ ਨਹੀਂ ਆ ਸਕਦਾ, ਪਰ ਕਦੇ ਕਦੇ ਪੁਰਾਣੀਆਂ ਯਾਦਾਂ ਨਵੀਂ ਪੀੜ੍ਹੀ ਨਾਲ ਸਾਂਝੀਆਂ ਕਰ ਲੈਣ ਵਿੱਚ ਕੋਈ ਹਰਜ਼ ਨਹੀਂ ਹੈ।






# ਟੈਲੀਵਿਜ਼ਨ ਨਾਲ ਘਟਦਾ ਮੋਹ



ਟੈਲੀਵਿਜ਼ਨ ਨਾਲ ਬਹੁਤ ਪਹਿਲਾਂ ਕਾਫ਼ੀ ਮੋਹ ਸੀ। ਜਦੋਂ ਸਾਰਾ ਕੁੱਝ ਸਾਦਗੀ ਭਰਪੂਰ ਹੁੰਦਾ ਸੀ। ਰਮਾਇਣ, ਮਹਾਂਭਾਰਤ, ਨੁੱਕੜ, ਮਾਲਗੁਡੀਡੇਜ਼, ਸਰਕਸ, ਕਰਮਚੰਦ ਆਦਿ ਲੜੀਵਾਰ ਆਉਂਦੇ ਹੁੰਦੇ ਸਨ। ਰਮਾਇਣ ਦੇਖਣ ਸਮੇਂ ਜੇ ਕਿਤੇ ਬਿਜਲੀ ਚਲੀ ਜਾਂਦੀ ਕਈ ਦਰਸ਼ਕ ਤਾਂ ਪਿੰਡ ਤੋਂ ਨੇੜੇ ਪੈਂਦੇ ਸ਼ਹਿਰਾਂ ਵੱਲ ਤੁਰ ਪੈਂਦੇ ਸਨ। ਘਰੇ ਬੈਠਿਆਂ ਦਾ ਸਾਰਾ ਸਮਾਂ ਬੇਚੈਨੀ ਵਿੱਚ ਲੰਘਦਾ ਸੀ ਕਿ ਅੱਜ ਪਤਾ ਨਹੀਂ ਕੀ ਹੋਇਆ ਹੋਊ। ਬਿਜਲੀ ਵਾਲਿਆਂ 'ਤੇ ਗੁੱਸਾ ਆਉਂਦਾ। ਕਈ ਤਾਂ ਘਰ ਬੈਠੇ ਹੀ ਬਿਜਲੀ ਵਾਲਿਆਂ ਨੂੰ ਕੌੜੇ ਕੌੜੇ ਬੋਲ ਵੀ ਬੋਲ ਦਿੰਦੇ। ਫਿਲਮਾਂ ਦੇਖਣ ਲਈ ਵੀ ਲੋਕ ਭੱਜ ਭੱਜ ਕੰਮ ਨਿਬੇੜਦੇ ਸਨ। ਪੰਦਰਾਂ ਪੰਦਰਾਂ ਮਿੰਟ ਮਸ਼ਹੂਰੀਆਂ ਚੱਲਦੀਆਂ ਰਹਿੰਦੀਆਂ ਸਨ। ਫਿਲਮਾਂ ਦਾ ਚਸਕਾ ਰੱਖਣ ਵਾਲੇ ਘੰਟੇ ਦਾ ਕੰਮ ਵੀ ਮਿੰਟਾਂ ਵਿੱਚ ਨਿਪਟਾ ਲਿਆ ਕਰਦੇ ਸਨ। ਟੈਲੀਵਿਜ਼ਨ ਪਿੰਡਾਂ ਵਿੱਚ ਆਮ ਨਹੀਂ ਸਨ ਹੋਇਆ ਕਰਦੇ। ਘਰੋਂ ਖਰੀਦਣਾ ਕਈ ਲੋਕ ਠੀਕ ਨਹੀਂ ਸਨ ਸਮਝਦੇ ਪਰ ਦਾਜ ਵਿੱਚ ਲੈਣ ਤੋਂ ਸ਼ਾਇਦ ਹੀ ਕਿਸੇ ਨੇ ਇਨਕਾਰ ਕੀਤਾ ਹੋਵੇ। ਉਸ ਸਮੇਂ ਛੋਟੇ ਬੱਚਿਆਂ ਨੂੰ ਚਾਅ ਹੁੰਦਾ ਸੀ ਫਿਲਮਾਂ ਦੇਖਣ ਦਾ। ਪਿੰਡਾਂ ਦੇ ਬੱਚੇ ਲੋਕਾਂ ਦੇ ਘਰਾਂ ਦੀਆਂ ਖਿੜਕੀਆਂ ਵਿਚਲੀਆਂ ਸ਼ੀਸ਼ਾਂ ਵਿੱਚ ਦੀ ਖੜ੍ਹੇ ਖੜ੍ਹੇ ਹੀ ਸਾਰੀ ਫਿਲਮ ਦੇਖ ਲਿਆ ਕਰਦੇ ਸਨ। ਜੇ ਕਿਤੇ ਪੈਰਾਂ 'ਤੇ ਮੱਛਰ ਮੁੱਛਰ ਲੜ ਜਾਂਦਾ ਤਾਂ ਟੀ ਵੀ ਤੋਂ ਨਜ਼ਰ ਹਟਾਉਣ ਦੀ ਤਕਲੀਫ਼ ਨਹੀਂ ਸਨ ਕਰਦੇ। ਦੂਜੇ ਪੈਰ ਨਾਲ ਖੁਰਕ ਕਰ ਲਿਆ ਕਰਦੇ ਸਨ। ਜਿਹਨਾਂ ਦੇ ਘਰ ਟੀ ਵੀ ਸਨ। ਉਹਨਾਂ ਦੇ ਜਵਾਕ ਅਤੇ ਜਵਾਕਾਂ ਦੇ ਸਾਥੀ ਚਾਅ ਦੇ ਮਾਰੇ ਟੀ ਵੀ ਲਾ ਕੇ ਭੰਬੂਤਾਰੇ ਜਿਹੇ ਹੀ ਦੇਖੀ ਜਾਂਦੇ। ਇਸੇ ਉਮੀਦ ਤੇ ਕਿ ਕੀ ਪਤਾ ਕਿਹੜੇ ਵੇਲੇ ਕੋਈ ਬੋਲਦੀ ਤਸਵੀਰ ਦਿਖ ਜਾਵੇ। ਉਸ ਵੇਲੇ ਸਾਰਾ ਦਿਨ ਚੈਨਲ ਨਹੀਂ ਸਨ ਚੱਲਦੇ ਹੁੰਦੇ। ਸ਼ਾਇਦ ਐਤਵਾਰ ਨੂੰ ਦੁਪਹਿਰ ਵੇਲੇ ਫਿਲਮ ਆਉਂਦੀ ਹੁੰਦੀ ਸੀ ਖੇਤਰੀ ਭਾਸ਼ਾ ਵਿੱਚ। ਪੰਜਾਬੀ ਫਿਲਮ ਦੀ ਵਾਰੀ ਕਈ ਕਈ ਮਹੀਨਿਆਂ ਬਾਅਦ ਆਉਂਦੀ। ਚਾਵਾਂ ਮੱਤੇ ਨਿਆਣੇ ਕੰਨੜ, ਤੇਲਗੂ, ਮਲਿਆਲਮ ਆਦਿ ਫਿਲਮਾਂ ਵੀ ਦੇਖਦੇ ਭਾਵੇਂ ਇੱਕ ਅੱਖਰ ਵੀ ਸਮਝ ਨਾ ਲੱਗਦਾ।

ਜਲੰਧਰ ਦੂਰਦਰਸ਼ਨ ਦੇ ਪ੍ਰੋਗਰਾਮ ਸਾਫ਼ ਨਹੀਂ ਸਨ ਦਿਸਦੇ ਹੁੰਦੇ। ਕਦੇ ਫੋਟੋ ਟੇਢੀ ਹੋ ਜਾਂਦੀ, ਕਦੇ ਸਿੱਧੀ। ਫਿਰ ਛੱਤ 'ਤੇ ਚੜ੍ਹ ਕੇ ਇੱਕ ਜਣਾ ਐਂਟੀਨਾ ਘੁਮਾਉਂਦਾ, ਇੱਕ ਵਿਹੜੇ ਵਿੱਚ ਖੜ੍ਹਦਾ, ਇੱਕ ਅੰਦਰ ਟੈਲੀਵਿਜ਼ਨ ਕੋਲ। ਜਦੋਂ ਨੂੰ ਉਪਰਲਾ ਐਂਟੀਨਾ ਸੈੱਟ ਕਰਕੇ ਹੇਠਾਂ ਆਉਂਦਾ ਉਦੋਂ ਨੂੰ ਫੋਟੋ ਫਿਰ ਖ਼ਰਾਬ ਹੋ ਜਾਂਦੀ। ਇੱਕ ਜਣਾ ਫਿਰ ਛੱਤ ਵੱਲ ਭੱਜਦਾ। ਗੱਲ ਮੁਕਾਓ ਜੀ.... ਜਿੰਨਾ ਚਿਰ ਪ੍ਰੋਗਰਾਮ ਲੰਘ ਨਾ ਜਾਂਦਾ ਓਨਾ ਚਿਰ ਇਹੀ ਚੱਲਦਾ ਰਹਿੰਦਾ। ਜਦੋਂ ਕਦੇ ਬੱਦਲਵਾਈ ਹੁੰਦੀ ਉਦੋਂ ਕਈ ਵਾਰ ਪਾਕਿਸਤਾਨ ਵਾਲੇ ਚੈਨਲ ਵੀ ਸਾਫ਼ ਦਿਸਣ ਲੱਗ ਪੈਂਦੇ। ਨਵੇਂ ਸਾਲ ਦਾ ਪ੍ਰੋਗਰਾਮ ਦੇਖਣ ਲਈ ਅੱਧੀ ਅੱਧੀ ਰਾਤ ਤੱਕ ਬੈਠੇ ਰਹਿੰਦੇ ਸੀ। ਚਲੋ... ਇਹ ਤਾਂ ਪੁਰਾਣੀਆਂ ਗੱਲਾਂ ਹੋ ਚੁੱਕੀਆਂ। ਉਦੋਂ ਤਾਂ ਟੈਲੀਵਿਜ਼ਨ ਬਲੈਕ ਐਂਡ ਵਾਈਟ ਯਾਨੀ ਕਿ ਕਾਲੀਆਂ ਚਿੱਟੀਆਂ ਤਸਵੀਰਾਂ ਹੀ ਦਿਖਾਉਣ ਵਾਲੇ ਹੁੰਦੇ ਸਨ। ਹਾਂ... ਕਈ ਵਾਰ ਸੁਫ਼ਨੇ ਵਿੱਚ ਟੈਲੀਵਿਜ਼ਨ ਚਲਦਾ ਹੁੰਦਾ ਤਾਂ ਦੇਖਦਿਆਂ ਦੇਖਦਿਆਂ ਤਸਵੀਰਾਂ ਰੰਗਦਾਰ ਹੋ ਜਾਂਦੀਆਂ ਸਨ। ਦੂਜੇ ਦਿਨ ਸੁਫ਼ਨੇ ਵਿੱਚ ਦੇਖੀਆਂ ਰੰਗਦਾਰ ਤਸਵੀਰਾਂ ਕਾਰਨ ਹੀ ਚਾਅ ਚੜ੍ਹਿਆ ਰਹਿੰਦਾ ਸੀ। ਅੱਜ ਕੱਲ੍ਹ ਤਾਂ ਸੱਚੀਂ ਬਿਲਕੁੱਲ ਸਾਫ਼ ਰੰਗ ਬਿਰੰਗੀਆਂ ਚਮਕੀਲੀਆਂ ਭੜਕੀਲੀਆਂ ਤਸਵੀਰਾਂ ਦਿਸਦੀਆਂ ਹਨ।

ਜਦੋਂ ਦਾ ਦੂਰਦਰਸ਼ਨ ਤੇ ਚੈਨਲਾਂ ਦਾ ਹੜ੍ਹ ਜਿਹਾ ਵਗਿਆ ਉਦੋਂ ਦਾ ਦਿਮਾਗ਼ ਉਂਈਂ ਉਲਝਿਆ ਰਹਿੰਦਾ ਕਿ ਕੀ ਦੇਖੀਏ... ਕੀ ਛੱਡੀਏ। ਘਰੇ ਕੰਮ ਕਰਨ ਵਾਲੀਆਂ ਔਰਤਾਂ ਲੜੀਵਾਰ ਚੱਲਦੀਆਂ ਕਹਾਣੀਆਂ ਦੇ ਹਿਸਾਬ ਨਾਲ ਕੰਮਾਂ ਦਾ ਸਮਾਂ ਅੱਗੇ ਪਿੱਛੇ ਕਰ ਲੈਂਦੀਆਂ। ਕਈ ਕੰਮ ਟੀ.ਵੀ. ਦੇਖਦਿਆਂ ਵੀ ਕੀਤੇ ਜਾ ਸਕਦੇ ਸਨ। ਉਸ ਹਿਸਾਬ ਨਾਲ ਸਮਾਂ ਸੈੱਟ ਕਰ ਲਿਆ ਜਾਂਦਾ। ਇਸੇ ਤਰ੍ਹਾਂ ਕਈ ਸਾਲ ਬੀਤੇ। ਬੀਬੀਆਂ ਦਾ ਸੁਆਦ ਦੇਖ ਕੇ ਸੀਰੀਅਲ ਵੀ ਕਈ ਕਈ ਸਾਲ ਚੱਲਣ ਲੱਗੇ। ਘਰੇਲੂ ਕੰਮਾਂ ਕਾਜਾਂ ਤੇ ਅਸਰ ਹੋਣ ਲੱਗਿਆ। ਝਗੜੇ ਝੇੜੇ ਵੀ ਚੱਲਣੇ ਸ਼ੁਰੂ ਹੋ ਗਏ। ਪੱਕੇ ਦਰਸ਼ਕ... ਰਿਸ਼ਤੇਦਾਰਾਂ ਅਤੇ ਪਰਿਵਾਰਾਂ ਦੀ ਫ਼ਿਕਰ ਛੱਡ ਕੇ ਸੀਰੀਅਲਾਂ ਵਾਲੇ ਪਾਤਰਾਂ ਦੀ ਫ਼ਿਕਰ ਕਰਨ ਲੱਗ ਪਏ। ਕਈ ਤਾਈ ਭਾਨੋ ਵਰਗੀਆਂ ਭੋਲੀਆਂ ਭਾਲੀਆਂ ਬਜ਼ੁਰਗ ਔਰਤਾਂ ਤਾਂ ਜਦੋਂ ਇਹ ਪਾਤਰ ਕਿਸੇ ਮੁਸੀਬਤ ਵਿੱਚ ਫਸ ਜਾਂਦੇ ਤਾਂ ਇਹਨਾਂ ਲਈ ਪੀਰਾਂ ਫਕੀਰਾਂ ਦੀਆਂ ਸੁੱਖਣਾ ਵੀ ਸੁੱਖ ਲੈਂਦੀਆਂ। ਰਿਸ਼ਤੇਦਾਰਾਂ ਨਾਲ ਕਰਨ ਵਾਲੀਆਂ ਗੱਲਾਂ ਔੜਨੋਂ ਹਟ ਗਈਆਂ। ਉਹਨਾਂ ਨੂੰ ਵੀ ਟੀ. ਵੀ. ਮੂਹਰੇ ਬਿਠਾ ਦਿੱਤਾ ਜਾਂਦਾ। ਫਿਰ ਵਿੱਚੋਂ ਹੀ ਬਹੁਤ ਸਾਰੀਆਂ ਬੀਬੀਆਂ ਭੈਣਾਂ ਦੀ ਤੀਜੀ ਅੱਖ ਖੁੱਲ੍ਹਣ ਲੱਗੀ ਕਿ ਆਪਣੀ ਜ਼ਿੰਦਗੀ ਵਿਚਲੀਆਂ ਸਮੱਸਿਆਵਾਂ ਸੁਲਝਾਉਣ ਤੇ ਓਨਾ ਦਿਮਾਗ ਲਾਈਏ ਤਾਂ ਆਪਾਂ ਵੀ ਥੋੜ੍ਹੇ ਸੌਖੇ ਹੋ ਜਾਈਏ। ਸੀਰੀਅਲਾਂ ਵਾਲੀਆਂ ਬੀਬੀਆਂ ਭੈਣਾਂ ਨੇ ਤਾਂ ਸੌਣ ਵੇਲੇ ਵੀ ਕਿਲੋ ਕਿਲੋ ਭਾਰੇ ਗਹਿਣੇ ਪਾਏ ਹੁੰਦੇ ਨੇ ਆਪਾਂ ਨੂੰ ਸਾਰੀ ਜ਼ਿੰਦਗੀ ਵਿੱਚ ਕੰਨਾਂ ਨੂੰ ਵਾਲ਼ੀਆਂ ਵੀ ਮਸਾਂ ਜੁੜਦੀਆਂ ਨੇ। ਇਸ ਲਈ ਕੁੱਝ ਕੁ ਬੀਬੀਆਂ ਨੇ ਟੀ. ਵੀ.



ਅੰਮ੍ਰਿਤ ਕੌਰ (ਬਡਰੁੱਖਾਂ)
ਸੰਗਰੂਰ
9876714004

ਦੇਖਣਾ ਘੱਟ ਕਰ ਦਿੱਤਾ। ਸਿਰਫ਼ ਖ਼ਬਰਾਂ ਹੀ ਦੇਖੀਆਂ ਜਾਂਦੀਆਂ ਤਾਂ ਕਿ ਪਤਾ ਲੱਗਦਾ ਰਹੇ ਕਿ ਦੇਸ਼ ਦੁਨੀਆਂ ਤੇ ਕੀ ਹੋ ਰਿਹਾ ਹੈ। ਦੇਸ਼ ਦੁਨੀਆਂ ਦੀ ਖ਼ਬਰ ਰੱਖਣ ਵਾਲਾ ਚਾਰ ਜਣਿਆਂ ਵਿੱਚ ਖੜ੍ਹ ਕੇ ਗੱਲ ਕਰਨ ਜੋਗਾ ਹੋ ਜਾਂਦਾ ਹੈ ਅਤੇ ਆਪਣੇ ਗਿਆਨ ਦੇ ਸਹਾਰੇ ਦੂਜਿਆਂ 'ਤੇ ਪ੍ਰਭਾਵ ਵੀ ਪਾ ਸਕਦਾ ਹੈ।

ਮਨੋਰੰਜਨ ਅਤੇ ਗਿਆਨ ਦਾ ਸਾਧਨ ਸਮਝੇ ਜਾਣ ਵਾਲੇ ਟੀ. ਵੀ. ਦਾ ਦੇਖਦਿਆਂ ਦੇਖਦਿਆਂ ਅਜਿਹਾ ਰੂਪ ਸਾਹਮਣੇ ਆਉਣ ਲੱਗਾ ਕਿ ਆਮ ਜਨਤਾ ਨੂੰ ਚੈਨ ਦੇਣ ਦੀ ਥਾਂ ਬੇਚੈਨ ਕਰਨ ਲੱਗਿਆ। ਖ਼ਬਰਾਂ ਦੇਣ ਵਾਲੇ ਜਿਹੜੇ ਬੜੇ ਸਹਿਜ ਅਤੇ ਸਲੀਕੇ ਨਾਲ ਖ਼ਬਰਾਂ ਪੇਸ਼ ਕਰਦੇ ਸਨ ਉਹ ਪਤਾ ਨਹੀਂ ਕਿਧਰ ਨੂੰ ਚਲੇ ਗਏ। ਉਹਨਾਂ ਤੋਂ ਬਾਅਦ ਖ਼ਬਰਾਂ ਪੜ੍ਹਨ ਵਾਲੇ ਕਲਾਕਾਰਾਂ ਵਰਗੇ ਕੱਪੜੇ ਪਾ ਕੇ ਖ਼ਬਰਾਂ ਦਿਖਾਉਣ ਲੱਗ ਪਏ। ਇਹ ਨਿਚਲੇ ਨਹੀਂ ਬੈਠ ਸਕਦੇ। ਕਈ ਵਾਰ ਇਸ ਤਰ੍ਹਾਂ ਹੱਥਾਂ ਦੇ ਇਸ਼ਾਰੇ ਕਰ ਕਰ ਕੇ ਖ਼ਬਰ ਬਣਾਉਣਗੇ ਕਿ ਟੀ. ਵੀ. ਸਾਹਮਣੇ ਬੈਠਾ ਆਮ ਦਰਸ਼ਕ ਵੀ ਡਰ ਜਾਂਦਾ ਹੈ। ਉਹ ਸੋਚਦਾ....'ਕਿਤੇ ਮੈਂ ਹੀ ਤਾਂ ਨੀ ਇਹਨਾਂ ਨੂੰ ਦਿਸੀ ਜਾਂਦਾ ਮੇਰੇ ਵੱਲ ਹੱਥ ਕਰੀ ਜਾਂਦੇ ਨੇ।' ਮਾਨਸਿਕ ਸਕੂਨ ਦੇਣ ਵਾਲਾ ਦੂਰਦਰਸ਼ਨ ਮਾਨਸਿਕ ਪ੍ਰੇਸ਼ਾਨੀ ਦਾ ਸਬੱਬ ਬਣਨ ਲੱਗ ਪਿਆ। ਹੌਲੀ ਹੌਲੀ ਕਨਸੋਆਂ ਉੱਠਣ ਲੱਗੀਆਂ ਕਿ ਇਹ ਖ਼ਬਰਾਂ ਸੁਣਾਉਂਦੇ ਨਹੀਂ ਬਣਾਉਂਦੇ ਹਨ ਅਤੇ ਸੱਚ ਨੂੰ ਝੂਠ ਅਤੇ ਝੂਠ ਨੂੰ ਸੱਚ ਬਣਾਉਣ ਦੇ ਇਹਨਾਂ ਨੂੰ ਲੱਖਾਂ ਰੁਪਈਏ ਮਿਲਦੇ ਹਨ। ਸਾਡੇ ਵਰਗੇ ਆਮ ਬੰਦੇ ਛੇਤੀ ਕੀਤਿਆਂ ਨਹੀਂ ਮੰਨਦੇ। ਸੋਚਦੇ ਸਾਂ ਕਿ ਏਦਾਂ ਕਿਵੇਂ ਹੋ ਸਕਦਾ ਐ। ਖ਼ਬਰਾਂ ਨੂੰ ਵੀ ਕਿਤੇ ਬਦਲਿਆ ਜਾ ਸਕਦਾ ਹੈ ਇਹ ਤਾਂ ਸੱਚੀਆਂ ਘਟਨਾਵਾਂ ਹੁੰਦੀਆਂ ਹਨ। ਇਹਨਾਂ ਨੇ ਹੀ ਤਾਂ ਭਲਕੇ ਇਤਿਹਾਸ ਬਣਨਾ ਹੈ ਅਤੇ ਇਤਿਹਾਸ ਵਿੱਚ ਤਾਂ ਸਭ ਕੁੱਝ ਸੱਚ ਹੀ ਹੋਣਾ ਚਾਹੀਦਾ ਹੈ। ਹੌਲੀ ਹੌਲੀ ਸੱਚੇ ਤੇ ਇਮਾਨਦਾਰ ਪੱਤਰਕਾਰ ਘਟਨਾਵਾਂ ਦੀ ਤਹਿ ਤੱਕ ਜਾ ਕੇ ਸਮੇਂ ਸਮੇਂ ਤੇ ਇਹਨਾਂ ਦੀ ਪੋਲ ਖੋਲ੍ਹਦੇ ਰਹਿੰਦੇ ਸਨ। ਪਰ ਸਾਡੀਆਂ ਅੱਖਾਂ ਉਦੋਂ ਖੁੱਲ੍ਹੀਆਂ ਜਦੋਂ ਕਿਸਾਨੀ ਅੰਦੋਲਨ ਸ਼ੁਰੂ ਹੋਇਆ। ਕੁੱਝ ਹੋਰ ਹੀ ਰੂਪ ਸਾਹਮਣੇ ਆਇਆ। ਸਾਡੇ ਬਜ਼ੁਰਗ ਜਿਹੜੇ ਸਾਰੀ ਉਮਰ ਮਿੱਟੀ ਨਾਲ ਮਿੱਟੀ ਹੋ ਕੇ ਸਭ ਦਾ ਢਿੱਡ ਭਰਨ ਲਈ ਅੰਨ ਪੈਦਾ ਕਰਦੇ ਰਹੇ। ਜਿਹੜੇ ਜੇਠ ਹਾੜ੍ਹ ਦੇ ਮਹੀਨੇ ਗਰਮੀ ਵਿੱਚ ਭੁੱਜਦੇ ਅਤੇ ਜਿਹਨਾਂ ਦੇ ਪੋਹ ਮਾਘ ਦੇ ਮਹੀਨੇ ਠੰਢ ਨਾਲ ਹੱਥ ਪੈਰ ਨੀਲੇ ਹੋ ਜਾਂਦੇ ਉਹਨਾਂ ਨੂੰ ਇਹਨਾਂ ਨੇ ਭੰਡਣ ਵਿੱਚ ਕੋਈ ਕਸਰ ਨਹੀਂ ਛੱਡੀ। ਸਾਡੇ ਵਰਗੇ ਆਮ ਜਿਹੇ ਲੋਕਾਂ ਨੂੰ ਹੈਰਾਨੀ ਹੁੰਦੀ ਦੇਖ ਸੁਣ ਕੇ...ਕੋਈ ਐਨਾ ਝੂਠ ਕਿਵੇਂ ਬੋਲ ਸਕਦਾ? ਇੱਕ ਦੋ ਵਾਰ ਖ਼ਬਰਾਂ ਦੇਖਣ ਸੁਣਨ ਤੋਂ ਬਾਅਦ ਦਿਲ ਕਰਨੋਂ ਹਟ ਗਿਆ। ਸੋ ਖ਼ਬਰਾਂ ਦੇਖਣੀਆਂ ਬੰਦ ਹੋ ਗਈਆਂ। ਸਿਰਫ਼ ਇੱਕ ਅਧ ਚੈਨਲ ਦੇਖਣ ਲੱਗ ਪਏ ਜੀਹਨੂੰ ਦੇਖ ਕੇ ਮਹਿਸੂਸ ਹੁੰਦਾ ਸੀ ਕਿ ਐਨੇ ਸਾਰੇ ਝੂਠ ਵਿੱਚ ਸੱਚ ਦਿਖਾਉਣ ਵਾਲਾ ਵੀ ਕੋਈ ਹੈ। ਇਸ ਕਰਕੇ ਹੀ ਦੁਨੀਆਂ ਗਰਕ ਹੋਣ ਤੋਂ ਬਚੀ ਹੋਈ ਹੈ।

ਧਰਤੀ ਦੇ ਪੁੱਤਰ, ਅੰਨਦਾਤਾ, ਦੁਨੀਆਂ ਦਾ ਪੇਟ ਭਰਨ ਵਾਲੇ ਬਾਬੇ ਨਾਨਕ ਦੇ ਕਿਰਤੀਆਂ ਲਈ ਜਿਹੋ ਜਿਹੀ ਭੱਦੀ ਸ਼ਬਦਾਵਲੀ ਅੰਦੋਲਨ ਵਿਰੋਧੀ ਚੈਨਲਾਂ ਨੇ ਵਰਤੀ ਸੀ ਇਨਸਾਨੀਅਤ ਦਾ ਮਾਦਾ ਰੱਖਣ ਵਾਲਾ ਹਰ ਬੰਦਾ ਸੋਚਦਾ ਸੀ ਕਿ ਇਹਨਾਂ ਕੂੜ ਪ੍ਰਚਾਰਕ ਨੇ ਬੇੜਾ ਗਰਕ ਕਰਕੇ ਈ ਛੱਡਣਾ ਹੈ। ਹੁਣ ਪਿੱਛੇ ਜਿਹੇ ਕਈ ਮਹੀਨੇ ਪਹਿਲਾਂ ਸੁਣਨ ਦੇਖਣ ਵਿੱਚ ਆਇਆ ਸੀ ਕਿ ਸੱਚ ਨੂੰ ਕੋਈ ਖ਼ਰੀਦ ਨਹੀਂ ਸਕਿਆ ਅਗਲਿਆਂ ਨੇ ਪੈਸੇ ਦੇ ਬਲਬੂਤੇ ਤੇ ਉਹ ਚੈਨਲ ਹੀ ਖਰੀਦ ਲਿਆ ਜਿੱਥੇ ਸੱਚ ਸੀ। ਪਰ ਉੱਥੇ ਵੀ ਜੇ ਅਸਲ ਵਿੱਚ ਦੇਖਿਆ ਜਾਵੇ ਤਾਂ ਸੱਚ ਨਹੀਂ ਹਾਰਿਆ। ਸੱਚ ਨੇ ਉਹ ਥਾਂ ਛੱਡ ਦਿੱਤੀ ਜਾਂ ਉਸ ਨੂੰ ਛੱਡਣ ਲਈ ਮਜ਼ਬੂਰ ਕਰ ਦਿੱਤਾ ਗਿਆ ਅਤੇ ਬਹੁਤੇ ਲੋਕਾਂ ਨੇ ਚੈਨਲ ਹੀ ਛੱਡ ਦਿੱਤਾ।


ਸੱਤਵੀਂ ਅੱਠਵੀਂ ਵਿੱਚ ਪੜ੍ਹਦਿਆਂ ਪੰਜਾਬੀ ਵਾਲੇ ਭੈਣ ਜੀ ਸਮਝਾਉਂਦੇ ਹੁੰਦੇ ਸਨ ਕਿ ਜੇ ਵਿਆਕਰਣ ਵਿੱਚ ਵਿਸ਼ਰਾਮ ਚਿੰਨ੍ਹ ਸਹੀ ਨਾ ਲਗਾਏ ਜਾਣ ਤਾਂ ਅਰਥ ਦਾ ਅਨਰਥ ਹੋ ਜਾਂਦਾ ਹੈ ਜਿਵੇਂ ....

ਰੁਕੋ, ਨਾ ਜਾਓ।

ਰੁਕੋ ਨਾ, ਜਾਓ।

ਸਰਸਰੀ ਜਿਹੀ ਨਜ਼ਰ ਮਾਰੀਏ ਤਾਂ ਉਪਰੋਕਤ ਲਿਖੀਆਂ ਦੋਵੇਂ ਸਤਰਾਂ ਇੱਕ ਵਰਗੀਆਂ ਲੱਗਦੀਆਂ ਹਨ। ਪਰ ਲੱਗੇ ਕਾਮਿਆਂ ਨੂੰ ਦੇਖ ਕੇ ਸਹੀ ਤਰੀਕੇ ਨਾਲ ਪੜ੍ਹੀਏ ਤਾਂ ਪਹਿਲੀ ਸਤਰ ਦੂਜੀ ਨਾਲੋਂ ਬਿਲਕੁੱਲ ਉਲਟ ਅਰਥ ਰੱਖਦੀ ਹੈ। ਪਹਿਲੀ ਵਿੱਚ ਰੁਕਣ ਲਈ ਕਿਹਾ ਹੈ, ਦੂਜੀ ਵਿੱਚ ਜਾਣ ਲਈ ਕਿਹਾ ਹੈ। ਕਈ ਵਾਰ ਲੱਗਦਾ ਐ ਖਬਰਾਂ ਬਣਾਉਣ ਵਾਲੇ ਵੀ ਏਦਾਂ ਈ ਵਿਸ਼ਰਾਮ ਚਿੰਨ੍ਹ ਏਧਰ ਓਧਰ ਕਰ ਕੇ ਆਪਣੇ ਹਿਸਾਬ ਨਾਲ ਮਤਲਬ ਕੱਢ ਲੈਂਦੇ ਹੋਣਗੇ। ਹੁਣ ਅੱਗੇ ਅੱਗੇ ਦੇਖਦਿਆਂ ਕੀ ਹੁੰਦਾ ਹੈ। ਹੋ ਸਕਦਾ ਕੂੜ ਪ੍ਰਚਾਰਕਾਂ ਨੂੰ ਕਦੇ ਜ਼ਮੀਰ ਦੀ ਆਵਾਜ਼ ਸੁਣਾਈ ਦੇਵੇ। ਉਹਨਾਂ ਦਾ ਵੀ ਜੀਅ ਕਰੇ ਕਿ ਉਹ ਸੱਚ ਬੋਲਣ। ਅਸੀਂ ਸਾਰੇ ਆਮ ਲੋਕ ਇਹੀ ਚਾਹੁੰਦੇ ਹਾਂ ਕਿ ਸੱਚ ਦਾ ਹੋਵੇ ਬੋਲ ਬਾਲਾ ਤੇ ਝੂਠ ਦਾ ਮੂੰਹ ਕਾਲਾ। ਖ਼ੈਰ ਟੀ. ਵੀ. ਤਾਂ ਹੁਣ ਕਈ ਕਈ ਦਿਨ ਬੰਦ ਪਏ ਰਹਿੰਦੇ ਨੇ। ਪਹਿਲਾਂ ਸਾਰੇ ਪਿੰਡ ਵਿੱਚ ਇੱਕ ਟੀ. ਵੀ. ਹੁੰਦਾ ਸੀ, ਫਿਰ ਮੁਹੱਲੇ ਵਿੱਚ, ਫਿਰ ਘਰ ਵਿੱਚ, ਫਿਰ ਹਰ ਕਮਰੇ ਵਿੱਚ.. ਹੁਣ ਹਰ ਹੱਥ ਵਿੱਚ। ਸਮੇਂ ਦੇ ਨਾਲ ਅਕਾਰ ਵੀ ਵੱਡੇ ਛੋਟੇ ਹੁੰਦੇ ਜਾ ਰਹੇ ਹਨ। ਅਕਾਰ ਛੋਟੇ ਵੱਡੇ ਹੋਣ ਨਾਲ ਕੋਈ ਬਹੁਤਾ ਫ਼ਰਕ ਨਹੀਂ ਪੈਂਦਾ ਪਰ ਇਸ ਦੀ ਸਾਰਥਕ ਸਹੀ ਵਰਤੋਂ ਬਹੁਤ ਜ਼ਰੂਰੀ ਹੈ। ਇਸ ਦੀ ਸਾਰਥਕ ਵਰਤੋਂ ਲਈ ਹਰ ਸਮੇਂ ਸੁਚੇਤ ਹੋਣਾ ਜ਼ਰੂਰੀ ਹੈ। ਆਪਣੇ ਦਿਮਾਗ ਦੀ ਵਰਤੋਂ ਵੀ ਕਰ ਲੈਣੀ ਚਾਹੀਦੀ ਹੈ ਕਿ ਅਸੀਂ ਇਸ ਤੋਂ ਕੁੱਝ ਚੰਗਾ ਸਿੱਖ ਵੀ ਰਹੇ ਹਾਂ ਜਾਂ ਫਿਰ ਸਮੇਂ ਦੀ ਬਰਬਾਦੀ ਕਰ ਰਹੇ ਹਾਂ।

# ਚੋਣਾਂ ਪੈਸਾ ਅਤੇ ਮਾਲ ਖੁਆਉਣ ਨਾਲ ਨਹੀਂ, ਵੋਟਰਾਂ ਦਾ ਵਿਸ਼ਵਾਸ ਜਿੱਤ ਕੇ ਜਿੱਤੀਆਂ ਜਾਂਦੀਆਂ ਹਨ : ਗਡਕਰੀ



ਕੇਂਦਰੀ ਸੜਕ ਆਵਾਜਾਈ ਅਤੇ ਰਾਜਮਾਰਗ ਮੰਤਰੀ ਸ਼੍ਰੀ ਨਿਤਿਨ ਗਡਕਰੀ ਆਪਣੇ ਕੰਮ ਅਤੇ ਬੇਬਾਕ ਬਿਆਨਾਂ ਨੂੰ ਲੈ ਕੇ ਚਰਚਾ 'ਚ ਰਹਿੰਦੇ ਹਨ। ਉਹ ਆਪਣੀ ਪਾਰਟੀ ਦੇ ਆਗੂਆਂ ਅਤੇ ਵਰਕਰਾਂ ਨੂੰ ਉਨ੍ਹਾਂ ਦੀਆਂ ਤਰੁੱਟੀਆਂ ਬਾਰੇ ਵੀ ਸੁਚੇਤ ਕਰਦੇ ਰਹਿੰਦੇ ਹਨ।

ਇਸੇ ਸਿਲਸਿਲੇ 'ਚ ਉਨ੍ਹਾਂ ਨੇ 23 ਜੁਲਾਈ ਨੂੰ ਮੁੰਬਈ 'ਚ 'ਮਹਾਰਾਸ਼ਟਰ ਰਾਜਯ ਸ਼ਿਕਸ਼ਕ ਪ੍ਰੀਸ਼ਦ' ਦੇ ਪ੍ਰੋਗਰਾਮ 'ਚ ਚੋਣ ਉਮੀਦਵਾਰਾਂ ਵੱਲੋਂ ਵੋਟਰਾਂ ਨੂੰ ਲੁਭਾਉਣ ਲਈ ਤਰ੍ਹਾਂ-ਤਰ੍ਹਾਂ ਦੇ ਲਾਲਚ ਦੇਣ ਦੀ ਨਿਰਾਰਥਕਤਾ 'ਤੇ ਬੋਲਦੇ ਹੋਏ ਕਿਹਾ :

"ਚੋਣਾਂ ਦੌਰਾਨ ਪ੍ਰਚਾਰ ਲਈ ਵੱਡੇ-ਵੱਡੇ ਹੋਰਡਿੰਗ ਲਗਾਏ ਜਾਂਦੇ ਹਨ। ਕਈ ਲੋਕ ਵੋਟਰਾਂ ਨੂੰ ਪੈਸਾ ਖੁਆਉਂਦੇ ਹਨ ਪਰ ਮੇਰਾ ਮੰਨਣਾ ਹੈ ਕਿ ਚੋਣਾਂ ਸਿਰਫ ਲੋਕਾਂ 'ਚ ਵਿਸ਼ਵਾਸ ਪੈਦਾ ਕਰ ਕੇ ਹੀ ਜਿੱਤੀਆਂ ਜਾਂਦੀਆਂ ਹਨ। ਵੋਟਰ ਬਹੁਤ ਹੁਸ਼ਿਆਰ ਹੁੰਦੇ ਹਨ। ਉਹ ਖਾਂਦੇ ਸਭ ਦਾ ਹਨ ਪਰ ਵੋਟ ਉਸੇ ਨੂੰ ਦਿੰਦੇ ਹਨ ਜਿਸ ਨੂੰ ਉਨ੍ਹਾਂ ਨੇ ਦੇਣੀ ਹੁੰਦੀ ਹੈ।"

ਇਸ ਬਾਰੇ ਆਪਣਾ ਤਜਰਬਾ ਦੱਸਦੇ ਹੋਏ ਉਨ੍ਹਾਂ ਨੇ ਕਿਹਾ, "ਇਕ ਵਾਰ ਮੈਂ ਲੋਕਾਂ ਦਰਮਿਆਨ ਇਕ-ਇਕ ਕਿਲੋ ਮਟਨ ਵੰਡਵਾਇਆ ਪਰ ਫਿਰ ਵੀ ਮੈਂ ਚੋਣ ਹਾਰ ਗਿਆ ਸੀ ਕਿਉਂਕਿ ਅੱਜ ਦਾ ਵੋਟਰ ਬਹੁਤ ਜਾਗਰੂਕ ਹੈ।"

ਉਨ੍ਹਾਂ ਨੇ ਇਹ ਵੀ ਕਿਹਾ ਕਿ "ਕਈ ਲੋਕ ਮੈਨੂੰ ਕਹਿੰਦੇ ਹਨ ਕਿ ਸਾਨੂੰ ਐੱਮ. ਪੀ. ਦੀ ਟਿਕਟ ਦੇ ਦਿਓ। ਉਹ ਨਹੀਂ ਤਾਂ ਵਿਧਾਇਕ ਦੀ ਟਿਕਟ ਦੇ ਦਿਓ। ਨਹੀਂ ਤਾਂ ਐੱਮ. ਐੱਲ. ਸੀ. ਬਣਵਾ ਦਿਓ। ਇਹ ਨਹੀਂ ਤਾਂ ਕੋਈ ਕਮਿਸ਼ਨ ਦੇ ਦਿਓ।"

"ਇਹ ਸਭ ਵੀ ਨਹੀਂ ਤਾਂ ਮੈਡੀਕਲ ਕਾਲਜ ਹੀ ਦੇ ਦਿਓ। ਮੈਡੀਕਲ ਕਾਲਜ ਨਹੀਂ ਤਾਂ ਇੰਜੀਨੀਅਰਿੰਗ ਕਾਲਜ ਜਾਂ ਫਿਰ ਬੀ. ਐੱਡ ਕਾਲਜ ਤਾਂ ਦੇ ਹੀ ਦਿਓ। ਇਹ ਵੀ ਨਹੀਂ ਤਾਂ ਪ੍ਰਾਇਮਰੀ ਸਕੂਲ ਦੇ ਦਿਓ। ਇਸ ਨਾਲ ਮਾਸਟਰ ਦੀ ਅੱਧੀ ਤਨਖਾਹ ਸਾਨੂੰ ਮਿਲ ਜਾਵੇਗੀ।"

ਉਕਤ ਬਿਆਨ ਨਾਲ ਸ਼ ?ਰੀ ਗਡਕਰੀ ਨੇ ਸਾਰੇ ਦਲਾਂ ਦੇ ਚੋਣ ਉਮੀਦਵਾਰਾਂ ਨੂੰ ਸ਼ੀਸ਼ਾ ਦਿਖਾਇਆ ਹੈ ਕਿ ਉਹ ਲੋਭ ਅਤੇ ਸੱਤਾ ਲਾਲਸਾ ਦੀ ਸਿਆਸਤ ਕਰਨ ਦੀ ਥਾਂ ਆਪਣੇ ਕੰਮ ਨਾਲ ਲੋਕਾਂ ਦਾ ਦਿਲ ਜਿੱਤ ਕੇ ਦੇਸ਼ ਦੀ ਸੇਵਾ ਕਰਨ।

# ਹੈਪੇਟਾਈਟਸ ਦੇ ਵੱਧ ਰਹੇ ਅੰਕੜੇ ਨੇ ਵਧਾਈ ਚਿੰਤਾ

*''ਉਡੀਕ ਨਾ ਕਰੋ, ਆਪਣੀ 'ਤੇ ਆਪਣੇ ਪਰਿਵਾਰ ਦੀ ਸੁਰੱਖਿਆ ਲਈ ਹੈਪੇਟਾਈਟਸ ਦਾ ਟੈਸਟ ਕਰਾਓ। ਹਰ ਸਾਲ, ਹੈਪੇਟਾਈਟਸ ਨਾਲ 10 ਲੱਖ ਤੋਂ ਵੱਧ ਜਾਨਾਂ ਚਲੀਆਂ ਜਾਂਦੀਆਂ ਹਨ। ਅੱਜ ਵਾਇਰਲ ਹੈਪੇਟਾਈਟਸ ਦੇ ਖਾਤਮੇ ਦੇ ਯਤਨਾਂ ਨੂੰ ਤੇਜ਼ ਕਰਨ ਲਈ ਇੱਕ ਕਾਲ ਹੈ ਅਤੇ ਰੋਗੀਆਂ ਦੀ ਜਾਂਚ 'ਤੇ ਇਲਾਜ ਦੀ ਤੁਰੰਤ ਲੋੜ ਹੈ'' - ਅਨਿਲ ਧੀਰ. ਕਾਲਮਨਿਸਟ. ਥੈਰਾਪਿਸਟ. ਹੈਲਥ ਐਜੂਕੇਟਰ ਇਨਾਮ ਵਿਜੇਤਾ. ਸੋਸ਼ਲ ਐਕਟੀਵਿਸਟ*

ਦੁਨੀਆ ਭਰ ਵਿਚ 28 ਜੁਲਾਈ, 2023 ਨੂੰ ਵਿਸ਼ਵ ਹੈਪੇਟਾਈਟਸ ਦਿਵਸ ਵਾਇਰਲ ਹੈਪੇਟਾਈਟਸ ਪ੍ਰਤੀ ਜਾਗਰੁਕਤਾ ਦੇ ਤੌਰ 'ਤੇ ਮਨਾਇਆ ਗਿਆ। ਜਿਗਰ ਦੀ ਸੋਜਸ਼, ਜੋ ਕਿ ਜਿਗਰ ਦੀ ਗੰਭੀਰ ਬਿਮਾਰੀ ਅਤੇ ਹੈਪੇਟੋਸੈਲੂਲਰ ਕੈਂਸਰ ਦਾ ਕਾਰਨ ਬਣਦਾ ਹੈ। ਇਸ ਸਾਲ ਦਾ ਥੀਮ ਹੈ "ਹੈਪੇਟਾਈਟਸ ਇੰਤਜ਼ਾਰ ਨਹੀਂ ਕਰ ਸਕਦਾ", ਜੋ ਕਿ 2030 ਤੱਕ ਹੈਪੇਟਾਈਟਸ ਨੂੰ ਜਨਤਕ ਸਿਹਤ ਲਈ ਖਤਰੇ ਵੱਜੋਂ ਖਤਮ ਕਰਨ ਲਈ ਲੋੜ ਮੁਤਾਬਿਕ ਯਤਨ ਕਰਨਾ ਹੈ। ਹਰ 30 ਸਕਿੰਟਾਂ ਵਿਚ 1 ਆਦਮੀ ਮੌਤ ਦਾ ਸ਼ਿਕਾਰ ਹੋ ਜਾਂਦਾ ਹੈ।

ਵਿਸ਼ਵ ਸਿਹਤ ਸੰਸਥਾ ਮੁਤਾਬਿਕ ਹਰ ਸਾਲ ਕਰੀਬਨ 1,200,000 ਲੋਕ ਹੈਪੇਟਾਈਟਸ ਬੀ ਅਤੇ ਸੀ ਦੀ ਇਨਫੈਕਸ਼ਨ ਕਾਰਨ ਮੌਤ, ਲਗਭਗ 9,500,000 ਲੋਕ ਗੰਭੀਰ ਹੈਪੈਟਾਈਟਸ ਸੀ ਦੀ ਇਫੈਕਸ਼ਨ ਦਾ ਇਲਾਜ ਕਰਵਾ ਰਹੇ ਹਨ। 10% ਹੈਪੇਟਾਈਟਸ ਬੀ ਵਾਇਰਸ ਦੀ ਗੰਭੀਰ ਇਨਫੈਕਸ਼ਨ ਵਾਲੇ ਲੋਕ ਸਾਹਮਣੇ ਆਉਂਦੇ ਹਨ, ਜਿਨਾਂ ਵਿੱਚੋਂ 22% ਇਲਾਜ਼ ਕਰਵਾਉਂਦੇ ਹਨ। ਵਿਸ਼ਵ ਪੱਧਰ 'ਤੇ ਕਰੀਬਨ 42% ਬੱਚਿਆਂ ਨੂੰ ਹੈਪੇਟਾਈਟਸ ਬੀ ਦਾ ਵੈਕਸੀਨ ਮਿਲਦਾ ਹੈ। ਹੈਪੇਟਾਈਟਸ ਏ, ਬੀ, ਸੀ, ਡੀ, ਈ ਮੁੱਖ ਸਟ੍ਰੇਨ ਅਤੇ ਹੈਪੇਟਾਈਟਸ ਬੀ, ਸੀ ਦੇ ਨਤੀਜੇ ਵਜੋਂ ਕਰੀਬਨ 3.3 ਮਿਲੀਅਨ ਨਵੀਂ ਇਨਫੈਕਸ਼ਨ ਅਤੇ 1.1 ਮਿਲੀਅਨ ਮੌਤ ਦੇ ਸ਼ਿਕਾਰ ਹੋ ਜਾਂਦੇ ਹਨ। ਹੈਪੇਟਾਈਟਸ ਏ ਇਕ ਟੀਕਾ-ਰੋਕਥਾਮ ਯੋਗ ਜਿਗਰ ਦੀ ਇਨਫੈਕਸ਼ਨ ਐਚ ਏ ਵੀ ਵਾਇਰਸ ਰਾਹੀਂ ਹੁੰਦੀ ਹੈ। ਇੱਕ ਤੋਂ ਦੂਜੇ ਤੱਕ ਫੈਲਣ ਵਾਲੀ ਹੈਪੇਟਾਈਟਸ ਏ ਦਾ ਵਾਇਰਸ ਪੀੜੀਤਾਂ ਦੇ ਖ਼ੂਨ 'ਤੇ ਮੱਲ ਵਿਚ ਮੌਜੂਦ ਰਹਿੰਦਾ ਹੈ। ਕਿਸੇ ਵੀ ਪੀੜਿਤ ਦੇ ਨੇੜਲੇ ਸੰਪਰਕ, ਦੂਸ਼ਿਤ



ਅਨਿਲ ਧੀਰ
ਕਾਲਮਨਿਸਟ
healthmedia1@hotmail.com

ਭੋਜਨ ਅਤੇ ਪਾਣੀ ਦੁਆਰਾ ਤੰਦਰੁਸਤ ਸਰੀਰ ਅੰਦਰ ਥਕਾਵਟ, ਉਲਟੀ, ਪੇਟ ਦਰਦ ਅਤੇ ਪੀਲੀਆ ਵਗੈਰਾ ਲੱਛਣ 2 ਮਹੀਨੇ ਤੱਕ ਰਹਿ ਸਕਦੇ ਹਨ।

ਹੈਪੇਟਾਈਟਸ ਬੀ ਵਾਇਰਸ ਸੰਕਰਮਿਤ ਵਿਅਕਤੀ ਦੁਆਰਾ ਖ਼ੂਨ, ਸੈਕਸ ਸੰਪਰਕ, ਸੂਈਆਂ, ਸਰਿੰਜਾਂ, ਨਸ਼ਾ-ਨਿਜੈਕਸ਼ਨ ਉਪਕਰਣਾਂ ਨੂੰ ਸਾਂਝਾ ਕਰਨਾ, ਜਨਮ ਤੋਂ ਬਾਅਦ ਮਾਂ ਤੋਂ ਬੱਚੇ ਤੱਕ ਐਚ ਬੀ ਵੀ ਦੇ ਲੱਛਣ ਹਰ ਆਦਮੀ ਵਿਚ ਦੇਖਣ ਨੂੰ ਨਹੀਂ ਮਿਲਦੇ। ਲਗਾਤਾਰ ਥਕਾਵਟ, ਭੁੱਖ ਘੱਟ ਲਗਣਾ, ਪੀਲੀਆ, ਘਬਰਾਹਟ, ਉਲਟੀ ਅਤੇ ਪੇਟ ਦਰਦ ਦੇ ਲੱਛਣ ਸਾਹਮਣੇ ਆਉਂਦੇ ਹਨ। ਹੈਪੇਟਾਈਟਸ ਬੀ ਦੀ ਗੰਭੀਰ ਇਨਫੈਕਸ਼ਨ ਲੰਬੇ ਸਮੇਂ ਤੱਕ ਰਹਿਣ ਤੋਂ ਬਾਅਦ ਜਿਗਰ ਦੇ ਕੈਂਸਰ ਦਾ ਕਾਰਨ ਵੀ ਬਣ ਸਕਦੀ ਹੈ। ਹੈਪੇਟਾਈਟਸ ਬੀ ਵਾਲੇ ਕਰੀਬਨ 90% ਬੱਚਿਆਂ ਅੰਦਰ ਗੰਭੀਰ ਇਨਫੈਕਸ਼ਨ ਦਾ ਵਿਕਾਸ ਜਾਰੀ ਰਹਿੰਦਾ ਹੈ।

ਹੈਪੇਟਾਈਟਸ ਸੀ ਜਿਗਰ ਦੀ ਇਨਫੈਕਸ਼ਨ ਹੈ, ਜੋ ਐਚਸੀਵੀ ਵਾਇਰਸ ਦੁਆਰਾ ਪੀੜਿਤ ਦੇ ਖ਼ੂਨ ਦੇ ਸੰਪਰਕ ਰਾਹੀਂ ਫੈਲਦੀ ਹੈ। ਡਰਗਜ਼-ਨਸ਼ੇ ਇੰਜੈਕਸ਼ਨ, ਸੂਈਆਂ ਸਾਂਝਾ ਕਰਨ ਨਾਲ ਇਹ ਇਨਫੈਕਸ਼ਨ ਹੋ ਜਾਂਦੀ ਹੈ। ਕੁੱਝ ਲੋਕਾਂ ਵਿਚ ਘੱਟ ਸਮੇਂ ਤੱਕ ਅਤੇ ਲੰਬੇ ਸਮੇਂ ਤੱਕ ਰਹਿਣ ਨਾਲ ਗੰਭੀਰ ਹਾਲਤ ਹੋ ਜਾਂਦੀ ਹੈ। ਗੰਭੀਰ ਹੈਪੇਟਾਈਟਸ ਸੀ ਦੀ ਹਾਲਤ ਵਿਚ ਰੋਗੀ ਕੋਈ ਲੱਛਣ ਮਹਿਸੂਸ ਨਹੀਂ ਕਰਦੇ। ਇਨਫੈਕਟਿਡ ਲੋਕ ਬਿਮਾਰੀ ਦਾ ਵਿਕਾਸ ਤੇਜ਼ੀ ਨਾਲ ਕਰਦੇ ਹਨ।

**ਬਚਾਅ ਵਿੱਚ ਹੀ ਬਚਾਅ :**


• 1-2 ਸਾਲ ਦੇ ਬੱਚਿਆਂ ਨੂੰ ਟੀਕਾ ਦਿੱਤਾ ਜਾਂਦਾ ਹੈ। ਜਿਨ੍ਹਾਂ ਬੱਚਿਆਂ ਨੂੰ 2-18 ਸਾਲ ਦੀ ਉਮਰ ਤੱਕ ਟੀਕਾ ਨਹੀਂ ਮਿਲਿਆ ਉਸ ਨੂੰ ਕੈਚ ਅਪ ਟੀਕਾਕਰਨ ਕਿਹਾ ਜਾਂਦਾ ਹੈ।


• ਹੈਪੇਟਾਈਟਸ ਏ ਦਾ ਲੱਛਣਾਂ ਦੇ ਮੁਤਾਬਿਕ ਇਲਾਜ ਹੈਲਪ ਕਰ ਸਕਦਾ ਹੈ। ਹੈਪੇਟਾਈਟਸ ਬੀ ਲਈ ਕੋਈ ਦਵਾਈ ਨਹੀਂ ਹੈ। ਜਿਗਰ ਦੀ ਬਿਮਾਰੀ ਵੱਧਣ ਦੀ ਹਾਲਤ ਵਿਚ ਨਿਗਰਾਨੀ ਦੀ ਜ਼ਿਆਦਾ ਲੋੜ ਹੋ ਜਾਂਦੀ ਹੈ। ਐਂਟੀਵਾਇਰਲ ਦਵਾਈਆਂ ਦਾ ਇਸਤੇਮਾਲ ਕੀਤਾ ਜਾਂਦਾ ਹੈ। ਪੁਰਾਣੀ ਹੈਪੇਟਾਈਟਸ ਸੀ ਦੇ ਲਈ ਦਵਾਈਆਂ ਮੌਜੂਦ ਹਨ। ਮੌਜੂਦਾ ਇਲਾਜ਼ ਵਿਚ 8-12 ਹਫਤਿਆਂ ਲਈ ਔਰਲ ਥੇਰੈਪੀ ਦਿੱਤੀ ਜਾਂਦੀ ਹੈ ਜਿਸਦਾ ਕਰੀਬਨ 90% ਲੋਕਾਂ ਵਿਚ ਮਾੜਾ ਅਸਰ ਵੀ ਦੇਖਿਆ ਜਾਂਦਾ ਹੈ।


• ਹੈਪੇਟਾਈਟਸ ਏ ਲਈ ਟੈਸਟ ਕਰਨ ਦੀ ਨਿਯਮਤ ਤੌਰ 'ਤੇ ਸਿਫਾਰਸ਼ ਨਹੀਂ ਕੀਤੀ ਜਾਂਦੀ। ਹੈਪੇਟਾਈਟਸ ਬੀ ਵਿਚ ਗਰਭਵਤੀ ਔਰਤਾਂ, ਐੱਚਬੀਵੀ-ਪੀੜਿਤ ਮਾਵਾਂ ਨੂੰ ਪੈਦਾ ਹੋਏ ਬੱਚਿਆਂ ਦੇ ਲਗਾਤਾਰ ਟੈਸਟ ਕੀਤੇ ਜਾਂਦੇ ਹਨ।

• ਸੀ ਡੀ ਸੀ ਅਮਰੀਕਾ ਨੇ ਇਨਜੈਕਸ਼ਨ ਦੁਆਰਾ ਨਸ਼ਾ ਲੈਣ ਦੌਰਾਨ ਇਸਤੇਮਾਲ ਸੂਈਆਂ, ਸਰਿੰਜਾਂ, ਸਾਂਝੀਆਂ ਕਰਨ ਵਾਲੇ ਅਤੇ ਹੈਪੇਟਾਈਟਸ ਸੀ ਵਾਲੇ ਲੋਕਾਂ ਦੀ ਜਾਂਚ ਕਰਨ ਜਰੂਰੀ ਹੋ ਜਾਂਦੀ ਹੈ। ਅੰਗ ਦਾਨ ਤੋਂ ਬਾਅਦ ਟਰਾਂਸਪਲਾਂਟ ਅੰਗ ਵਾਲੇ ਲੋਕਾਂ ਦੀ ਅਤੇ ਐਚਸੀਵੀ ਇਨਫੈਕਟਿਡ ਮਾਂ ਦੇ ਬੱਚਿਆਂ ਦੀ ਜਾਂਚ ਕੀਤੀ ਜਾਂਦੀ ਹੈ।

ਨੋਟ : ਕਿਸੇ ਵੀ ਸ਼ੱਕ ਜਾਂ ਪੀਲੀ ਚਮੜੀ ਜਾਂ ਅੱਖਾਂ, ਪਿਸ਼ਾਬ-ਮਲ ਦਾ ਪੀਲਾ ਰੰਗ, ਭੁੱਖ 'ਚ ਕਮੀ, ਪੇਟ ਦਾ ਦਰਦ, ਬੁਖਾਰ, ਦਸਤ ਆਉਣੇ, ਸਰੀਰ 'ਤੇ ਮਨ ਥੱਕਿਆ ਰਹਿਣਾ, ਅਤੇ ਜੋੜਾਂ ਅੰਦਰ ਦਰਦ ਰਹਿਣ, ਦੀ ਹਾਲਤ ਵਿਚ ਫੈਮਿਲੀ ਡਾਕਟਰ ਦੀ ਸਲਾਹ ਨਾਲ ਆਪਣੇ ਖ਼ੂਨ ਦੀ ਜਾਂਚ ਕਰਾਓ। ਗਰਭਵਤੀ ਔਰਤਾਂ ਅਤੇ ਬੱਚਿਆਂ ਦਾ ਖਾਸ ਧਿਆਨ ਰੱਖਣ ਦੀ ਲੋੜ ਹੁੰਦੀ ਹੈ। ਆਪਣੇ ਸਾਥੀ ਨਾਲ ਇਮਾਨਦਾਰੀ ਵਰਤੋ। ਬਾਹਰੀ ਯੌਨ-ਸੰਪਰਕ ਤੋਂ ਹਮੇਸ਼ਾ ਬਚੋ। ਕੰਡੋਮ ਆਮ ਇਨਫੈਕਸ਼ਨ ਤੋਂ ਬਚਾਅ ਸਕਦਾ ਹੈ। ਹੈਪੇਟਾਈਟਸ ਸੀ ਦਾ ਕੋਈ ਟੀਕਾ ਨਹੀਂ ਹੈ। ਬਿਮਾਰੀ ਪੈਦਾ ਕਰਨ ਵਾਲੇ ਕਾਰਨਾਂ ਤੋਂ ਦੂਰ ਰਹਿ ਕੇ, ਅਤੇ ਪਰਹੇਜ਼ ਕਰਕੇ ਹੀ ਆਪਣੇ-ਆਪ ਤੇ ਸਾਹਮਣੇ ਵਾਲੇ ਨੂੰ ਬਚਾਇਆ ਜਾ ਸਕਦਾ ਹੈ।



# ਯੋਗ ਆਸਣ ਕਰਨ ਤੋਂ ਪਹਿਲਾਂ...

ਯੋਗ ਆਸਣ ਸਰੀਰ ਨੂੰ ਚੁਸਤ-ਫੁਰਤ ਰੱਖਦੇ ਹਨ। ਸਰੀਰ ਦੇ ਨਾਲ-ਨਾਲ ਮਨ ਅਤੇ ਦਿਮਾਗ਼ ਨੂੰ ਵੀ ਚੁਸਤ-ਫੁਰਤ ਰੱਖਦੇ ਹਨ। ਆਧੁਨਿਕ ਯੁੱਗ ਵਿਚ ਤਣਾਅ ਤੋਂ ਖ਼ੁਦ ਨੂੰ ਦੂਰ ਰੱਖਣ ਲਈ ਕਸਰਤ ਅਤੇ ਯੋਗ ਆਸਣ ਕਰਨਾ ਹੀ ਸਹੀ ਮੰਨਿਆ ਜਾਂਦਾ ਹੈ। ਲਗਾਤਾਰ ਕਸਰਤ ਕਰਨ ਨਾਲ ਉਮਰ ਵੀ ਲੰਮੀ ਹੁੰਦੀ ਹੈ।

ਯੋਗਾ ਆਸਣ ਅਤੇ ਕਸਰਤ ਦੇ ਲਾਭ ਏਨੇ ਜ਼ਿਆਦਾ ਹਨ ਕਿ ਇਨ੍ਹਾਂ ਨੂੰ ਸਹੀ ਨਿਯਮਾਂ ਅਨੁਸਾਰ ਕੀਤਾ ਜਾਵੇ ਤਾਂ ਸਰੀਰ, ਮਨ ਅਤੇ ਦਿਮਾਗ਼ ਨੂੰ ਪੂਰਾ ਲਾਭ ਹੁੰਦਾ ਹੈ ਅਤੇ ਸਹੀ ਢੰਗ ਨਾਲ ਨਾ ਕੀਤਾ ਜਾਵੇ ਤਾਂ ਇਹ ਲਾਭ ਦੀ ਥਾਂ ਨੁਕਸਾਨ ਵੀ ਪਹੁੰਚਾ ਸਕਦੇ ਹਨ। ਯੋਗ ਆਸਣ ਕਰਨ ਤੋਂ ਪਹਿਲਾਂ ਕੁਝ ਖ਼ਾਸ ਗੱਲਾਂ ਦੀ ਜਾਣਕਾਰੀ ਦਾ ਹੋਣਾ ਬਹੁਤ ਜ਼ਰੂਰੀ ਹੈ।

ਯੋਗ ਆਸਣ ਜਾਂ ਕਸਰਤ ਹਮੇਸ਼ਾ ਸਵੇਰੇ ਹੀ ਕਰੋ। ਸਵੇਰ ਦੀ ਕਸਰਤ ਦਾ ਜ਼ਿਆਦਾ ਮਹੱਤਵ ਹੁੰਦਾ ਹੈ। ਸ਼ਾਮ ਵੇਲੇ ਓਨਾ ਫਾਇਦਾ ਨਹੀਂ ਹੁੰਦਾ।

ਯੋਗ ਆਸਣ ਕਰਨ ਤੋਂ ਪਹਿਲਾਂ ਆਪਣੇ ਰੋਜ਼ਮਰ੍ਹਾ ਦੇ ਕੰਮ ਖ਼ਤਮ ਕਰ ਕੇ ਯੋਗ ਆਸਣ ਕਰੋ। ਤੁਸੀਂ ਚਾਹੋ ਤਾਂ ਸ਼ੁਰੂ ਕਰਨ ਤੋਂ ਅੱਧਾ ਘੰਟਾ ਪਹਿਲਾਂ ਇਸ਼ਨਾਨ ਕਰ ਸਕਦੇ ਹੋ ਅਤੇ ਬਾਅਦ ਵਿਚ ਵੀ ਅੱਧੇ ਘੰਟੇ ਬਾਅਦ ਇਸ਼ਨਾਨ ਕਰ ਸਕਦੇ ਹੋ।

ਯੋਗ ਆਸਣ ਕਰਨ ਦੀ ਸਿਖਲਾਈ ਕਿਸੇ ਮਾਹਿਰ ਸਿੱਖਿਅਕ ਕੋਲੋਂ ਹੀ ਲਓ। ਆਪਣੀ



ਮਰਜ਼ੀ ਨਾਲ ਯੋਗ ਆਸਣ ਨਾ ਕਰੋ।

ਬਿਮਾਰੀ ਦੇ ਦਿਨਾਂ ਵਿਚ ਜਾਂ ਤੁਰੰਤ ਬਿਮਾਰੀ ਤੋਂ ਬਾਅਦ ਜ਼ਿਆਦਾ ਥਕਾਵਟ ਹੋਣ 'ਤੇ ਯੋਗ ਆਸਣ ਨਾ ਕਰੋ।

ਪੂਰੇ ਮਨ ਨਾਲ ਯੋਗ ਕਰੋ। ਬੁਝੇ ਮਨ ਨਾਲ ਨਾ ਕਰੋ।

ਔਰਤਾਂ ਨੂੰ ਮਾਹਵਰੀ, ਗਰਭ ਅਵਸਥਾ, ਹਾਈ ਬਲੱਡ ਪ੍ਰੈਸ਼ਰ ਹੋਣ 'ਤੇ ਯੋਗ ਆਸਣ ਨਹੀਂ ਕਰਨਾ ਚਾਹੀਦਾ।

ਯੋਗ ਆਸਣ ਹਮੇਸ਼ਾ ਸਮਤਲ ਥਾਂ 'ਤੇ ਚਟਾਈ ਜਾਂ ਮੋਟੀ ਦਰੀ ਵਿਛਾ ਕੇ ਕਰੋ। ਉੱਬੜ-ਖਾਬੜ ਥਾਂ ਅਤੇ ਬਿਸਤਰ 'ਤੇ ਬੈਠ ਕੇ ਕਸਰਤ ਨਾ ਕਰੋ। ਖੁੱਲ੍ਹੇ ਪਾਰਕ, ਛੱਤ, ਵਰਾਂਡੇ, ਨਦੀ, ਨਹਿਰ ਦੇ ਕੰਢੇ ਅਤੇ ਸ਼ਾਂਤ ਥਾਂ 'ਤੇ ਯੋਗਾ ਕਰੋ ਜਿਥੇ ਸ਼ੁੱਧ ਹਵਾ ਆ-ਜਾ ਸਕੇ। ਬੰਦ ਕਮਰੇ ਵਿਚ ਯੋਗਾ ਆਸਣ ਨਾ ਕਰੋ।

ਯੋਗਾ ਕਰਦੇ ਸਮੇਂ ਖ਼ੁਦ ਨੂੰ ਸ਼ਾਂਤ, ਖ਼ੁਸ਼ ਅਤੇ ਇਕਾਗਰ-ਚਿਤ ਰੱਖੋ। ਮਨ ਨੂੰ ਇਧਰ-ਉਧਰ ਭਟਕਣ ਨਾ ਦਿਓ, ਨਾ ਹੀ ਉਸ ਸਮੇਂ ਕੁਝ ਸੋਚੋ। ਯੋਗ ਆਸਣ ਕਰਦੇ ਸਮੇਂ ਹਲਕੇ-ਖੁੱਲ੍ਹੇ ਕੱਪੜੇ ਪਾਓ, ਜਿਸ ਨਾਲ ਸਰੀਰ ਨੂੰ ਸੌਖਿਆਂ ਹੀ ਮੋੜਿਆ ਜਾ ਸਕੇ। ਸਰਦ ਰੁੱਤ ਵਿਚ ਸਵੈਟਰ ਆਦਿ ਪਾ ਕੇ ਆਸਣ ਕਰ ਸਕਦੇ ਹੋ।

ਯੋਗ ਆਸਣ ਤੁਸੀਂ ਜੀਵਨ ਭਰ ਕਰ ਸਕਦੇ ਹੋ। ਇਸ ਵਿਚ ਉਮਰ ਦਾ ਕੋਈ ਬੰਧਨ ਨਹੀਂ ਹੁੰਦਾ।

ਪੂਰੇ ਉਤਸ਼ਾਹ ਅਤੇ ਸਾਹਸ ਨਾਲ ਆਸਣ ਕਰਨੇ ਚਾਹੀਦੇ ਹਨ। ਯੋਗ ਆਸਣ 10 ਮਿੰਟ ਤੋਂ ਲੈ ਕੇ ਹੌਲੀ-ਹੌਲੀ ਅੱਧੇ ਘੰਟੇ ਤੱਕ ਵਧਾਓ। ਆਸਣ ਲਗਾਤਾਰ ਕਰੋ। ਹਫ਼ਤੇ ਵਿਚ ਇਕ ਦਿਨ ਆਰਾਮ ਲਈ ਰੱਖ ਸਕਦੇ ਹੋ। ਬੇਨਿਯਮੀ ਨਾਲ ਕੀਤੇ ਆਸਣ ਸਰੀਰ ਨੂੰ ਪੂਰਾ ਲਾਭ ਨਹੀਂ ਪਹੁੰਚਾ ਪਾਉਂਦੇ।

ਯੋਗ ਆਸਣ ਕਰਨ ਤੋਂ ਬਾਅਦ ਇਕ ਘੰਟੇ ਦੇ ਵਕਫ਼ੇ ਬਾਅਦ ਹਲਕਾ ਅਤੇ ਪੌਸ਼ਟਿਕ ਨਾਸ਼ਤਾ ਲਓ ਜਿਵੇਂ ਦੁੱਧ, ਫਲ, ਸੁੱਕੇ ਮੇਵੇ, ਪੁੰਗਰੀਆਂ ਦਾਲਾਂ ਜਾਂ ਅਨਾਜ, ਦਲੀਆ ਆਦਿ।

ਕਸਰਤ ਖ਼ਤਮ ਕਰਨ ਤੋਂ ਬਾਅਦ ਕੁਝ ਅਰਾਮ ਜ਼ਰੂਰ ਕਰੋ। ਫਿਰ ਆਪਣੇ ਰੋਜ਼ਮਰ੍ਹਾ ਰੁਟੀਨ ਵਿਚ ਲੱਗ ਜਾਓ।

ਇਨ੍ਹਾਂ ਸਭ ਗੱਲਾਂ ਨੂੰ ਧਿਆਨ ਵਿਚ ਰੱਖ ਕੇ ਯੋਗਾ ਆਸਣ ਕਰਨ ਨਾਲ ਸਰੀਰ ਚੁਸਤ ਤੇ ਫੁਰਤੀਲਾ ਰਹਿੰਦਾ ਹੈ।

- ਨੀਤੂ ਗੁਪਤਾ

CAPITAL SERVICES
ਸਾਰੀਆਂ ਸੇਵਾਵਾਂ ਇਕੋ ਥਾਂ
Capital services
*ਇੰਡੀਅਨ ਪਾਸਪੋਰਟ
*ਇੰਡੀਅਨ ਵੀਜਾ, OCI
*ਮੁਖਤਿਆਰਨਾਮਾ
*ਇਮੀਗਰੇਸ਼ਨ ਸਰਵਿਸਜ
*ਸਿਟੀਜਨ, ਗਰੀਨ ਕਾਰਡ
*ਫੈਮਲੀ ਪਟੀਸ਼ਨ
- ਹੋਰ ਸੇਵਾਵਾਂ -
*ਕਾਰ ਟਰਾਂਸਫਰ/ਸਟਿੱਕਰ, *ਇੰਸ਼ੋਰੈਂਸ: ਕਾਰ, ਘਰ ਤੇ ਬਿਜਨਸ
*ਲਾਈਵ ਸਕੈਨ/ਫਿੰਗਰ ਪ੍ਰਿੰਟ, *ਨੋਟਰੀ ਪਬਲਿਕ *ਮੇਲ ਬੌਕਸ
*ਫੈਕਸ, ਕਾਪੀ, ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ।
ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਤਾਂ ਇੰਟਰਨੈਸ਼ਨਲ ਡਰਾਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ।
Call, Banga (916) 427-4321, Fax (916) 258-0441
email: sacramento99@yahoo.com, website: capitalservices.us

## ਜਨਮ ਦਿਨ ਮੁਬਾਰਕ



ਸੀਰਤ ਕੌਰ
ਪਿਤਾ-ਬਲਜੀਤ ਸਿੰਘ
ਮਾਤਾ-ਰਾਜਵੀਰ ਕੌਰ
(ਪੋਤਰੀ ਦੁਪਾਲ ਪੁਰੀ ਪ੍ਰਵਾਰ)

## ਕਵਿਤਾ

ਤੇਰੀ ਆਦਤ ਤੇਰੇ ਨਾਲ
ਮੇਰੀ ਆਦਤ ਮੇਰੇ ਨਾਲ

ਤੇਰੇ ਵੱਸ ਦੀ ਗੱਲ ਨਹੀਂ ਹੈ
ਯਾਰੀ ਨਿਭਦੀ ਜੇਰੇ ਨਾਲ

ਹੰਝੂ ਪੂੰਝਣ ਵਿਰਲੇ ਖੜ੍ਹਦੇ
ਲੱਡੂ ਖਾਣ ਬਥੇਰੇ ਨਾਲ

ਹਵਾਂ ਦੀ ਮਸਤ ਰਵਾਨੀ ਦੇਖੋ
ਕਦ ਰੁਕਦੀ ਐ ਘੇਰੇ ਨਾਲ

ਨਾਨਕ ਜਗ ਨੂੰ ਪੈਦਲ ਗਾਹਿਆ
ਬਾਬੇ ਰੱਖਣ ਡੇਰੇ ਨਾਲ

ਭਾਈ ਭਾਈ ਸਿਰ ਦੀ ਪਗੜੀ,
ਘਰ ਦਾ ਰੋਅਬ ਬਨੇਰੇ ਨਾਲ।

ਕਿਹਦੇ ਮੋਢੇ ਸਿਰ ਰੱਖ ਰੋਵਾਂ
ਦੁੱਖ ਸੁੱਖ ਸਾਂਝੇ ਤੇਰੇ ਨਾਲ

'ਪ੍ਰੀਤ' ਇਹ ਮਸਲੇ ਹੱਲ ਨਾ ਹੁੰਦੇ
ਦੋਹਾਂ ਦੇ ਮੁੱਖ ਫੇਰੇ ਨਾਲ



ਪਰਮ ਪ੍ਰੀਤ

## ਮੈਂ ਹਾਂ ਔਰਤ

ਬਾਬਲ ਦੀ ਰਾਜਕੁਮਾਰੀ,
ਮਾਂ ਦੀ ਦੁਲਾਰੀ।
ਸਾਂਝਾਂ ਸਭ ਨਾਲ ਪਾਵੇ,
ਵੀਰੇ ਦੀ ਭੈਣ ਪਿਆਰੀ।
ਮੈਂ ਹਾਂ ਧੀ! ਮੈਂ ਹਾਂ ਧੀ।

ਅਰਮਾਨਾਂ ਨੂੰ ਦਿਲ 'ਚ ਦਬਾ,
ਹੋਰਾਂ ਦੇ ਖੁਆਬਾਂ ਨੂੰ ਸਜਾਉਂਦੀ।
ਸੋਹਰੇ ਘਰ ਵਿੱਚ ਜਾ,
ਉਹਨਾਂ ਨੂੰ ਆਪਣਾ ਬਣਾਉਂਦੀ।
ਮੈਂ ਹਾਂ ਪਤਨੀ! ਮੈਂ ਹਾਂ ਨੂੰਹ!

ਨੌਂ ਮਹੀਨੇ ਕੁੱਖ਼ ਵਿਚ ਰੱਖ ਕੇ,
ਆਪਣਾ ਆਪਾ ਕੁਰਬਾਨ ਕਰ ਜਾਂਦੀ।
ਸੁੱਕੀ ਥਾਂ ਬਾਲ ਨੂੰ ਪਾਕੇ,
ਆਪੇ ਗਿੱਲੀ ਥਾਂ ਪੈ ਜਾਂਦੀ।
ਮੈਂ ਹਾਂ ਮਾਂ! ਮੈਂ ਹਾਂ ਮਾਂ!

ਸਮਾਜ ਵਿੱਚ ਵਿਚਰ,
ਵੱਖ ਵੱਖ ਫਰਜ਼ ਨਿਭਾਉਂਦੀ।
ਸੁੱਖਾਂ ਦੁੱਖਾਂ ਨੂੰ ਝੱਲ ਕੇ,
ਹੱਸ ਹੱਸ ਕੇ ਹਰ ਜਖਮ ਸਹਿ ਜਾਂਦੀ।
ਮੈਂ ਹਾਂ ਔਰਤ! ਮੈਂ ਹਾ ਔਰਤ!



ਸਰਿਤਾ ਦੇਵੀ
9464925265

## ਸਮਰਪਣ

ਇਹ ਜੋ!
ਲਿਖੀ ਜਾ ਰਹੀ ਹੈ
ਕੋਈ ਕਵਿਤਾ ਨਹੀ ਹੈ
ਇਸ ਵਿਚਲਾ ਹਰ ਲਫਜ
ਸਮਰਪਣ ਹੈ
ਹਾਂ ਸਮਰਪਣ !
ਜਿਸਨੂੰ ਮੈਂ ਤੁਹਾਡੇ ਸਾਹਮਣੇ ਰੱਖ ਦਿਆਂਗੀ
ਤੁਸੀਂ ਚਾਹੋ ਤਾਂ
ਝਰੀਟਾਂ ਮਾਰੋ।
ਇਸਨੂੰ ਉਚੇੜ ਦਿਓ।
ਮੂੰਹ ਤੇ ਕਾਲਖ ਮਲ ਦਿਓ।
ਸਰੇਆਮ ਇੱਜ਼ਤ ਨੂੰ ਤਾਰ ਤਾਰ ਕਰ ਦਿਓ।
ਜਾਂ ਫੇਰ ਜੁੱਤੀਆਂ ਦਾ ਹਾਰ ਪਾ
ਇਸਦੇ ਹਰ ਅੰਗ ਨੂੰ ਸਜਾ ਦਿਓ।
ਇਹੀ ਤੇ ਸੱਚ ਏ ਨਾ।
ਹਾਂ !
ਤਾਂ ਹੁਣ ਤੁਸੀ ਕਰੋ ਮਨਮਰਜੀਆਂ,
ਤੁਹਾਨੂੰ ਵਰਜਣ ਵਾਲਾ ਕੋਈ ਨਹੀ ਮਿਲੇਗਾ।
ਕਿਉਂਕਿ ਏਥੇ ਸਭ ਤਾੜੀਆਂ ਵਜਾਉਦੇ ਨੇ,
ਕੁੜੀਆਂ ਦਾ ਤਮਾਸ਼ਾ ਬਣਾਉਂਦੇ ਨੇ,
ਕਿਰਦਾਰਾਂ ਤੇ ਸਵਾਲ ਉਠਾਉਂਦੇ ਨੇ।
ਇਸ ਲਈ ਮੈਂ ਅੱਜ ਕਵਿਤਾ ਨੂੰ
ਕੁੜੀ ਜਾਂ ਕਵਿਤਾ ਨਹੀ ਆਖਾਗੀ।
ਇਹ ਸਮਰਪਣ ਹੀ ਠੀਕ ਏ।
ਸਮਰਪਣ!
ਇਕ ਮਰ ਚੁੱਕੀ ਆਸ ਦਾ
ਜੋ ਹੁਣ ਕਦੇ ਜਿੰਦਾ ਨਹੀ ਹੋਵੇਗੀ ।
ਜੇ ਬਚ ਬਚਾਕੇ ਜਿੰਦਾ ਰਹਿ ਵੀ ਗਈ
ਤਾਂ ਕਿਸੇ ਹੋਰ!
ਆਸ਼ਿਕ ਜਾਂ ਪਰਿਵਾਰ ਦੀ ਭੇਂਟ ਚੜ੍ਹੇਗੀ।
ਕਿਉਂਕਿ ਏਥੇ
ਭੱਜ ਕੇ ਵਿਆਹ ਕਰਵਾਉਣ ਵਾਲਿਆਂ ਲਈ
ਕਾਨੂੰਨ ਤਾਂ ਬਹੁਤ ਮਿਲਣਗੇ।
ਪਰ ਬਲਾਤਕਾਰ ਮਗਰੋਂ ਇਨਸਾਫ ਨਹੀਂ ।
ਮਸਲਾ ਤੁਹਾਡੀਆਂ ਧੀਆਂ ਦਾ ਏ?
ਖੈਰ ਇਹ ਵੀ ਛੱਡ ਦਿਓ,
ਜੋ ਲੋਕ ਕੁਝ ਪੈਸਿਆਂ ਲਈ
ਆਪਣੀ ਵੋਟ ਵੇਚ ਸਕਦੇ ਨੇ
ਉਹ ਧੀਆਂ ਬਚਾਉਣ ਦਾ ਸੋਚਣ ਵੀ ਕਿਵੇਂ?
ਸਿਆਸਤ ਦੇ ਨੁਮਾਇੰਦੇ
ਦਿਮਾਗ ਦਾ ਵਸ਼ੀਕਰਣ ਹੀ
ਕੁਝ ਇਸ ਤਰ੍ਹਾਂ ਕਰ ਲੈਂਦੇ ਨੇ
ਕਿ ਨਾਲ ਤੁਰ ਰਹੇ ਨੌਜਵਾਨ ਵੀ
ਸਵਾਲ ਨਹੀਂ ਕਰਦੇ ।
ਅਸੀਂ ਤੁਹਾਡੇ ਨਾਲ ਕਿਉ ਹਾਂ।
ਸਰਕਾਰ ਆਉਂਦੀ ਹੈ
ਔਰਤਾਂ ਬੇਪੱਤ ਹੁੰਦੀਆਂ ਨੇ
ਬੇਅਦਬੀ ਦੀਆਂ ਘਟਨਾਵਾਂ ਵਾਪਰਦੀਆਂ ਨੇ
ਕਿਸਾਨ ਫਾਂਸੀਆਂ ਲਾਉਂਦੇ ਨੇ
ਬੇਰੁਜ਼ਗਾਰ ਸੜਕਾਂ ਤੇ ਕੁੱਟੇ ਜਾਂਦੇ ਨੇ
ਪੰਜ ਸਾਲ!
ਇਹ ਸਿਲਸਿਲਾ ਜਾਰੀ ਰਹਿੰਦਾ ਏ।
ਹੁਣ ਫੈਸਲਾ
ਤੁਹਾਡੇ ਹੱਥ ਕਵਿਤਾ
ਜੀਵੇ ਜਾਂ ਮਰੇ?



ਸਿਮਰਨਜੀਤ ਕੌਰ ਸਿਮਰ

## ਪੁਕਾਰ

ਪੁੱਛਾਂ ਉਹਨੂੰ, ਭੇਤ ਕਿਤੇ ਪੈ ਜਾਏ ਖੁਦਾਈ ਦਾ।
ਹਰ ਵੇਲੇ ਘਾਣ ਕਾਹਤੋਂ ਕਰਦੈਂ ਲੋਕਾਈ ਦਾ।

ਝੰਡਿਆਂ ਦਾ ਰੌਲ਼ਾ, ਕਦੇ ਗੱਲ ਸਰਹੱਦ ਦੀ,
ਭਾਈਆਂ ਹੱਥੋਂ ਕਤਲ ਕਰਾਵੇਂ ਕਾਹਤੋਂ ਭਾਈ ਦਾ।

ਮੱਚਦੀ 'ਤੇ ਤੇਲ ਪਾਵੇ ਆਗੂਆਂ ਦੀ ਪੀਪਣੀ,
ਗਲ਼ੀ-ਕੂਚੇ ਫੁਕੇ ਕਿਉਂ, ਪਹਾੜ ਬਣ ਰਾਈ ਦਾ।

ਰੁਲ਼ਦੀਆਂ ਲਾਸ਼ਾਂ, ਕਿਤੇ ਵੈਣ ਪੈਂਦੇ ਸੱਧਰਾਂ ਦੇ,
ਪਸੀਜੇ ਕਿਉਂ ਨਾ ਦਿਲ, ਦੁੱਖ ਦੇਖ ਮਾਂ ਜਾਈ ਦਾ।

ਬੇਸਿਰੇ ਹਜੂਮ ਕਾਹਤੋਂ ਘਰ ਢਾਹੁਣ ਇਸ਼ਟਾਂ ਦੇ,
ਝੱਖੜ ਇਹ ਹਰੇ-ਲਾਲ ਰੰਗਾਂ ਦੀ ਦੁਹਾਈ ਦਾ।

ਦਿੱਤੇ ਕਦੇ ਖੋਹੇ ਹੱਕ, ਕਾਨੂੰਨ ਦਿਆਂ ਘਾੜਿਆਂ ਨੇ,
ਲਾਉਂਦੇ ਨਾ ਹਿਸਾਬ, ਧਰਤੀ ਰੱਤੀ ਰੰਗਾਈ ਦਾ।

ਡੋਬਾ ਕਿਤੇ ਸੋਕਾ, ਅਸੀਂ ਮੰਨਦੇ ਸੀ ਖੇਡ ਤੇਰੀ,
ਲੱਗੇ ਕਿਉਂ ਅਸਰ ਉਹ ਵੀ, ਕਲਮ ਘਿਸਾਈ ਦਾ।

ਡਰੀ ਜਾਂਦਾ ਸੱਚ 'ਸੇਖੋਂ' ਝੂਠ ਤੇ ਫਰੇਬ ਸਾਹਵੇਂ,
ਬੱਝੇ ਕਿਉਂ ਨਾ ਧੀਰ, ਦਰ ਝੋਲ਼ੀ ਫੈਲਾਈ ਦਾ।

-ਮਨਦੀਪ ਸਿੰਘ 'ਸੇਖੋਂ' (ਪਮਾਲ)
94643-68055

## ਕਵਿਤਾ

ਅਸੀਮਿਤ ਭਾਵਨਾਵਾਂ ਦੇ ਭਾਵਾਂ ਚ ਵੱਸਦੀ, ਮੁਹੱਬਤ ਏ!
ਇਬਾਦਤੀ ਇਸ਼ਕ-ਹਕੀਕੀ ਕਾਇਦੇ ਚ ਹੱਸਦੀ, ਮੁਹੱਬਤ ਏ!

ਮਨ ਦੀ ਸਾਧਨਾਂ ਦੀ ਪ੍ਰਕ੍ਰਿਆ ਚੋਂ ਲੱਭਦੀ, ਮੁਹੱਬਤ ਏ!
ਨਾ ਕੇਵਲ ਸੱਜਣਾ ਦੇ ਮੇਲ ਵਿਛੋੜੇ ਦੱਸਦੀ, ਮੁਹੱਬਤ ਏ!

ਵਰਗਾਂ, ਜਾਤਾਂ, ਨਸਲਾਂ ਲਿੰਗੀ ਵਿਤਕਰੇ ਤੋਂ ਆਜ਼ਾਦ,ਮਹੁਬੱਤ ਏ!
ਵਿਚਾਰਾਂ ਚ ਡੂੰਘੇ ਅਹਿਸਾਸਾਂ ਦੀ ਹਾਂਮੀ ਭਰਵਾਉਂਦੀ ਮੁਹੱਬਤ ਏ!

ਕੁਦਰਤ ਪਤਝੜ ਚ ਵਿਯੋਗ ਕਰੇ ਜ਼ਾਹਿਰ, ਮੁਹੱਬਤ ਏ!
ਬਹਾਰ ਉਸਦੇ ਮਿਲਾਪ 'ਚ ਖੁਸ਼ੀ ਕਰੇ ਜ਼ਾਹਿਰ, ਮੁਹੱਬਤ ਏ!

ਮਨੁੱਖੀ ਖੂਬਸੂਰਤ ਅਹਿਸਾਸਾਂ ਚ ਵਸਦੀ, ਮੁਹੱਬਤ ਏ!
ਡੂੰਘੇ ਵਿਸਵਾਸਾਂ 'ਚ ਹਾਂਮੀ ਭਰਕੇ ਹੱਸਦੀ ਮੁਹੱਬਤ ਏ!

ਜੀਵਣ ਇੱਕ ਸਫ਼ਰ ਆਦਿਕਾਲ ਤੋਂ ਅੰਤ, ਮੁਹੱਬਤ ਏ!
ਦੁੱਖ ਸੁੱਖ ਜਿਸ ਬਣਾਏ ਆਤਮਿਕ ਕੰਤ, ਮੁਹੱਬਤ ਏ!

ਸੁਭਾਵਿਕ ਹੈ ਅੰਤਰਦ੍ਰਿਸ਼ਟੀ ਤੋਂ ਅਰਪਿਤ ਹੋਣਾਂ, ਮੁਹੱਬਤ ਏ!
ਲੋਕਮੱਤ ਤੋ ਹੱਟਕੇ ਦੀਵਾਨਗੀ ਚ ਸਮਰਪਿਤ ਹੋਣਾ, ਮੁਹੱਬਤ ਏ!

ਆਤਮਾਂ 'ਚ ਵਲੀਨ ਹੋ ਨਿਭਾਉਣਾ ਪੂਰਨ ਰਿਸ਼ਤਾ ਮੁਹੱਬਤ ਏ!
ਬਿਨ ਸੁਆਰਥਾਂ ਜੋ ਹੰਢਾਈਏ ਪੂਰਨ ਰਿਸ਼ਤਾ ਮੁਹੱਬਤ ਏ!

ਸਾਹਾਂ ਦੀ ਮਾਲਾ ਤੇਰਾ ਨਾਮ ਜੱਪਦੀ, ਮੁਹੱਬਤ ਏ!
ਕੁਦਰਤ ਦੀ ਹਰ ਸ਼ੈਹ 'ਚ ਤੇਰਾ ਵਸੇਬਾ ਮੁਹੱਬਤ ਏ!



ਨਵਜੋਤ ਕੌਰ ਨਿਮਾਣੀ

## ਬਲਾਵਾਂ

ਅੱਜ ਝੂਠ ਦੇ ਪਸਾਰੇ ਤੇ ਹਰ ਪਾਸੇ ਚਿੰਤਾਵਾਂ ਖੜ੍ਹੀਆਂ ਨੇ,
ਇਨਸਾਨੀਅਤ ਦੀਆਂ ਰਾਹਾਂ ਵਿਚ ਬਲਾਵਾਂ ਖੜ੍ਹੀਆਂ ਨੇ,

ਜਾਤ- ਪਾਤ ਤੇ ਅਮੀਰ- ਗਰੀਬ ਵਿਚ ਬੜੇ ਵਿਤਕਰੇ ਨੇ,
ਮਤਲਬੀ ਜਿਹੇ ਇਸ ਜਹਾਨ ਵਿਚ ਛਲਾਵਾਂ ਬੜੀਆਂ ਨੇ,

ਪਿਆਰ ਦਿਲਾਂ ਚੋ ਉੱਡਿਆ, ਨਫਰਤਾਂ ਨੇ ਡੇਰੇ ਲਾਏ ਨੇ,
ਆਪਸੀ ਰੰਜਿਸ਼ਾਂ ਵਿਚ ਲਹੂ ਦੀਆਂ ਘਟਾਵਾਂ ਚੜ੍ਹੀਆਂ ਨੇ,

ਅੱਤਵਾਦ ਤੇ ਨਸ਼ਿਆਂ ਨੇ ਪੰਜਾਬ ਦੀ ਜਵਾਨੀ ਬਿਲੇ ਲਾਈ,
ਮਜਬੂਰੀ ਦੇ ਵਿਚ, ਮਾਪਿਆਂ ਦੀਆਂ ਦੁਆਵਾਂ ਝੜੀਆਂ ਨੇ,

ਕੁੱਖਾਂ ਵਿੱਚ ਧੀਆਂ ਦੇ ਕਤਲ, ਬੜੇ ਵੱਡੇ ਕਾਰਨਾਵੇਂ ਹੋ ਗਏ,
ਦਾਜ-ਦਹੇਜ ਲਈ ਗਰੀਬਾਂ ਦੀਆਂ ਕੰਨਿਆਵਾਂ ਸੜੀਆਂ ਨੇ,

ਸਾਉਣ ਦੀਆਂ ਰਸਮਾਂ ਸਿਰਫ਼ ਕਲਮਾਂ ਹੀ ਮਨਾਉਂਦੀਆਂ ਨੇ,
ਸਟੇਜਾਂ ਉਤੇ ਪੀਂਘਾ ਪਾ ਕੇ ਹੁਣ ਨਕਲੀ ਕਲਾਵਾਂ ਮੜ੍ਹੀਆਂ ਨੇ,

ਚਾਰ-ਚੁਫੇਰੇ ਦੁਨੀਆਂ ਦੇ ਵਿੱਚ ਫੈਸ਼ਨ ਦੇ ਹੀ ਅਫ਼ਸਾਨੇ ਨੇ,
ਨਵੇਂ ਦੌਰ ਚ ਸੈਣੀ, ਨਵੀਆਂ ਨਵੀਆਂ ਇਛਾਵਾਂ ਘੜੀਆਂ ਨੇ।



ਸੁਰਿੰਦਰ ਕੌਰ ਸੈਣੀ

## ਗ਼ਜ਼ਲ

ਟੁੱਟਿਆ ਹੈ ਰਾਬਤਾ ਚਿਰ ਤੋਂ, ਖੁਦਾ ਐ ਖ਼ੈਰ ਹੋਵੇ
ਕਰ ਦੁਆਵਾਂ ਦਿਲ ਰਿਹੈ ਬਸ, ਵੱਸਦਾ ਓਹ ਸ਼ਹਿਰ ਹੋਵੇ

ਸ਼ਿਅਰ ਕਿਉਂ ਨੇ ਗੁੰਮ ਉਸਦੇ, ਹੈ ਕਿਤੇ ਰੂਪੋਸ਼ ਖੁਦ ਵੀ
ਗੁਣ ਗੁਣਾ ਗੀਤ ਦੇਵੇ, ਮਸਤ ਖੁਦ ਜੇ ਸ਼ਾਇਰ ਹੋਵੇ

ਸੀ ਤਮੰਨਾ ਕਾਸ਼! ਹੁੰਦੀ, ਜ਼ਿੰਦਗੀ ਇਹ ਗ਼ਜ਼ਲ ਉਸਦੀ
ਆਖ਼ਰੀ ਦਮ ਵੀ ਚਲੋ ਜੇ, ਇਨਸ਼ਾ ਅੱਲ੍ਹਾ ਬਹਿਰ ਹੋਵੇ

ਇਕ ਵਫ਼ਾ ਹੀ ਨਾ ਮਿਲੀ ਪਰ, ਗਮ ਮਿਲੇ ਨੇ ਬਾ-ਸਜ਼ਾ ਕਿਉਂ
ਐ ਖੁਦਾ ਉਸ ਤੇ ਤੇਰੀ ਤਾਂ, ਹੈ ਦੁਆ ਬਸ ਮਿਹਰ ਹੋਵੇ

ਨਾ ਦਵਾ ਨਾ ਹੀ ਦੁਆਵਾਂ, 'ਰੇਤਗੜ੍ਹ' ਸੀਰਤ ਨੂੰ ਤਰਸੇ
ਚੁੰਮ ਚੰਦਨ ਬਣਾ ਲਵਾਂ ਜੇ, ਨਾਗ ਦੀ ਵੀ ਜ਼ਹਿਰ ਹੋਵੇ



ਬਲਜਿੰਦਰ ਸਿੰਘ 'ਰੇਤਗੜ੍ਹ'
9465129168

## ਸੱਟ ਦਾ ਅਧਿਐਨ

ਸੱਟਾਂ ਤਾਂ ਜ਼ਿੰਦਗੀ ਚ ਬਹੁਤ ਖਾਧੀਆਂ,
ਐਤਕੀਂ ਵਾਲੀ ਸੱਟ ਆਖਰੀ ਸਾਬਤ ਹੋਵੇਗੀ।
ਖਬਰ ਲੈਣ ਆਉਂਦੇ ਸਾਰੇ ਦੋਸਤ ਮਿੱਤਰ,
ਜੀਵਨ ਸਾਥਣ ਸੱਚੀ ਮਿੱਤਰ, ਕਿਵੇਂ ਵਿਸ਼ਵਾਸ਼ਘਾਤ ਖੋਵੇਗੀ।

ਆਓ ਸੱਟ ਦੀ ਕਰੀਏ ਹੁਣ ਚੀਰ ਫਾੜ,
ਕਦੇ ਲਾਲੀ ਚਾਪੜ ਦੇਖੀਏ, ਕਦੇ ਦੇਖੀਏ ਕਿੰਨੇ ਭੰਨੇ।
ਕਿਤੇ ਕਿਤੇ ਤਾਂ ਖਰੀਂਢ ਬਣ ਗਏ,
ਕਿਤੇ ਟੱਪ ਗਏ ਹੱਦਾਂ ਬੰਨੇ।

ਕਿਸ ਨੂੰ ਸੁਣਾਵਾਂ ਅਮਰ ਕਹਾਣੀ,
ਜਿਹੜੀ ਬਣ ਬੈਠੇ ਮੇਰੇ ਦਿਲ ਦੀ ਰਾਣੀ।
ਫਿਰ ਵੀ ਆਉਂਦੀ ਜਾਂਦੀ ਦੇਖਦੀ ਰਹਿੰਦੀ,
ਕਿੱਥੇ ਹੋਈ ਵੰਡ- ਕਾਣੀ ।

ਘਰ ਵਾਲੀ ਤਾਂ ਸੁਣ ਸੁਣ ਤੰਗ ਆ ਗਈ,

ਫਿਰ ਪਹੁੰਚਿਆ ਮੁਲਾਣਿਆਂ ਦੇ ਦੇਸ਼।
ਡਰਦੇ ਨਹੀਂ ਸੱਟਾਂ ਖਾ ਖਾ ਹੋਏ ਫਿਰਦੇ ਅੰਨ੍ਹੇ ਕਾਣੇ,
ਅਮੀਰ ਸੱਭਿਅਤਾ ਸਾਡੇ ਦੇਸ਼ ਦੀ,
ਰਲ ਮਿਲ ਸਭ ਦੁੱਖ ਵੰਡਾਉਂਦੇ ਕੀ ਰਾਜੇ ਕੀ ਰਾਣੇ।



ਅਮਰਜੀਤ ਸਿੰਘ ਤੂਰ
9878469639

## ਗ਼ਜ਼ਲ

ਹੁਣ ਦੁਸ਼ਮਣਾਂ ਦੇ ਨਾਲ ਵੀ ਨਫ਼ਰਤ ਨਹੀਂ ਰਹੀ।
ਤੇ ਦਿਲ 'ਚ ਦੋਸਤਾਂ ਦੀ ਵੀ ਚਾਹਤ ਨਹੀਂ ਰਹੀ।

ਇਕ ਉਮਰ ਹੋ ਗਈ ਹੈ ਜੁਦਾ ਹੋਏ ਓਸ ਨੂੰ,
ਉਸ ਨੂੰ ਪਲਟ ਕੇ ਆਉਣ ਦੀ ਫ਼ੁਰਸਤ ਨਹੀਂ ਰਹੀ।

ਚੁੱਪ ਚਾਪ ਵੇਖਦੇ ਨੇ ਜੋ,ਇਹ ਜ਼ੁਲਮ ਹੋ ਰਿਹੈ,
ਲਗਦੈ ਇਨ੍ਹਾਂ ਦੇ ਖ਼ੂਨ 'ਚ ਗ਼ੈਰਤ ਨਹੀਂ ਰਹੀ।

ਨਾ ਜ਼ੁਲਮ ਹਨ ਸਹਾਰਦੇ ਜੰਮੇਂ ਪੰਜਾਬ ਦੇ,
ਇਹਨਾਂ ਨੂੰ ਜ਼ੁਲਮ ਸਹਿਣ ਦੀ ਆਦਤ ਨਹੀਂ ਰਹੀ।

ਮਾੜੇ ਸਮੇਂ ਤੋਂ ਬਾਅਦ ਸਮਾਂ ਆਏਗਾ ਭਲਾ,
ਇੱਕੋ ਜਿਹੀ ਕਿਸੇ ਦੀ ਵੀ ਹਾਲਤ ਨਹੀਂ ਰਹੀ।

ਸਰਕਾਰ ਹੈ ਅਮੀਰ ਉਵੇਂ ਲੋਕ ਹਨ ਗ਼ਰੀਬ,
ਪ੍ਰਧਾਨ ਕਹਿ ਰਿਹਾ ਹੈ ਕਿ ਗ਼ੁਰਬਤ ਨਹੀਂ ਰਹੀ।

ਝੀਲਾਂ, ਪਹਾੜ, ਨਦੀਆਂ, ਜੰਗਲ 'ਚ ਘੁੰਮਣਾਂ,
ਦਿਲ ਨੂੰ ਕਿਸੇ ਤਰ੍ਹਾਂ ਦੀ ਵੀ ਚਾਹਤ ਨਹੀਂ ਰਹੀ।

ਜੰਨਤ ਸੀ ਓਸ ਨਾਲ ਉਦਹੇ ਜਾਣ ਬਾਅਦ ਪਰ,
ਲਗਦਾ ਹੈ ਇਹ ਜਗ੍ਹਾ ਜਿਵੇਂ ਜੰਨਤ ਨਹੀਂ ਰਹੀ।

ਆ ਵੀ ਗਿਓਂ ਜੇ ਪਰਤ ਕੇ ਤਾਂ ਕੀ ਹੈ ਰਾਣਿਆ,
ਹੁਣ ਦਿਲ ਨੂੰ ਤੇਰੇ ਨਾਲ ਮੁਹੱਬਤ ਨਹੀਂ ਰਹੀ।



ਜਗਦੀਸ਼ ਰਾਣਾ
7986207849

## ਸ੍ਰਿਸ਼ਟੀ ਦੀ ਰਚਨਾ

ਹਰ ਪਾਸੇ ਸੀ ਘੁੱਪ ਹਨੇਰਾ, ਨਾ ਬ੍ਰਹਿਮੰਡ ਨਾ ਹੀ ਸ਼ੈਅ ਸੀ।
ਅੰਧਕਾਰ 'ਚ ਹੋ ਕੇ ਧਮਾਕਾ, ਛੇੜੀ ਅਨਹਦ ਦੀ ਲੈਅ ਸੀ।
ਰੱਬ ਨੇ ਖੁਦ ਹੋਂਦ ਦਿਖਾਈ, ਕੀਤਾ ਦਹਿਦਿਸ ਉਜਿਆਰਾ।
ਕੋਟਾਂ ਚੰਨ ਤੇ ਸੂਰਜ ਉਗਵੇ, ਕ੍ਰੋੜਾਂ ਧਰਤੀਆਂ ਦਾ ਪਸਾਰਾ।

ਪਹਿਲਾਂ ਬ੍ਰਹਮਾਂ ਪੈਦਾ ਕਰਕੇ ,ਉਸ 'ਤੇ ਹੁਕਮ ਚੜ੍ਹਾਇਆ।
'ਕਰੋ ਕਾਇਨਾਤ ਵਿੱਚ ਵਾਧਾ', ਪਰ ਨਾ ਢੰਗ ਸੁਝਾਇਆ।
ਸੁਣ ਕੇ ਠਠੰਬਰਿਆ ਬ੍ਰਹਮਾ, ਹੁਣ ਕੀ ਜੁਗਤ ਲੜਾਈਏ?
ਪੈਦਾ ਕਰੀਏ ਅਜਬ ਅਜੂਬਾ, ਮਾਇਆ 'ਚ ਫੇਰ ਫਸਾਈਏ?

ਲੰਬੀਆਂ ਚੌੜੀਆਂ ਗੋਂਦਾਂ ਗੁੰਦਕੇ, ਖੁਦ ਸ਼ਿਵ ਦਾ ਰੂਪ ਵਟਾਏ।
ਜੀਅ ਜੰਤ ਉਪਜਾ ਕੇ ਜਿਸ ਨੇ, ਸਿੱਧੇ ਕੁੰਭੀ ਨਰਕ 'ਚ ਪਾਏ।
ਆਵਾਗਵਣ ਦੇ ਚੱਕਰ ਫਸਾਕੇ, ਚੌਰਾਸੀ ਲੱਖ ਜੂਨ ਉਪਾਈ।
ਰਾਤ ਦਿਵਸ ਕੰਮ ਲਗਾਏ ਦੋਵੇਂ, ਸੇਵਾ ਵਿੱਚ ਦਾਇਆ ਦਾਈ।

ਆਸਥਾ ਮੰਨਦੀ ਸਵਰਗਾਂ ਵਿੱਚੋਂ, ਆਦਮ ਤੇ ਈਵ ਸੀ ਆਏ।
ਰੋਕਿਆਂ ਰੱਬ ਦੇ ਵੀ ਨ ਰੁਕੇ ਉਹ, ਵਰਜਿਤ ਸੇਬ ਸੀ ਖਾਏ।
ਅੱਗ ਬਬੂਲਾ ਹੋ ਕੇ ਰੱਬ ਆਖੇ, ਚਲੇ ਜਾਉ ਦੋਨੋਂ ਇੱਥੋਂ ਪੱਕੇ।
ਆ ਕੇ ਡਿਗੇ ਫਿਰ ਧਰਤੀ ਉੱਤੇ, ਸਵਰਗਾਂ 'ਚੋਂ ਖਾ ਕੇ ਧੱਕੇ।

ਕੋਈ ਆਖੇ ਪਹਿਲਾਂ ਫੁੱਲ ਉੱਗੇ, ਫਿਰ ਫੁੱਲ ਤੋਂ ਬਣੇ ਨੇ ਬੰਦੇ।
ਕਰਤੇ ਨੇ ਸਹਿਜੇ ਜੱਗ ਰਚਿਆ, ਕਈ ਚੰਗੇ ਕਈ ਨੇ ਮੰਦੇ।
ਕਥਾ ਲਿਖੀ ਐਸੀ ਵਿੱਚ ਗ੍ਰੰਥਾਂ, ਸੰਸਾਰ ਭੁਲੇਖੇ ਵਿੱਚ ਪਾਵੇ।
ਧਰਮਾਂ ਦਾ ਹੁਣ ਗੋਰਖ ਧੰਦਾ, ਕਦੇ ਸਮਝ ਨ ਬੰਦੇ ਨੂੰ ਆਵੇ।

ਜੁਗਾਂਤਰਾਂ ਤੋਂ ਅਗਮ ਅਗੋਚਰ, ਨ ਪਾ ਸਕਿਆ ਕੋਈ ਥਾਹ।
ਅਟਕਲ ਪੱਚੂ ਲਾਈ ਜਾਂਦੇ ਨੇ, ਪਰ ਅਸਲ ਹੈ ਹਜੇ ਅਗਾਹ।
ਅਕਲ ਲਤੀਫ਼ ਹੋਵੇ ਜੇ ਕੋਈ, ਤਾਂ ਫਿਰ ਰੱਬ ਦੀ ਹੋਂਦ ਪਛਾਣੇ।
ਨਾਸਤਿਕ ਤੋਂ ਹੋਵੇ ਆਸਤਿਕ, ਤਾਂਹੀਉਂ ਗੁੱਝੇ ਭੇਦ ਫਿਰ ਜਾਣੇ।

ਸੇਵਾ ਸਿੰਘ 'ਨੂਰਪੁਰੀ'

## ਮੈ ਡਰ ਜਾਂਦਾ ਹਾਂ

ਤਾਨੇ, ਮਿਹਣੇ ਸ਼ਿਕਵੇ ਰੱਖਦਾ ਸਿਰ ਮੱਥੇ,
ਪੀੜ ਪਰਾਗੇ ਮਿਲਦੇ ਭਰ ਭਰ ਕੇ ਥੱਬੇ।
ਚੀਸ ਵੱਟਾਂ,ਬੁੱਲ ਘੁੱਟ ਪੀੜ ਤਾਂ ਜਰ ਜਾਂਦਾ ਹਾਂ।
ਜਦ ਕੋਈ ਬਹੁਤਾ ਈ ਮਿੱਠਾ ਬੋਲੇ, ਤਾਂ ਮੈ ਡਰ ਜਾਂਦਾ ਹਾਂ।

ਚੋਗ ਸ਼ਿਕਾਰੀ ਸੁੱਟਣ, ਫਾਹੀਆ ਪਾ ਲੈਂਦੇ,
ਉੱਡਦੇ ਪੰਛੀ ਫਾਹੁੰਦੇ, ਦਿਲ ਭਰਮਾ ਲੈਂਦੇ,
ਕਦੇ ਸਾਧ, ਕਦੇ ਚੋਰ, ਰੂਪ ਮੈ ਧਰ ਜਾਂਦਾਂ ਹਾਂ।
ਕੋਈ ਬਹੁਤਾ ਈ ਮਿੱਠਾ ਬੋਲੇ, ਤਾਂ ਮੈ ਡਰ ਜਾਂਦਾ ਹਾਂ।

ਨਾ ਮੈ ਪੁੱਛਦਾ ਹਾਲ, ਨਾ ਹੁਣ ਮੈ ਦੱਸਦਾ ਹਾਂ,
ਖਾਰੇ ਪਾਣੀ ਪੀਂਦਾ, ਰਹਿੰਦਾ ਹੱਸਦਾ ਹਾਂ।
ਚੁਸਤ ਚਲਾਕੀਆਂ ਫੜਦਾ, ਮੱਥਾ ਪੜ੍ਹ ਜਾਂਦਾ ਹਾਂ।
ਕੋਈ ਬਹੁਤਾ ਈ ਮਿੱਠਾ ਬੋਲੇ, ਤਾਂ ਮੈ ਡਰ ਜਾਂਦਾ ਹਾਂ।



ਸਤਨਾਮ ਕੌਰ ਤੁਗਲਵਾਲਾ

## ਕਵਿਤਾ

ਉਹ ਮੈਨੂੰ ਜਾਣਦੀ ਹੈ !

ਉਹ ਜੋ ਵੀ ਹੈ
ਜਿਵੇਂ ਵੀ ਹੈ
ਜਿਥੇ ਵੀ ਹੈ
ਮੇਰੇ ਬਾਰੇ ਬਹੁਤ ਕੁੱਝ ਜਾਣਦੀ
ਮੈਨੂੰ ਜਾਗਦਿਆਂ ਸੁਆ ਦੇਂਦੀ ਹੈ

ਉਹ ਪਲ ਪਲ ਤੁਰਦੀ ਹੈ
ਮੇਰੇ ਸੰਗ ਗੱਲਾਂ ਕਰਦੀ
ਸਵਾਲ ਨਾ ਕਰਦੀ
ਸਿਰਫ ਤੱਕਦੀ ਹੈ
ਮੇਰੇ ਅੰਦਰ ਉਠਦੀਆਂ ਲਹਿਰਾਂ ਨੂੰ
ਉਹ ਡੁੱਬਣਾ ਨਹੀਂ ਚਾਹੁੰਦੀ
ਉਹ ਉਡਣਾ ਚਾਹੁੰਦੀ ਹੈ
ਖੁੱਲੇ ਅਸਮਾਨ ਵੱਲ

ਉਹ ਸਾਂਭਣਾ ਜਾਣਦੀ
ਕਿਸੇ ਗੁਆਚੇ ਬਾਲ ਵਾਂਗੂੰ
ਉਹ ਧਰਤੀ ਵੀ ਹੈ
ਮੇਰਾ ਅੰਬਰ ਵੀ

ਉਹ ਸੂਰਜ ਵਾਂਗ
ਸਦਾ ਚਾਨਣ ਵੰਡਦੀ ਹੈ
ਮੈਂ ਧਰਤੀ ਬਣ ਉਸਦੀ
ਪ੍ਰਕਰਮਾ ਕਰਦਾ ਹਾਂ
ਯੁੱਗ ਬੀਤ ਗਏ

ਉਹ ਹਰ ਯੁੱਗ ਵਿੱਚ ਮੇਰੇ ਨਾਲ ਹੈ
ਉਹ ਜਾਣਦੀ ਹੈ
ਜਿਸਮਾਂ ਤੋਂ ਅਗਲਾ ਸਫਰ
ਉਹ ਕਬਰ ਵਿੱਚ
ਸਬਰ ਵਿੱਚ ਹੈ
ਉਹ ਜਾਣਦੀ ਹੈ

ਰੂਹ ਕੀ ਹੈ
ਉਹ ਜਾਣਦੀ ਹੈ
ਉਹ ਜੂਹ ਕੀ ਹੈ ?
ਉਹ ਲਛਮਣ ਰੇਖਾ ਨਹੀਂ ਟੱਪਦੀ

ਇਸੇ ਕਰਕੇ ਉਹ ਜਿਉਂਦੀ ਹੈ
ਆਪਣੀ ਕਬਰ ਵਿੱਚ
ਸਦੀਆਂ ਯੁੱਗਾਂ ਦਾ ਸਫਰ ਜਾਰੀ ਹੈ

ਮੋਹ ਦੀਆਂ ਤੰਦਾਂ ਹਨ
ਜਿਹਨਾਂ ਜੋੜਿਆ ਹੈ
ਉਹ ਜਾਣਦੀ ਹੈ
ਉਹ ਪਛਾਣ ਦੀ ਹੈ
ਮੇਰੇ ਮਨ ਦੀਆਂ ਗੱਲਾਂ
ਨਦੀ ਦਰਿਆ ਵੱਲ
ਦਰਿਆ ਸਮੁੰਦਰ ਵੱਲ
ਸਮੁੰਦਰ ਸੂਰਜ ਵੱਲ
ਜਾ ਰਹੇ ਹਨ
ਕਦੇ ਬਰਸਾਤ ਬਣ ਵਰਦੀ ਹੈ
ਕਦੇ ਤੂਫਾਨ ਬਣ ਵਗਦੀ ਹੈ
ਉਹ ਵਰਨਾ ਤੇ ਵਗਣਾ ਜਾਣਦੀ

ਹਵਾਵਾਂ ਨਾਲ ਗੱਲਾਂ ਕਰਦਿਆਂ
ਫੇਰ ਗੁੰਮ ਜਾਂਦੀ ਹੈ
ਮੈਂ ਹੁਣ ਉਸਦੀ ਤਲਾਸ਼ ਵਿੱਚ
ਜੀਅ ਰਿਹਾ ਹਾਂ

ਜ਼ਿੰਦਗੀ ਜਿਉਣਾ ਚਾਹੁੰਦੀ ਹੈ
ਆ ਆਪਾਂ ਵੀ ਜੀਅ ਲਈਏ



ਬੁੱਧ ਸਿੰਘ ਨੀਲੋਂ
94643 70823

## ਰੋਂਦਾ ਪੁੱਤ

ਮਾਂਏ ਨੀ ਤੇਰੇ ਰੋਂਦੇ ਪੁੱਤ ਨੂੰ
ਅੱਜ ਆਣਕੇ ਤੂੰ ਚੁਪ ਕਰਾ ਦੇ

ਜਿਵੇਂ ਸਮਝਾਉਂਦੀ ਹੁੰਦੀ ਸੀ
ਅੱਜ ਫਿਰ ਆਣ ਕੇ ਸਮਝਾਦੇ

ਧੀਰਜ ਨਾ ਦਿਲ ਧਰਦਾ
ਧਰਵਾਸਾ ਦੇ ਕੇ ਦਿਲ ਧਰਵਾਦੇ

ਕਰ ਅਹਿਸਾਨ ਪੁੱਤ ਤੇ
ਅੱਜ ਫੇਰ ਮੱਥਾ ਚੁੰਮ ਕੇ ਵਿਖਾਦੇ

ਬਿੰਦਰ ਨੂੰ ਲਾ ਕੇ ਗਲ ਨਾਲ
ਮਾਏ ਮਮਤਾ ਦਾ ਮੀਂਹ ਵਰਸਾਦੇ



ਬਿੰਦਰ ਸਾਹਿਤ

## ਗ਼ਜ਼ਲ

ਹੜ੍ਹ ਦੇ ਜਲ ਵਿੱਚ ਸਭ ਕੁਝ ਰੁੜ੍ਹਿਆ,
ਨੈਣੀਂ ਛਲਕੇ ਗ਼ਮ ਦਾ ਪਾਣੀ।
ਆਸ ਬਚੀ ਹੈ ਜੇਕਰ ਕੋਈ,
ਉਹ ਬਸ ਹੈ ਨਾਨਕ ਦੀ ਬਾਣੀ।

ਦਿਲ ਦੇ ਜ਼ਖ਼ਮ ਬੜੇ ਨੇ ਡੂੰਘੇ,
ਕੀ ਮੈਂ ਤੈਨੂੰ ਖੋਲ੍ਹ ਸੁਣਾਵਾਂ,
ਬੇ-ਮੌਸਮ ਹੀ ਘਰ ਉੱਜੜੇ ਨੇ,
ਇਹ ਹੈ ਮੇਰੀ ਅਜਬ ਕਹਾਣੀ।

ਸਾਉਣ ਮਹਿਨੇ ਚੜ੍ਹਨੋਂ ਪਹਿਲਾਂ,
ਦਿਲ ਜਾ ਮੇਰਾ ਡੋਲ ਗਿਆ ਹੈ,
ਹੜ੍ਹ ਦੇ ਪਾਣੀ ਦੇ ਵਿੱਚ ਡੁੱਬਿਆ,
ਸਭ ਕੁਝ ਦੇਖਾਂ ਸ਼ੀਥਾਂ ਥਾਣੀ।

ਸਾਉਣ ਮਹੀਨੇ ਅੰਬਰ ਦੇ ਵਿੱਚ,
ਪੀਂਘ ਪਈ ਹੈ ਜੋ ਸਤਰੰਗੀ,
ਦਿਲ ਦੇ ਸੁੱਤੇ ਦਰਦ ਜਗਾਵੇ,
ਐਤਕ ਤਾਂ ਹੈ ਖਸਮਾ ਖਾਣੀ।

ਮੇਰੇ ਦਿਲ ’ਤੇ ਬੀਤ ਰਹੀ ਜੋ,
ਸ਼ਾਇਦ ਉਨ੍ਹਾਂ ਨੂੰ ਲਗਦਾ ਨਾਟਕ,
ਮਹਿਲਾਂ ’ਚੋਂ ਜੋ ਵੇਖ ਰਹੇ ਨੇ,
ਬੈਠ ਸਿੰਘਾਸਨ ਰਾਜਾ-ਰਾਣੀ।

ਉਹ ਤੇ ਮੈਂ ਹਾਂ ਦੋਨੋਂ ਜਾਣੇ,
ਉੱਚੇ-ਨੀਵੇਂ ਘਰ ਵਿੱਚ ਜਾਏ,
ਕੁਦਰਤ ਦੀ ਕਾਦਰ ਨੂੰ ਕੋਸਾਂ,
ਜਿਸਨੇ ਵੰਡ ਕਰੀ ਹੈ ਕਾਣੀ।

‘ਸ਼ਾਇਰ’ ਦੁਖੀ ਜਿਸ ਖਾਤਰ ਹੁਨੈਂ,
ਉਹ ਵੀ ਹੌਕੇ ਭਰਦਾ ਹੋਣੈ,
ਗੱਲ ਬਤੀਸੀ ਮੁੱਖ ’ਚੋਂ ਆਖਾਂ,
ਇਹ ਤੂੰ ਆਮ ਜਿਹੀ ਨਾ ਜਾਣੀ।



ਮਾਲਵਿੰਦਰ ਸ਼ਾਇਰ

## ਸਭ ਜਾਣੀ ਜਾਣ ਹਾਂ

ਕੱਢ ਮਤਲਬ ਰੰਗ ਵਟਾਉਣ ਜਿਹੜੇ
ਦੁਨੀਆਂ ’ਚ ਬੜੇ ਨਾ ਸ਼ੁਕਰੇ ਨੇ
ਨਿੱਤ ਮਾਰਦੇ ਫੁਕਰੀ ਨਵੀਂ ਕੋਈ
ਕੁਝ ਸਾਡਿਆਂ ਵਿੱਚ ਵੀ ਫੁਕਰੇ ਨੇ
ਸੁਣ ਵੇਖ ਕੇ ਅੰਦਰੋਂ ਹੱਸ ਪੈਂਦਾਂ
ਜਦ ਸਮਝਣ ਕਿ ਅਣਜਾਣ ਹਾਂ ਮੈਂ
ਉਨ੍ਹਾਂ ਪਤਾ ਨਹੀਂ ਕਿ ਉਨ੍ਹਾਂ ਦੀ
ਰਗ਼ ਰਗ਼ ਤੋਂ ਜਾਣੀ ਜਾਣ ਹਾਂ ਮੈਂ....

ਇਹ ਆਪਣਿਆਂ ਦਾ ਮੁੜ ਮੁੜ ਕੇ
ਕਰਦੇ ਝੂਠਾ ਗੁਣਗਾਨ ਬੜਾ
ਲੋਕੀ ਉਂਝ ਥੂ-ਥੂ ਕਰਦੇ ਨੇ
ਪਰ ਉਹ ਕਹਿੰਦੇ ਸਨਮਾਨ ਬੜਾ
ਸਮਝਣ ਕਿ ਸਾਨੂੰ ਪਤਾ ਨਹੀਂ
ਨਹੁੰਆਂ ’ਚੋਂ ਲਵਾਂ ਪਛਾਣ ਹਾਂ ਮੈਂ
ਉਨ੍ਹਾਂ ਪਤਾ ਨਹੀਂ ਕਿ ਉਹਨਾਂ ਦੀ
ਰਗ਼ ਰਗ਼ ਤੋਂ ਜਾਣੀਜਾਣ ਹਾਂ ਮੈਂ....

ਇਹ ਜ਼ਿੰਦਗੀ ਮੇਰੀ ਆਪਣੀ ਹੈ
ਆਪਣੇ ਅਨੁਸਾਰ ਹੀ ਜੀਵਾਂਗਾ
ਖੁਸ਼ ਕਰਨ ਲਈ ਮੈਂ ਹੋਰਾਂ ਨੂੰ
ਨਹੀਂ ਆਪਣੀਆਂ ਸੱਧਰਾਂ ਪੀਵਾਂਗਾ
ਜੋ ਦਿਲੋਂ ਮਿਲੇ, ਜੀ ਆਇਆਂ ਨੂੰ
ਦਿਲ ਕਾਲਿਆਂ ਲਈ ਹੱਥ ਬਾਣ ਹਾਂ ਮੈਂ
ਉਨ੍ਹਾਂ ਪਤਾ ਨਹੀਂ ਕਿ ਓਹਨਾ ਦੀ
ਰਗ਼ ਰਗ਼ ਤੋਂ ਜਾਣੀਜਾਣ ਹਾਂ ਮੈਂ....

ਜਿਹੜਾ ਕਰੇ ਚਲਾਕੀ ਫੜ ਲੈਨਾ
ਮੈਂ ਅੱਖ ’ਚੋਂ ਝੂਠ ਪਛਾਣ ਲਵਾਂ
ਉਂਝ ਜਾਣ ਕੇ ਚੁੱਪੀ ਧਾਰ ਲੈਨਾ
ਕਿੱਥੋਂ ਬੋਲਣ ਪਲ ਵਿੱਚ ਜਾਣ ਲਵਾਂ
ਓਏ ‘ਖੁਸ਼ੀ ਮੁਹੰਮਦਾ’ ਜੋ ਸੱਚੀ
ਗੱਲ ਆਖਾਂ ਸੀਨਾ ਤਾਣ ਹਾਂ ਮੈਂ
ਉਨ੍ਹਾਂ ਪਤਾ ਨਹੀਂ ਕਿ ਓਹਨਾ ਦੀ
ਰਗ਼ ਰਗ਼ ਤੋਂ ਜਾਣੀਜਾਣ ਹਾਂ ਮੈਂ....



ਖੁਸ਼ੀ ਮੁਹੰਮਦ (ਚੱਠਾ)

## ਸਾਉਣ

ਸਾਉਣ ਦਾ ਮਹੀਨਾ ਚੰਨਾ
ਅਜੇ ਪੇਕੇ ਰਹਿਣ ਦੇ
ਪਿੱਪਲੀ ਤੇ ਪੀਂਘ ਗਿੱਧੇ
ਤੀਆਂ ਵਿੱਚ ਪੈਣ ਵੇ

ਆਏ ਐਤਵਾਰ ਪਿੜ
ਤੀਆਂ ਦਾ ਏ ਸੱਜਦਾ
ਪਵੇ ਵੇ ਧਮਾਲ ਪੂਰੀ ਗਿੱਧਾ
ਤਾੜ ਤਾੜ ਵੱਜਦਾ
ਠੰਡੀ ਠੰਡੀ ਹਵਾ ਕਣੀਆਂ
ਪਛੋ ਦੀਆਂ ਪੈਣ ਵੇ
ਸਾਉਣ ਦਾ ਮਹੀਨਾਂ ਚੰਨਾਂ
ਅਜੇ ਪੇਕੇ ਰਹਿਣ ਦੇ
ਪਿੱਪਲੀ ਤੇ ਪੀਂਘ ਗਿੱਧੇ
ਤੀਆਂ ਵਿੱਚ ਪੈਣ ਵੇ

ਪਿੱਪਲੀ ਤੇ ਪੀਂਘ ਪਾਈ
ਬਾਗੀ ਬੋਲਣ ਮੋਰ ਵੇ
ਔਹ ਵੇਖ ਘਟਾ ਚੜ
ਆਈ ਘਨਘੋਰ ਵੇ
ਲੈਣ ਕਾਹਤੋ ਆ ਗਿਆ
ਕੁੜੀਆਂ ਮੈਨੂੰ ਕਹਿਣ ਵੇ
ਸਾਉਣ ਦਾ ਮਹੀਨਾ ਚੰਨਾ
ਅਜੇ ਪੇਕੇ ਰਹਿਣ ਦੇ
ਪਿੱਪਲੀ ਤੇ ਪੀਂਘ ਗਿੱਧੇ
ਤੀਆਂ ਵਿੱਚ ਪੈਣ ਵੇ

ਚੜੇ ਭਾਦੋ ਨੂੰ ਆਈਂ
ਮੈਂ ਜਾਂਵੂ ਤੇਰੇ ਨਾਲ ਵੇ
ਚਾਰ ਕੁ ਦਿਨਾਂ ਦੀ ਗੱਲ
ਮੇਰਾ ਛੱਡ ਦੇ ਖਿਆਲ ਵੇ
ਸਾਡਾ ਵੇ ਵਿਛੋੜਾ ਤੈਥੋਂ
ਕਿਉਂ ਨਾਂ ਹੁੰਦਾਂ ਸਹਿਣ ਵੇ
ਸਾਉਣ ਦਾ ਮਹੀਨਾਂ ਚੰਨਾਂ
ਅਜੇ ਪੇਕੇ ਰਹਿਣ ਦੇ
ਪਿੱਪਲੀ ਤੇ ਪੀਂਘ ਗਿੱਧੇ
ਤੀਆਂ ਵਿੱਚ ਪੈਣ ਵੇ



ਗੁਰਚਰਨ ਸਿੰਘ ਧੰਜੂ

## ਮਾਂ ਦਾ ਕਰਜ ਚਕਾਉਂਦੇ ਨੇ

ਮਾਂ ਬੋਲੀ ਲਈ ਲਿਖਦੇ ਜਿਹੜੇ।
ਸ਼ਬਦ ਰਤਨਾਂ ਨੂੰ ਚਿਣਦੇ ਜਿਹੜੇ।
ਗੀਤਾਂ ਦੇ ਵਣਜਾਰੇ ਬਣ ਕੇ,
ਨਿੱਤ ਗੀਤ ਪੰਜਾਬੀ ਗਾਉਂਦੇ ਨੇ।
ਸਹੀ ਅਰਥਾਂ ਵਿੱਚ ਮਾਂ ਬੋਲੀ ਦਾ,
ਉਹ ਵੀ ਕਰਜ਼ ਚਕਾਉਂਦੇ ਨੇ।

ਬੱਚਿਆਂ ਨੂੰ ਪੜ੍ਹਾਉਂਦੇ ਜਿਹੜੇ।
ਅੱਖਰੀ ਸਾਂਝ ਪਵਾਉਂਦੇ ਜਿਹੜੇ।
ਸਿੱਧੇ ਰਸਤੇ ਪਾਉਂਦੇ ਜਿਹੜੇ।
ਜੀਵਨ ਜਾਂਚ ਸਿਖਾਉਂਦੇ ਜਿਹੜੇ।
ਕੋਰੇ ਪੱਥਰਾਂ ਨੂੰ ਘੜ ਘੜ ਕੇ,
ਹੀਰੇ ਵਾਂਗ ਚਮਕਾਉਦੇ ਨੇ।
ਸਹੀ ਅਰਥਾਂ ਵਿੱਚ ਮਾਂ ਬੋਲੀ ਦਾ,
ਉਹ ਵੀ ਕਰਜ਼ ਚਕਾਉਂਦੇ ਨੇ ।

ਧਰਤੀ ਰੁੱਖ ਲਗਾਉਂਦੇ ਜਿਹੜੇ।
ਪਾਣੀ ਤਾਈਂ ਬਚਾਉਂਦੇ ਜਿਹੜੇ।
ਹੱਥੀ ਕਿਰਤ ਕਮਾਉਂਦੇ ਜਿਹੜੇ।
ਭੁੱਖੇ ਤਾਈਂ ਖਵਾਉਂਦੇ ਜਿਹੜੇ।
ਜਾਤ ਪਾਤ ਤੋ ਉੱਪਰ ਉੱਠ ਕੇ,
ਇਨਸਾਨੀਅਤ ਗਲੇ ਲਗਾਉਂਦੇ ਨੇ।
ਸਹੀ ਅਰਥਾਂ ਵਿੱਚ ਧਰਤੀ ਮਾਂ ਦਾ,
ਇਹ ਵੀ ਕਰਜ਼ ਚਕਾਉਂਦੇ ਨੇ।

ਪੁੱਤ ਪ੍ਰਦੇਸੀ ਆਉਂਦੇ ਜਿਹੜੇ।
ਦੋ-ਦੋ ਸ਼ਿਫਟਾਂ ਲਾਉਂਦੇ ਜਿਹੜੇ।
ਭੁੱਖੇ ਢਿੱਡ ਕਮਾਉਂਦੇ ਜਿਹੜੇ।
ਲੁਕ-ਲੁੱਕ ਚੋਰੀਓਂ ਰੋਂਦੇ ਜਿਹੜੇ।
ਸੱਭਿਆਚਾਰ ਜਾਂ ਖੇਡਾਂ ਲਈ
ਉਹ ਪਹਿਲਾਂ ਅੱਗੇ ਆਉਦੇ ਨੇ।
ਸਹੀ ਅਰਥਾਂ ਵਿੱਚ ‘ਤਲਵੰਡੀ’
ਉਹ ਵੀ ਕਰਜ ਚਕਾਉਂਦੇ ਨੇ ।
ਸਹੀ ਅਰਥਾਂ ਵਿੱਚ ਮਾਂ ਬੋਲੀ ਦਾ
ਉਹ ਵੀ ਕਰਜ ਚਕਾਉਂਦੇ ਨੇ।



ਗੁਰਮੇਲ ਸਿੰਘ ਭੁੱਲਰ

## ਹੱਥ !

ਹੱਥ,
ਕਿਰਤੀਆਂ ਦਾ ਹਥਿਆਰ,
ਮਿਹਨਤਕਸ਼ਾਂ ਦੀ ਨੁਹਾਰ।
ਕਿੰਨੀ ਸੋਹਣੀ ਸੌਗਾਤ ਬਖਸ਼ੀ ਹੈ,
ਕੁਦਰਤ ਨੇ।
ਜੇ ਹੱਥ ਨਾ ਹੁੰਦੇ ਤਾਂ,
ਕੁਦਰਤ ਦੀਆਂ,
ਬਹੁਤ ਸਾਰੀਆਂ ਨਿਆਮਤਾਂ ,
ਸਾਡੇ ਤੋਂ ਦੂਰ ਹੁੰਦੀਆਂ।
ਇਹ ਹੱਥ ਹੀ ਨੇ ਜੋ ਜੁੜ ਕੇ,
ਆਸਤਿਕਾਂ ਲਈ,
ਪਰਮਾਤਮਾ ਦੀ ਹੋਂਦ ਨੂੰ,
ਬਰਕਰਾਰ ਰੱਖ ਰਹੇ ਨੇ।
ਇਹ ਹੱਥ ਹੀ ਨੇ ,
ਜੋ ਕੌਮਾਂ ਦੀ ,
ਤਸਵੀਰ ਬਦਲ ਦਿੰਦੇ ਨੇ।
ਕਿਸੇ ਕੌਮ ਦੀ,
ਪ੍ਰਭੂਸੱਤਾ ਦਾ ਰਾਜ,
ਉੱਥੋਂ ਦੇ ਸਵਿਧਾਨ ’ਚ ਨਹੀਂ ਹੁੰਦਾ ਦੋਸਤੋ!
ਪ੍ਰਭੂਸੱਤਾ ਤਾਂ,
ਹੱਥਾਂ ’ਚ ਹੀ ਹੁੰਦੀ ਹੈ।
ਸੁੱਚੇ ਹੱਥਾਂ ਤੋਂ ਕੌਣ,
ਮੁਨਕਰ ਹੋ ਸਕਦੈ.. ਮੇਰੇ ਯਾਰ !
ਸੁੱਚੇ ਮੋਤੀਆਂ ਦਾ ਚੋਗ,
ਹੱਥਾਂ ਦੀਆਂ ਹਥੇਲੀਆਂ ਉੱਤੇ ਹੀ ਤਾਂ,
ਚੁਗਾਇਆ ਜਾਂਦੈ,
ਚੀਨੇ ਯਾਰ ਨੂੰ।
ਪਿਆਰ ਦੇਣ ਲਈ,
ਬੁੱਲ੍ਹ ਹਿਲਾਉਣ ਜਾਂ,
ਜ਼ੁਬਾਨ ਹਿਲਾਉਣ ਦੀ ਲੋੜ ਨਹੀਂ,
ਸਿਰ ਉੱਤੇ ਪਿਆਰ ਨਾਲ,
ਧਰੇ ਹੱਥ,
ਤੱਤੀਆਂ ਹਵਾਵਾਂ ਨੂੰ ਵੀ,
ਸੀਤ ਕਰ ਦਿੰਦੇ ਨੇ ।
ਹੱਥ ਤਾਂ ਹੱਥ ਹੀ ਹੁੰਦੇ ਨੇ ਦੋਸਤੋ !
ਮੰਗਣ ਲਈ ਅੱਡੇ ਹੱਥ,
ਮਰ ਮਰ ਕੇ,
ਜਿਉਣ ਦਾ ਹੀ ਤਾਂ,
ਨਾਮ ਨੇ।
ਕਿਸੇ ਨੂੰ ਦੇਣ ਲਈ ਵਧੇ ਹੱਥ,
ਮਹਾਨਤਾ ਦੀ ਨਿਸ਼ਾਨੀ,
ਹੀ ਤਾਂ ਨੇ।
ਕਿਸੇ ਮਿਹਨਤਕਸ਼ ਨੂੰ,
ਹੱਥਾਂ ਦੀਆਂ ਲਕੀਰਾਂ,
ਦਿਖਾਉਣ ਦੀ ਲੋੜ ਨਹੀਂ ।
ਇਹਨਾਂ ਗਿਣਤੀਆਂ ਮਿਣਤੀਆਂ ਨੇ ਹੀ,
ਮਨੁੱਖ ਨੂੰ,
ਕੱਖਾਂ ਤੋਂ ਹੌਲੇ ਕਰ ਰੱਖਿਐ।
ਹੱਥ ਤਾਂ ਆਪਣੀ ਤਕਦੀਰ,
ਆਪ ਘੜਨ ਜਾਣਦੇ ਨੇ ਸਾਥੀਓ !
ਹੱਥਾਂ ਨੂੰ ਕਿਸੇ ਸਿਆਣੇ ਦੀਆਂ,
ਜ਼ਮਾਂ-ਤਕਸੀਮਾਂ ਦੀ ਲੋੜ ਨਹੀਂ,
ਹੱਥ ਤਾਂ ਆਪ ਹੀ,
ਜ਼ਮਾਂ-ਤਕਸੀਮਾਂ ਕਰਨ ਜਾਣਦੇ ਨੇ।
ਕਰਾਰੀ ਜ਼ੁਬਾਨ ਨਹੀਂ ਹੁੰਦੀ ਮਿੱਤਰੋ !
ਕਰਾਰੇ ਤਾਂ ਹੱਥ ਵੀ ਹੁੰਦੇ ਨੇ।
ਕਿਸੇ ਉੱਪਰ ਕਿੰਤੂ ,
ਕਰਨ ਤੋਂ ਪਹਿਲਾਂ,
ਪੂਰਾ ਹੱਥ ਕਰਨ ਦੀ ਲੋੜ ਨਹੀਂ,
ਕਿਸੇ ਵੱਲ ਕੱਢੀ,
ਇੱਕ ਉਂਗਲ ਹੀ,
ਕਾਫ਼ੀ ਐ,
ਦੋਸ਼ ਲਾਉਣ ਲਈ।
ਹੱਥਾਂ ਦੀ ਸਚਾਈ ਤੋਂ,
ਕੌਣ ਮੁਨਕਰ ਹੋ ਸਕਦੈ
ਮੇਰੇ ਯਾਰ !
ਜੁੜੇ ਹੋਏ ਹੱਥ ਜਿੱਥੇ,
ਅਦਬ ਦੀ ਨਿਸ਼ਾਨੀ ਨੇ,
ਖੁੱਲ੍ਹੇ ਹੱਥ, ਨਫ਼ਰਤ ਹੀ ਤਾਂ,
ਫੈਲਾਉਂਦੇ ਨੇ।
ਹੱਥਾਂ ਦੀ ਅਹਿਮੀਅਤ ਨੂੰ,
ਜਾਨਣ ਵਾਲੇ ਲੋਕ,
ਕਰਮਯੋਗੀ ਅਖਵਾਉਂਦੇ ਨੇ।
ਸੁਚੱਜਾ ਤੇ ਨਿਕੰਮਾ ਸ਼ਬਦ,
ਬੰਦਿਆਂ ਲਈ ਨਹੀਂ ਹੁੰਦਾ ਦੋਸਤੋ !
ਸੁਚੱਜੇ ਤੇ ਨਿਕੰਮੇ ਤਾਂ,
ਹੱਥ ਹੀ ਹੁੰਦੇ ਨੇ।
ਖ਼ਾਨਦਾਨਾਂ ਦੀਆਂ ਆਬਾਦਗਾਹਾਂ,
ਤੇ ਬਰਬਾਦੀਆਂ ਦਾ ਭੂਗੋਲ,
ਹੱਥਾਂ ਵਿਚ ਹੀ ਤਾਂ,
ਲੁਕਿਆ ਹੁੰਦੈ ।
ਤਹਿਜ਼ੀਬ ਤੋਂ ਭਟਕੀ ਹੋਈ,
ਜ਼ੁਬਾਨ ਨੂੰ,
ਹੱਥ ਰੱਖ ਕੇ ਹੀ ਤਾਂ,
ਰੋਕਿਆ ਜਾਂਦੈ।
ਹੱਥਾਂ ਦੀਆਂ ਲਕੀਰਾਂ ਵਿਚ,
ਨਛੱਤਰ ਨਹੀਂ ਹੁੰਦੇ ਦੋਸਤੋ !
ਹੱਥ ਤਾਂ ਆਪ ਹੀ,
ਨਛੱਤਰ ਹੁੰਦੇ ਨੇ।
ਘਸੇ-ਪਿਟੇ,
ਤਕਦੀਰਾਂ ਦੇ ਕਿੱਸੇ,
ਦੋਸ਼-ਮੁਕਤੀ ਦੀ ਦਵਾ,
ਨਹੀਂ ਬਣ ਸਕਦੇ ਦੋਸਤੋ !
ਵਿੰਗ-ਵਲੇਵੇ ਖਾਂਦੀ,
ਜ਼ਿੰਦਗੀ ਨੂੰ,
ਹੱਥ ਹੀ ਤਰਤੀਬ ਦਿੰਦੇ ਨੇ।
ਮਰੀਆਂ ਕੌਮਾਂ ਦੇ,
ਜਜ਼ਬੇ ਨਹੀਂ ਮਰਦੇ ਮਿੱਤਰੋ !
ਮਰੀਆਂ ਕੌਮਾਂ ਦੇ,
ਹੱਥ ਮਰਦੇ ਨੇ।
ਮਰੇ, ਜਿਉਂਦੇ ਬੰਦੇ ਨਹੀਂ ਹੁੰਦੇ,
ਮਰੇ ਜਿਉਂਦੇ ਹੱਥ ਹੀ ਹੁੰਦੇ ਨੇ।
ਹੱਥ ਤਾਂ ਹੱਥ ਹੀ,
ਹੁੰਦੇ ਨੇ ਸਾਥੀਓ!
ਹੱਥ ਤਾਂ ਹੱਥ ਹੀ ਹੁੰਦੇ ਨੇ।



ਜਸਪਾਲ ਜੱਸੀ

## ਚਿੱਟਾ

ਸੁੱਕਕੇ ਕਾਨਾ ਪਿੰਜਰ ਬਣਿਆ
ਕੋਮਲ ਜੋ ਸਰੀਰ ਤੇਰਾ
ਕਿਉਂ ਕੁਰਾਹੇ ਪੈ ਗਿਆ ਸੋਹਣਾ
ਭੈਣ ਵੀ ਆਖੇ ਵੀਰ ਮੇਰਾ
ਪੱਟਣ ਵਾਲ? ਮੁੱਲ ਵੇਚਦੇ
ਉਹਨਾਂ ਤੋਂ ਲਿਆਵੀਂ ਨਾ
ਛੱਡਦੇ ਨਸ਼ੇ ਤੂੰ ਕਰਨੇ ਵੀਰਾ
ਭੁੱਲਕੇ ਚਿੱਟਾ ਲਾਵੀਂ ਨਾ
ਜਿਸ ਰੰਗਤ ਦਾ ਰੰਗ ਹੈ ਚੜਿਆ
ਓਸ ਸੰਗਤ ਵੱਲ ਜਾਵੀਂ ਨਾ

ਸੁੱਤੀਆਂ ਪਈਆਂ ਨੇ ਸਰਕਾਰਾਂ
ਅੰਧਲਾ ਏਹ ਕਨੂੰਨ ਜਾਪੇ
ਪੁੱਤ ਮਾਵਾਂ ਦੇ ਨਿੱਤ ਹੀ ਮਰਦੇ
ਰੋਣ ਜੋਗੇ ਨੇ ਬਸ ਮਾਪੇ
ਵਿੱਚ ਜਵਾਨੀ ਤੂੰ ਵੀ ਝੱਲਿਆ
ਲਾੜੀ ਮੌਤ ਵਿਆਵੀਂ ਨਾ
ਛੱਡਦੇ ਨਸ਼ੇ ਤੂੰ ਕਰਨੇ ਵੀਰਾ
ਭੁੱਲਕੇ ਚਿੱਟਾ ਲਾਵੀਂ ਨਾ
ਜਿਸ ਰੰਗਤ ਦਾ ਰੰਗ ਹੈ ਚੜਿਆ
ਓਸ ਸੰਗਤ ਵੱਲ ਜਾਵੀਂ ਨਾ

ਜੋ ਸੌਦਾਗਰ ਵੇਚਣ ਪੁੜੀਆਂ
ਕਰਦੇ ਕਿਉਂ ਸ਼ਿਕਾਇਤ ਨਹੀਂ
ਜਾਂ ਠਾਣੇ ਵਿੱਚ ਜਾਕੇ ਵੜਦੀ
ਪਿੰਡ ਦੀ ਕਿਉਂ ਪੰਚਾਇਤ ਨਹੀਂ
ਨਾਲ? ਤੇਰੇ ਤੇਰੀ ਭੈਣ ਖੜ੍ਹੀ ਏ
ਤੂੰ ਬਿਲਕੁਲ ਘਬਰਾਵੀਂ ਨਾ
ਛੱਡਦੇ ਨਸ਼ੇ ਤੂੰ ਕਰਨੇ ਵੀਰਾ
ਭੁੱਲਕੇ ਚਿੱਟਾ ਲਾਵੀਂ ਨਾ
ਜਿਸ ਰੰਗਤ ਦਾ ਰੰਗ ਹੈ ਚੜਿਆ
ਓਸ ਸੰਗਤ ਵੱਲ ਜਾਵੀਂ ਨਾ

ਕੁਝ ਨਸ਼ੇੜੀ ਕੱਠੇ ਹੋਕੇ
ਕਰਦੇ ਵਾਕੇ ਰਾਤਾਂ ਨੂੰ
ਕੋਹੜ ਨਸ਼ੇ ਦਾ ਤਿਆਗ ਧੰਨਿਆਂ
ਮੰਨ ਲੈ ਮੇਰੀਆਂ ਬਾਤਾਂ ਨੂੰ
ਕੁਝ ਦਿਨ ਦੀ ਤਕਲੀਫ ਹੈ ਰਹਿਣੀ
ਵੇਖੀਂ ਚਿੱਤ ਡੁਲਾਵੀਂ ਨਾ
ਛੱਡਦੇ ਨਸ਼ੇ ਤੂੰ ਕਰਨੇ ਵੀਰਾ
ਭੁੱਲਕੇ ਚਿੱਟਾ ਲਾਵੀਂ ਨਾ
ਜਿਸ ਰੰਗਤ ਦਾ ਰੰਗ ਹੈ ਚੜ੍ਹਿਆ
ਓਸ ਸੰਗਤ ਵੱਲ ਜਾਵੀਂ ਨਾ



ਧੰਨਾ ਧਾਲੀਵਾਲ
9878235714

# Dosanjh Family AUTO GROUP

Cadillac CHEVROLET INFINITI KIA NISSAN BUICK GMC

CHRYSLER Jeep DODGE RAM TOYOTA Ford ACURA

DUBLIN CHEVOLET

DUBLIN CADILLAC

DUBLIN BUICK GMC

DUBLIN KIA

DUBLIN NISSAN

DUBLIN INFINITI

FREMONT CHEVROLET

FREMONT CADILLAC

FREMONT BUICK GMC

STEVENS CREEK CHEVROLET

STEVENS CREEK CADILLAC

SEASIDE CHRYSLER DODGE JEEP RAM

SEASIDE CADILLAC

SEASIDE VOLKSWAGEN

CONCORD CHEVROLET

ACURA OF CONCORD

CONCORD NISSAN

LIVERMORE TOYOTA

FREMONT FORD